**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage
MLS

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker



Twenty-Second Year of Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 22, Issue 10, March 6, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕੈਪਟਨ ਤੋਂ ਚਾਰ ਸਾਲਾਂ ਦਾ ਹਿਸਾਬ ਲੈਣ ਲਈ ਘੇਰਾਬੰਦੀ

### ਪੰਜਾਬ ਸਰਕਾਰ ਦੀਆਂ ਨਾਕਾਮੀਆਂ ਉਭਰਨ ਲੱਗੀਆਂ



**ਚੰਡੀਗੜ੍ਹ:** ਕਰੋਨਾ ਮਹਾਮਾਰੀ ਅਤੇ ਕਿਸਾਨ ਅੰਦੋਲਨ ਦੀ ਆੜ ਵਿਚ ਹੁਣ ਤੱਕ ਲੋਕ ਰੋਹ ਅਤੇ ਵਿਰੋਧੀ ਧਿਰਾਂ ਦੇ ਨਿਸ਼ਾਨੇ ਤੋਂ ਬਚਦੀ ਆ ਰਹੀ ਕੈਪਟਨ ਸਰਕਾਰ ਹੁਣ ਵਿਧਾਨ ਸਭਾ ਵਿਚ ਬਜਟ ਇਜਲਾਸ ਦੌਰਾਨ ਆਖਰਕਾਰ ਬੁਰੀ ਤਰ੍ਹਾਂ ਘਿਰ ਗਈ। ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ ਦੀ 4 ਸਾਲ ਦੀ ਸੱਤਾ ਦੀਆਂ ਨਕਾਮੀਆਂ ਉਤੇ ਵੱਡੇ ਸਵਾਲ ਚੁੱਕੇ ਹਨ। ਕੇਂਦਰ ਦੇ ਖੇਤੀ ਕਾਨੂੰਨਾਂ ਬਾਰੇ ਪੰਜਾਬ ਸਰਕਾਰ ਦੇ ਨਰਮ ਸਟੈਂਡ ਦਾ ਮੁੱਦਾ ਵੀ ਛਾਇਆ ਹੋਇਆ ਹੈ। ਕਿਸਾਨ ਖੁਦਕੁਸ਼ੀਆਂ, ਕਰਜ਼ਾ ਮੁਆਫੀ, ਵਜ਼ੀਫਿਆਂ, ਸਿਹਤ ਬੀਮਾ ਸਕੀਮ ਬਾਰੇ ਸਰਕਾਰ ਦੀਆਂ ਨਾਲਾਇਕੀਆਂ ਬਾਰੇ ਕੈਪਟਨ ਕੋਲ ਕੋਈ ਜਵਾਬ ਨਹੀਂ।

ਉਧਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਂਗਰਸ ਖਿਲਾਫ ਪੰਜਾਬ 'ਚ 12 ਮਾਰਚ ਤੋਂ ਮੁਹਿੰਮ ਸ਼ੁਰੂ ਕਰਨ ਦੇ ਐਲਾਨ ਨਾਲ ਵੀ ਸਰਕਾਰ ਕਸੂਤੀ ਫਸਦੀ ਜਾਪ ਰਹੀ ਹੈ। 2017 ਵਿਚ ਵੱਡੇ ਵਾਅਦਿਆਂ ਨਾਲ ਕੈਪਟਨ ਦੀ ਬੇੜੀ ਪਾਰ ਲਾਉਣ ਵਾਲੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੂੰ ਚੋਣਾਂ ਤੋਂ ਸਾਲ ਪਹਿਲਾਂ ਕੈਬਨਿਟ ਮੰਤਰੀ ਦਾ ਰੁਤਬਾ ਦੇਣ ਉਤੇ ਵੀ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਕਰੋਨਾ ਕਾਰਨ ਬਣੇ ਹਾਲਾਤ ਤੇ ਇਸ ਤੋਂ ਬਾਅਦ ਕਿਸਾਨ ਅੰਦੋਲਨ ਕਾਰਨ ਤਕਰੀਬਨ ਡੇਢ ਸਾਲ ਦੇ ਸਮੇਂ ਪਿੱਛੋਂ ਕੈਪਟਨ ਸਰਕਾਰ ਅੱਗੇ ਅਜਿਹੇ ਸਵਾਲ ਖੜ੍ਹੇ ਹੋਏ ਹਨ ਜਿਸ ਦਾ ਉਸ ਕੋਲ ਕੋਈ ਜਵਾਬ ਨਹੀਂ। ਕਿਸਾਨ ਅੰਦੋਲਨ ਕਾਰਨ ਹਾਸ਼ੀਏ ਉਤੇ ਧੱਕੀਆਂ ਵਿਰੋਧੀ ਧਿਰਾਂ ਇਸ ਸੈਸ਼ਨ ਨੂੰ ਵੱਡੇ ਮੌਕੇ ਵਜੋਂ ਦੇਖ ਰਹੀਆਂ ਹਨ ਤੇ ਸਰਕਾਰ ਦੀ ਘੇਰਾਬੰਦੀ ਲਈ ਟਿੱਲ ਲਾ ਰਹੀਆਂ ਹਨ। ਕੈਪਟਨ ਨੂੰ 4 ਹਫਤਿਆਂ ਵਿਚ ਨਸ਼ਿਆਂ ਦੇ ਖਾਤਮੇ ਲਈ ਚੁੱਕੀ ਗੁਟਕੇ ਦੀ ਸਹੁੰ ਵੀ ਯਾਦ ਕਰਵਾਈ ਗਈ ਹੈ।

ਯਾਦ ਰਹੇ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਲੋਕਾਂ ਨਾਲ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਸੀ। ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ, ਚਾਰ ਹਫਤਿਆਂ 'ਚ ਨਸ਼ਿਆਂ ਦਾ ਖਾਤਮਾ, ਹਰ ਘਰ ਨੌਕਰੀ ਯਕੀਨੀ ਬਣਾਉਣਾ, ਬੇਰੁਜ਼ਗਾਰੀ ਭੱਤਾ ਵਧਾ ਕੇ 2500 ਰੁਪਏ ਕਰਨਾ, ਬੁਢਾਪਾ ਪੈਨਸ਼ਨ 2500 ਰੁਪਏ ਮਹੀਨਾ ਕਰਨੀ ਤੇ ਸ਼ਗਨ ਸਕੀਮ ਤਹਿਤ ਰਾਸ਼ੀ 51 ਹਜ਼ਾਰ ਰੁਪਏ ਕਰਨੀ ਤੇ ਬੇਘਰਾਂ ਨੂੰ ਘਰ ਦੇਣ ਦੇ ਵੱਡੇ ਵਾਅਦੇ ਹੋਏ ਸਨ ਜੋ ਸੱਤਾ ਮਿਲਦਿਆਂ ਹੀ ਕੈਪਟਨ ਸਰਕਾਰ ਭੁੱਲ ਗਈ। ਵਿਰੋਧੀ ਧਿਰਾਂ ਦੇ ਨਾਲ-ਨਾਲ ਕੈਪਟਨ ਸਰਕਾਰ ਦੇ ਆਪਣੇ ਮੰਤਰੀ ਤੇ ਵਿਧਾਇਕ ਵੀ ਕੈਪਟਨ ਕੋਲ ਪਹੁੰਚ ਕਰ ਕੇ ਇਹ ਵਾਅਦੇ ਯਾਦ ਕਰਵਾਉਂਦੇ ਰਹੇ ਹਨ ਪਰ ਸਰਕਾਰ ਨੇ ਅੱਜ ਤੱਕ ਕੋਈ ਰਾਹ ਨਹੀਂ ਦਿੱਤਾ।

ਕੈਪਟਨ ਦੀ ਕਰਜ਼ਾ ਰਾਹਤ ਉਡੀਕਦੇ ਸੂਬੇ ਵਿਚ 1500 ਤੋਂ ਜ਼ਿਆਦਾ ਕਿਸਾਨ ਆਤਮ-ਹੱਤਿਆ ਕਰ ਚੁੱਕੇ ਹਨ, ਮ੍ਰਿਤਕਾਂ ਦੇ ਪਰਿਵਾਰਾਂ 10 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇ ਵਾਅਦੇ ਵਫਾ ਹੋਣ ਦੀ ਉਡੀਕ ਕਰ ਰਹੇ ਹਨ।

(ਬਾਕੀ ਸਫਾ 6 ਉਤੇ)

## ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਖਿਲਾਫ ਮੋਰਚਾਬੰਦੀ ਦਾ ਐਲਾਨ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਡਟੀਆਂ ਕਿਸਾਨ ਜਥੇਬੰਦੀਆਂ ਨੇ ਹੁਣ ਭਾਜਪਾ ਨੂੰ ਸਿਆਸੀ ਤੌਰ ਉਤੇ ਪੈਰੋਂ ਕੱਢਣ ਦਾ ਮਨ ਬਣਾ ਲਿਆ ਹੈ। ਜਥੇਬੰਦੀਆਂ ਨੇ ਸਾਫ ਕਰ ਦਿੱਤਾ ਹੈ ਕਿ ਭਾਜਪਾ ਨੂੰ ਸਿਆਸੀ ਸੇਕ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਹੈ। ਇਸ ਸਬੰਧੀ ਸੰਯੁਕਤ ਕਿਸਾਨ ਮੋਰਚੇ ਨੇ ਐਨ.ਡੀ.ਏ. ਭਾਈਵਾਲਾਂ ਦੇ ਉਮੀਦਵਾਰਾਂ ਖਿਲਾਫ ਵੋਟਾਂ ਪਾਉਣ ਦਾ ਸੱਦਾ ਦੇਣਗੇ। 12 ਮਾਰਚ ਤੋਂ ਕੋਲਕਾਤਾ ਵਿਚ ਵੱਡੇ ਸਮਾਗਮ ਦੌਰਾਨ ਪੱਛਮੀ ਬੰਗਾਲ ਦੇ ਕਿਸਾਨਾਂ ਨੂੰ ਭਾਜਪਾ ਖਿਲਾਫ ਵੋਟ ਪਾਉਣ ਲਈ ਅਪੀਲ ਕੀਤੀ ਜਾਵੇਗੀ, ਨਾਲ ਹੀ ਉਨ੍ਹਾਂ ਸਾਫ ਕੀਤਾ ਕਿ 5 ਰਾਜਾਂ ਵਿਚ ਕਿਸੇ ਵੀ ਸਿਆਸੀ ਧਿਰ ਦਾ ਸਮਰਥਨ ਮੋਰਚੇ ਵੱਲੋਂ ਨਹੀਂ ਕੀਤਾ ਜਾਵੇਗਾ।



ਸਖਤ ਫੈਸਲੇ ਲੈ ਲਏ ਹਨ। ਮੋਰਚੇ ਨੇ ਐਲਾਨ ਕੀਤਾ ਹੈ ਕਿ ਸੱਤਾਧਾਰੀਆਂ ਨੂੰ 'ਵੋਟ ਦੀ ਚੋਟ' ਦੇਣ ਲਈ ਮੋਰਚੇ ਦੇ ਆਗੂ ਚੋਣਾਂ ਵਾਲੇ ਰਾਜਾਂ ਵਿਚ ਜਾਣਗੇ ਕਿਉਂਕਿ ਸੱਤਾਧਾਰੀ ਸਿਰਫ ਵੋਟ, ਸੀਟ, ਚੋਣ, ਕੁਰਸੀ ਦੀ ਭਾਸ਼ਾ ਹੀ ਸਮਝਦੇ ਹਨ।

ਸੰਯੁਕਤ ਕਿਸਾਨ ਮੋਰਚੇ ਨੇ ਅੰਦੋਲਨ ਨੂੰ ਅੱਗੇ ਲਿਜਾਣ ਬਾਬਤ ਅਗਲੇ 15 ਦਿਨਾਂ ਦੇ ਪ੍ਰੋਗਰਾਮਾਂ ਦੀ ਰੂਪ-ਰੇਖਾ ਵਿਉਂਤੀ ਹੈ। ਇਸ ਵਿਚ ਮੁੱਖ ਰਣਨੀਤੀ ਭਾਜਪਾ ਦੀ ਸਿਆਸੀ ਘੇਰਾਬੰਦੀ ਦੀ ਹੈ। ਐਲਾਨ ਮੁਤਾਬਕ ਜਿਨ੍ਹਾਂ 5 ਰਾਜਾਂ ਵਿਚ ਅਗਲੇ ਮਹੀਨੇ ਵੋਟਾਂ ਪੈਣੀਆਂ ਹਨ, ਉਥੇ ਮੋਰਚੇ ਦੇ ਆਗੂ ਵੋਟਰਾਂ ਨੂੰ ਭਾਜਪਾ ਤੇ

15 ਮਾਰਚ ਨੂੰ ਹਰਿਆਣਾ ਦੇ ਮੇਵਾਤ ਵਿਚ ਮਹਾਪੰਚਾਇਤ ਕਰ ਕੇ ਆਰ.ਐਸ.ਐਸ. ਤੇ ਭਾਜਪਾ ਦੀ ਲੋਕਾਂ ਵਿਚ 'ਫੁੱਟਪਾਊ ਨੀਤੀ' ਦਾ ਵਿਰੋਧ ਕੀਤਾ ਜਾਵੇਗਾ। ਇਹੀ ਨਹੀਂ, ਜਥੇਬੰਦੀਆਂ ਨੇ ਜੀ.ਐਸ.ਟੀ. ਸਣੇ ਹੋਰ ਮੁੱਦਿਆਂ ਉਤੇ ਕੇਂਦਰ ਸਰਕਾਰ ਦੀ ਘੇਰਾਬੰਦੀ ਲਈ ਨਿੱਤਰੀਆਂ ਟਰੇਡ ਯੂਨੀਅਨਾਂ ਦਾ ਸਾਥ ਦੇਣ ਦਾ ਵੀ ਐਲਾਨ ਕਰ ਦਿੱਤਾ ਹੈ। 15 ਮਾਰਚ ਨੂੰ ਟਰੇਡ ਯੂਨੀਅਨਾਂ ਵੱਲੋਂ 'ਕਾਰਪੋਰੇਟੀਕਰਨ ਤੇ ਨਿੱਜੀਕਰਨ ਵਿਰੋਧੀ ਦਿਵਸ' ਕੌਮੀ ਪੱਧਰ ਦਾ ਵਿਰੋਧ ਮਨਾਇਆ ਜਾਵੇਗਾ ਤੇ ਮਜ਼ਦੂਰ ਦਾ

(ਬਾਕੀ ਸਫਾ 6 ਉਤੇ)


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA

**FRONTIER FUEL CARD**
No obligation or contracts
(cancel anytime)
No minimum amount of fuel to buy
Minimal up front to put down
Receive detailed fuel reports
Jagdeep Bains
Jbains@frontierfundinginc.com
Ph: 417-818-1054

ੴ Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਕਿਸਾਨਾਂ ਨੇ ਆਪਣੇ ਹੱਕਾਂ ਲਈ ਡਟੇ ਰਹਿਣ ਦਾ ਅਹਿਦ ਕੀਤਾ

**ਨਵੀਂ ਦਿੱਲੀ:** ਪਿਛਲੇ ਤਕਰੀਬਨ ਤਿੰਨ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਡਟੇ ਹੋਏ ਕਿਸਾਨਾਂ ਦਾ ਉਤਸ਼ਾਹ ਬਰਕਰਾਰ ਹੈ। ਕਿਸਾਨ ਨੇਤਾਵਾਂ ਨੇ ਇਕ ਵਾਰ ਫਿਰ ਸਟੇਜ ਤੋਂ ਐਲਾਨ ਕੀਤਾ ਹੈ ਕਿ ਉਹ ਪਿੱਛੇ ਨਹੀਂ ਹਟਣਗੇ। ਸਰਕਾਰ ਗੱਲਬਾਤ ਲਈ ਕੋਈ ਸਮਾਂ ਲੈ ਸਕਦੀ ਹੈ ਪਰ ਉਹ ਆਪਣੇ ਹੱਕ ਲੈਣ ਪਿਛੋਂ ਹੀ ਵਾਪਸ ਜਾਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਹੁਣ ਇਹ ਲੜਾਈ ਸਿਰਫ ਕਿਸਾਨਾਂ ਦੀ ਨਹੀਂ ਹੈ, ਬਲਕਿ ਗਰੀਬ, ਮਜ਼ਦੂਰ, ਵਕੀਲ ਤੇ ਕਲਾਕਾਰ ਵੀ ਕਿਸਾਨਾਂ ਦੇ ਨਾਲ ਹਨ। ਟੀ.ਵੀ. ਕਲਾਕਾਰ ਕਾਜਲ ਨਿਸਾਦ ਕਿਸਾਨਾਂ ਦੀ ਹਮਾਇਤ ਵਿਚ ਮੁੰਬਈ ਤੋਂ ਇਥੇ ਪਹੁੰਚੀ। ਉਨ੍ਹਾਂ ਮੰਚ ਤੋਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਕਿਸਾਨਾਂ ਦੇ ਸਬਰ ਦਾ ਇਮਤਿਹਾਨ ਨਾ ਲਓ। ਨਿਸਾਦ ਨੇ ਕਿਹਾ ਕਿ ਕੁਝ ਚੈਨਲ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵਿਚ ਲੱਗੇ ਹੋਏ ਹਨ ਪਰ ਕਿਸਾਨੀ ਲਹਿਰ ਕਮਜ਼ੋਰ ਨਹੀਂ ਹੋ ਰਹੀ। ਇਹ ਕਈ ਵਾਰ ਸਿੱਧ ਹੋ ਚੁੱਕਾ ਹੈ ਤੇ ਕਿਸਾਨ ਇਸ ਨੂੰ ਹੋਰ ਵੀ ਮਜ਼ਬੂਤ ਸਾਬਤ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ ਤੇ ਅੱਜ ਤੱਕ ਸਰਕਾਰ ਇਹ ਨਹੀਂ ਦੱਸ ਸਕੀ ਕਿ ਇਨ੍ਹਾਂ ਕਾਨੂੰਨਾਂ 'ਚ ਕੀ ਹੈ ਜਿਸ ਨੂੰ ਲਾਗੂ ਕਰਨਾ ਇੰਨਾ ਅਹਿਮ ਹੋ ਗਿਆ ਹੈ।

ਮੁੱਖ ਸਟੇਜ ਤੋਂ ਨਿਸਾਦ ਤੇ ਹੋਰ ਕਲਾਕਾਰਾਂ ਨੇ ਸਨੀ ਦਿਓਲ 'ਤੇ ਵਿਅੰਗ ਕਸਦਿਆਂ ਕਿਹਾ ਕਿ ਕੁਝ ਲੋਕ ਸਿਰਫ ਪਾਕਿਸਤਾਨ 'ਚ ਜਾ ਕੇ ਹੈਂਡਪੰਪ ਪੁੱਟਣ ਦੀ ਅਦਾਕਾਰੀ ਕਰਕੇ ਪ੍ਰਸੰਸਾ ਬਟੋਰਦੇ ਹਨ ਤੇ ਅਸਲ 'ਚ ਉਹ 'ਜਾਅਲੀ' ਹੀਰੋ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜੇ ਦੇਵਗਨ, ਅਕਸ਼ੈ ਕੁਮਾਰ ਤੇ ਅਮਿਤਾਭ ਬੱਚਨ ਜਾਅਲੀ ਹੀਰੋ ਸਾਬਤ ਹੋਏ ਹਨ। ਇਹ ਲੋਕ ਪਿਛਲੀਆਂ ਸਰਕਾਰਾਂ ਸਮੇਂ ਮਹਿੰਗਾਈ ਬਾਰੇ ਬੋਲਦੇ ਸਨ ਪਰ ਹੁਣ ਚੁੱਪ ਵੱਟੀ ਬੈਠੇ ਹਨ।



ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਸਰਹੱਦਾਂ 'ਤੇ ਸ਼ੁਰੂ ਕੀਤੇ ਗਏ ਅੰਦੋਲਨ ਨੂੰ ਜਿੱਤ ਤੱਕ ਪਹੁੰਚਾਉਣ ਲਈ ਜਥੇਬੰਦਕ ਸੂਝ-ਬੂਝ, ਸਬਰ ਅਤੇ ਇਨਕਲਾਬੀ ਵਿਚਾਰਾਂ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਜਥੇਬੰਦੀ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣ ਤੱਕ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੈ। ਉਨ੍ਹਾਂ ਅੰਦੋਲਨ ਨੂੰ ਤਾਰਪੀਡੋ ਕਰਨ ਲਈ 26 ਜਨਵਰੀ ਦੀ ਆੜ ਹੇਠ ਕੇਸ ਦਰਜ ਕਰਕੇ ਕਿਸਾਨਾਂ ਨੂੰ ਗ੍ਰਿਫਤਾਰ ਕਰਨ, ਕਿਸਾਨਾਂ ਦੀ ਹਮਾਇਤ ਕਰਨ ਵਾਲੇ ਸਮਾਜ ਸੇਵੀਆਂ, ਪੱਤਰਕਾਰਾਂ, ਵਿਚਾਰਵਾਨਾਂ ਆਦਿ ਨੂੰ ਐਨ.ਆਈ.ਏ. ਦੇ ਨੋਟਿਸ ਭੇਜਣ ਆਦਿ ਜਿਹੀਆਂ ਕਾਰਵਾਈਆਂ ਨਾਲ ਦਮਨਕਾਰੀ ਚਾਲਾਂ ਚੱਲਣ ਦਾ ਵਿਰੋਧ ਕੀਤਾ। ਰੈਲੀ ਦੌਰਾਨ ਪਾਸ ਕੀਤੇ ਗਏ ਮਤਿਆਂ ਵਿਚ ਤਿੰਨੇ ਖੇਤੀ ਕਾਨੂੰਨ ਰੱਦ ਕਰਨ, 29 ਜਨਵਰੀ ਦੇ ਦੰਗਾਕਾਰੀਆਂ ਖਿਲਾਫ ਕੇਸ ਦਰਜ ਕਰਨ ਅਤੇ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦੇਣ, ਗ੍ਰਿਫਤਾਰ ਕੀਤੇ ਗਏ ਕਿਸਾਨਾਂ ਨੂੰ ਰਿਹਾਅ ਕਰਨ, ਦਿੱਲੀ ਅੰਦੋਲਨ ਦੇ ਸ਼ਹੀਦਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਅਤੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਆਦਿ 'ਤੇ ਵੀ ਜੋਰ ਦਿੱਤਾ ਗਿਆ। ਉਨ੍ਹਾਂ ਅੰਦੋਲਨ ਨੂੰ ਜਿੱਤ ਤੱਕ ਲੈ ਕੇ ਜਾਣ ਲਈ ਆਮ ਜਨਤਾ ਨੂੰ ਫੰਡ ਇਕੱਠਾ ਕਰਕੇ 30-30 ਦਿਨ ਤੱਕ ਦਿੱਲੀ ਰਹਿਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ 5 ਅਤੇ 20 ਮਾਰਚ ਨੂੰ ਅੰਮ੍ਰਿਤਸਰ ਤੋਂ ਦਿੱਲੀ ਵੱਲ ਟਰੈਕਟਰਾਂ ਦੇ ਕਾਫਲੇ ਰਵਾਨਾ ਕੀਤੇ ਜਾਣਗੇ। ਜਥੇਬੰਦੀ ਵਲੋਂ ਇਥੇ ਸ੍ਰੀ ਨਨਕਾਣਾ ਸਾਹਿਬ ਅਤੇ ਦਿੱਲੀ ਦੇ ਸ਼ਹੀਦਾਂ ਨੂੰ ਸਮਰਪਿਤ ਕੀਤੀ ਮਹਾਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸੰਘਰਸ਼ ਨੂੰ ਅਸਫਲ ਬਣਾਉਣ ਲਈ ਚਲੀਆਂ ਜਾ ਰਹੀਆਂ ਚਾਲਾਂ ਲਈ ਕੇਂਦਰ ਸਰਕਾਰ ਨੂੰ ਤਿੱਖੀ ਚਿਤਾਵਨੀ ਵੀ ਦਿੱਤੀ। ਸੂਬਾ ਪੱਧਰ ਦੀ ਇਸ ਭਰਵੀਂ ਰੈਲੀ ਵਿਚ ਔਰਤਾਂ, ਮਜ਼ਦੂਰਾਂ, ਨੌਜਵਾਨਾਂ, ਦੁਕਾਨਦਾਰਾਂ ਆਦਿ ਨੇ ਵੀ ਬਹੁਤ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਸਰਵਣ ਸਿੰਘ ਨੇ ਇਸ ਘੋਲ ਨੂੰ 1947 ਤੋਂ ਬਾਅਦ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਮਹਾਨ ਅੰਦੋਲਨ ਕਰਾਰ ਦਿੱਤਾ ਜਿਸ ਨੂੰ ਅੰਤਰਰਾਸ਼ਟਰੀ ਪੱਧਰ ਤੋਂ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਖੇਤੀ ਕਾਨੂੰਨਾਂ ਨੂੰ ਕਰੋਨਾ ਕਾਲ ਦੌਰਾਨ ਲਿਆਉਣ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣੇ ਕਾਰਪੋਰੇਟ ਜੋਟੀਦਾਰਾਂ ਨੂੰ ਲਾਹਾ ਦੇਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ।

## 'ਕਾਰਪੋਰੇਟਾਂ ਨਾਲ ਵਫਾਦਾਰੀ ਸਦਕਾ ਅੜੀ ਸਰਕਾਰ'

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦਿਨੋਂ-ਦਿਨ ਵਧ ਤੇ ਫੈਲ ਰਹੇ ਸੰਘਰਸ਼ ਦੇ ਬਾਵਜੂਦ ਖੇਤੀ ਕਾਨੂੰਨਾਂ ਨੂੰ ਰੱਦ ਨਾ ਕਰਨਾ ਮੋਦੀ ਹਕੂਮਤ ਦੀ ਦੇਸ਼ੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਨਾਲ ਗੂੜ੍ਹੀ ਸਾਂਝ ਤੇ ਵਫਾਦਾਰੀ ਦਾ ਮੂੰਹ ਬੋਲਦਾ ਸਬੂਤ ਹੈ। ਇਸ ਸਾਂਝ ਨੂੰ ਪੁਗਾਉਣ ਲਈ ਹੀ ਭਾਜਪਾ ਸਰਕਾਰ ਸੰਸਦ ਵਿਚ ਮਿਲੇ ਬਹੁਮਤ ਦਾ ਦੁਰਉਪਯੋਗ ਕਰ ਰਹੀ ਹੈ। ਟਿਕਰੀ ਬਾਰਡਰ 'ਤੇ ਸੰਬੋਧਨ ਕਰਦਿਆਂ ਸ੍ਰੀ ਉਗਰਾਹਾਂ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਵਾਲੇ ਕਈ ਰਾਜਾਂ ਵਿਚ ਵੀ ਭਾਜਪਾ ਆਗੂਆਂ ਨੂੰ ਕਿਸਾਨਾਂ ਦੇ ਤਿੱਖੇ ਵਿਰੋਧ ਸਦਕਾ ਜਨਤਕ ਰੈਲੀਆਂ 'ਚੋਂ ਬਿਨਾ ਬੋਲੇ ਵਾਪਸ ਮੁੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਆਉਂਦੇ ਦਿਨਾਂ ਵਿਚ ਇਹ ਰੋਸ ਹੋਰ ਵਿਸਾਲ ਹੋਵੇਗਾ ਜੋ ਅਖੀਰ ਮੋਦੀ ਸਰਕਾਰ ਨੂੰ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦੇਵੇਗਾ।

## ਸਰਕਾਰ ਦੀ 'ਚੁੱਪ' ਅੰਦੋਲਨ ਖਿਲਾਫ ਕਾਰਵਾਈ ਦਾ ਸੰਕੇਤ: ਟਿਕੈਤ

**ਬਿਜਨੌਰ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਦੋਸ਼ ਲਗਾਇਆ ਕਿ ਬੀਤੇ ਕੁਝ ਦਿਨਾਂ ਤੋਂ ਕੇਂਦਰ ਸਰਕਾਰ ਵੱਲੋਂ ਵੱਟੀ 'ਚੁੱਪ' ਸੰਕੇਤ ਦੇ ਰਹੀ ਹੈ ਕਿ ਸਰਕਾਰ ਕਿਸਾਨ ਅੰਦੋਲਨ ਖਿਲਾਫ ਕੋਈ ਰਣਨੀਤੀ ਬਣਾ ਰਹੀ ਹੈ। ਸਰਕਾਰ ਅਤੇ ਕਿਸਾਨ ਯੂਨੀਅਨਾਂ ਵਿਚਾਲੇ ਗੱਲਬਾਤ ਰੁਕਣ ਬਾਰੇ ਉਨ੍ਹਾਂ ਕਿਹਾ ਕਿ ਮੁੜ ਗੱਲਬਾਤ ਦੀ ਪੇਸ਼ਕਸ਼ ਸਰਕਾਰ ਨੂੰ ਹੀ ਕਰਨੀ ਪਏਗੀ। ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਪੱਤਰਕਾਰਾਂ ਨੂੰ ਕਿਹਾ, "15-20 ਦਿਨਾਂ ਤੋਂ ਕੇਂਦਰ ਸਰਕਾਰ ਦੀ 'ਚੁੱਪ' ਤੋਂ ਸੰਕੇਤ ਮਿਲ ਰਿਹਾ ਹੈ ਕਿ ਕੁਝ ਹੋਣ ਵਾਲਾ ਹੈ। ਸਰਕਾਰ ਅੰਦੋਲਨ ਖਿਲਾਫ ਕੋਈ ਕਾਰਵਾਈ ਕਰਨ ਦੀ ਰਣਨੀਤੀ ਬਣਾ ਰਹੀ ਹੈ। ਉਨ੍ਹਾਂ ਕਿਹਾ, 'ਹੱਲ ਨਿਕਲਣ ਤੱਕ ਕਿਸਾਨ ਵਾਪਸ ਨਹੀਂ ਜਾਣਗੇ। ਕਿਸਾਨ ਵੀ ਤਿਆਰ ਹੈ।

## ਭਾਜਪਾ 'ਚ ਸ਼ਾਮਲ ਹੋਣ ਵਾਲੇ ਦਾ ਪਿੰਡ ਵਾਸੀਆਂ ਵੱਲੋਂ ਬਾਈਕਾਟ

**ਨਾਭਾ:** ਇਥੋਂ ਨੇੜਲੇ ਪਿੰਡ ਥੂਹੀ 'ਚ ਆਮ ਆਦਮੀ ਪਾਰਟੀ ਦਾ ਜ਼ਿਲ੍ਹਾ ਜਨਰਲ ਸਕੱਤਰ ਵਰਿਆਮ ਸਿੰਘ ਪਿਛਲੇ ਦਿਨੀਂ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ ਜਿਸ ਮਗਰੋਂ ਪਿੰਡ ਵਿਚ ਤਣਾਅ ਦਾ ਮਾਹੌਲ ਬਣ ਗਿਆ ਹੈ। ਵਰਿਆਮ ਦੇ ਪਾਰਟੀ ਬਦਲਣ 'ਤੇ ਪਿੰਡ ਦੇ ਦੋਵਾਂ ਗੁਰਦੁਆਰਿਆਂ ਵਿਚੋਂ ਸਪੀਕਰ ਜਰੀਏ ਵਰਿਆਮ ਸਿੰਘ ਅਤੇ ਉਸ ਦੇ ਭਰਾ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ। ਹਾਲਾਂਕਿ ਵਰਿਆਮ ਅਤੇ ਉਸ ਦਾ ਭਰਾ ਇਕੋ ਘਰ ਵਿਚ ਰਹਿੰਦੇ ਹਨ ਪਰ ਵਰਿਆਮ ਦੇ ਭਰਾ ਤਰਲੋਚਨ ਸਿੰਘ ਨੇ ਹਲਫੀਆ ਬਿਆਨ ਦਿੱਤਾ ਕਿ ਉਸ ਦਾ ਆਪਣੇ ਭਰਾ ਵਰਿਆਮ ਨਾਲ ਕੋਈ ਸਬੰਧ ਨਹੀਂ ਹੈ। ਇਹ ਹਲਫੀਆ ਬਿਆਨ ਪਿੰਡ ਦੇ ਸਰਪੰਚ ਯਾਦਵਿੰਦਰ ਸਿੰਘ ਨੇ ਤਸਦੀਕ ਕੀਤਾ ਅਤੇ ਹਲਫੀਆ ਬਿਆਨ ਪੇਸ਼ ਕੀਤੇ ਜਾਣ ਪਿੱਛੋਂ ਸ਼ਾਮ ਨੂੰ ਦੁਬਾਰਾ ਸਪੀਕਰ ਵਿਚ ਐਲਾਨ ਕੀਤਾ ਗਿਆ ਕਿ ਕੇਵਲ ਵਰਿਆਮ ਸਿੰਘ ਦਾ ਹੀ ਬਾਈਕਾਟ ਕੀਤਾ ਜਾਵੇਗਾ। ਜਾਣਕਾਰੀ ਅਨੁਸਾਰ ਵਰਿਆਮ ਸਿੰਘ ਕੋਲ ਢਾਈ ਏਕੜ ਜ਼ਮੀਨ ਹੈ ਜਿਸ ਨੂੰ ਉਸ ਦਾ ਭਰਾ ਹੀ ਠੇਕੇ 'ਤੇ ਵਾਹੁੰਦਾ ਹੈ। ਵਰਿਆਮ ਸਿੰਘ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪਿੰਡ ਥੂਹੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਭੀਮ ਅਤੇ ਕਿਸਾਨ ਯੂਨੀਅਨ ਰਾਜੇਵਾਲ ਦੇ ਪਿੰਡ ਦੇ ਪ੍ਰਧਾਨ ਦੀਦਾਰ ਸਿੰਘ ਪਿੰਡ ਵਾਸੀਆਂ ਨੂੰ ਲੈ ਕੇ ਉਸ ਦੇ ਘਰ ਆਏ ਅਤੇ ਉਨ੍ਹਾਂ ਪਾਰਟੀ ਨਾ ਛੱਡਣ ਦੀ ਸੂਰਤ ਵਿਚ ਬਾਈਕਾਟ ਦੀ ਧਮਕੀ ਦਿੱਤੀ।

### ਪਿੰਡਾਂ 'ਚ ਭਾਜਪਾ ਆਗੂਆਂ ਦੇ ਦਾਖਲੇ 'ਤੇ ਰੋਕ

**ਭੁਲੱਥ:** ਖੇਤੀ ਕਾਨੂੰਨਾਂ ਸਬੰਧੀ ਕੇਂਦਰ ਸਰਕਾਰ ਖਿਲਾਫ ਕਿਸਾਨਾਂ 'ਚ ਰੋਹ ਵਧਦਾ ਜਾ ਰਿਹਾ ਹੈ। ਕਸਬਾ ਭੁਲੱਥ ਨੇੜਲੇ ਪਿੰਡਾਂ 'ਚ ਕਿਸਾਨਾਂ ਤੇ ਮਜ਼ਦੂਰਾਂ ਨੇ ਖੇਤੀ ਕਾਨੂੰਨਾਂ ਖਿਲਾਫ ਰੋਸ ਪ੍ਰਗਟਾਉਂਦਿਆਂ ਭਾਜਪਾ ਆਗੂਆਂ ਦੇ ਦਾਖਲੇ 'ਤੇ ਪਾਬੰਦੀ ਦੇ ਪੋਸਟਰ ਲਾਏ। ਪਿੰਡ ਰਾਏਪੁਰ ਪੀਰਬਖਸ਼ ਦੇ ਨਵਦੀਪ ਸਿੰਘ ਤੇ ਪਿੰਡ ਬੋਪਾਰਾਏ ਤੋਂ ਨੌਜਵਾਨ ਆਗੂ ਅਮਰੀਕ ਸਿੰਘ ਰਾਏ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਕੇਂਦਰੀ ਜਾਂਚ ਏਜੰਸੀਆਂ ਰਾਹੀਂ ਅੰਦੋਲਨ ਨੂੰ ਕੁਚਲਣ ਲਈ ਅਪਨਾਏ ਜਾ ਰਹੇ ਹੱਥ ਕੰਡਿਆਂ ਖਿਲਾਫ ਲੋਕਾਂ 'ਚ ਭਾਜਪਾ ਆਗੂਆਂ ਵਿਰੁੱਧ ਰੋਹ ਵਧਦਾ ਜਾ ਰਿਹਾ ਹੈ। ਪਿੰਡਾਂ ਵਿਚ ਮੋਰਚੇ 'ਤੇ ਬੈਠੇ ਕਿਸਾਨਾਂ ਦੇ ਕੰਮ-ਕਾਜ ਸੰਭਾਲਣ ਲਈ ਮੀਟਿੰਗਾਂ ਕੀਤੀਆਂ ਗਈਆਂ, ਜਿਸ ਦੌਰਾਨ ਕੇਂਦਰ ਵੱਲੋਂ ਪਿੰਡਾਂ 'ਚ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਦੇ ਫਾਇਦੇ ਸਮਝਾਉਣ ਲਈ ਭੇਜੇ ਜਾ ਰਹੇ ਭਾਜਪਾ ਆਗੂਆਂ ਦੇ ਦਾਖਲੇ 'ਤੇ ਰੋਕ ਲਾਉਣ ਦਾ ਫੈਸਲਾ ਕੀਤਾ ਗਿਆ।

## ਕਿਸਾਨੀ ਅੰਦੋਲਨ ਦੇ ਹਮਾਇਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਵਿਰੋਧ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਚੱਲ ਰਹੇ ਅੰਦੋਲਨ ਦੌਰਾਨ ਮੋਦੀ ਸਰਕਾਰ ਵੱਲੋਂ ਸੰਘਰਸ਼ਸ਼ੀਲ ਕਿਸਾਨਾਂ ਅਤੇ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਰੋਸ ਵਜੋਂ 'ਜਬਰ ਵਿਰੋਧੀ ਦਿਵਸ' ਮਨਾਇਆ।

ਸੂਬੇ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ, ਮੋਗਾ ਦੇ ਸਾਈਲੋ ਦੇ ਬਾਹਰ ਤੇ ਹੋਰਨਾਂ ਕਈ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਬੁਲਾਰਿਆਂ ਨੇ ਕੇਂਦਰ ਸਰਕਾਰ ਵੱਲੋਂ ਅਪਣਾਏ ਦਮਨਕਾਰੀ ਅਤੇ ਤਾਨਾਸ਼ਾਹੀ ਰਵੱਈਏ ਦੀ ਨਿਖੇਧੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨੀ ਜਨ ਅੰਦੋਲਨ ਨੂੰ ਦਬਾਉਣ ਲਈ ਅਪਣਾਏ ਜਾ ਰਹੇ ਹੱਥਕੰਡਿਆਂ ਦਾ ਦੇਸ਼ ਦੇ ਲੋਕ ਹਿਸਾਬ ਲੈਣਗੇ। ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਰਾਸ਼ਟਰਪਤੀ ਦੇ ਨਾਂ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਵੀ ਸੌਂਪੇ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਕਿਸਾਨ ਆਗੂ ਪ੍ਰੇਮ ਸਿੰਘ ਭੰਗੂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਹੋਰਨਾਂ ਨੇ ਦੱਸਿਆ ਕਿ ਜਥੇਬੰਦੀਆਂ ਵੱਲੋਂ ਰਾਸ਼ਟਰਪਤੀ ਨੂੰ ਭੇਜੇ ਮੰਗ ਪੱਤਰ ਰਾਹੀਂ ਅੰਦੋਲਨ ਕਰ ਰਹੇ ਕਿਸਾਨਾਂ ਅਤੇ ਅੰਦੋਲਨ ਦੀ ਹਮਾਇਤ ਕਰਨ ਵਾਲੇ ਸਮਾਜਿਕ ਕਾਰਕੁਨਾਂ ਅਤੇ ਹੋਰਨਾਂ ਹਸਤੀਆਂ ਨੂੰ ਸਰਕਾਰੀ ਜਬਰ ਦਾ ਸ਼ਿਕਾਰ ਬਣਾਉਣ ਦੀ ਨੀਤੀ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਥਾਂ ਭਾਜਪਾ ਦੇ ਆਈ.ਟੀ. ਸੈੱਲ ਦੇ ਪ੍ਰਚਾਰ ਰਾਹੀਂ ਕਿਸਾਨ ਆਗੂਆਂ, ਕਿਸਾਨੀ ਘੋਲ ਵਿਰੁੱਧ ਝੂਠਾ ਅਤੇ ਗੁਮਰਾਹਕੁੰਨ ਪ੍ਰਚਾਰ ਕਰ ਰਹੀ ਹੈ ਪਰ ਅੰਤ ਸਰਕਾਰ ਨੂੰ ਕਿਸਾਨੀ ਸੰਘਰਸ਼ ਅੱਗੇ ਗੋਡੇ ਟੇਕਦਿਆਂ ਕਿਸਾਨ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣੇ ਹੀ ਪੈਣਗੇ।

## ਪੁਲਿਸ ਨੋਟਿਸਾਂ ਖਿਲਾਫ ਕਿਸਾਨਾਂ 'ਚ ਰੋਹ

**ਨਵੀਂ ਦਿੱਲੀ:** ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਤਿੰਨ ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਕਿਸਾਨਾਂ ਦਾ ਸਰਕਾਰ ਖਿਲਾਫ ਗੁੱਸਾ ਉਬਾਲੇ ਖਾਣ ਲੱਗਾ ਹੈ। ਕਿਸਾਨ ਗਾਜ਼ੀਪੁਰ ਸਰਹੱਦ 'ਤੇ ਮੁੱਖ ਸੜਕ ਨੂੰ ਬੰਦ ਕੀਤੇ ਜਾਣ ਤੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਭੇਜੇ ਨੋਟਿਸਾਂ ਤੋਂ ਖਫ਼ਾ ਹਨ। ਕਿਸਾਨ ਆਗੂਆਂ ਨੇ ਪੁਲਿਸ ਤੇ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕਰਦਿਆਂ ਕਿਹਾ ਕਿ 'ਦੋਵਾਂ ਨੇ ਤਾਨਾਸ਼ਾਹੀ ਦੀਆਂ ਸਾਰੀਆਂ ਹੱਦਾਂ ਉਲੰਘ' ਦਿੱਤੀਆਂ ਹਨ। ਕਿਸਾਨ ਆਗੂਆਂ ਨੇ ਗਾਜ਼ੀਪੁਰ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ ਵੱਲੋਂ 26 ਜਨਵਰੀ ਹਿੰਸਾ ਮਾਮਲੇ 'ਚ ਪ੍ਰਦਰਸ਼ਨਕਾਰੀਆਂ (ਕਿਸਾਨਾਂ ਤੇ ਕਿਸਾਨ ਆਗੂਆਂ) ਨੂੰ ਭੇਜੇ ਨੋਟਿਸਾਂ 'ਤੇ ਨਾਖੁਸ਼ੀ ਜ਼ਾਹਿਰ ਕੀਤੀ। ਕਿਸਾਨ ਆਗੂਆਂ ਨੇ ਅਪੀਲ ਕੀਤੀ ਕਿ ਜਿਨ੍ਹਾਂ ਕਿਸਾਨਾਂ ਨੂੰ ਨੋਟਿਸ ਮਿਲੇ ਹਨ, ਉਹ ਬਿਨਾਂ ਵਕੀਲ ਦੇ ਪੁਲਿਸ/ਜਾਂਚ ਏਜੰਸੀ ਅੱਗੇ ਪੇਸ਼ ਨਾ ਹੋਣ।

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.

Imperial Tax Services
29090 Currier Ave., Westland, MI 48186
Individual & Small Business
Tax Returns
Visa, OCI, Renunciation & Passport Applications.
Citizenship Forms, Sponsorship & Power of Attorneys.
IRS AUTHORIZED NOTARY PUBLIC
Call or Text to make an appointment
Paramvir Singh
(Master's degree in Mathematics)
Ph: 206-475-6075
Email: Imperialtaxservices81@Yahoo.com
9-12

# ਸ਼ਾਂਤਮਈ ਸੰਘਰਸ਼ ਨਾਲ ਵੰਡ ਪਾਊ ਨੀਤੀਆਂ ਨੂੰ ਦਿੱਤਾ ਠੋਕਵਾਂ ਜਵਾਬ

**ਚੰਡੀਗੜ੍ਹ:** ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੇ ਆਪਣੀਆਂ ਮੰਗਾਂ ਨੂੰ ਸਰਕਾਰ, ਮੀਡੀਆ, ਅਦਾਲਤਾਂ ਤੇ ਲੋਕਾਂ ਸਾਹਮਣੇ ਸਹੀ ਤਰੀਕੇ ਨਾਲ ਰੱਖਣ ਅਤੇ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚਲਾ ਕੇ ਵੱਖ-ਵੱਖ ਵਰਗਾਂ ਦਾ ਵਿਸ਼ਵਾਸ ਜਿੱਤਣ ਦਾ ਨਵਾਂ ਸੱਭਿਆਚਾਰ ਸਿਰਜਿਆ ਹੈ। ਅੰਦੋਲਨ ਨੇ ਇਹ ਦਿਖਾਇਆ ਹੈ ਕਿ ਆਰਥਿਕ ਅਤੇ ਸਮਾਜਿਕ ਨਿਆਂ ਦੀ ਮੰਗ ਕਰਦਿਆਂ ਭਾਈਚਾਰਕ ਸਾਂਝ ਮਜ਼ਬੂਤ ਹੋ ਸਕਦੀ ਹੈ ਅਤੇ ਲੋਕਾਂ ਵਿਚਕਾਰ ਪਾਈਆਂ ਗਈਆਂ ਵੰਡੀਆਂ ਮਿਟਾਈਆਂ ਜਾ ਸਕਦੀਆਂ ਹਨ।

ਤਿੰਨ ਮਹੀਨੇ ਤੋਂ ਔਰਤਾਂ, ਬੱਚੇ, ਬਜ਼ੁਰਗਾਂ ਸਮੇਤ ਹਜ਼ਾਰਾਂ ਕਿਸਾਨ ਦਿੱਲੀ ਦੀਆਂ ਬਰੂੰਹਾਂ ਉਤੇ ਬੈਠੇ ਹਨ। ਲੱਖਾਂ ਲੋਕਾਂ ਨੇ ਇਸ ਅੰਦੋਲਨ ਵਿਚ ਹਿੱਸਾ ਲਿਆ ਹੈ। ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ 11 ਵਾਰੀ ਗੱਲਬਾਤ ਹੋ ਚੁੱਕੀ ਹੈ। 22 ਜਨਵਰੀ ਨੂੰ ਹੋਈ ਗੱਲਬਾਤ ਵਿਚ ਰੁਕਾਵਟ ਆ ਗਈ ਹੈ। ਸਰਕਾਰ ਨੇ ਉਸ ਵਕਤ ਤਜਵੀਜ਼ ਰੱਖੀ ਸੀ ਕਿ ਤਿੰਨੇ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਤੱਕ ਮੁਅੱਤਲ ਕਰਨ ਅਤੇ ਕਾਨੂੰਨਾਂ ਸਮੇਤ ਘੱਟੋ-ਘੱਟ ਸਮਰਥਨ ਮੁੱਲ ਦੇ ਮੁੱਦੇ ਉਤੇ ਸਰਕਾਰ ਤੇ ਕਿਸਾਨ ਜਥੇਬੰਦੀਆਂ ਦੀ ਕਮੇਟੀ ਬਣਾ ਕੇ ਰਿਪੋਰਟ ਮੁਤਾਬਕ ਅੰਤਿਮ ਫੈਸਲਾ ਲੈਣ ਬਾਰੇ ਸਹਿਮਤੀ ਬਣਾ ਲਈ ਜਾਵੇ। ਕਿਸਾਨ ਜਥੇਬੰਦੀਆਂ ਨੇ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਸੀ। ਉਨ੍ਹਾਂ ਦੀਆਂ ਮੰਗਾਂ ਵਿਚ ਕਾਨੂੰਨ ਵਾਪਸੀ ਤੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਖਰੀਦ ਸਮੇਤ ਕਾਨੂੰਨੀ ਗਰੰਟੀ ਦੇਣਾ ਸ਼ਾਮਲ ਹੈ। ਖੇਤੀ ਮੰਤਰੀ ਨਰੇਂਦਰ ਤੋਮਰ ਦਾ ਇਹ ਬਿਆਨ ਕਿ ਜੇਕਰ ਕਿਸਾਨ ਜਥੇਬੰਦੀਆਂ ਸਰਕਾਰ ਦੀ ਪੁਰਾਣੀ ਤਜਵੀਜ਼ ਨਾਲ ਸਹਿਮਤ ਹਨ ਤਾਂ ਗੱਲਬਾਤ ਕੀਤੀ ਜਾ ਸਕਦੀ ਹੈ, ਕੋਈ ਵਧੀਆ ਸੰਕੇਤ ਨਹੀਂ ਹੈ।

ਕਿਸਾਨ ਜਥੇਬੰਦੀਆਂ ਲਗਾਤਾਰ ਕਹਿ ਰਹੀਆਂ ਹਨ ਕਿ ਸਰਕਾਰ ਨਵੀਂ ਤਜਵੀਜ਼ ਨਾਲ ਸਾਹਮਣੇ ਆਵੇ। ਇਸੇ ਦੌਰਾਨ 26 ਜਨਵਰੀ ਦੀ ਘਟਨਾ ਵਾਪਰੀ ਜਿਸ ਕਾਰਨ ਕਿਸਾਨ ਵਿਰੋਧੀ ਤਾਕਤਾਂ ਨੇ ਨਵਾਂ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਹੋ ਰਹੀ ਹੈ। ਦਿੱਲੀ ਪੁਲਿਸ ਨੇ ਕਿਸਾਨ ਆਗੂਆਂ ਸਮੇਤ ਬਹੁਤ ਸਾਰੇ ਲੋਕਾਂ ਉਤੇ ਮੁਕੱਦਮੇ ਦਰਜ ਕਰ ਦਿੱਤੇ ਗਏ। 122 ਦੇ ਕਰੀਬ ਲੋਕ ਜੇਲ੍ਹਾਂ ਵਿਚ ਬੰਦ ਹਨ ਜਿਨ੍ਹਾਂ ਵਿਚੋਂ ਪੰਜਾਹ ਦੇ ਲਗਭਗ ਜ਼ਮਾਨਤ ਉਤੇ ਰਿਹਾਅ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਨੇ ਆਪਣੇ ਮੰਤਰੀਆਂ ਅਤੇ ਆਗੂਆਂ ਨੂੰ ਜਾਟ ਇਲਾਕਿਆਂ ਖਾਸ ਤੌਰ ਉਤੇ ਉਤਰ ਪ੍ਰਦੇਸ਼ ਵਿਚ ਅੰਦੋਲਨ ਦੇ ਪੱਖ ਵਿਚ ਆਈਆਂ ਖਾਪ ਪੰਚਾਇਤਾਂ ਨੂੰ ਮਨਾਉਣ ਲਈ ਭੇਜਿਆ ਪਰ ਉਨ੍ਹਾਂ ਨੂੰ ਕੋਈ ਜਿਆਦਾ ਸਫਲਤਾ ਨਹੀਂ ਮਿਲੀ।

ਅੰਦੋਲਨ ਦੇਸ਼ ਦੇ ਹੋਰਾਂ ਸੂਬਿਆਂ ਅਤੇ ਵਿਦੇਸ਼ਾਂ ਤੱਕ ਆਪਣਾ ਪ੍ਰਭਾਵ ਵਧਾ ਰਿਹਾ ਹੈ। ਮਹਾਂਪੰਚਾਇਤਾਂ ਵਿਚ ਹੋ ਰਹੇ ਇਕੱਠ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਲੋਕ ਅੰਦੋਲਨ ਦਾ ਰੂਪ ਧਾਰ ਰਹੇ ਇਹ ਅੰਦੋਲਨ ਲੰਮਾ ਚੱਲਣ ਦੇ ਆਸਾਰ ਹਨ। ਸਰਕਾਰੀ ਪੱਖ ਇਸ ਅੰਦੋਲਨ ਨੂੰ ਅਜੇ ਵੀ ਪੰਜਾਬ ਦਾ ਅੰਦੋਲਨ ਸਾਬਤ ਕਰਨ ਲਈ ਬਿਆਨਬਾਜ਼ੀ ਕਰ ਰਿਹਾ ਹੈ।

## ਰਿਹਾਈ ਪਿੱਛੋਂ ਨੌਦੀਪ ਨੇ ਮੁੜ ਮੋਰਚਾ ਸੰਭਾਲਿਆ

**ਨਵੀਂ ਦਿੱਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚੋਂ ਜ਼ਮਾਨਤ ਮਿਲਣ ਮਗਰੋਂ ਕਰਨਾਲ ਜੇਲ੍ਹ ਤੋਂ ਬਾਹਰ ਆਈ ਮਜ਼ਦੂਰ ਕਾਰਕੁਨ ਨੌਦੀਪ ਕੌਰ ਨੇ ਕਿਹਾ ਕਿ ਲੋਕਾਂ ਦੀ ਤਾਕਤ ਬਹੁਤ ਵੱਡੀ ਹੁੰਦੀ ਹੈ ਤੇ ਸਰਕਾਰਾਂ, ਮੰਤਰੀ ਜਾਂ ਪੈਸਾ ਜਨਤਾ ਦੇ ਰੋਹ ਅੱਗੇ ਨਹੀਂ ਟਿਕ ਸਕਦੇ।

ਨੌਦੀਪ ਕੌਰ ਨੇ ਕਿਹਾ ਕਿ ਉਹ ਜਨਤਾ ਵੱਲੋਂ ਆਵਾਜ਼ ਬੁਲੰਦ ਕਰਨ ਕਰਕੇ ਹੀ ਬਾਹਰ ਆ ਸਕੀ ਹੈ ਤੇ ਹੁਣ ਉਹ ਮਜ਼ਦੂਰਾਂ ਤੇ ਦੱਬੇ-ਕੁਚਲੇ ਲੋਕਾਂ ਲਈ ਆਖਰੀ ਦਮ ਤੱਕ ਕੰਮ ਕਰੇਗੀ। ਉਸ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮੱਥਾ ਟੇਕਿਆ, ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ। ਉਸ ਨੇ ਆਪਣੀ ਨਜ਼ਰਬੰਦੀ ਦੌਰਾਨ ਦੇਸ਼-ਵਿਦੇਸ਼ ਤੋਂ ਮਿਲੇ ਭਰਪੂਰ ਸਮਰਥਨ ਨੂੰ ਇਸ ਰਿਹਾਈ ਦਾ ਮੁੱਖ ਕਾਰਨ ਕਰਾਰ ਦਿੱਤਾ। ਉਸ ਨੇ ਕਿਹਾ ਕਿ ਮਜ਼ਦੂਰਾਂ, ਔਰਤਾਂ, ਕਿਸਾਨਾਂ ਤੇ ਦਲਿਤਾਂ 'ਤੇ ਅੱਤਿਆਚਾਰ ਹੁੰਦੇ ਹਨ। ਇਨ੍ਹਾਂ ਵਰਗਾਂ ਤੋਂ ਕੰਮ ਲਿਆ ਜਾਂਦਾ ਹੈ ਪਰ ਸਹੂਲਤਾਂ ਦੇਣ ਸਮੇਂ ਇਨ੍ਹਾਂ ਨੂੰ ਅਣਗੌਲਿਆ ਜਾਂਦਾ ਹੈ।


ਨੌਦੀਪ ਨੇ ਦੋਸ਼ ਲਾਇਆ ਕਿ ਸ਼ਿਵ ਕੁਮਾਰ ਤੇ ਉਸ ਨੂੰ ਸੋਨੀਪਤ ਪੁਲਿਸ ਨੇ ਬਹੁਤ ਕੁੱਟਿਆ। ਨੌਦੀਪ ਮੁਤਾਬਕ ਜੇਲ੍ਹਾਂ ਵਿਚ ਕਈ ਔਰਤਾਂ ਦੀ ਹਾਲਤ ਬਦਤਰ ਹੈ ਤੇ ਉਸ ਉਪਰ ਵੀ ਪੁਲਿਸ ਨੇ ਬਹੁਤ ਤਸ਼ੱਦਦ ਢਾਹੇ। ਉਸ ਨੇ ਕਿਹਾ ਕਿ ਪੁਲਿਸ ਵੱਲੋਂ ਜਾਰੀ ਵੀਡੀਓ ਨਾਲ ਛੇੜ-ਛਾੜ ਕੀਤੀ ਗਈ, ਜਿਸ ਬਾਰੇ ਉਹ ਬਾਅਦ ਵਿਚ ਸਾਰੀ ਜਾਣਕਾਰੀ ਦੇਵੇਗੀ। ਉਸ ਖਿਲਾਫ ਦਰਜ ਪਹਿਲੇ ਮਾਮਲੇ ਦਾ ਪਤਾ ਵੀ ਬਾਅਦ ਵਿਚ ਹੀ ਲੱਗਾ ਸੀ।

ਉਸ ਨੇ ਦੱਸਿਆ ਕਿ ਉਹ ਆਪਣੀ ਮਾਂ ਨਾਲ ਬਚਪਨ ਤੋਂ ਹੀ ਸੰਘਰਸ਼ਾਂ ਦਾ ਹਿੱਸਾ ਬਣਦੀ ਆਈ ਹੈ ਤੇ ਹਾਸ਼ੀਆਗਤ ਲੋਕਾਂ ਦੀ ਹਾਲਤ ਉਸ ਨੇ ਮਹਿਸੂਸ ਕੀਤੀ ਹੈ। ਉਸ ਨੇ ਦੱਸਿਆ ਕਿ 14 ਦਿਨ ਬਾਅਦ ਉਸ ਦਾ ਮੈਡੀਕਲ ਹੋਇਆ ਪਰ ਉਦੋਂ ਤੱਕ ਤਸ਼ੱਦਦ ਕਾਰਨ ਲੱਗੀਆਂ ਕਈ ਸੱਟਾਂ ਠੀਕ ਹੋ ਚੁੱਕੀਆਂ ਸਨ। ਮੈਡੀਕਲ ਨਾ ਕਰਵਾਉਣ ਬਾਰੇ ਪੁਲਿਸ



ਦੀ ਥਿਊਰੀ ਨੂੰ ਉਸ ਨੇ ਗਲਤ ਕਰਾਰ ਦਿੱਤਾ। ਉਸ ਨੇ ਕਿਹਾ ਕਿ ਕੁੰਡਲੀ ਦੀ ਮਜ਼ਦੂਰ ਸੰਸਥਾ 3 ਸਾਲ ਪਹਿਲਾਂ ਬਣੀ ਸੀ ਤੇ ਉਹ ਕੁਝ ਮਹੀਨੇ ਪਹਿਲਾਂ ਹੀ ਉਸ ਨਾਲ ਜੁੜੀ ਸੀ। ਉਹ ਸਿੰਘੂ, ਗਾਜ਼ੀਪੁਰ ਤੇ ਹੋਰ ਹੱਦਾਂ 'ਤੇ ਵੀ ਕਿਸਾਨਾਂ ਦੇ ਹੱਕ 'ਚ ਆਵਾਜ਼ ਬੁਲੰਦ ਕਰੇਗੀ।


Low Interest Rates in History
No Cost Refinancing Available!



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173



LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the
UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com
Languages SPOKEN Punjabi | Hindi | Urdu | Spanish & English





"Serving All Your Real Estate Needs"
Columbus, Ohio is one of the fastest growing city in USA and With Best Schools.

Rajwinder Gill
(Your Real Estate Pro.)
MBA (Finance)
Red 1 Realty

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

# ਪੰਜ ਰਾਜਾਂ ਵਿਚ ਵਿਧਾਨ ਸਭਾ ਲਈ ਚੋਣਾਂ ਦਾ ਬਿਗਲ ਵੱਜਿਆ

**ਨਵੀਂ ਦਿੱਲੀ:** ਭਾਰਤੀ ਚੋਣ ਕਮਿਸ਼ਨ ਨੇ ਪੱਛਮੀ ਬੰਗਾਲ, ਅਸਾਮ, ਤਾਮਿਲ ਨਾਡੂ, ਕੇਰਲਾ ਅਤੇ ਪੁੱਡੂਚੇਰੀ ਲਈ ਚੋਣ ਪ੍ਰੋਗਰਾਮ ਐਲਾਨ ਦਿੱਤਾ ਹੈ। ਪੰਜ ਅਸੈਂਬਲੀਆਂ ਲਈ ਵੋਟਿੰਗ ਦਾ ਅਮਲ 27 ਮਾਰਚ ਤੋਂ ਸ਼ੁਰੂ ਹੋ ਕੇ 29 ਅਪਰੈਲ ਤੱਕ ਚੱਲੇਗਾ। ਚਾਰ ਰਾਜਾਂ ਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਵੋਟਾਂ ਦੀ ਗਿਣਤੀ 2 ਮਈ ਨੂੰ ਹੋਵੇਗੀ। ਪੱਛਮੀ ਬੰਗਾਲ 'ਚ ਚੋਣਾਂ ਅੱਠ ਪੜਾਵਾਂ 'ਚ ਹੋਣਗੀਆਂ ਜਦੋਂਕਿ ਅਸਾਮ 'ਚ ਤਿੰਨ ਅਤੇ ਤਾਮਿਲ ਨਾਡੂ, ਕੇਰਲਾ ਤੇ ਪੁੱਡੂਚੇਰੀ 'ਚ ਇਕੋ ਗੇੜ 'ਚ ਵੋਟਾਂ ਪੈਣਗੀਆਂ।



ਚੋਣ ਪ੍ਰੋਗਰਾਮ ਦੇ ਐਲਾਨ ਨਾਲ ਹੀ ਇਨ੍ਹਾਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਸ ਦੌਰਾਨ ਕੋਵਿਡ-19 ਮਹਾਮਾਰੀ ਦੇ ਮੱਦੇਨਜਰ ਚੋਣਾਂ ਲਈ ਕੁਝ ਵਿਸ਼ੇਸ਼ ਪ੍ਰਬੰਧ ਵੀ ਕੀਤੇ ਗਏ ਹਨ, ਜਿਸ ਤਹਿਤ ਚੋਣ ਅਮਲ 'ਚ ਸ਼ਾਮਲ ਸਾਰੇ ਅਧਿਕਾਰੀਆਂ ਲਈ ਟੀਕਾਕਰਨ ਲਾਜ਼ਮੀ ਹੋਵੇਗਾ। ਵੋਟਰਾਂ ਨੂੰ ਪੋਲਿੰਗ ਲਈ ਇਕ ਘੰਟੇ ਦਾ ਵਾਧੂ ਸਮਾਂ ਮਿਲੇਗਾ ਤੇ ਘਰ ਘਰ ਪ੍ਰਚਾਰ ਕਰਨ ਮੌਕੇ ਪੰਜ ਤੋਂ ਵੱਧ ਵਿਅਕਤੀ ਨਹੀਂ ਹੋਣਗੇ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਅਸਾਮ ਅਸੈਂਬਲੀ ਲਈ ਤਿੰਨ ਗੇੜਾਂ 'ਚ 27 ਮਾਰਚ, 1 ਅਪਰੈਲ ਤੇ 6 ਅਪਰੈਲ ਨੂੰ ਵੋਟਾਂ ਪੈਣਗੀਆਂ ਜਦੋਂਕਿ ਕੇਰਲਾ, ਤਾਮਿਲ ਨਾਡੂ ਤੇ ਪੁੱਡੂਚੇਰੀ 'ਚ 6 ਅਪਰੈਲ ਨੂੰ ਇਕੋ ਗੇੜ 'ਚ ਵੋਟਾਂ ਦਾ ਅਮਲ ਸਿਰੇ ਚੜ੍ਹੇਗਾ। ਸ੍ਰੀ ਅਰੋੜਾ ਨੇ ਕਿਹਾ ਕਿ ਪੱਛਮੀ ਬੰਗਾਲ ਅਸੈਂਬਲੀ ਲਈ ਵੋਟਾਂ ਦਾ ਅਮਲ ਅੱਠ ਗੇੜਾਂ ਵਿਚ ਸਿਰੇ ਚੜ੍ਹੇਗਾ। ਪਹਿਲੇ ਗੇੜ ਲਈ ਵੋਟਾਂ 27 ਮਾਰਚ ਨੂੰ ਪੈਣਗੀਆਂ। ਦੂਜੇ ਪੜਾਅ ਤਹਿਤ 30 ਹਲਕਿਆਂ ਲਈ 1 ਅਪਰੈਲ ਨੂੰ ਪੋਲਿੰਗ ਹੋਵੇਗੀ। 6 ਅਪਰੈਲ ਨੂੰ ਤੀਜੇ ਗੇੜ 'ਚ 31 ਸੀਟਾਂ, 10 ਅਪਰੈਲ ਨੂੰ ਚੌਥੇ ਗੇੜ 'ਚ 44 ਸੀਟਾਂ, 17 ਅਪਰੈਲ ਨੂੰ ਪੰਜਵੇਂ ਗੇੜ ਲਈ 45 ਸੀਟਾਂ, 22 ਅਪਰੈਲ ਨੂੰ ਛੇਵੇਂ ਗੇੜ 'ਚ 43, 26 ਅਪਰੈਲ ਨੂੰ ਸੱਤਵੇਂ ਗੇੜ ਲਈ 36 ਅਤੇ 29 ਅਪਰੈਲ ਨੂੰ ਆਖਰੀ ਤੇ ਅੱਠਵੇਂ ਗੇੜ ਲਈ 35 ਸੀਟਾਂ 'ਤੇ ਪੋਲਿੰਗ ਹੋਵੇਗੀ।

ਸ੍ਰੀ ਅਰੋੜਾ ਨੇ ਕਿਹਾ ਕਿ ਪਿਛਲੇ ਸਾਲ ਕੋਵਿਡ-19 ਮਹਾਮਾਰੀ ਦੌਰਾਨ ਬਿਹਾਰ ਅਸੈਂਬਲੀ ਚੋਣਾਂ ਕਰਵਾਉਣੀਆਂ ਕਿਸੇ ਚੁਣੌਤੀ ਤੋਂ ਘੱਟ ਨਹੀਂ ਸੀ। ਉਨ੍ਹਾਂ ਕਿਹਾ ਕਿ ਚਾਰ ਰਾਜਾਂ ਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ 824 ਅਸੈਂਬਲੀ ਸੀਟਾਂ ਲਈ 18.86 ਕਰੋੜ ਵੋਟਰ ਮਤਦਾਨ ਦੇ ਆਪਣੇ ਹੱਕ ਦਾ ਇਸਤੇਮਾਲ ਕਰਨਗੇ। ਉਨ੍ਹਾਂ ਕਿਹਾ ਕਿ ਇਸ ਪੂਰੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ 2.7 ਲੱਖ ਪੋਲਿੰਗ ਸਟੇਸ਼ਨ ਬਣਾਏ ਜਾਣਗੇ। ਕੋਵਿਡ-19 ਮਹਾਮਾਰੀ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਚੋਣ ਅਮਲ ਵਿਚ ਸ਼ਾਮਲ ਹੋਣ ਵਾਲੇ ਸਾਰੇ ਅਧਿਕਾਰੀਆਂ ਦਾ ਟੀਕਾਕਰਨ ਕੀਤਾ ਜਾਵੇਗਾ। ਕੋਵਿਡ-19 ਦੇ ਮੱਦੇਨਜਰ ਘਰ ਘਰ ਜਾ ਕੇ ਚੋਣ ਪ੍ਰਚਾਰ ਕਰਨ ਵੇਲੇ ਪੰਜ ਲੋਕਾਂ ਨੂੰ ਹੀ ਜਾਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸੁਰੱਖਿਆ ਦੇ ਲਿਹਾਜ਼ ਨਾਲ ਚਾਰੇ ਰਾਜਾਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ 'ਚ ਸੀ.ਆਰ.ਪੀ.ਐਫ. ਦੀ ਢੁਕਵੀਆਂ ਟੁਕੜੀਆਂ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ, 'ਚੋਣਾਂ ਦੌਰਾਨ ਕੇਂਦਰੀ ਹਥਿਆਰਬੰਦ ਨੀਮ ਫੌਜੀ ਬਲਾਂ ਦੀ ਤਾਇਨਾਤੀ ਕੀਤੀ ਜਾਵੇਗੀ। ਸਾਰੇ ਸੰਵੇਦਨਸ਼ੀਲ ਤੇ ਅਤਿ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ ਕਰਕੇ ਉਥੇ ਕੇਂਦਰੀ ਨੀਮ ਫੌਜੀ ਬਲ ਤਾਇਨਾਤ ਕੀਤੇ ਜਾਣਗੇ।' ਉਨ੍ਹਾਂ ਕਿਹਾ ਕਿ ਚੋਣ ਜਲਸਿਆਂ 'ਚ ਪੰਜ ਵਾਹਨ ਹੀ ਲਿਜਾਣ ਦੀ ਇਜਾਜ਼ਤ ਹੋਵੇਗੀ। ਪੰਜਾਂ ਅਸੈਂਬਲੀ ਹਲਕਿਆਂ 'ਚ ਉਮੀਦਵਾਰਾਂ ਲਈ ਆਨਲਾਈਨ ਨਾਮਜਦਗੀਆਂ ਭਰਨ ਦੇ ਪ੍ਰਬੰਧ ਕੀਤੇ ਜਾਣਗੇ। ਕੋਵਿਡ-19 ਸੁਰੱਖਿਆ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ 'ਚ ਰੱਖਦਿਆਂ ਵੋਟਿੰਗ ਲਈ ਇਕ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਸੰਵੇਦਨਸ਼ੀਲ ਤੇ ਨਾਜੁਕ ਖੇਤਰਾਂ ਵਿਚ ਪੈਂਦੇ ਪੋਲਿੰਗ ਸਟੇਸ਼ਨਾਂ ਵਿਚ ਵੈੱਬਕਾਸਟਿੰਗ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਜਾਣਗੇ। ਸ੍ਰੀ ਅਰੋੜਾ ਨੇ ਕਿਹਾ ਕਿ ਸਾਰੇ ਨਾਜੁਕ ਤੇ ਸੰਵੇਦਨਸ਼ੀਲ ਖੇਤਰਾਂ ਦੀ ਪਛਾਣ ਕਰ ਲਈ ਗਈ ਹੈ ਤੇ ਇਨ੍ਹਾਂ ਥਾਵਾਂ 'ਤੇ ਕੇਂਦਰੀ ਨੀਮ ਫੌਜੀ ਬਲਾਂ ਦੀ ਤਾਇਨਾਤੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਸੂਬਿਆਂ ਦੇ ਵੱਖੋ ਵੱਖਰੇ ਨਾਜੁਕ ਹਾਲਾਤ ਦੇ ਮੱਦੇਨਜਰ ਕਮਿਸ਼ਨ ਨੇ ਪੱਛਮੀ ਬੰਗਾਲ 'ਚ ਦੋ ਵਿਸ਼ੇਸ਼ ਪੁਲਿਸ ਨਿਗਰਾਨ ਅਤੇ ਤਾਮਿਲ ਨਾਡੂ 'ਚ ਚੋਣ ਖਰਚਿਆਂ 'ਤੇ ਬਾਜ ਅੱਖ ਰੱਖਣ ਲਈ ਦੋ ਨਿਗਰਾਨ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਚੋਣ ਪ੍ਰੋਗਰਾਮ ਦਾ ਐਲਾਨ ਹੁੰਦੇ ਹੀ ਇਨ੍ਹਾਂ ਚਾਰ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਚੋਣ ਜ਼ਾਬਤਾ ਫੌਰੀ ਲਾਗੂ ਹੋ ਗਿਆ ਹੈ। ਅਸਾਮ 'ਚ 126, ਤਾਮਿਲ ਨਾਡੂ 'ਚ 234, ਪੱਛਮੀ ਬੰਗਾਲ 294, ਕੇਰਲਾ 140 ਤੇ ਪੁੱਡੂਚੇਰੀ 'ਚ 30 ਅਸੈਂਬਲੀ ਸੀਟਾਂ ਹਨ। ਅਸਾਮ ਤੇ ਪੱਛਮੀ ਬੰਗਾਲ ਅਸੈਂਬਲੀਆਂ ਦੀ ਮੌਜੂਦਾ ਮਿਆਦ 31 ਮਈ ਨੂੰ ਜਦੋਂਕਿ ਤਾਮਿਲ ਨਾਡੂ ਦੀ 4 ਮਈ, ਕੇਰਲਾ ਦੀ ਪਹਿਲੀ ਜੂਨ ਤੇ ਪੁੱਡੂਚੇਰੀ ਦੀ 8 ਜੂਨ ਨੂੰ ਖਤਮ ਹੋਵੇਗੀ।

## ਪੁੱਡੂਚੇਰੀ ਵਿਚ ਰਾਸ਼ਟਰਪਤੀ ਰਾਜ

**ਨਵੀਂ ਦਿੱਲੀ:** ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਵੀ.ਨਰਾਇਣਸਾਮੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਘਟਗਿਣਤੀ 'ਚ ਰਹਿਣ ਮਗਰੋਂ ਕੇਂਦਰੀ ਕੈਬਨਿਟ ਨੇ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਦੀ ਸਿਫਾਰਸ਼ ਕੀਤੀ ਸੀ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਸਿਫਾਰਸ਼ 'ਤੇ ਸਹੀ ਪਾਉਣ ਮਗਰੋਂ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਅਮਲ ਵਿਚ ਆ ਗਿਆ ਹੈ।

## ਬੋਡੋਲੈਂਡ ਪੀਪਲਜ਼ ਫਰੰਟ ਨੇ ਭਾਜਪਾ ਨਾਲੋਂ ਨਾਤਾ ਤੋੜਿਆ

**ਗੁਹਾਟੀ:** ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦਾ ਹਿੱਸਾ ਰਹੀ ਬੋਡੋਲੈਂਡ ਪੀਪਲਜ਼ ਫਰੰਟ (ਬੀ.ਪੀ.ਐਫ.) ਨੇ ਕਿਹਾ ਕਿ ਉਹ ਕਾਂਗਰਸ ਦੀ ਅਗਵਾਈ ਵਾਲੇ 'ਮਹਾਗੱਠਜੋੜ' ਵਿਚ ਸ਼ਾਮਲ ਹੋ ਕੇ ਵਿਧਾਨ ਸਭਾ ਚੋਣਾਂ ਲੜੇਗੀ। ਕਾਂਗਰਸ ਨੇ ਬੀ.ਪੀ.ਐਫ. ਦੇ ਫੈਸਲੇ ਦਾ ਸਵਾਗਤ ਕਰਦਿਆਂ ਪਾਰਟੀ ਦੇ ਮੁੜ ਸੱਤਾ ਵਿੱਚ ਆਉਣ ਦਾ ਭਰੋਸਾ ਪ੍ਰਗਟਾਇਆ। ਕਾਂਗਰਸ ਅਸਾਮ ਵਿਚ 2001 ਤੋਂ 15 ਸਾਲ ਸੱਤਾ ਵਿਚ ਰਹੀ ਹੈ। ਹੁਣ ਉਹ ਖੱਬੀਆਂ ਧਿਰਾਂ ਅਤੇ ਆਂਚਲਿਕ ਗਨਾ ਮੋਰਚਾ (ਏ.ਜੀ.ਐਮ.) ਨਾਲ 'ਮਹਾਗੱਠਜੋੜ' ਬਣਾ ਕੇ ਚੋਣਾਂ ਲੜ ਰਹੀ ਹੈ। ਉਤਰ-ਪੂਰਬੀ ਸੂਬੇ ਆਸਾਮ ਵਿਚ ਵਿਧਾਨ ਸਭਾ ਚੋਣਾਂ 27 ਮਾਰਚ ਤੋਂ ਤਿੰਨ ਗੇੜਾਂ ਵਿੱਚ ਹੋਣਗੀਆਂ।

## ਮਮਤਾ ਨੇ 8 ਗੇੜਾਂ ਦੀ ਚੋਣ ਪ੍ਰਕਿਰਿਆ ਉਤੇ ਚੁੱਕੇ ਸਵਾਲ

**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਦੀ ਮੁਖੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਸੂਬੇ 'ਚ ਅੱਠ ਪੜਾਵੀ ਚੋਣ ਪ੍ਰੋਗਰਾਮ ਐਲਾਨ ਕੇ ਵਿਖਾਈ 'ਚੁਸਤ ਚਲਾਕੀ' ਦੇ ਬਾਵਜੂਦ ਚੋਣਾਂ ਜਿੱਤੇਗੀ। ਮਮਤਾ ਨੇ ਕਿਹਾ ਕਿ ਉਹ ਚੋਣ ਕਮਿਸ਼ਨ ਦਾ ਪੂਰਾ ਸਤਿਕਾਰ ਕਰਦੀ ਹੈ, ਪਰ ਪੱਛਮੀ ਬੰਗਾਲ 'ਚ ਇੰਨੇ ਗੇੜਾਂ ਵਿਚ ਚੋਣਾਂ ਕਰਵਾਉਣ ਨੂੰ ਲੈ ਕੇ ਸਵਾਲ ਉੱਠ ਰਹੇ ਹਨ, ਜਦੋਂ ਕਿ ਹੋਰਨਾਂ ਰਾਜਾਂ 'ਚ ਇਕ ਗੇੜ 'ਚ ਵੋਟਾਂ ਪੈਣਗੀਆਂ। ਟੀ.ਐਮ.ਸੀ. ਸੁਪਰੀਮੋ ਨੇ ਕਿਹਾ ਕਿ ਜੇ ਚੋਣ ਕਮਿਸ਼ਨ ਹੀ ਨਿਆਂ ਨਹੀਂ ਦੇਵੇਗਾ ਤਾਂ ਲੋਕ ਕਿੱਥੇ ਜਾਣਗੇ। ਉਧਰ ਕੁਝ ਹੋਰਨਾਂ ਵਿਰੋਧੀ ਪਾਰਟੀਆਂ ਨੇ ਵੀ ਪੱਛਮੀ ਬੰਗਾਲ 'ਚ ਅੱਠ ਗੇੜਾਂ ਵਿਚ ਚੋਣਾਂ ਕਰਵਾਉਣ ਦੀ ਲੋੜ 'ਤੇ ਉਜ਼ਰ ਜਤਾਇਆ ਹੈ।

## ਦੀਪ ਸਿੱਧੂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰੇਗੀ ਦਿੱਲੀ ਕਮੇਟੀ: ਸਿਰਸਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਕਮੇਟੀ ਗਣਤੰਤਰ ਦਿਵਸ ਵਾਲੇ ਦਿਨ ਲਾਲ ਕਿਲ੍ਹੇ 'ਤੇ ਵਾਪਰੀ ਘਟਨਾ ਦੇ ਮਾਮਲੇ 'ਚ ਜੇਲ੍ਹ ਵਿਚ ਬੰਦ ਦੀਪ ਸਿੱਧੂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੇ ਦੀਪ ਸਿੱਧੂ ਬਾਰੇ ਜਾਣਕਾਰੀ ਲੈਣ ਲਈ ਫੋਨ ਕੀਤਾ। ਉਨ੍ਹਾਂ ਕਿਹਾ ਕਿ ਜਿਸ ਦਿਨ ਦੀਪ ਸਿੱਧੂ ਦਾ ਰਿਮਾਂਡ ਦਿੱਤਾ ਗਿਆ ਸੀ, ਉਸ ਦਿਨ ਉਨ੍ਹਾਂ ਦੀ ਦੀਪ ਸਿੱਧੂ ਨਾਲ ਫੋਨ ਉਤੇ ਗੱਲਬਾਤ ਹੋਈ ਸੀ ਅਤੇ ਉਹ ਸਿਹਤ ਪੱਖੋਂ ਤੰਦਰੁਸਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਸ ਨੂੰ ਭਰੋਸਾ ਦਿੱਤਾ ਹੈ ਕਿ ਦਿੱਲੀ ਕਮੇਟੀ ਉਸ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਏਗੀ ਅਤੇ ਉਸ ਨੂੰ ਛੇਤੀ ਜੇਲ੍ਹ ਤੋਂ ਬਾਹਰ ਲਿਆਉਣ ਨੂੰ ਯਕੀਨੀ ਬਣਾਏਗੀ।

## ਭਾਰਤ ਦੇ ਕਰਜ਼ ਹੇਠ ਦੱਬਿਆ ਹੋਇਆ ਹੈ ਅਮਰੀਕਾ

**ਵਾਸ਼ਿੰਗਟਨ:** ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਅਮਰੀਕਾ ਨੇ ਦੋ ਦਹਾਕਿਆਂ ਵਿਚ ਆਪਣੇ ਕਰਜ਼ੇ ਦੇ ਬੋਝ ਵਿਚ ਤੇਜੀ ਨਾਲ ਵਾਧਾ ਕੀਤਾ ਹੈ ਅਤੇ ਭਾਰਤ ਦਾ ਵੀ ਇਸ 'ਤੇ 216 ਅਰਬ ਡਾਲਰ ਦਾ ਕਰਜ਼ਾ ਹੈ। ਅਮਰੀਕਾ ਉਤੇ ਕੁਲ 29 ਹਜ਼ਾਰ ਅਰਬ ਡਾਲਰ ਦਾ ਕਰਜ਼ਾ ਹੈ। ਇਕ ਅਮਰੀਕੀ ਸੰਸਦ ਮੈਂਬਰ ਨੇ ਸਰਕਾਰ ਨੂੰ ਦੇਸ 'ਤੇ ਵਧ ਰਹੇ ਕਰਜ਼ੇ ਦੇ ਬੋਝ ਬਾਰੇ ਚਿਤਾਵਨੀ ਦਿੱਤੀ ਹੈ। ਚੀਨ ਅਤੇ ਜਾਪਾਨ ਦਾ ਅਮਰੀਕਾ ਉਤੇ ਸਭ ਤੋਂ ਵੱਧ ਕਰਜ਼ਾ ਹੈ। ਸਾਲ 2020 ਵਿਚ ਅਮਰੀਕਾ ਦਾ ਕੁੱਲ ਰਾਸ਼ਟਰੀ ਕਰਜ਼ੇ ਦਾ ਬੋਝ 23400 ਅਰਬ ਡਾਲਰ ਸੀ। ਇਸ ਦਾ ਅਰਥ ਹੈ ਹਰ ਅਮਰੀਕੀ ਉਪਰ ਔਸਤਨ 72309 ਡਾਲਰ ਦਾ ਕਰਜ਼ਾ ਹੈ।

## ਖੇਤੀ ਕਾਨੂੰਨਾਂ ਦੇ ਹਮਾਇਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ

**ਨਵੀਂ ਦਿੱਲੀ:** ਕੈਨੇਡਾ 'ਚ ਭਾਰਤੀ ਭਾਈਚਾਰੇ ਦੇ ਕੁਝ ਮੈਂਬਰਾਂ ਨੂੰ ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨ ਦੇ ਸਮਰਥਨ ਕਾਰਨ ਮਿਲ ਰਹੀਆਂ ਧਮਕੀਆਂ ਦੀਆਂ ਖਬਰਾਂ ਦਰਮਿਆਨ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਨੇ ਓਟਾਵਾ ਤੇ ਦਿੱਲੀ ਦੋਵਾਂ 'ਚ ਕੈਨੇਡੀਅਨ ਅਧਿਕਾਰੀਆਂ ਨਾਲ ਮਾਮਲਾ ਉਠਾਇਆ ਹੈ ਤੇ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਉਠਾਉਣ ਲਈ ਬੇਨਤੀ ਕੀਤੀ ਹੈ।


ਕੈਨੇਡਾ 'ਚ ਪਰਵਾਸੀ ਭਾਰਤੀ ਭਾਈਚਾਰੇ ਨੂੰ ਖੇਤੀ ਕਾਨੂੰਨਾਂ ਦੇ ਹੱਕ 'ਚ ਤਿਰੰਗਾ ਰੈਲੀ ਕੱਢਣ ਉਤੇ ਧਮਕੀਆਂ ਦਿੱਤੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਕਿ ਸਾਨੂੰ ਕੈਨੇਡਾ 'ਚ ਭਾਰਤੀ ਭਾਈਚਾਰੇ ਦੇ ਕੁਝ ਮੈਂਬਰਾਂ ਨੂੰ ਖੇਤੀ ਕਾਨੂੰਨਾਂ ਦਾ ਸਮਰਥਨ ਕਰਨ ਉਤੇ ਧਮਕੀਆਂ ਦੇਣ ਦੀਆਂ ਰਿਪੋਰਟਾਂ ਮਿਲੀਆਂ ਹਨ।

## ਮਨਪ੍ਰੀਤ ਵੋਹਰਾ ਆਸਟਰੇਲੀਆ 'ਚ ਭਾਰਤੀ ਹਾਈ ਕਮਿਸ਼ਨਰ ਨਿਯੁਕਤ

**ਨਵੀਂ ਦਿੱਲੀ:** ਸੀਨੀਅਰ ਡਿਪਲੋਮੈਟ ਮਨਪ੍ਰੀਤ ਵੋਹਰਾ ਨੂੰ ਆਸਟਰੇਲੀਆ ਵਿਚ ਭਾਰਤ ਦਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। ਵੋਹਰਾ 1988 ਬੈਚ ਦੇ ਭਾਰਤੀ ਵਿਦੇਸ਼ ਸੇਵਾ (ਆਈ.ਐਫ.ਐਸ.) ਦੇ ਅਧਿਕਾਰੀ ਹਨ ਜੋ ਹਾਲ ਦੀ ਘੜੀ ਮੈਕਸਿਕੋ ਵਿਚ ਭਾਰਤ ਦੇ ਰਾਜਦੂਤ ਹਨ। ਉਨ੍ਹਾਂ ਦੇ ਛੇਤੀ ਕੰਮ ਕਾਜ ਸੰਭਾਲਣ ਦੀ ਉਮੀਦ ਹੈ।

## ਸਰਦਾਰ ਭਾਨ ਸਿੰਘ ਭੱਠਲ ਦਾ ਦੇਹਾਂਤ

**ਸ਼ਿਕਾਗੋ (ਬਿਊਰੋ):** ਸਰਦਾਰ ਭਾਨ ਸਿੰਘ ਭੱਠਲ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 91 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਪਤਨੀ ਸ਼ਮਸ਼ੇਰ ਕੌਰ, ਦੋ ਪੁੱਤਰ-ਜਗਵਿੰਦਰ ਸਿੰਘ ਭੱਠਲ ਤੇ ਸ਼ਰਨਜੀਤ ਸਿੰਘ ਭੱਠਲ, ਨੂੰਹਾਂ-ਦਵਿੰਦਰ ਕੌਰ ਭੱਠਲ ਤੇ ਸ਼ਬਰੂਪ ਕੌਰ ਭੱਠਲ ਅਤੇ ਧੀ ਹਰਜਿੰਦਰ ਕੌਰ ਦਿਓਲ, ਜਵਾਈ ਕੁਲਵੰਤ ਸਿੰਘ ਦਿਓਲ (ਨਿਊ ਯਾਰਕ) ਅਤੇ ਸੱਤ ਪੋਤੇ-ਪੋਤੀਆਂ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਉਹ ਪਿਛੋਂ ਪੰਜਾਬ ਦੇ ਪਿੰਡ ਹਸਨਪੁਰ ਦੇ ਸਨ।



ਪਰਿਵਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ 7 ਮਾਰਚ, ਦਿਨ ਐਤਵਾਰ ਨੂੰ ਦੁਪਹਿਰੇ 12 ਤੋਂ 2 ਵਜੇ ਦੇ ਵਿਚਕਾਰ ਡੈਵਨਪੋਰਟ ਫਿਊਨਰਲ ਹੋਮ ਵਿਖੇ ਹੋਵੇਗਾ ਜੋ 941 ਐਸ. ਓਲਡ ਰੈਂਡ ਰੋਡ, ਲੇਕ ਜ਼ਿਊਰਿਕ ਵਿਖੇ ਹੈ। ਇਸ ਸਬੰਧੀ ਜਾਣਕਾਰੀ ਲੈਣ ਲਈ ਸ.ਹਰਜਿੰਦਰ ਸਿੰਘ ਦਿਓਲ (ਫੋਨ 516-725-1692) ਅਤੇ ਸ. ਜਗਵਿੰਦਰ ਭੱਠਲ (ਫੋਨ 847-845-6195) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਲੀਨਾਏ ਵਿਚ ਕੋਵਿਡ-19 ਆਰਡੀਨੈਂਸ ਕਾਰਨ ਅੰਤਿਮ ਸੰਸਕਾਰ ਮੌਕੇ 100 ਤੋਂ ਵੱਧ ਜਣਿਆਂ ਨੂੰ ਉਥੇ ਜਾਣ ਦੀ ਆਗਿਆ ਨਹੀਂ ਹੋਵੇਗੀ। ਅੰਤਿਮ ਸੰਸਕਾਰ ਨੂੰ ਆਨਲਾਈਨ ਜ਼ੂਮ ਮੀਟਿੰਗ ਰਾਹੀਂ ਦੇਖਿਆ ਜਾ ਸਕੇਗਾ: https://zoom.us/j/97271862575?pwd=bmNxRFg2ZE9mSUcraHRsRXNSWDRadz09 ਇਸ ਦੇ ਲਈ ਮੀਟਿੰਗ ਆਈ.ਡੀ. 972-7186-2575 ਅਤੇ ਪਾਸਵਰਡ 4318 ਹੈ।

ਸਰਦਾਰ ਭਾਨ ਸਿੰਘ ਭੱਠਲ ਨਮਿਤ ਸਹਿਜ ਪਾਠ ਦਾ ਭੋਗ, ਅੰਤਿਮ ਅਰਦਾਸ ਅਤੇ ਗੁਰੂ ਕਾ ਲੰਗਰ 7 ਮਾਰਚ ਨੂੰ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਸਿੱਖ ਰਿਲੀਜੀਅਸ ਸੁਸਾਇਟੀ, 1280, ਵਿਨੈਟਿਕਾ ਸਟ੍ਰੀਟ, ਪੈਲਾਟਾਈਨ ਵਿਖੇ ਹੋਵੇਗਾ।

## ਪ੍ਰੋ. ਨਿਰੰਜਨ ਸਿੰਘ ਢੇਸੀ ਦਾ ਦੇਹਾਂਤ

**ਇੰਡੀਆਨਾ (ਰਵਿੰਦਰ ਸਹਿਰਾਅ, ਪੈਨਸਿਲਵੇਨੀਆ):** ਪਹਿਲੀ ਅਪਰੈਲ ਉੱਨੀ ਸੌ ਚੁਤਾਲੀ (1 ਅਪਰੈਲ, 1944) ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮੇਦਾ (ਨੇੜੇ ਸ਼ਾਹਕੋਟ) ਪੈਦਾ ਹੋਏ ਪ੍ਰੋ. ਨਿਰੰਜਨ ਸਿੰਘ ਢੇਸੀ 86 ਸਾਲ ਦੀ ਉਮਰ ਭੋਗ ਕੇ ਪਹਿਲੀ ਮਾਰਚ 2021 ਨੂੰ ਇੰਡੀਆਨਾ (ਅਮਰੀਕਾ) ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਵਿਊਇੰਗ 6 ਮਾਰਚ 2021 (ਸਨਿਚਰਵਾਰ) ਨੂੰ 11 ਵਜੇ ਤੋਂ ਇਕ ਵਜੇ ਤੱਕ ਹੋਵੇਗੀ। ਅੰਤਿਮ ਸੰਸਕਾਰ ਲਈ ਫਿਊਨਰਲ ਹੋਮ ਦਾ ਪਤਾ ਹੈ: 2950 ਐਨ. ਹਾਈ ਸਕੂਲ ਰੋਡ, ਇੰਡੀਅਨਐਪੋਲਿਸ। ਉਸ ਉਪਰੰਤ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਦੀ ਅੰਤਿਮ ਅਰਦਾਸ ਕੀਤੀ ਜਾਵੇਗੀ। ਗੁਰੂਘਰ (ਗੁਰੂ ਨਾਨਕ ਸਿੱਖ ਸੁਸਾਇਟੀ) ਦਾ ਪਤਾ ਹੈ: 1911 ਹੌਬਰਟ ਰੋਡ, ਇੰਡੀਅਨਐਪੋਲਿਸ।



ਪ੍ਰੋ. ਨਿਰੰਜਨ ਸਿੰਘ ਢੇਸੀ ਬੜੀ ਸੁਲਝੀ ਹੋਈ ਸ਼ਖਸੀਅਤ ਸਨ। ਵਿਦਿਆਰਥੀ ਜੀਵਨ ਵਿਚ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਹੇ। 1971-72 ਵਿਚ ਖਾਲਸਾ ਕਾਲਜ ਜਲੰਧਰ ਤੋਂ ਐਮ. ਏ. ਪੰਜਾਬੀ ਕਰਨ ਪਿੱਛੋਂ ਉਹ 1973 ਵਿਚ ਬੇਰਿੰਗ ਕਾਲਜ, ਬਟਾਲਾ ਵਿਚ ਪੜ੍ਹਾਉਣ ਲੱਗ ਪਏ। ਇਕ ਸਾਲ ਤੋਂ ਬਾਅਦ ਉਹ ਖਾਲਸਾ ਕਾਲਜ ਜਲੰਧਰ ਵਿਚ ਆ ਗਏ।

1979 ਵਿਚ ਉਹ ਉਥੇ ਪੰਜਾਬੀ ਵਿਭਾਗ (ਪੋਸਟ ਗਰੈਜੂਏਟ) ਦੇ ਮੁਖੀ ਬਣੇ ਅਤੇ ਫਿਰ 25 ਸਾਲ ਬਾਅਦ ਉਥੋਂ ਹੀ ਰਿਟਾਇਰ ਹੋਏ। ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ 'ਗੁਰੂ ਗ੍ਰੰਥ ਸਾਹਿਬ ਰਿਸਰਚ ਸੈਂਟਰ' ਦਾ ਡਾਇਰੈਕਟਰ ਬਣਾਇਆ ਗਿਆ। ਤਿੰਨ ਸਾਲ ਇਹ ਸੇਵਾ ਨਿਭਾਉਣ ਪਿੱਛੋਂ ਉਨ੍ਹਾਂ ਨੂੰ 'ਸਾਈ ਟੈਕਨੀਕਲ ਗਰੁੱਪ ਆਫ ਕਾਲਿਜਜ' ਵਿਚ ਡੀਨ ਨਿਯੁਕਤ ਕੀਤਾ ਗਿਆ, ਜਿਥੇ ਉਹ 2009 ਤਕ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਦੋਂ ਹਰਿਮੰਦਰ ਸਾਹਿਬ ਨੂੰ ਯੂਨੈਸਕੋ ਨੂੰ ਦੇਣ ਬਾਰੇ ਡੋਜ਼ੀਅਰ ਤਿਆਰ ਕੀਤਾ ਤਾਂ ਪ੍ਰੋ. ਢੇਸੀ ਨੇ ਇਸ ਦਾ ਸਖਤ ਵਿਰੋਧ ਕੀਤਾ। 2010 ਵਿਚ ਉਨ੍ਹਾਂ ਦੇ ਜਵਾਈ ਦੀ ਮੌਤ ਹੋਈ ਤਾਂ ਉਹ ਆਪਣੀ ਧੀ ਕੋਲ ਇੰਡੀਆਨਾ ਆ ਗਏ। ਉਨ੍ਹਾਂ ਦੀ ਧੀ ਪਰਮਜੋਤ ਕੌਰ ਹੁੰਦਲ ਅਤੇ ਪੁੱਤਰ ਜਗਰੂਪ ਸਿੰਘ ਢੇਸੀ ਹਨ। ਜਗਰੂਪ ਸਿੰਘ (ਰੂਪੀ) ਵੀ ਉਨ੍ਹਾਂ ਦੀ ਮੌਤ ਤੋਂ ਦਸ ਕੁ ਦਿਨ ਪਹਿਲਾਂ ਉਨ੍ਹਾਂ ਨੂੰ ਮਿਲਣ ਲਈ ਇੰਡੀਆ ਤੋਂ ਆ ਗਿਆ ਸੀ। ਉਨ੍ਹਾਂ ਦੀ ਸ਼ਖਸੀਅਤ ਨੂੰ ਯਾਦ ਕਰਦਿਆਂ ਸੰਤ ਰਾਮ ਉਦਾਸੀ ਦੀਆਂ ਇਹ ਸਤਰਾਂ ਯਾਦ ਆ ਰਹੀਆਂ ਹਨ:

ਮੇਰੀ ਮੌਤ 'ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ,
ਰੇਤੇ 'ਚ ਨਾ ਮਿਲਾਇਓ।

# ਸੰਯੁਕਤ ਰਾਸ਼ਟਰ ਵੱਲੋਂ ਸਰਕਾਰ ਦੇ ਅੰਦੋਲਨ ਬਾਰੇ ਰਵੱਈਏ ਦੀ ਆਲੋਚਨਾ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਸੰਗਠਨ ਦੀ ਮੁਖੀ ਮਿਸ਼ੈਲ ਬਸ਼ਲੇ ਨੇ ਭਾਰਤ ਸਰਕਾਰ ਦੇ ਕਿਸਾਨ ਅੰਦੋਲਨ ਬਾਰੇ ਰਵੱਈਏ ਅਤੇ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਦੀ ਆਲੋਚਨਾ ਕੀਤੀ। ਬਸ਼ਲੇ ਨੇ ਕਈ ਹੋਰ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵੀ ਉਠਾਏ। ਉਸ ਨੇ ਭਾਰਤ ਵਿਚ ਪੱਤਰਕਾਰਾਂ ਅਤੇ ਵੱਖ-ਵੱਖ ਖੇਤਰਾਂ ਵਿਚ ਕੰਮ ਕਰਨ ਵਾਲੇ ਕਾਰਕੁਨਾਂ ਵਿਰੁੱਧ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਕਰਨ ਦਾ ਵਿਰੋਧ ਕੀਤਾ ਹੈ। ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹਮਾਇਤ ਮਿਲੀ ਹੈ। ਕਿਸਾਨ ਅੰਦੋਲਨ ਦੇ ਮਸਲੇ ਖੇਤੀ ਕਾਨੂੰਨਾਂ ਨਾਲ ਸਬੰਧਤ ਹੋਣ ਦੇ ਨਾਲ ਨਾਲ ਮਨੁੱਖੀ ਅਧਿਕਾਰਾਂ ਦੇ ਮਸਲੇ ਵੀ ਹਨ। ਇਨ੍ਹਾਂ ਖੇਤੀ ਕਾਨੂੰਨਾਂ ਕਾਰਨ ਕਰੋੜਾਂ ਦਿਹਾਤੀ ਪਰਿਵਾਰਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪੈਣਾ ਹੈ। ਖੇਤੀ ਖੇਤਰ ਦੇ ਮਾਹਿਰਾਂ ਨਾਲ ਛੋਟੇ ਤੇ ਸੀਮਾਂਤ ਕਿਸਾਨ ਸਭ ਤੋਂ ਜਿਆਦਾ ਪ੍ਰਭਾਵਿਤ ਹੋਣਗੇ। ਜਿਨ੍ਹਾਂ ਦੇਸ਼ਾਂ ਵਿਚ ਅਜਿਹੇ ਖੇਤੀ ਕਾਨੂੰਨ ਲਾਗੂ ਕੀਤੇ ਗਏ ਹਨ, ਉਥੇ ਖੇਤੀ ਦਾ ਉਜਾੜਾ ਹੋਇਆ ਹੈ।

ਅਮੀਰ ਦੇਸ਼ਾਂ ਵਿਚ ਵਾਤਾਵਰਨ ਅਤੇ ਜਮੀਨ ਨੂੰ ਬਚਾਉਣ ਲਈ ਕਿਸਾਨਾਂ ਨੂੰ ਅਰਬਾਂ ਡਾਲਰ ਰਾਹਤ (ਸਬਸਿਡੀ) ਵਜੋਂ ਦਿੱਤੇ ਜਾਂਦੇ ਹਨ ਜੋ ਭਾਰਤ ਵਰਗੇ ਦੇਸ਼ ਵਿਚ ਸੰਭਵ ਨਹੀਂ। 22 ਜਨਵਰੀ ਤੋਂ ਬਾਅਦ ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਕਾਰ ਗੱਲਬਾਤ ਵਿਚ ਖੜੋਤ ਆ ਗਈ ਹੈ। ਆਪਣੀਆਂ ਮੰਗਾਂ ਲਈ ਅੰਦੋਲਨ ਕਰ ਰਹੀਆਂ ਧਿਰਾਂ ਨਾਲ ਗੱਲਬਾਤ ਜਾਰੀ ਰੱਖਣਾ ਸਰਕਾਰ ਦੀ ਨੈਤਿਕ ਅਤੇ ਸਿਆਸੀ ਜ਼ਿੰਮੇਵਾਰੀ ਹੈ। ਕੇਂਦਰੀ ਖੇਤੀ ਮੰਤਰੀ ਦਾ ਇਹ ਕਹਿਣਾ ਕਿ ਪਹਿਲਾਂ ਕਿਸਾਨ ਜਥੇਬੰਦੀਆਂ ਸਰਕਾਰ ਦੀ 22 ਜਨਵਰੀ ਵਾਲੀ ਤਜਵੀਜ਼ ਦਾ ਜਵਾਬ ਦੇਣ ਤਾਂ ਹੀ ਗੱਲਬਾਤ ਅੱਗੇ ਚਲਾਈ ਜਾਵੇਗੀ, ਇਕ ਤਰ੍ਹਾਂ ਦੀ ਜ਼ਿੱਦ ਹੈ।

ਅੰਦੋਲਨ 'ਚ 200 ਤੋਂ ਜਿਆਦਾ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਲੱਖਾਂ ਕਿਸਾਨਾਂ, ਉਨ੍ਹਾਂ ਦੇ ਪਰਿਵਾਰਾਂ ਤੇ ਉਨ੍ਹਾਂ ਦੀ ਹਮਾਇਤ ਕਰ ਰਹੇ ਹੋਰ ਵਰਗਾਂ ਦੇ ਲੋਕਾਂ ਨੇ ਪੋਹ ਮਾਘ ਦੀਆਂ ਹੱਡ ਚੀਰਵੀਆਂ ਠੰਢੀਆਂ ਰਾਤਾਂ ਖੁੱਲ੍ਹੇ ਅਸਮਾਨ ਹੇਠ ਬਿਤਾਈਆਂ ਹਨ। ਸਰਕਾਰਾਂ ਨੇ ਇਨ੍ਹਾਂ ਥਾਵਾਂ 'ਤੇ ਕੋਈ ਇੰਤਜ਼ਾਮ ਨਹੀਂ ਕੀਤੇ। ਦਿੱਲੀ ਸਰਕਾਰ ਨੇ ਕੁਝ ਯਤਨ ਕੀਤੇ ਸਨ ਪਰ ਲੋਕਾਂ ਦੀ ਤਦਾਦ ਬਹੁਤ ਜ਼ਿਆਦਾ ਹੈ ਅਤੇ ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ।

# ਕੇਜਰੀਵਾਲ ਨੇ ਲਾਲ ਕਿਲ੍ਹਾ ਹਿੰਸਾ ਦਾ ਦੋਸ਼ ਮੋਦੀ ਸਰਕਾਰ ਸਿਰ ਮੜ੍ਹਿਆ

**ਮੇਰਠ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਕੇਂਦਰ ਵੱਲੋਂ ਪਾਸ ਤਿੰਨੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਮੌਤ ਦੇ ਵਾਰੰਟ ਕਰਾਰ ਦਿੱਤਾ ਅਤੇ ਨਾਲ ਹੀ 26 ਜਨਵਰੀ ਨੂੰ ਗਣਤੰਤਰ ਮੌਕੇ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਦਿੱਲੀ 'ਚ ਲਾਲ ਕਿਲ੍ਹੇ 'ਤੇ ਹਿੰਸਕ ਘਟਨਾ ਵਾਪਰਨ ਦਾ ਦੋਸ਼ ਕੇਂਦਰ ਸਰਕਾਰ 'ਤੇ ਮੜ੍ਹਿਆ ਹੈ।

ਮੇਰਠ ਵਿਚ 'ਕਿਸਾਨ ਮਹਾਪੰਚਾਇਤ' ਨੂੰ ਸੰਬੋਧਨ ਮੌਕੇ ਕਿਸਾਨਾਂ ਦੀ ਹਮਾਇਤ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ, 'ਕੇਂਦਰ ਵੱਲੋਂ ਪਾਸ ਤਿੰਨੋਂ ਖੇਤੀ ਕਾਨੂੰਨ ਕਿਸਾਨਾਂ ਲਈ ਮੌਤ ਦੇ ਵਾਰੰਟ ਹਨ ਅਤੇ ਸਰਕਾਰ ਵੱਲੋਂ ਇਹ ਕਾਨੂੰਨ ਸਿਰਫ ਆਪਣੇ ਪੂੰਜੀਪਤੀ ਮਿੱਤਰਾਂ ਨੂੰ ਲਾਭ ਪਹੁੰਚਾਉਣ ਲਈ ਪਾਸ ਕੀਤੇ ਗਏ ਹਨ।' ਉਨ੍ਹਾਂ ਕਿਹਾ, 'ਲਾਲ ਕਿਲ੍ਹਾ ਹਿੰਸਾ ਪਿੱਛੇ ਕੇਂਦਰ ਦਾ ਹੱਥ ਹੈ, ਕਿਸਾਨਾਂ ਦਾ ਨਹੀਂ। ਕਿਸਾਨਾਂ ਨੂੰ ਗੁਮਰਾਹ ਕੀਤਾ ਗਿਆ, ਜੋ ਕਿ ਦਿੱਲੀ ਦੀਆਂ ਸੜਕਾਂ ਤੋਂ ਵਾਕਫ ਨਹੀਂ ਸਨ।' ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਉਹ ਇਸ ਗੱਲ ਤੋਂ ਜਾਣੂ ਹਨ ਕਿ ਕਿਸਾਨਾਂ ਵੱਲੋਂ ਟਰੈਕਟਰ ਪਰੇਡ ਕੱਢਣ ਵਾਲੇ ਦਿਨ ਕੀ ਵਾਪਰਿਆ ਸੀ। ਉਨ੍ਹਾਂ ਕਿਹਾ, 'ਸਾਡੇ ਦੇਸ਼ ਦੇ ਕਿਸਾਨ ਖੁਸ਼ ਨਹੀਂ ਹਨ। ਉਨ੍ਹਾਂ ਨੂੰ ਆਪਣੇ ਪਰਿਵਾਰਾਂ ਤੇ ਬੱਚਿਆਂ ਸਣੇ ਦਿੱਲੀ ਦੀਆਂ ਹੱਦਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਮੁਜ਼ਾਹਰੇ ਕਰਦਿਆਂ 90 ਤੋਂ ਵੱਧ ਦਿਨ ਹੋ ਚੁੱਕੇ ਹਨ। ਇਨ੍ਹਾਂ ਤਿੰਨ ਮਹੀਨਿਆਂ ਦੌਰਾਨ 250 ਤੋਂ ਵੱਧ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ ਪਰ ਕੇਂਦਰ ਸਰਕਾਰ ਨੇ ਇਸ ਸਬੰਧ 'ਚ ਕੁਝ ਵੀ ਨਹੀਂ ਕੀਤਾ।' ਕੇਜਰੀਵਾਲ ਨੇ ਕਿਹਾ ਕਿ ਮੁਜਾਹਰਾਕਾਰੀ ਕਿਸਾਨਾਂ ਨੂੰ ਅਜਿਹੇ 'ਦਮਨ' ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਦੇ ਬਰਤਾਨਵੀ ਹਕੂਮਤ ਦੌਰਾਨ ਵੀ ਨਹੀਂ ਹੋਇਆ।

# ਗਰਮੀ ਤੋਂ ਬਚਾਅ ਲਈ ਪੁਖਤਾ ਪ੍ਰਬੰਧਾਂ ਲਈ ਜੁਟੇ ਕਿਸਾਨ

**ਨਵੀਂ ਦਿੱਲੀ:** ਸਿੰਘੂ ਬਾਰਡਰ ਵਾਂਗ ਹੀ ਗਾਜ਼ੀਪੁਰ ਦੇ ਧਰਨੇ ਦੀ ਮੁੱਖ ਸਟੇਜ ਦੇ ਸਾਹਮਣੇ ਕਿਸਾਨਾਂ ਨੇ ਵੱਡ ਅਕਾਰੀ ਟੈਂਟ ਗੱਡ ਦਿੱਤਾ ਹੈ। ਇਸ ਟੈਂਟ ਨਾਲ ਗਰਮੀ ਤੇ ਮੀਂਹ-ਕਣੀ ਤੋਂ ਬਚਾਅ ਹੋ ਜਾਵੇਗਾ। ਅਗਲੇ ਦਿਨਾਂ ਦੌਰਾਨ ਦਿੱਲੀ ਤੇ ਆਸ-ਪਾਸ ਦੇ ਇਲਾਕਿਆਂ ਵਿਚ ਗਰਮੀ ਵਧੇਗੀ, ਜਿਸ ਕਰਕੇ ਕਿਸਾਨਾਂ ਨੇ ਅਗਾਊਂ ਪ੍ਰਬੰਧ ਕੀਤੇ ਹਨ।

ਕਿਸਾਨ ਆਗੂ ਜਗਤਾਰ ਸਿੰਘ ਬਾਜਵਾ ਨੇ ਦੱਸਿਆ ਕਿ 40 ਗੁਣਾਂ 100 ਵਰਗ ਫੁੱਟ ਦਾ ਇਹ ਟੈਂਟ ਮੋਰਚੇ ਤੇ ਕਿਸਾਨਾਂ ਦੇ ਸਹਿਯੋਗ ਨਾਲ ਸਥਾਪਤ ਕੀਤਾ ਗਿਆ ਹੈ, ਜਿਸ ਨਾਲ ਕਿਸਾਨਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ ਤੇ ਮੀਂਹ ਤੋਂ ਵੀ ਬਚਾਅ ਰਹੇਗਾ। ਰਾਤ ਸਮੇਂ ਇਸ ਟੈਂਟ ਹੇਠ ਕਿਸਾਨ ਸੌਂ ਵੀ ਸਕਣਗੇ। ਸ੍ਰੀ ਬਾਜਵਾ ਨੇ ਦੱਸਿਆ ਕਿ ਅਗਲੇ ਦਿਨਾਂ ਦੌਰਾਨ ਗਰਮੀ ਤੋਂ ਬਚਣ ਲਈ ਕੂਲਰ ਤੇ ਵੱਡੇ ਪੱਖਿਆਂ ਦਾ ਇੰਤਜ਼ਾਮ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੋਰਚੇ ਦੇ ਨੇੜੇ ਦੀਆਂ ਸੜਕਾਂ ਸਥਾਨਕ ਪ੍ਰਸ਼ਾਸਨ ਨੇ ਬੰਦ ਕਰ ਦਿੱਤੀਆਂ ਹਨ, ਜਿਸ ਕਰਕੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਤੁਰਤ ਇਹ ਸੜਕਾਂ ਖੋਲ੍ਹੀਆਂ ਜਾਣ ਤਾਂ ਜੋ ਕਿਸਾਨ ਤੇ ਮੀਡੀਆ ਦੇ ਲੋਕ ਅੰਦੋਲਨ ਦੇ ਚੱਲ ਰਹੇ ਧਰਨੇ ਵਿਚ ਸੌਖੇ ਹੀ ਪੁੱਜ ਸਕਣ। ਉਨ੍ਹਾਂ ਟਿਕਰੀ ਤੇ ਸਿੰਘੂ ਬਾਰਡਰ ਦੀਆਂ ਸੜਕਾਂ ਵੀ ਖੋਲ੍ਹਣ ਦੀ ਮੰਗ ਕੀਤੀ।

## ਹੁਣ ਸਾਈਕਲ ਰੈਲੀ ਕੱਢਣਗੇ ਕਿਸਾਨ

**ਗਾਜੀਪੁਰ:** ਕਿਸਾਨ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਨੂੰ ਵਿਸ਼ਾਲ ਕਰਨ ਲਈ ਦਿੱਲੀ ਦੇ ਸਿੰਘੂ, ਟਿਕਰੀ ਤੇ ਗਾਜੀਪੁਰ ਬਾਰਡਰਾਂ ਦੇ 50 ਤੋਂ ਵੱਧ ਕਿਸਾਨ ਭਾਰਤ ਦਾ ਚੱਕਰ ਲਾ ਕੇ ਲੋਕਾਂ ਨੂੰ ਖੇਤੀ ਕਾਨੂੰਨਾਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨਗੇ। ਕਿਸਾਨਾਂ ਦੀ ਸਾਈਕਲ ਰੈਲੀ 12 ਮਾਰਚ ਨੂੰ ਸ਼ੁਰੂ ਹੋਵੇਗੀ, ਜੋ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 8308 ਕਿਲੋਮੀਟਰ ਦਾ ਸਫਰ ਤੈਅ ਕਰੇਗੀ। ਇਹ ਰੈਲੀ 20 ਸੂਬਿਆਂ ਵਿਚੋਂ ਗੁਜ਼ਰੇਗੀ। ਜੋ ਲੋਕ ਸਾਈਕਲ ਨਹੀਂ ਚਲਾ ਸਕਦੇ, ਉਹ ਹੋਰ ਵਾਹਨਾਂ ਰਾਹੀਂ ਇਸ ਵਿਚ ਸ਼ਮੂਲੀਅਤ ਕਰ ਸਕਣਗੇ।

## ਕਸ਼ਮੀਰੀ ਨੌਜਵਾਨ ਕਿਸਾਨ ਅੰਦੋਲਨ ਤੋਂ ਸਬਕ ਲੈਣ: ਮਹਿਬੂਬਾ

**ਸ੍ਰੀਨਗਰ:** ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਜੰਮੂ ਕਸ਼ਮੀਰ ਲਈ ਮੁੜ ਇਕ ਵਾਰ ਰਾਜ ਦਾ ਦਰਜਾ ਬਹਾਲ ਕਰਨ ਦੀ ਵਕਾਲਤ ਕੀਤੀ ਹੈ ਅਤੇ ਕਿਸਾਨਾਂ ਵਰਗਾ ਅੰਦੋਲਨ ਕਰਨ ਦੀ ਗੱਲ ਕੀਤੀ ਹੈ। ਮਹਿਬੂਬਾ ਨੇ ਟਾਊਨ ਹਾਲ ਪੁਲਵਾਮਾ ਵਿਖੇ ਪਾਰਟੀ ਵਰਕਰਾਂ ਨੂੰ ਸੰਬੋਧਨ 'ਚ ਕਿਹਾ ਕਿ ਸਾਨੂੰ ਰਾਜ ਦਾ ਦਰਜਾ ਵਾਪਸ ਲੈਣ ਲਈ ਕਿਸਾਨਾਂ ਦੇ ਅੰਦੋਲਨ ਤੋਂ ਸਬਕ ਲੈਣਾ ਚਾਹੀਦਾ ਹੈ। ਕਿਸਾਨਾਂ ਦੇ ਹੱਥ 'ਚ ਨਾ ਪੱਥਰ ਹੈ ਤੇ ਨਾ ਬੰਦੂਕ ਫਿਰ ਵੀ ਇਨ੍ਹਾਂ ਨਾਲ ਸਾਰੀ ਦੁਨੀਆਂ ਹੈ। ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਵੀ ਰਾਜ ਦਾ ਦਰਜਾ ਵਾਪਸ ਲੈਣ ਦੇ ਲਈ ਅਜਿਹਾ ਸੰਘਰਸ਼ ਕਰਨਾ ਚਾਹੀਦਾ ਹੈ।

# Matrimonials

## ਲੜਕੇ ਦੀ ਲੋੜ ਹੈ

Sikh (Jatt) parents invite matrimonial alliance for their daughter 35yrs old, 5'- 10" tall, beautiful, family oriented, never married. Masters in Bio-Engineering Management-executive position in Bay Area, California. The boy should be good-natured, professionally qualified; tall and well settled in USA with family values. Serious inquiries only. Please respond with latest photo and bio-data to kaurprincess11@yahoo.com 8-11

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

## ਲੜਕੀ ਦੀ ਲੋੜ ਹੈ

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

## ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 9-12

Match for Arora Sikh clean shaven graduate boy 30 years, 6'-2', business man at Patiala. Contact, Balkar Singh Ph: +91-93163-01328 or balkarsingh@gmail.com 8-11

ਲੁਬਾਣਾ ਸਿੱਖ, 27 ਸਾਲ, 6 ਫੁੱਟ, ਇੰਡੀਆ ਤੋਂ ਕਾਨਵੈਂਟ ਸਕੂਲ ਦਾ ਪੜ੍ਹਿਆ, ਅਮਰੀਕਾ ਦਾ ਸਿਟੀਜ਼ਨ, ਟਰਾਂਸਪੋਰਟਰ, ਫੇਅਰਫੀਲਡ (ਕੈਲੀਫੋਰਨੀਆ) ਵਿਚ ਰਹਿੰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 1-916-667-6609 (ਅਮਰੀਕਾ) ਜਾਂ +91-98766-01370 (ਇੰਡੀਆ) 7-10


Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50


*To Advertise with Punjab Times Call: 847-359-0746*
*Visit us on the web: **wwwpunjabtimesusa.com***

**SUPER TRAVEL**
847-676-9090, 773-465-5566
E-mail: supertravel2003@live.com
**Lowest Fares With Excellent Service**
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

**Hiring**
Wholesaler and distributor in Elk Grove Village, IL are looking to hire for Warehouse Manager, Warehouse helper, Drivers, Office Help.
*Please Contact:*
**Ph: 847-387-2923**
8-11

**Sistar Mortgage**
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਬਹਿਬਲ ਗੋਲੀ ਕਾਂਡ: ਸੈਣੀ ਤੇ ਉਮਰਾਨੰਗਲ ਦੀ ਗ੍ਰਿਫਤਾਰੀ 'ਤੇ ਰੋਕ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਮਾਮਲੇ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ 'ਤੇ ਰੋਕ ਲਾਉਂਦਿਆਂ ਦੋਹਾਂ ਨੂੰ 8 ਮਾਰਚ ਨੂੰ ਇਲਾਕਾ ਮੈਜਿਸਰੇਟ ਦੀ ਅਦਾਲਤ ਵਿਚ ਹਾਜਰ ਹੋਣ ਦੇ ਹੁਕਮ ਦਿੱਤੇ ਹਨ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਸੈਣੀ ਅਤੇ ਉਮਰਾਨੰਗਲ ਖਿਲਾਫ 15 ਜਨਵਰੀ ਨੂੰ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਸੀ।

ਚਲਾਨ ਪੇਸ਼ ਹੋਣ ਮਗਰੋਂ ਇਲਾਕਾ ਮੈਜਿਸਟਰੇਟ ਨੇ ਦੋਹਾਂ ਨੂੰ 9 ਫਰਵਰੀ ਲਈ ਅਦਾਲਤ ਸਾਹਮਣੇ ਪੇਸ਼ ਹੋਣ ਦੇ ਹੁਕਮ ਦਿੱਤੇ ਸਨ ਪਰ ਦੋਵੇਂ ਪੁਲਿਸ ਅਧਿਕਾਰੀ ਪੇਸ਼ ਨਹੀਂ ਹੋਏ ਸਨ। ਇਸ ਕਰਕੇ ਅਦਾਲਤ ਨੇ ਸੁਮੇਧ ਸੈਣੀ ਦੇ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਸਨ। ਇਸ ਤੋਂ ਪਹਿਲਾਂ ਸੁਮੇਧ ਸੈਣੀ ਅਤੇ ਉਮਰਾਨੰਗਲ ਨੇ ਅਗਾਊਂ ਜ਼ਮਾਨਤ ਲਈ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਵਿਚ ਅਰਜ਼ੀ ਦਿੱਤੀ ਸੀ ਜੋ 11 ਫਰਵਰੀ ਨੂੰ ਰੱਦ ਹੋ ਗਈ ਸੀ। ਉਸ ਤੋਂ ਬਾਅਦ ਦੋਵੇਂ ਸਾਬਕਾ ਪੁਲਿਸ ਅਧਿਕਾਰੀਆਂ ਨੇ ਅਗਾਊਂ ਜ਼ਮਾਨਤ ਲੈਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਪਹੁੰਚ ਕੀਤੀ ਸੀ। ਹਾਈ ਕੋਰਟ ਵਿਚ ਜ਼ਮਾਨਤ ਅਰਜ਼ੀਆਂ 'ਤੇ ਲਗਾਤਾਰ ਚਾਰ ਦਿਨ ਬਹਿਸ ਤੋਂ ਬਾਅਦ ਇਸ ਮਾਮਲੇ ਵਿਚ ਉਨ੍ਹਾਂ ਨੂੰ ਰਾਹਤ ਮਿਲ ਗਈ। ਸੈਣੀ ਅਤੇ ਉਮਰਾਨੰਗਲ 'ਤੇ ਬਹਿਬਲ ਗੋਲੀ ਕਾਂਡ ਦੀ ਕਥਿਤ ਤੌਰ 'ਤੇ ਸਾਜ਼ਿਸ਼ ਰਚਣ ਦੇ ਇਲਜ਼ਾਮ ਲੱਗੇ ਹਨ।

# ਵਪਾਰੀਆਂ ਨੇ ਵੀ ਸੰਭਾਲਿਆ ਕੇਂਦਰ ਸਰਕਾਰ ਖਿਲਾਫ ਮੋਰਚਾ

**ਨਵੀਂ ਦਿੱਲੀ:** 'ਦਿ ਕਨਫੈੱਡਰੇਸ਼ਨ ਆਫ ਆਲ ਇੰਡੀਆ ਟਰੇਡਰਜ' (ਸੀ.ਏ.ਆਈ.ਟੀ.) ਨੇ ਕਿਹਾ ਕਿ ਇਹ ਜੀ.ਐਸ.ਟੀ. ਦੀਆਂ ਵਿਵਸਥਾਵਾਂ ਤੇ ਵੱਡੀਆਂ ਈ-ਕਾਮਰਸ ਕੰਪਨੀਆਂ ਦੀਆਂ ਮਾੜੀਆਂ ਪ੍ਰਥਾਵਾਂ ਖਿਲਾਫ ਕੌਮੀ ਪੱਧਰ 'ਤੇ ਮੁਹਿੰਮ ਸ਼ੁਰੂ ਕਰੇਗੀ।

ਵਪਾਰੀਆਂ ਦੀ ਜਥੇਬੰਦੀ ਨੇ ਕਿਹਾ ਕਿ ਇਸ ਮੁਹਿੰਮ ਦੇ ਅਗਲੇ ਪੜਾਅ 'ਚ ਸੂਬਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਹ ਮੁਹਿੰਮ 5 ਮਾਰਚ ਤੋਂ ਸ਼ੁਰੂ ਹੋਵੇਗੀ ਜੋ 5 ਅਪਰੈਲ ਤੱਕ ਚੱਲੇਗੀ। ਜਥੇਬੰਦੀ ਨੇ ਕਿਹਾ ਕਿ ਮੌਜੂਦਾ ਸਮੇਂ ਸਾਰੇ ਮੁਲਕ ਦੇ ਵਪਾਰੀ ਜੀ.ਐਸ.ਟੀ. ਦੀਆਂ ਵਿਵਸਥਾਵਾਂ ਅਤੇ ਈ-ਕਾਮਰਸ ਵਿਚ ਵਿਦੇਸ਼ੀ ਕੰਪਨੀਆਂ ਦੀਆਂ ਮਨਮਾਨੀਆਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ ਹੁਣ ਉਹ ਜਾਂ ਤਾਂ ਇਨ੍ਹਾਂ ਮਸਲਿਆਂ ਨੂੰ ਹੱਲ ਕਰਨਾ ਚਾਹੁੰਦੇ ਹਨ ਜਾਂ ਆਪਣਾ ਵਪਾਰ ਬੰਦ ਕਰ ਦੇਣਾ ਚਾਹੁੰਦੇ ਹਨ। ਜਥੇਬੰਦੀ ਦੇ ਸਕੱਤਰ ਜਨਰਲ ਪ੍ਰਵੀਨ ਖੰਡੇਲਵਾਲ ਨੇ ਕਿਹਾ ਕਿ ਇਕ ਵੀਡੀਓ ਕਾਨਫਰੰਸ ਕੀਤੀ ਗਈ ਜਿਸ ਵਿਚ ਮੁਲਕ ਭਰ ਦੇ ਸਾਰੇ ਸੂਬਿਆਂ ਤੇ ਯੂਟੀਜ ਤੋਂ 275 ਤੋਂ ਵੱਧ ਮੁੱਖ ਆਗੂਆਂ ਨੇ ਹਿੱਸਾ ਲਿਆ ਅਤੇ ਇਨ੍ਹਾਂ ਦੋ ਮੁੱਦਿਆਂ 'ਤੇ ਕੌਮੀ ਪੱਧਰ 'ਤੇ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ।

ਇਸ ਸੰਦਰਭ 'ਚ ਜਥੇਬੰਦੀ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਗੁਜਾਰਸ਼ ਕੀਤੀ ਹੈ ਕਿ ਉਹ ਜੀ.ਐਸ.ਟੀ. ਦੀ ਮੌਜੂਦਾ ਵਿਗੜੀ ਸਥਿਤੀ ਬਾਰੇ ਸੰਗਠਨ ਨਾਲ ਤੁਰਤ ਗੱਲਬਾਤ ਦੀ ਸ਼ੁਰੂਆਤ ਕਰਨ। ਉਨ੍ਹਾਂ ਕੇਂਦਰੀ ਵਣਜ ਮੰਤਰੀ ਪਿਯੂਸ਼ ਗੋਇਲ ਨੂੰ ਵੀ ਗੁਜਾਰਸ਼ ਕੀਤੀ ਹੈ ਕਿ ਉਹ ਐਫ.ਡੀ.ਆਈ. ਪਾਲਿਸੀ (ਸਿੱਧੇ ਵਿਦੇਸ਼ੀ ਨਿਵੇਸ਼ ਸਬੰਧੀ ਨੀਤੀ) ਬਾਰੇ ਸਪੱਸ਼ਟ ਕਰਨ ਤੇ ਈ-ਕਾਮਰਸ ਨੀਤੀ ਨੂੰ ਅੰਤਿਮ ਰੂਪ ਦਿੰਦਿਆਂ ਇਸ ਨੂੰ ਜਾਰੀ ਕਰਨ, ਕਿਉਂਕਿ ਐਫ.ਡੀ.ਆਈ. ਨੀਤੀ ਦੀ ਵਿਦੇਸ਼ੀ ਈ-ਕਾਮਰਸ ਕੰਪਨੀਆਂ ਵੱਲੋਂ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ।

## ਮਹਿੰਗਾਈ ਨੇ ਜਨਤਾ ਨੂੰ ਯਾਦ ਕਰਵਾਏ 'ਅੱਛੇ ਦਿਨ'

**ਚੰਡੀਗੜ੍ਹ:** ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਜਿਥੇ ਲੋਕਾਂ ਦਾ ਲੱਕ ਤੋੜ ਰਹੀਆਂ ਹਨ, ਉਥੇ ਖਾਣ ਵਾਲੇ ਤੇਲ, ਐਲ.ਪੀ.ਜੀ. ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਲੋਕਾਂ ਦੀ ਰਸੋਈ ਦਾ ਬਜਟ ਪੂਰੀ ਤਰ੍ਹਾਂ ਨਾਲ ਹਿਲਾ ਦਿੱਤਾ ਹੈ। ਇਸ ਵੇਲੇ ਥੋਕ ਬਾਜ਼ਾਰ 'ਚ ਸਰ੍ਹੋਂ ਦਾ ਤੇਲ 142 ਰੁਪਏ ਕਿੱਲੋ ਹੈ। ਤਿੰਨ ਮਹੀਨੇ ਪਹਿਲਾਂ ਖਾਣ ਵਾਲੇ ਤੇਲਾਂ 'ਚ ਐਸੀ ਤੇਜੀ ਆਈ ਹੈ ਕਿ ਇਸ ਨੇ ਮਹਿੰਗਾਈ ਦੇ ਸਾਰੇ ਰਿਕਾਰਡ ਤੋੜੇ ਹਨ। ਤਿੰਨ ਮਹੀਨੇ ਪਹਿਲਾਂ ਸਰ੍ਹੋਂ ਦਾ ਤੇਲ 1250 ਰੁਪਏ ਦਾ 15 ਕਿੱਲੋ ਦਾ ਟੀਨ ਵਿਕ ਰਿਹਾ ਸੀ ਪਰ ਹੁਣ ਇਸ ਦੀ ਕੀਮਤ 2130 ਰੁਪਏ ਹੈ। ਰਿਫਾਈਂਡ ਤੇਲ ਤਿੰਨ ਮਹੀਨੇ ਪਹਿਲਾਂ 15 ਲੀਟਰ ਦਾ ਟੀਨ 1200 ਰੁਪਏ ਦਾ ਵਿਕ ਰਿਹਾ ਸੀ, ਜਦਕਿ ਹੁਣ 1950 ਰੁਪਏ ਦਾ ਹੈ। ਦੂਜੇ ਪਾਸੇ ਐਲ.ਪੀ.ਜੀ. ਸਿਲੰਡਰ ਦਸੰਬਰ ਮਹੀਨੇ ਤੋਂ ਮਹਿੰਗਾ ਹੋਣਾ ਸ਼ੁਰੂ ਹੋਇਆ ਹੈ ਜਦੋਂ ਇਸ ਦੀ ਕੀਮਤ 674 ਰੁਪਏ ਸੀ ਤੇ ਹੁਣ ਇਹ ਵਧ ਕੇ 724 ਰੁਪਏ ਦਾ ਹੋ ਗਿਆ ਹੈ।

## ਸ਼ਰਾਬ ਮਾਫੀਆ ਖਿਲਾਫ ਸਖਤ ਸਜ਼ਾਵਾਂ ਨੂੰ ਕੈਬਨਿਟ ਦੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀ ਦਫਤਰ 'ਚ ਹੋਈ ਕੈਬਨਿਟ ਮੀਟਿੰਗ 'ਚ ਸ਼ਰਾਬ ਮਾਫੀਆ ਨੂੰ ਨੱਥ ਪਾਉਣ ਲਈ ਪੰਜਾਬ ਆਬਕਾਰੀ ਐਕਟ 'ਚ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਪੰਜਾਬ ਆਬਕਾਰੀ ਐਕਟ, 1914 'ਚ ਧਾਰਾ 61-ਏ ਦਰਜ ਕਰਨ ਅਤੇ ਧਾਰਾ 61 ਤੇ 63 ਵਿਚ ਸੋਧ ਕਰਨ ਦਾ ਫੈਸਲਾ ਲਿਆ ਹੈ।

ਪੰਜਾਬ ਆਬਕਾਰੀ ਐਕਟ, 1914 ਵਿਚ ਇਸ ਦੀ ਉੱਪ ਧਾਰਾ (1) ਵਜੋਂ ਨਵੀਂ ਧਾਰਾ 61-ਏ ਸ਼ਾਮਲ ਕੀਤੀ ਗਈ ਹੈ। ਜੇਕਰ ਕਿਸੇ ਸ਼ਰਾਬ ਵਿਚ ਜ਼ਹਿਰੀਲਾ ਜਾਂ ਮਨੁੱਖੀ ਸਿਹਤ ਲਈ ਹਾਨੀਕਾਰਕ ਪਦਾਰਥ ਮਿਲਦਾ ਹੈ ਤਾਂ ਉਹ ਸ਼ਰਾਬ ਤਿਆਰ ਕਰਨ ਜਾਂ ਵੇਚਣ ਵਾਲਾ ਵਿਅਕਤੀ ਸਜ਼ਾ ਦਾ ਹੱਕਦਾਰ ਹੋਵੇਗਾ। ਅਜਿਹੀ ਸ਼ਰਾਬ ਪੀਣ ਨਾਲ ਕਿਸੇ ਦੀ ਮੌਤ ਹੋਣ ਦੀ ਸੂਰਤ 'ਚ ਦੋਸ਼ੀ ਨੂੰ ਮੌਤ ਜਾਂ ਉਮਰ ਕੈਦ ਦੀ ਸਜਾ ਦੇਣ ਦੇ ਨਾਲ-ਨਾਲ 20 ਲੱਖ ਰੁਪਏ ਤੱਕ ਜੁਰਮਾਨਾ ਵੀ ਲਾਇਆ ਜਾ ਸਕੇਗਾ। ਕਿਸੇ ਹੋਰ ਗੰਭੀਰ ਨੁਕਸਾਨ ਦੀ ਸਥਿਤੀ ਵਿਚ ਦੋਸ਼ੀ ਨੂੰ ਇਕ ਸਾਲ ਤੱਕ ਦੀ ਕੈਦ ਅਤੇ ਪੰਜ ਲੱਖ ਰੁਪਏ ਤੱਕ ਦਾ ਜੁਰਮਾਨਾ ਲਾਇਆ ਜਾ ਸਕੇਗਾ। ਇਸ ਤਹਿਤ ਪੀੜਤਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਉਣ ਦੀ ਵਿਵਸਥਾ ਵੀ ਕੀਤੀ ਹੈ।

## ਕਰੋਨਾ ਮਹਾਮਾਰੀ ਦੌਰਾਨ ਛਾਲਾਂ ਮਾਰ ਵਧੀ ਅੰਬਾਨੀ ਤੇ ਅਡਾਨੀ ਦੀ ਸੰਪਤੀ

**ਮੁੰਬਈ:** ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਰੋਨਾ ਨਾਲ ਜੂਝ ਰਹੇ ਭਾਰਤ ਵਿਚ ਇਸ ਮਹਾਮਾਰੀ ਦੌਰਾਨ 40 ਹੋਰ ਭਾਰਤੀ ਅਰਬਪਤੀ ਬਣ ਗਏ ਹਨ। ਇਸ ਤਰ੍ਹਾਂ ਇਸ ਸੂਚੀ ਵਿਚ 177 ਲੋਕ ਸ਼ਾਮਲ ਹੋ ਗਏ ਹਨ। ਹੁਨਰ ਗਲੋਬਲ ਵੱਲੋਂ ਜਾਰੀ ਕੀਤੀ ਰਿਪੋਰਟ ਮੁਤਾਬਕ ਰਿਲਾਇੰਸ ਇੰਡਸਟਰੀਜ਼ ਦੇ ਮਾਲਕ ਮੁਕੇਸ਼ ਅੰਬਾਨੀ 83 ਅਰਬ ਡਾਲਰ ਦੀ ਸੰਪਤੀ ਨਾਲ ਸਭ ਤੋਂ ਅਮੀਰ ਭਾਰਤੀ ਹਨ। ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਨੇ ਮਹਾਮਾਰੀ ਵਾਲੇ ਸਾਲ 2020 ਦੌਰਾਨ ਆਪਣੀ ਸੰਪਤੀ ਵਿਚ 24 ਫੀਸਦ ਦਾ ਵਾਧਾ ਕੀਤਾ। ਕੌਮਾਂਤਰੀ ਪੱਧਰ 'ਤੇ ਅਮੀਰੀ ਵਿਚ ਉਨ੍ਹਾਂ ਦਾ ਸਥਾਨ 8ਵਾਂ ਹੈ।

ਗੁਜਰਾਤ ਦੇ ਗੌਤਮ ਅਡਾਨੀ ਦੀ ਸੰਪਤੀ ਇਸ ਮਹਾਮਾਰੀ ਦੌਰਾਨ ਲਗਭਗ ਦੁੱਗਣੀ ਹੋ ਗਈ ਤੇ ਇਸ ਵੇਲੇ 32 ਅਰਬ ਡਾਲਰ ਤੱਕ ਪੁੱਜ ਗਈ। ਉਹ 20 ਸਥਾਨਾਂ ਦੀ ਛਾਲ ਮਾਰ ਕੇ ਕੌਮਾਂਤਰੀ ਪੱਧਰ 'ਤੇ 48ਵੇਂ ਸਥਾਨ 'ਤੇ ਪੁੱਜ ਗਏ। ਭਾਰਤ ਵਿਚ ਅਮੀਰਾਂ ਦੀ ਸੂਚੀ ਉਹ ਦੂਜੇ ਨੰਬਰ 'ਤੇ ਹਨ। ਉਨ੍ਹਾਂ ਦੇ ਭਰਾ ਵਿਨੋਦ ਦੀ ਦੌਲਤ 128 ਫੀਸਦ ਵਧ ਕੇ 9.8 ਅਰਬ ਡਾਲਰ ਹੋ ਗਈ। ਆਈ.ਟੀ. ਕੰਪਨੀ ਐਚ.ਸੀ.ਐਲ. ਦੇ ਸਵਿ ਨਾਦਰ ਭਾਰਤ ਦੇ ਤੀਜੇ ਸਭ ਤੋਂ ਅਮੀਰ ਹਨ। ਉਨ੍ਹਾਂ ਦੀ ਸੰਪਤੀ 27 ਅਰਬ ਡਾਲਰ ਦੀ ਹੈ।

# ਕੈਪਟਨ ਤੋਂ ਚਾਰ ਸਾਲਾਂ ਦਾ ਹਿਸਾਬ ਲੈਣ ਲਈ ਘੇਰਾਬੰਦੀ

*(ਸਫਾ ਇਕ ਦੀ ਬਾਕੀ)*

ਕੈਪਟਨ ਸਰਕਾਰ ਨੇ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਸੱਤਾ ਵਿਚ ਆਉਂਦਿਆਂ 5 ਲੱਖ ਪਰਿਵਾਰਾਂ ਦੀ ਬੁਢਾਪਾ ਪੈਨਸ਼ਨ ਰੱਦ ਕਰ ਦਿੱਤੀ, ਆਟਾ ਦਾਲ ਸਕੀਮ ਦੇ 6 ਲੱਖ ਲਾਭਪਾਤਰੀਆਂ ਦੇ ਨੀਲੇ ਕਾਰਡ ਵੀ ਰੱਦ ਕਰ ਦਿੱਤੇ ਗਏ ਤੇ ਉਨ੍ਹਾਂ ਦੇ ਨਾਂ ਵੀ ਲਿਸਟਾਂ 'ਚੋਂ ਕੱਟ ਦਿੱਤੇ ਗਏ। ਕਾਂਗਰਸ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਖੋਲ੍ਹੇ ਸੇਵਾ ਕੇਂਦਰ ਤੇ ਮੈਰੀਟੋਰੀਅਸ ਸਕੂਲ ਵੀ ਬੰਦ ਕਰ ਦਿੱਤੇ, ਦਵਾਈਆਂ ਦੀ ਸਪਲਾਈ ਤੇ ਦਲਿਤ ਵਿਦਿਆਰਥੀਆਂ ਲਈ ਐਸ.ਸੀ. ਸਕਾਲਰਸ਼ਿਪ ਸਕੀਮ ਵੀ ਬੰਦ ਕਰ ਦਿੱਤੀ, ਬਿਜਲੀ ਦਰਾਂ 'ਚ 30% ਵਾਧਾ, ਡੀਜ਼ਲ ਤੇ ਪੈਟਰੋਲੀਅਮ ਪਦਾਰਥਾਂ 'ਤੇ ਸੂਬੇ ਦੇ ਹਿੱਸੇ ਦਾ ਵੈਟ ਵੀ ਵਧਾ ਦਿੱਤਾ।

ਕੁੱਲ ਮਿਲਾ ਕੇ ਚਾਰ ਸਾਲ ਸੱਤਾ ਭੋਗਣ ਤੋਂ ਬਾਅਦ ਕੈਪਟਨ ਸਰਕਾਰ ਨੇ ਡੱਕਾ ਨਹੀਂ ਤੋੜਿਆ। ਕੈਪਟਨ ਕੋਲ ਸਰਕਾਰ ਦੀਆਂ ਨਾਲਾਇਕੀਆਂ ਬਾਰੇ ਕੋਈ ਜਵਾਬ ਨਹੀਂ ਹੈ। ਇਸੇ ਲਈ ਵਿਧਾਨ ਸਭਾ ਸੈਸ਼ਨ ਦੇ ਐਨ ਮੌਕੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੂੰ ਲਿਆ ਖੜ੍ਹਾ ਕੀਤਾ ਹੈ। ਪ੍ਰਸ਼ਾਂਤ ਕਿਸ਼ੋਰ ਉਹੀ ਸ਼ਖਸ ਹੈ ਜਿਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਝੂਠੇ ਵਾਅਦਿਆਂ ਦਾ ਤਾਣਾ ਬੁਣ ਕੇ ਕੈਪਟਨ ਨੂੰ ਕੁਰਸੀ ਦਵਾਈ ਸੀ ਤੇ ਉਸ ਦੇ 4 ਸਾਲ ਬਾਅਦ ਨਜ਼ਰ ਨਹੀਂ ਆਇਆ। ਪ੍ਰਸ਼ਾਂਤ ਕਿਸ਼ੋਰ ਦਾ ਨਾਮ ਮੋਟੀਆਂ ਰਕਮਾਂ ਲੈ ਕੇ ਚੋਣਾਂ ਵਿਚ ਸਿਆਸੀ ਧਿਰਾਂ ਦੀ ਬੇੜੀ ਪਾਰ ਲਾਉਣ ਵਜੋਂ ਜਾਣਿਆ ਜਾਂਦਾ ਹੈ। ਇਸ ਸਮੇਂ ਉਹ ਪੱਛਮੀ ਬੰਗਾਲ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਲਈ ਚੋਣ ਰਣਨੀਤੀ ਬਣਾ ਰਿਹਾ ਸੀ ਪਰ ਸਿਰਫ ਇਕ ਰੁਪਏ ਤਨਖਾਹ ਉਤੇ ਅਚਾਨਕ ਕੈਪਟਨ ਦੀ ਮਦਦ ਲਈ ਆਣ ਪਹੁੰਚਿਆ ਜਿਸ ਨੂੰ ਵਿਰੋਧੀ ਧਿਰਾਂ ਸ਼ੱਕੀ ਨਜ਼ਰ ਨਾ ਦੇਖ ਰਹੀਆਂ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਕੈਪਟਨ ਨੂੰ 2022 ਵਿਚ ਵੀ ਮੁੱਖ ਮੰਤਰੀ ਚਿਹਰੇ ਵਜੋਂ ਉਤਾਰਨ ਦੀਆਂ ਤਿਆਰੀ ਹੈ ਪਰ ਉਨ੍ਹਾਂ (ਕੈਪਟਨ) ਦੀ ਪਿਛਲੀ ਪਾਰੀ ਦੀ ਕਾਰਗੁਜ਼ਾਰੀ ਵੱਡਾ ਅੜਿੱਕਾ ਬਣ ਸਕਦੀ ਹੈ। ਇਸ ਲਈ ਕਾਂਗਰਸ ਵੱਲੋਂ ਸੱਤਾ ਦਾ ਬਚਿਆ ਇਕ ਸਾਲ ਇਹੀ ਰਣਨੀਤੀ ਤੈਅ ਕਰਨ ਉਤੇ ਲੱਗੇਗਾ ਕਿ ਪਾਰਟੀ ਕੈਪਟਨ ਦੀ ਅਗਵਾਈ ਵਿਚ ਕਿਸ ਮੂੰਹ ਨਾਲ ਲੋਕਾਂ ਤੋਂ ਵੋਟਾਂ ਮੰਗੇ।

ਖਾਸਕਰ, ਕਿਸਾਨ ਅੰਦੋਲਨ ਬਾਰੇ ਕੈਪਟਨ ਦੀ ਕੇਂਦਰ ਸਰਕਾਰ ਬਾਰੇ ਨਰਮ ਰਣਨੀਤੀ ਸੂਬੇ ਦੇ ਜਨਤਾ ਨੂੰ ਰੜਕ ਰਹੀ ਹੈ। ਉਹ ਅੱਜ ਤੱਕ ਖੇਤੀ ਕਾਨੂੰਨਾਂ ਤੇ ਕਿਸਾਨ ਅੰਦੋਲਨ ਬਾਰੇ ਕੋਈ ਇਕ ਸਟੈਂਡ ਨਹੀਂ ਲੈ ਸਕੇ ਤੇ ਕੇਂਦਰ ਉਤੇ ਦਬਾਅ ਪਾਉਣ ਦੀ ਥਾਂ ਕਿਸਾਨਾਂ ਨੂੰ ਸੂਬੇ ਵਿਚ ਮਾਹੌਲ ਖਰਾਬ ਹੋਣ ਦੇ ਵਾਸਤੇ ਪਾ ਕੇ ਸਮਝੌਤੇ ਦੀਆਂ ਮੱਤਾਂ ਦਿੰਦੇ ਰਹੇ ਹਨ। ਕੁੱਲ ਮਿਲਾ ਕੇ ਕੈਪਟਨ ਸਰਕਾਰ ਲਈ ਬਚਿਆ ਇਕ ਸਾਲ ਵੱਡੀ ਚੁਣੌਤੀ ਬਣ ਸਕਦਾ ਹੈ। ਲੋਕਾਂ ਦੇ ਮਨੋਂ ਕਰੋਨਾ ਦਾ ਡਰ ਲਹਿ ਚੁੱਕਾ ਹੈ। ਮੁਲਾਜ਼ਮ ਜਥੇਬੰਦੀਆਂ ਸਰਕਾਰ ਖਿਲਾਫ ਵੱਡਾ ਸੰਘਰਸ਼ ਵਿੱਢਣ ਦੀ ਤਿਆਰੀ ਕਰ ਰਹੀਆਂ ਹਨ। ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਨਾਲ ਨਿੱਬੜਨ ਕੇ ਕੈਪਟਨ ਦੁਆਲੇ ਹੋਣ ਦੀ ਰਣਨੀਤੀ ਪਹਿਲਾਂ ਹੀ ਬਣਾ ਚੁੱਕੀਆਂ ਹਨ। ਇਸ ਤੋਂ ਤੈਅ ਹੈ ਕਿ ਆਉਂਦੇ ਦਿਨ ਕੈਪਟਨ ਸਰਕਾਰ ਲਈ ਵੱਡੀ ਵੰਗਾਰ ਹੋਣਗੇ।

## ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਖਿਲਾਫ ਮੋਰਚਾਬੰਦੀ ਦਾ ਐਲਾਨ

*(ਸਫਾ ਇਕ ਦੀ ਬਾਕੀ)*

ਸਾਥ ਕਿਸਾਨ ਦੇਣਗੇ।

ਦੇਸ਼ ਵਿਚ 'ਐਮ.ਐਸ.ਪੀ. ਦਿਵਾਓ ਮੁਹਿੰਮ' ਦੀ ਸ਼ੁਰੂਆਤ 5 ਮਾਰਚ ਨੂੰ ਕਰਨਾਟਕ ਦੇ ਕੁਲਬਰਗਾ ਤੇ ਚਿੱਤਰ ਦੁਰਗਾ ਦੀਆਂ ਵੱਡੀਆਂ ਮੰਡੀਆਂ ਤੋਂ ਕਰ ਕੇ ਪ੍ਰਧਾਨ ਮੰਤਰੀ ਦੇ ਬਿਆਨ 'ਐਮ.ਐਸ.ਪੀ. ਸੀ, ਹੈ ਤੇ ਰਹੇਗੀ' ਦੀ ਜ਼ਮੀਨੀ ਹਕੀਕਤ ਲੋਕਾਂ ਨੂੰ ਦੱਸੀ ਜਾਵੇਗੀ। ਜਥੇਬੰਦੀਆਂ ਨੇ ਇਸ ਰਣਨੀਤੀ ਦਾ ਐਲਾਨ ਕਰ ਕੇ ਸਾਫ ਕਰ ਦਿੱਤਾ ਹੈ ਕਿ ਹੁਣ ਸੰਘਰਸ਼ ਦਾ ਅਗਲਾ ਪੜਾਅ ਭਾਜਪਾ ਨੂੰ ਪੂਰੇ ਮੁਲਕ ਵਿਚ ਸਿਆਸੀ ਖੋਰਾ ਲਾਉਣ ਦਾ ਹੈ। ਇਥੋਂ ਤੱਕ ਕਿ ਭਾਜਪਾ ਦੀਆਂ ਭਾਈਵਾਲ ਪਾਰਟੀਆਂ ਨੂੰ ਵੀ ਖਿੱਚ ਪਾਉਣ ਦੀ ਤਿਆਰੀ ਹੈ। ਅਜਿਹੇ ਹਾਲਾਤ ਵਿਚ ਹਰਿਆਣਾ ਵਿਚ ਭਾਜਪਾ ਸਰਕਾਰ ਲਈ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ।

ਹਰਿਆਣਾ ਵਿਚ ਭਾਜਪਾ ਅਤੇ ਜੇ.ਜੇ.ਪੀ. ਦੀ ਭਾਈਵਾਲੀ ਵਾਲੀ ਸਰਕਾਰ ਹੈ। ਇਸੇ ਕੜੀ 'ਚ ਦੋਵਾਂ ਪਾਰਟੀਆਂ ਦੇ ਆਗੂਆਂ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਦਾਖਲਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਇਨ੍ਹਾਂ ਦੇ ਸਮਾਗਮਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਿਸਾਨਾਂ 'ਚ ਵਧਦੇ ਰੋਹ ਕਰ ਕੇ ਸੂਬੇ ਵਿਚ ਕਈ ਸਿਆਸੀ ਆਗੂਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਹਰਿਆਣਾ ਤੋਂ ਬਾਅਦ ਉਤਰ ਪ੍ਰਦੇਸ਼ ਭਾਜਪਾ ਸੱਤਾ ਵਾਲਾ ਸੂਬਾ ਹੈ ਜਿਥੇ ਭਗਵਾ ਧਿਰ ਨੂੰ ਹੋਂਦ ਦਾ ਫਿਕਰ ਪਿਆ ਹੋਇਆ ਹੈ। ਉਤਰ ਪ੍ਰਦੇਸ਼ ਵਿਚ ਪੰਚਾਇਤੀ ਚੋਣਾਂ ਦੀ ਤਿਆਰੀ ਚੱਲ ਰਹੀ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਜਾਟਾਂ ਵਿਚ ਵਧਦਾ ਪ੍ਰਭਾਵ ਭਾਜਪਾ ਨੂੰ ਖੂੰਜੇ ਲਾ ਸਕਦਾ ਹੈ। ਕੁੱਲ ਮਿਲਾ ਕੇ ਕਿਸਾਨਾਂ ਦੀ ਤਾਜ਼ਾ ਰਣਨੀਤੀ ਭਾਜਪਾ ਲਈ ਵੱਡਾ ਸਿਆਸੀ ਸੰਕਟ ਖੜ੍ਹਾ ਕਰਨ ਵਾਲੀ ਹੈ। ਇਹ ਪਹਿਲੀ ਵਾਰ ਹੈ ਜਦੋਂ ਜਥੇਬੰਦੀਆਂ ਨੇ ਭਾਜਪਾ ਦੀ ਸਿਆਸੀ ਤੌਰ ਉਤੇ ਘੇਰਾਬੰਦੀ ਦਾ ਖੁੱਲ੍ਹ ਕੇ ਐਲਾਨ ਕੀਤਾ ਹੈ, ਤੈਅ ਹੈ ਕਿ ਆਉਂਦੇ ਦਿਨ ਭਾਜਪਾ ਲਈ ਵੱਡੀ ਚੁਣੌਤੀ ਵਾਲੇ ਹੋਣਗੇ।

## ਤੇਜਸਵੀ ਵੱਲੋਂ ਬਿਹਾਰੀਆਂ ਨੂੰ ਟੀ.ਐਮ.ਸੀ. ਦੇ ਹੱਕ 'ਚ ਭੁਗਤਣ ਦੀ ਅਪੀਲ

**ਕੋਲਕਾਤਾ:** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 'ਚ ਧਰਮ ਨਿਰਪੱਖ ਪਾਰਟੀਆਂ ਵਿਚਾਲੇ ਏਕਤਾ ਕਾਇਮ ਕਰਨ ਦੀ ਕੋਸ਼ਿਸ਼ ਕਰਦਿਆਂ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਆਗੂ ਤੇਜਸਵੀ ਯਾਦਵ ਨੇ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ ਅਤੇ ਬਿਹਾਰ ਮੂਲ ਦੇ ਲੋਕਾਂ ਨੂੰ ਤ੍ਰਿਣਮੂਲ ਕਾਂਗਰਸ ਦੇ ਹੱਕ 'ਚ ਵੋਟ ਪਾਉਣ ਦੀ ਅਪੀਲ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੋਦੀ ਸਰਕਾਰ ਨੇ ਹੁਣ ਸੋਸ਼ਲ ਮੀਡੀਆ ਉਤੇ ਸ਼ਿਕੰਜਾ ਕੱਸਿਆ

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਫੇਸਬੁੱਕ ਤੇ ਟਵਿੱਟਰ ਜਿਹੇ ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਸਰਕਾਰ ਨੇ ਅਜਿਹੇ ਪਲੇਟਫਾਰਮਾਂ ਉਤੇ ਨਕੇਲ ਕੱਸਣ ਦੇ ਇਰਾਦੇ ਨਾਲ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਨਵੇਂ ਨਿਰਦੇਸ਼ਾਂ ਮੁਤਾਬਕ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਥਾਰਿਟੀਜ ਵੱਲੋਂ ਉਜ਼ਰ ਜਤਾਏ ਵਿਸ਼ਾ ਵਸਤੂ ਨੂੰ 36 ਘੰਟਿਆਂ ਅੰਦਰ ਆਪਣੇ ਮੰਚ ਤੋਂ ਹਟਾਉਣਾ ਹੋਵੇਗਾ।

ਇਹੀ ਨਹੀਂ ਇਨ੍ਹਾਂ ਪਲੇਟਫਾਰਮਾਂ ਨੂੰ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਚੌਖਟਾ ਵਿਕਸਤ ਕਰਨਾ ਹੋਵੇਗਾ, ਜਿਸ ਦੇ ਅਧਿਕਾਰੀ ਦਾ ਦਫਤਰ ਭਾਰਤ ਵਿਚ ਹੀ ਅਧਾਰਿਤ ਹੋਵੇਗਾ। ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਟਵਿੱਟਰ ਤੇ ਵੱਟਸਐਪ ਜਿਹੇ ਪਲੇਟਫਾਰਮਾਂ ਲਈ ਅਜਿਹੇ ਕਿਸੇ ਵੀ ਸੁਨੇਹੇ, ਜਿਸ ਨੂੰ ਦੇਸ਼ ਵਿਰੋਧੀ ਤੇ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਲਈ ਖਤਰਾ ਮੰਨਿਆ ਜਾਵੇਗਾ, ਦੇ ਮੂਲ ਸਰੋਤ ਦੀ ਪਛਾਣ ਕਰਨੀ ਲਾਜ਼ਮੀ ਹੋਵੇਗੀ। ਪਹਿਲੀ ਵਾਰ ਹੈ ਜਦੋਂ ਦੇਸ਼ ਦੇ ਅਧਿਕਾਰ ਖੇਤਰ 'ਚ ਚਲਦੇ ਡਿਜੀਟਲ ਤੇ ਆਨਲਾਈਨ ਮੀਡੀਆ ਲਈ ਨੇਮ ਘੜੇ ਗਏ ਹਨ। ਸਰਕਾਰ ਨੇ ਇਹ ਦਿਸ਼ਾ ਨਿਰਦੇਸ਼ ਅਜਿਹੇ ਮੌਕੇ ਜਾਰੀ ਕੀਤੇ ਹਨ, ਜਦੋਂ ਕਿਸਾਨ ਅੰਦੋਲਨ ਬਾਰੇ ਕੁਝ ਸੁਨੇਹਿਆਂ ਨੂੰ ਲੈ ਕੇ ਸਰਕਾਰ ਤੇ ਟਵਿੱਟਰ ਦਰਮਿਆਨ ਸ਼ਬਦੀ ਜੰਗ ਸਿਖਰ 'ਤੇ ਸੀ।



ਸਰਕਾਰ ਨੇ ਮਾਈਕਰੋ ਬਲੌਗਿੰਗ ਸਾਈਟ ਟਵਿੱਟਰ ਨੂੰ 1500 ਦੇ ਕਰੀਬ ਖਾਤੇ ਬੰਦ ਕਰਨ ਤੇ ਸੁਨੇਹੇ ਹਟਾਉਣ ਲਈ ਕਿਹਾ ਸੀ। ਟਵਿੱਟਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹਵਾਲੇ ਨਾਲ ਪਹਿਲਾਂ ਤਾਂ ਸਰਕਾਰ ਨੂੰ ਨਾਂਹ ਕਰ ਦਿੱਤੀ, ਪਰ ਜਦੋਂ ਸਰਕਾਰ ਨੇ ਫੌਜਦਾਰੀ ਕੇਸ ਦੀ ਚਿਤਾਵਨੀ ਦਿੱਤੀ ਤਾਂ ਟਵਿੱਟਰ ਨੇ ਹਾਮੀ ਭਰ ਦਿੱਤੀ।

ਸੂਚਨਾ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਤੇ ਫਰਜ਼ੀ ਖਬਰਾਂ ਦੇ ਫੈਲਾਅ ਸਬੰਧੀ ਲਗਾਤਾਰ ਫਿਕਰ ਜ਼ਾਹਿਰ ਕੀਤੇ ਜਾ ਰਹੇ ਸਨ। ਪ੍ਰਸਾਦ ਨੇ ਕਿਹਾ, 'ਸੋਸ਼ਲ ਮੀਡੀਆ ਕੰਪਨੀਆਂ ਦਾ ਭਾਰਤ ਨੂੰ ਸਸ਼ਕਤ ਬਣਾਉਣ ਤੇ ਦੇਸ਼ ਵਿਚ ਕਾਰੋਬਾਰ ਕਰਨ ਲਈ ਸਵਾਗਤ ਹੈ....ਅਸੀਂ ਨੁਕਤਾਚੀਨੀ ਤੇ ਵਿਰੋਧ ਦਾ ਸਵਾਗਤ ਕਰਦੇ ਹਾਂ...ਪਰ ਇਹ ਵੀ ਅਹਿਮ ਹੈ ਕਿ ਅਸੀਂ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੂੰ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਸਮਾਂਬੱਧ ਹੱਲ ਲਈ ਕੋਈ ਢੁਕਵਾਂ ਮੰਚ ਮੁਹੱਈਆ ਕਰਵਾਈਏ।' ਪ੍ਰਸਾਦ ਨੇ ਕਿਹਾ ਕਿ ਇਸ ਕੰਮ ਲਈ ਸਾਲਸਾਂ ਦੇ ਦੋ ਵਰਗ ਹੋਣਗੇ- ਸੋਸ਼ਲ ਮੀਡੀਆ ਸਾਲਸ ਤੇ ਅਹਿਮ ਸੋਸ਼ਲ ਮੀਡੀਆ ਸਾਲਸ। ਇਨ੍ਹਾਂ ਦੋਵਾਂ ਵਿਚਲਾ ਫਰਕ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਵਰਤੋਂਕਾਰਾਂ ਦੀ ਗਿਣਤੀ 'ਤੇ ਅਧਾਰਿਤ ਹੋਵੇਗਾ ਤੇ ਸਰਕਾਰ ਜਲਦੀ ਹੀ ਦੋਵਾਂ ਦੇ ਯੂਜਰ ਬੇਸ ਦੇ ਚੌਖਟੇ ਬਾਰੇ ਐਲਾਨ ਕਰੇਗੀ। ਉਧਰ, ਨਵੇਂ ਪਬਲਿਸ਼ਰਾਂ, ਓਟੀਟੀ ਪਲੇਟਫਾਰਮਾਂ ਤੇ ਡਿਜੀਟਲ ਮੀਡੀਆ ਲਈ ਨੈਤਿਕਤਾ ਕੋਡ ਦੇ ਨਾਲ ਤਿੰਨ ਪੜਾਵੀ ਸ਼ਿਕਾਇਤ ਨਿਵਾਰਣ ਚੌਖਟਾ ਹੋਵੇਗਾ। ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਓ.ਟੀ.ਟੀ. ਪਲੇਟਫਾਰਮਾਂ ਨੂੰ ਪੇਰੈਂਟਲ ਲੌਕ ਜਿਹੀਆਂ ਵਿਵਸਥਾਵਾਂ ਦਾ ਪ੍ਰਬੰਧ ਕਰਨਾ ਹੋਵੇਗਾ। ਆਨਲਾਈਨ ਪਬਲਿਸ਼ਰਾਂ ਨੂੰ ਵੀ ਵਿਸ਼ਾ ਵਸਤੂ ਦੀ ਦਰਜਾਬੰਦੀ ਰੇਟਿੰਗ ਪ੍ਰਮੁਖਤਾ ਨਾਲ ਡਿਸਪਲੇਅ ਕਰਨੀ ਹੋਵੇਗੀ। ਆਫਲਾਈਨ (ਪ੍ਰਿੰਟ ਤੇ ਟੀਵੀ) ਅਤੇ ਡਿਜੀਟਲ ਮੀਡੀਆ ਨੂੰ ਬਰਾਬਰ ਦੇ ਮੌਕੇ ਦੇਣ ਲਈ ਡਿਜੀਟਲ ਮੀਡੀਆ 'ਤੇ ਪ੍ਰਸਾਰਿਤ ਹੋਣ ਵਾਲੀਆਂ ਖਬਰਾਂ ਦੇ ਪਬਲਿਸ਼ਰਾਂ ਨੂੰ ਭਾਰਤੀ ਪ੍ਰੈੱਸ ਕੌਂਸਲ (ਪੀ.ਸੀ.ਆਈ.) ਦੇ ਪੱਤਰਕਾਰੀ ਨਾਲ ਜੁੜੇ ਨੇਮਾਂ ਤੇ ਕੇਬਲ ਟੈਲੀਵਿਜ਼ਨ ਨੈੱਟਵਰਕ ਰੈਗੂਲੇਸ਼ਨ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਹੋਵੇਗਾ।

### ਸੋਸ਼ਲ ਮੀਡੀਆ ਨੂੰ ਕਾਨੂੰਨ ਦੀ ਪਾਲਣਾ ਕਰਨੀ ਪਵੇਗੀ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਸਾਰੇ ਡਿਜੀਟਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ, ਪਰ ਉਨ੍ਹਾਂ ਨੂੰ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨੀ ਹੋਵੇਗੀ। ਗ੍ਰਹਿ ਮੰਤਰਾਲੇ ਨੇ ਇਕ ਟਵੀਟ 'ਚ ਕਿਹਾ, 'ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਭਾਰਤੀ ਕਾਨੂੰਨ ਮੰਨਣੇ ਪੈਣਗੇ। ਐਲਾਨੇ ਗਏ ਨਵੇਂ ਨਿਯਮ ਸੋਸ਼ਲ ਮੀਡੀਆ ਵਰਤੋਂਕਾਰਾਂ ਨੂੰ ਸੰਸਥਾਗਤ ਨਿਵਾਰਨ ਪ੍ਰਣਾਲੀ ਰਾਹੀਂ ਹੋਰ ਤਾਕਤ ਦੇਣਗੇ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਯਕੀਨੀ ਬਣਾਉਣਗੇ।'

### ਜਮਹੂਰੀਅਤ ਦੀ ਸੰਘੀ ਘੁੱਟਣ ਦੀ ਕੋਸ਼ਿਸ਼: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਸੋਸ਼ਲ ਮੀਡੀਆ 'ਤੇ ਬੰਦਿਸ਼ਾਂ ਲਗਾ ਕੇ ਲੋਕਤੰਤਰ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਤਾਨਾਸ਼ਾਹ ਤਰੀਕੇ ਨਾਲ ਦੇਸ਼ ਵਿਚ ਸ਼ਾਸਨ ਚਲਾ ਕਰ ਰਹੇ ਹਨ। ਵਿਰੋਧ ਦੀ ਆਵਾਜ਼ ਦਬਾਉਣ ਲਈ ਉਹ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਰਹੇ ਹਨ ਅਤੇ ਵਿਰੋਧ ਕਰਨ ਵਾਲੇ ਲੋਕਾਂ ਉਤੇ ਝੂਠੇ ਮੁਕਦਮੇ ਦਰਜ ਕਰ ਰਹੇ ਹਨ।

## 'ਵਰਸਿਟੀਆਂ ਦੇ ਉਪ ਕੁਲਪਤੀਆਂ ਵੱਲੋਂ ਅਸਤੀਫਾ

**ਮੁੰਬਈ:** ਮਹਾਰਾਸ਼ਟਰ ਵਿਚ ਦੋ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਨੇ ਆਪਣੇ ਅਹੁਦੇ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਅਚਾਨਕ ਹੀ ਆਪਣਾ ਅਸਤੀਫਾ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੂੰ ਸੌਂਪ ਦਿੱਤਾ ਹੈ।

ਸੂਤਰਾਂ ਨੇ ਦੱਸਿਆ ਕਿ ਦੋਵੇਂ ਉਪ ਕੁਲਪਤੀਆਂ ਨੇ ਅਸਤੀਫੇ ਪਿੱਛੇ ਆਪਣੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ਹੈ ਪਰ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਨੇ ਦੋਸ਼ ਲਾਇਆ ਕਿ ਉਪ ਕੁਲਪਤੀਆਂ ਵੱਲੋਂ ਸੂਬਾ ਸਰਕਾਰ ਦੀ 'ਸਿਆਸੀ ਦਖਲਅੰਦਾਜੀ' ਕਾਰਨ ਅਸਤੀਫਾ ਦਿੱਤਾ ਗਿਆ ਹੈ। ਸੂਬੇ ਦੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦਵੇਂਦਰ ਫੜਨਵੀਸ ਨੇ ਇਸ ਸਬੰਧੀ ਕਿਹਾ ਕਿ ਇਹ ਇਕ ਗੰਭੀਰ ਮਸਲਾ ਹੈ ਅਤੇ ਰਾਜਪਾਲ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ।

ਸੂਤਰਾਂ ਮੁਤਾਬਕ ਰਾਜਪਾਲ ਕੋਸ਼ਿਆਰੀ, ਜੋ ਸੂਬੇ 'ਚ ਯੂਨੀਵਰਸਿਟੀਆਂ ਦੇ ਚਾਂਸਲਰ ਹਨ, ਨੇ ਕਵਿੱਤਰੀ ਬਹਿਨਾਬਾਈ ਚੌਧਰੀ ਉੱਤਰੀ ਮਹਾਰਾਸ਼ਟਰ ਯੂਨੀਵਰਸਿਟੀ, ਜਲਗਾਉਂ ਦੇ ਉਪ ਕੁਲਪਤੀ ਪ੍ਰਦੀਪ ਪਾਟਿਲ ਅਤੇ ਡਾ. ਬਾਬਾਸਾਹਿਬ ਅੰਬੇਡਕਰ ਤਕਨਾਲੋਜੀਕਲ ਯੂਨੀਵਰਸਿਟੀ, ਲੋਨੇਰੇ (ਜਿਲ੍ਹਾ ਰਾਏਗੜ੍ਹ) ਦੇ ਉਪ ਕੁਲਪਤੀ ਵੇਦਲਾ ਰਾਮਾ ਸ਼ਾਸਤਰੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਇਸੇ ਦੌਰਾਨ ਏ.ਬੀ.ਵੀ.ਪੀ. ਦੀ ਕੋਂਕਣ ਦੀ ਸੂਬਾ ਸਕੱਤਰ ਪ੍ਰੇਰਨਾ ਪਵਾਰ ਨੇ ਇਕ ਬਿਆਨ 'ਚ ਕਿਹਾ, 'ਏ.ਬੀ.ਵੀ.ਪੀ. ਦਾ ਮੰਨਣਾ ਹੈ ਕਿ ਇਹ ਅਸਤੀਫੇ ਸਿਆਸੀ ਦਖਲਅੰਦਾਜੀ ਕਾਰਨ ਦਿੱਤੇ ਗਏ ਹਨ, ਜਿਸ ਨੇ ਉਪ ਕੁਲਪਤੀਆਂ ਦੇ ਅਧਿਕਾਰਾਂ ਅਤੇ ਖੁਦਮੁਖਤਿਆਰੀ ਨੂੰ ਖੋਖਲਾ ਕਰ ਦਿੱਤਾ।'

## ਹਰਿਆਣਾ ਦੇ ਕਿਸਾਨ ਧਰਨਿਆਂ 'ਚ ਔਰਤਾਂ ਦੀ ਸ਼ਿਰਕਤ ਵਧੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਕੌਮੀ ਰਾਜਧਾਨੀ ਦੀ ਬਰੂੰਹਾਂ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਦਾ ਅਸਰ ਦੇਸ਼ ਭਰ ਵਿਚ ਵਿਖਾਈ ਦੇਣ ਲੱਗਾ ਹੈ। ਜਿਥੇ ਵੱਡੀ ਗਿਣਤੀ ਲੋਕ ਆਪਣੇ ਪਰਿਵਾਰਾਂ ਸਣੇ ਕਿਸਾਨਾਂ ਦੀ ਹਮਾਇਤ ਵਿਚ ਧਰਨੇ ਦੇ ਰਹੇ ਹਨ, ਉਥੇ ਹਰਿਆਣਾ ਦੇ ਟੌਲ ਪਲਾਜ਼ਿਆਂ 'ਤੇ ਚੱਲ ਰਹੇ ਧਰਨਿਆਂ ਅਤੇ ਕਿਸਾਨ ਮਹਾਪੰਚਾਇਤਾਂ ਵਿਚ ਔਰਤਾਂ ਦੀ ਸ਼ਮੂਲੀਅਤ ਪਹਿਲਾਂ ਨਾਲੋਂ ਵੱਧ ਗਈ ਹੈ।

ਸੂਬੇ ਭਰ ਵਿਚ ਹੋਈਆਂ ਕਿਸਾਨ ਮਹਾਪੰਚਾਇਤਾਂ ਵਿਚ ਔਰਤਾਂ ਵੱਡੀ ਗਿਣਤੀ ਵਿਚ ਹਿੱਸਾ ਲੈ ਰਹੀਆਂ ਹਨ। ਉਹ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਦਿੱਲੀ ਸੰਘਰਸ਼ ਵਿਚ ਵੀ ਪਹੁੰਚ ਰਹੀਆਂ ਹਨ। ਸੂਬੇ ਵਿਚ ਖੇਤੀ ਕਰਨ ਅਤੇ ਖਾਣਾ ਬਣਾਉਣ ਵਾਲੀਆਂ ਔਰਤਾਂ ਦੇ ਕਿਸਾਨੀ ਸੰਘਰਸ਼ ਵਿਚ ਡਟਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰੀ ਖੇਤੀ ਕਾਨੂੰਨ ਕਿਸਾਨ ਵਿਰੋਧੀ ਹਨ। ਇਸ ਦੇ ਨਾਲ ਹੀ ਉਨ੍ਹਾਂ ਕੇਂਦਰ ਸਰਕਾਰ ਤੋਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਉਣ ਦੀ ਮੰਗ ਕੀਤੀ।

ਕਿਸਾਨੀ ਸੰਘਰਸ਼ ਵਿਚ ਸ਼ਾਮਲ ਸੁਦੇਸ਼ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਨੂੰ ਦਿੱਲੀ 'ਚ ਸੰਘਰਸ਼ ਕਰਦਿਆਂ ਤਿੰਨ ਮਹੀਨੇ ਹੋ ਗਏ ਹਨ। ਇਸ ਦੌਰਾਨ 250 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਹਨ ਪਰ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਪਿੱਛੇ ਹਟਣ ਵਾਲਾ ਨਹੀਂ ਹੈ।

ਖਟਕੜ ਟੌਲ ਪਲਾਜ਼ਾ 'ਤੇ ਚੱਲ ਰਹੇ ਸੰਘਰਸ਼ ਨੂੰ ਸੰਬੋਧਨ ਕਰਦਿਆਂ ਸਿਕਮ ਬੇਬੀ, ਰਾਜ ਬਾਲਾ, ਡਾ. ਸੰਤੋਸ਼ ਦਹੀਆ ਤੇ ਕਵੀਤਾ ਨੇ ਕੇਂਦਰ ਸਰਕਾਰ ਦੇ ਵਤੀਰੇ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਹਰਿਆਣਾ ਦੀਆਂ ਔਰਤਾਂ ਵੀ ਕੇਂਦਰ ਦੀ ਲੋਕ ਵਿਰੋਧੀ ਨੀਤੀਆਂ ਖਿਲਾਫ ਪਿੱਛੇ ਹਟਣ ਵਾਲੀਆਂ ਨਹੀਂ ਹਨ। ਹਾਲੇ ਤਾਂ ਦੇਸ਼ ਦਾ ਕਿਸਾਨ ਸ਼ਾਂਤਮਈ ਢੰਗ ਨਾਲ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਜੇਕਰ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾ ਨਾ ਮੰਨੀਆਂ ਤਾਂ ਹਰਿਆਣਾ ਦੇ ਕਿਸਾਨ ਆਪਣੇ ਪਰਿਵਾਰ ਅਤੇ ਪਸ਼ੂਆਂ ਸਣੇ ਦਿੱਲੀ ਸੰਘਰਸ਼ ਵਿਚ ਸ਼ਾਮਲ ਹੋਣਗੇ।

## ਚੀਨੀ ਹੈਕਰਜ਼ ਨੇ ਭਾਰਤੀ ਬਿਜਲੀ ਖੇਤਰ ਨੂੰ ਨਿਸ਼ਾਨਾ ਬਣਾਇਆ

**ਵਾਸ਼ਿੰਗਟਨ:** ਭਾਰਤ ਅਤੇ ਚੀਨ ਦਰਮਿਆਨ ਜਾਰੀ ਸਰਹੱਦੀ ਤਣਾਅ ਵਿਚਾਲੇ ਚੀਨ ਸਰਕਾਰ ਨਾਲ ਜੁੜੇ ਹੈਕਰਾਂ ਦੇ ਇਕ ਸਮੂਹ ਨੇ ਮਾਲਵੇਅਰ ਜਰੀਏ ਭਾਰਤ ਦੇ ਬਿਜਲੀ ਗਰਿੱਡ ਨੂੰ ਨਿਸ਼ਾਨਾ ਬਣਾਇਆ ਸੀ। ਇਕ ਅਮਰੀਕੀ ਕੰਪਨੀ ਨੇ ਆਪਣੇ ਤਾਜ਼ਾ ਸਰਵੇਖਣ ਵਿਚ ਇਹ ਸ਼ੱਕ ਜਤਾਇਆ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਹੈ ਕਿ ਬੀਤੇ ਵਰ੍ਹੇ ਮੁੰਬਈ ਵਿਚ ਵੱਡੇ ਇਲਾਕੇ ਦੀ ਬਿਜਲੀ ਗੁਲ ਹੋਣਾ ਆਨਲਾਈਨ ਘੁਸਪੈਠ ਦਾ ਨਤੀਜਾ ਸੀ। ਮੈਸੇਚਿਊਟਸ-ਅਧਾਰਤ ਕੰਪਨੀ ਰਿਕਾਰਡਿਡ ਫਿਊਚਰ ਜੋ ਵੱਖ-ਵੱਖ ਮੁਲਕਾਂ ਵੱਲੋਂ ਇੰਟਰਨੈਟ ਦੀ ਵਰਤੋਂ ਕਰਨ ਦਾ ਅਧਿਐਨ ਕਰਦੀ ਹੈ, ਨੇ ਹਾਲ ਦੀ ਆਪਣੀ ਰਿਪੋਰਟ ਵਿਚ ਚੀਨ ਅਧਾਰਤ ਰੈੱਡ ਈਕੋ ਹੈਕਰਸ ਦੇ ਗਰੁੱਪ ਵੱਲੋਂ ਭਾਰਤੀ ਊਰਜਾ ਖੇਤਰ ਨੂੰ ਨਿਸ਼ਾਨਾ ਬਣਾਏ ਜਾਣ ਲਈ ਚਲਾਈ ਮੁਹਿੰਮ ਦਾ ਵੇਰਵਾ ਦਿੱਤਾ ਹੈ। ਇਸ ਦਾ ਪਤਾ ਵੱਡੇ ਪੱਧਰ 'ਤੇ ਆਟੋਮੈਟਿਕ ਨੈਟਵਰਕ ਟ੍ਰੈਫਿਕ ਵਿਸ਼ਲੇਸ਼ਣ ਅਤੇ ਮਾਹਰ ਵਿਸ਼ਲੇਸ਼ਣ ਨਾਲ ਚਲਿਆ ਹੈ। ਜ਼ਿਕਰਯੋਗ ਹੈ ਕਿ 12 ਅਕਤੂਬਰ ਨੂੰ ਮੁੰਬਈ ਵਿਚ ਇਕ ਗਰਿੱਡ ਫੇਲ੍ਹ ਹੋ ਗਿਆ ਸੀ ਤੇ ਵੱਡੇ ਇਲਾਕੇ ਦੀ ਬਿਜਲੀ ਗੁਲ ਹੋ ਗਈ ਸੀ ਜਿਸ ਕਾਰਨ ਰੇਲ ਗੱਡੀਆਂ ਤੱਕ ਰੁਕ ਗਈਆਂ ਸਨ। ਬਿਜਲੀ ਬਹਾਲ ਹੋਣ ਵਿਚ 2 ਘੰਟਿਆਂ ਦਾ ਸਮਾਂ ਲੱਗ ਗਿਆ ਸੀ, ਜਿਸ ਨੂੰ ਦੇਖਦਿਆਂ ਮੁੱਖ ਮੰਤਰੀ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ।

ਹਾਲ ਦੀ ਘੜੀ ਅਮਰੀਕੀ ਕੰਪਨੀ ਦੇ ਇਸ ਅਧਿਐਨ ਬਾਰੇ ਭਾਰਤ ਸਰਕਾਰ ਦਾ ਕੋਈ ਜਵਾਬ ਨਹੀਂ ਆਇਆ ਹੈ ਪਰ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੈਨਬਿਨ ਨੇ ਭਾਰਤੀ ਬਿਜਲੀ ਗਰਿੱਡ ਦੀ ਹੈਕਿੰਗ ਵਿਚ ਚੀਨ ਦੀ ਸ਼ਮੂਲੀਅਤ ਦੇ ਖਦਸ਼ੇ ਦੀ ਆਲੋਚਨਾ ਕਰਦਿਆਂ ਇਸ ਨੂੰ "ਗੈਰ-ਜਿੰਮੇਵਾਰਾਨਾ ਅਤੇ ਗੈਰ-ਇਰਾਦਤਨ" ਤੇ ਬਿਨਾਂ ਸਬੂਤਾਂ ਦੀ ਕਾਰਵਾਈ ਦੱਸਿਆ ਹੈ।

## ਸਿੱਖਾਂ ਖਿਲਾਫ ਕੂੜ-ਪ੍ਰਚਾਰ ਤੋਂ ਇਨਕਾਰ

**ਨਵੀਂ ਦਿੱਲੀ:** ਭਾਰਤ ਦੇ ਇਕ ਮੀਡੀਆ ਘਰਾਣੇ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਗਣਤੰਤਰ ਦਿਵਸ ਮੌਕੇ ਟਰੈਕਟਰ ਪਰੇਡ ਦੌਰਾਨ ਅਪੁਸ਼ਟ ਵੀਡੀਓ ਆਪਣੇ ਚੈਨਲ 'ਤੇ ਚਲਾ ਕੇ ਸਿੱਖਾਂ ਖਿਲਾਫ 'ਹਮਲਾਵਰ ਅਤੇ ਸੰਭਾਵੀ ਘਾਤਕ' ਹਮਲਾ ਕੀਤਾ ਹੈ। ਦਿੱਲੀ ਹਾਈ ਕੋਰਟ ਵਿਚ ਦਾਖਲ ਹਲਫਨਾਮੇ ਵਿਚ ਮੀਡੀਆ ਘਰਾਣੇ ਨੇ ਦਾਅਵਾ ਕੀਤਾ ਕਿ ਸਿੱਖ ਭਾਈਚਾਰੇ ਨਾਲ ਸਬੰਧਤ ਕੋਈ ਵੀ ਗੱਲ ਨਹੀਂ ਆਖੀ ਗਈ। ਦੋ ਜਨਹਿੱਤ ਪਟੀਸ਼ਨਾਂ ਦੇ ਜਵਾਬ ਵਿਚ ਇਹ ਦਾਅਵਾ ਕੀਤਾ ਗਿਆ ਸੀ ਜਿਨ੍ਹਾਂ ਵਿਚ ਦੋਸ਼ ਲਾਇਆ ਸੀ ਕਿ ਮੀਡੀਆ ਘਰਾਣੇ ਨੇ ਗਣਤੰਤਰ ਦਿਵਸ ਮੌਕੇ ਕਿਸਾਨਾਂ ਦੇ ਪ੍ਰਦਰਸ਼ਨ ਦੌਰਾਨ ਅਪੁਸ਼ਟ ਵੀਡੀਓ ਦਾ ਆਪਣੇ ਚੈਨਲ 'ਤੇ ਪ੍ਰਸਾਰਨ ਕਰ ਕੇ ਸਿੱਖ ਭਾਈਚਾਰੇ 'ਤੇ 'ਮਨਘੜਤ, ਹਮਲਾਵਰ ਅਤੇ ਸੰਭਾਵੀ ਘਾਤਕ' ਹਮਲਾ ਕੀਤਾ ਹੈ। ਪਟੀਸ਼ਨਾਂ ਦੇ ਜਵਾਬ ਵਿਚ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਵੀ ਆਪਣਾ ਜਵਾਬ ਦਾਖਲ ਕਰਦਿਆਂ ਕਿਹਾ ਕਿ ਇਹ ਚੈਨਲ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਯਕੀਨੀ ਬਣਾਏ ਕਿ ਟੀਵੀ 'ਤੇ ਨਸ਼ਰ ਪ੍ਰੋਗਰਾਮ 'ਚ ਕੇਬਲ ਟੈਲੀਵਿਜ਼ਨ ਨੈਟਵਰਕ (ਸੀ.ਟੀ.ਐਨ.) ਕਾਨੂੰਨ ਤਹਿਤ ਪ੍ਰੋਗਰਾਮ ਕੋਡ ਦੀ ਉਲੰਘਣਾ ਨਹੀਂ ਹੋਈ। ਇਹ ਪਟੀਸ਼ਨਾਂ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਦਿੱਲੀ ਵਾਸੀ ਮਨਜੀਤ ਸਿੰਘ ਜੀ.ਕੇ. ਨੇ ਪਾਈਆਂ ਸਨ।

## ਕੇਂਦਰ ਵੱਲੋਂ ਸਖਤ ਨੇਮਾਂ ਨਾਲ ਕਰੋਨਾ ਦਾ ਟਾਕਰਾ ਕਰਨ ਦੇ ਹੁਕਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕੋਵਿਡ- 19 ਕੇਸਾਂ ਦੀ ਗਿਣਤੀ 'ਚ ਵਾਧਾ ਦਰਸਾਉਣ ਵਾਲੇ ਸੂਬਿਆਂ ਤੇ ਯੂਟੀਜ਼ ਨੂੰ ਕੋਵਿਡ-19 ਸਬੰਧੀ ਨੇਮਾਂ ਦੀ ਉਲੰਘਣਾ ਨਾਲ ਸਖਤੀ ਨਾਲ ਨਜਿੱਠਣ ਤੇ ਕੇਸਾਂ ਦੀ ਗਿਣਤੀ 'ਚ ਸੰਭਾਵੀ ਪੱਧਰ 'ਤੇ ਵਾਧਾ ਹੋਣ ਦੀ ਸਥਿਤੀ 'ਚ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਰੱਖਣ ਲਈ ਕਿਹਾ ਹੈ ਤਾਂ ਕਿ ਪਿਛਲੇ ਵਰ੍ਹੇ ਪ੍ਰਾਪਤ ਕੀਤੇ ਟੀਚੇ ਪ੍ਰਭਾਵਿਤ ਨਾ ਹੋ ਸਕਣ।

ਕੈਬਨਿਟ ਸਕੱਤਰ ਰਾਜੀਵ ਗੁਪਤਾ ਨੇ ਇਕ ਉਚ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ 'ਚ ਮਹਾਰਾਸ਼ਟਰ, ਪੰਜਾਬ, ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਪੱਛਮੀ ਬੰਗਾਲ, ਤੇਲੰਗਾਨਾ ਤੇ ਜੰਮੂ ਕਸ਼ਮੀਰ ਦੇ ਮੁੱਖ ਸਕੱਤਰਾਂ ਨੇ ਹਿੱਸਾ ਲਿਆ। ਪਿਛਲੇ ਹਫਤੇ ਦੌਰਾਨ ਇਨ੍ਹਾਂ ਸੂਬਿਆਂ ਤੇ ਯੂਟੀਜ ਵਿੱਚ ਜਾਂ ਤਾਂ ਕੋਵਿਡ-19 ਦੇ ਐਕਟਿਵ ਕੇਸਾਂ ਦੀ ਗਿਣਤੀ 'ਚ ਵਾਧਾ ਦਰਜ ਕੀਤਾ ਗਿਆ ਹੈ ਤੇ ਜਾਂ ਨਵੇਂ ਕੇਸਾਂ ਦੀ ਗਿਣਤੀ ਵਧਣ ਲੱਗੀ ਹੈ।ਕੇਂਦਰੀ ਸਿਹਤ ਮੰਤਰਾਲੇ ਨੇ ਬਿਆਨ ਜਾਰੀ ਕਰਦਿਆਂ ਕਿਹਾ,'ਇਨ੍ਹਾਂ ਸੂਬਿਆਂ ਤੇ ਯੂਟੀਜ ਨੂੰ ਆਪਣੀ



ਸੁਰੱਖਿਆ ਪ੍ਰਣਾਲੀ ਮਜ਼ਬੂਤ ਬਣਾਈ ਰੱਖਣ, ਕੋਵਿਡ- 19 ਦੀ ਰੋਕਥਾਮ ਸਬੰਧੀ ਨੇਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਨ ਤੇ ਅਜਿਹਾ ਨਾ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਣ ਲਈ ਕਿਹਾ ਗਿਆ ਹੈ।

ਇਸ ਮੌਕੇ ਪ੍ਰਭਾਵਸ਼ਾਲੀ ਟੈਸਟਿੰਗ, ਵੱਡੇ ਪੱਧਰ 'ਤੇ ਕੇਸਾਂ ਦਾ ਟਰੈਕ ਰੱਖਣ, ਪਾਜੀਟਿਵ ਕੇਸਾਂ ਵਾਲੇ ਵਿਅਕਤੀਆਂ ਨੂੰ ਤੁਰਤ ਵੱਖਰਾ ਕਰਨ ਤੇ ਉਨ੍ਹਾਂ ਦੇ ਸੰਪਰਕ 'ਚ ਆਉਣ ਵਾਲੇ ਲੋਕਾਂ ਨੂੰ ਵੀ ਤੁਰਤ ਏਕਾਂਤਵਾਸ ਕਰਨ 'ਤੇ ਜੋਰ ਦਿੱਤਾ ਗਿਆ। ਇਸ ਮੌਕੇ ਸੂਬਿਆਂ ਨੂੰ ਇਹ ਸਲਾਹ ਦਿੱਤੀ ਗਈ ਕਿ ਕਰੋਨਾ ਦੇ ਵੱਧ ਕੇਸ ਮਿਲਣ ਵਾਲੇ ਜਿਲ੍ਹਿਆਂ 'ਚ ਪਹਿਲ ਦੇ ਆਧਾਰ 'ਤੇ ਟੀਕਾਕਰਨ ਕਰਵਾਉਣ ਤੋਂ ਇਲਾਵਾ ਕਰੋਨਾ ਦੇ ਨਵੇਂ ਰੂਪਾਂ ਦੇ ਫੈਲਾਅ ਦੀ ਸਹੀ ਢੰਗ ਨਾਲ ਮੌਨੀਟਰਿੰਗ ਅਤੇ ਮੁਢਲੇ ਪੱਧਰ 'ਤੇ ਕੇਸਾਂ ਦੀ ਪਛਾਣ ਤੇ ਕੰਟਰੋਲ ਲਈ ਕਲੱਸਟਰਿੰਗ 'ਤੇ ਜੋਰ ਦਿੱਤਾ ਜਾਵੇ। ਇਨ੍ਹਾਂ ਸੂਬਿਆਂ ਤੇ ਯੂਟੀਜ਼ ਨੂੰ ਟੈਸਟਿੰਗ ਘਟਣ ਵਾਲੇ ਜਿਲ੍ਹਿਆਂ 'ਚ ਟੈਸਟਿੰਗ ਵਧਾਉਣ ਤੇ ਐਂਟੀਜਨ ਟੈਸਟਿੰਗ ਦੀ ਵੱਧ ਗਿਣਤੀ ਵਾਲੇ ਜਿਲ੍ਹਿਆਂ ਵਿੱਚ ਆਰਟੀ-ਪੀਸੀਆਰ ਟੈਸਟਿੰਗ ਵਧਾਉਣ ਲਈ ਵੀ ਕਿਹਾ ਗਿਆ ਹੈ। ਇਸ ਦੌਰਾਨ ਮੁੱਖ ਸਕੱਤਰਾਂ ਨੇ ਸੂਬਿਆਂ ਦੀ ਮੌਜੂਦਾ ਸਥਿਤੀ ਤੇ ਕੋਵਿਡ-19 ਦੇ ਕੇਸਾਂ ਵਿੱਚ ਵਾਧੇ ਨਾਲ ਨਜਿੱਠਣ ਸਬੰਧੀ ਉਨ੍ਹਾਂ ਦੀ ਤਿਆਰੀ ਬਾਰੇ ਦੱਸਿਆ।

### ਕੌਮਾਂਤਰੀ ਉਡਾਣਾਂ 'ਤੇ ਪਾਬੰਦੀ 31 ਮਾਰਚ ਤੱਕ ਵਧਾਈ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਫਰਵਰੀ ਮਹੀਨੇ ਸਬੰਧੀ ਜਾਰੀ ਕੋਵਿਡ ਗਾਈਡਲਾਈਨਜ਼ ਮਾਰਚ ਮਹੀਨੇ ਲਈ ਵੀ ਜਾਰੀ ਰੱਖਣ ਦੇ ਫੈਸਲੇ ਨੂੰ ਧਿਆਨ 'ਚ ਰੱਖਦਿਆਂ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ ਤਜਵੀਜ਼ਤ ਅੰਤਰਰਾਸ਼ਟਰੀ ਵਪਾਰਕ ਉਡਾਣਾਂ ਉਤੇ ਪਾਬੰਦੀ 31 ਮਾਰਚ ਤੱਕ ਵਧਾਉਣ ਦਾ ਨਿਰਣਾ ਲਿਆ ਹੈ। ਡੀ.ਜੀ.ਸੀ.ਏ. ਨੇ ਪਹਿਲਾਂ ਇਹ ਪਾਬੰਦੀ 28 ਫਰਵਰੀ ਤੱਕ ਲਗਾਈ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਦੁਵੱਲੇ ਏਅਰ ਬੱਬਲ ਸਮਝੌਤਿਆਂ ਤਹਿਤ ਕਾਰਗੋ ਉਡਾਣਾਂ ਤੇ ਫਲਾਈਟ ਸੇਵਾਵਾਂ ਜਾਰੀ ਰਹਿਣਗੀਆਂ।

# ਕੈਪਟਨ ਅਮਰਿੰਦਰ ਸਿੰਘ ਦੀ 'ਕਪਤਾਨੀ' ਖਿਲਾਫ ਉਠੀਆਂ ਬਾਗੀ ਸੁਰਾਂ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੂੰ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮੁੜ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨ ਉਤੇ ਕਾਂਗਰਸ ਵਿਚ ਅੰਦਰੂਨੀ ਵਿਵਾਦ ਭਖ ਗਿਆ ਹੈ। ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਵੱਲੋਂ ਕੈਪਟਨ ਨੂੰ ਇਸ ਵਾਰ ਵੀ ਮੁੱਖ ਮੰਤਰੀ ਚਿਹਰੇ ਵਜੋਂ ਅੱਗੇ ਕਰਨ ਉਤੇ ਇਤਰਾਜ਼ ਉਠੇ ਹਨ।

ਕੈਪਟਨ ਦੀ ਲੀਡਰਸ਼ਿਪ 'ਤੇ ਵਿਧਾਇਕ ਪਰਗਟ ਸਿੰਘ ਸਿੱਧੂ ਵੱਲੋਂ ਸੁਆਲ ਚੁੱਕੇ ਜਾਣ ਮਗਰੋਂ ਕਾਂਗਰਸ ਸਰਕਾਰ 'ਚ ਇਕ ਨਵਾਂ ਵਿਵਾਦ ਛਿੜ ਗਿਆ ਹੈ। ਪਰਗਟ ਸਿੰਘ ਨੇ ਠੀਕ ਉਸ ਵਕਤ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ 'ਤੇ ਉਂਗਲ ਧਰੀ ਹੈ ਜਦੋਂ ਪੰਜਾਬ ਵਜ਼ਾਰਤ 'ਚ ਨਵਜੋਤ ਸਿੱਧੂ ਦੀ ਵਾਪਸੀ ਨੂੰ ਲੈ ਕੇ ਗੱਲਬਾਤ ਅਖੀਰਲੇ ਦੌਰ 'ਚ ਹੈ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੀ ਚੰਡੀਗੜ੍ਹ ਵਿਚ ਮੌਜੂਦਗੀ ਹੈ। ਠੀਕ ਇਕ ਵਰ੍ਹਾ ਪਹਿਲਾਂ ਵੀ ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਸੀ। ਚੇਤੇ ਰਹੇ ਕਿ ਪਰਗਟ ਸਿੰਘ ਦੀ ਨਵਜੋਤ ਸਿੱਧੂ ਨਾਲ ਬਹੁਤ ਨੇੜਤਾ ਹੈ। ਦੇਖਿਆ ਜਾਵੇ ਤਾਂ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੱਲੋਂ 'ਕੈਪਟਨ ਫਾਰ 2022' ਮੁਹਿੰਮ ਸ਼ੁਰੂ ਕਰਨ ਮਗਰੋਂ ਨਵੀਂ ਹਿਲਜੁਲ ਸ਼ੁਰੂ ਹੋਈ ਹੈ। ਵਿਧਾਇਕ ਪਰਗਟ ਸਿੰਘ ਨੇ ਇਕ ਇੰਟਰਵਿਊ ਦੌਰਾਨ ਆਖਿਆ ਕਿ ਸਾਲ 2022 ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਫੈਸਲਾ ਹਾਈ ਕਮਾਨ ਕਰੇਗੀ। ਉਨ੍ਹਾਂ ਕਿਹਾ ਕਿ ਜਾਖੜ ਦੀ ਨਿੱਜੀ ਰਾਇ ਹੋ ਸਕਦੀ ਹੈ ਪਰ ਚਿਹਰੇ ਦਾ ਫੈਸਲਾ ਹਾਈ ਕਮਾਨ ਦੇ ਹੱਥ ਹੈ।

ਦੱਸਣਯੋਗ ਹੈ ਕਿ ਨਗਰ ਨਿਗਮ ਚੋਣਾਂ 'ਚ ਕਾਂਗਰਸ ਨੂੰ ਮਿਲੀ ਸਫਲਤਾ ਤੋਂ ਬਾਅਦ ਪ੍ਰਦੇਸ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਉਂਦੀਆਂ 2022 ਦੀਆਂ ਚੋਣਾਂ ਲਈ ਵੀ ਮੁੱਖ ਮੰਤਰੀ ਦਾ ਚਿਹਰਾ ਦੱਸਿਆ ਗਿਆ ਸੀ, ਜਿਸ 'ਤੇ ਪ੍ਰਤੀਕ੍ਰਿਆ ਦਿੰਦੇ



ਹੋਏ ਪ੍ਰਗਟ ਸਿੰਘ ਨੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਇਸ ਤਰ੍ਹਾਂ ਉਨ੍ਹਾਂ ਇਕ ਤੀਰ ਨਾਲ ਕਈ ਨਿਸ਼ਾਨੇ ਕਰਦੇ ਹੋਏ ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ, ਉਥੇ ਉਨ੍ਹਾਂ ਸੂਬਾ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਇਕ ਤਰ੍ਹਾਂ ਨਾਲ ਚੁਣੌਤੀ ਦੇ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦਾ ਲੀਡਰਸ਼ਿੱਪ ਤੋਂ ਭਰੋਸਾ ਉਠਿਆ ਹੈ ਅਤੇ ਮਾਫੀਆ ਰਾਜ ਦੇ ਖਾਤਮੇ ਲਈ ਹਾਲੇ ਹੋਰ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੀ ਚਾਰ ਵਰ੍ਹਿਆਂ ਦੀ ਕਾਰਗੁਜ਼ਾਰੀ ਉੱਨੀ ਵਧੀਆ ਨਹੀਂ ਰਹੀ, ਜਿੰਨੀ ਅਮਰਿੰਦਰ ਦੀ ਸਮਰੱਥਾ ਹੈ। ਚਰਚੇ ਚੱਲੇ ਹਨ ਕਿ ਕਿਸਾਨ ਅੰਦੋਲਨ ਦੌਰਾਨ ਹੀ ਸਿਆਸੀ ਲੋਕਾਂ ਵੱਲੋਂ ਨਵੀਂ ਜੰਗ ਛੇੜ ਲਈ ਗਈ ਹੈ। ਬੇਸ਼ੱਕ ਸਰਕਾਰ ਦੀ ਕਾਰਗੁਜ਼ਾਰੀ ਕਿਸੇ ਤੋਂ ਛੁਪੀ ਨਹੀਂ ਹੈ ਪਰ ਪਰਗਟ ਸਿੰਘ ਦੇ ਬਿਆਨਾਂ ਨੇ ਬਲਦੀ 'ਤੇ ਤੇਲ ਪਾ ਦਿੱਤਾ ਹੈ। ਦੂਸਰੀ ਤਰਫ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਸਮੁੱਚੀ ਕਿਸਾਨੀ ਤਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਵੱਡੀ ਜੰਗ ਲੜ ਰਹੀ ਹੈ ਅਤੇ ਇਹ ਮੌਕਾ ਸਿਆਸੀ ਗੱਲਾਂ ਕਰਨ ਲਈ ਢੁਕਵਾਂ ਨਹੀਂ ਹੈ। ਮੌਕਾ ਛੋਟੀਆਂ ਗੱਲਾਂ ਨੂੰ ਛੱਡ ਕੇ ਵਡੇਰੇ ਹਿੱਤਾਂ ਲਈ ਲੜਨ ਦਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ 'ਚ ਸਭਨਾਂ ਨੂੰ ਇਕਜੁਟ ਹੋ ਕੇ ਲੜਾਈ ਲੜਨੀ ਚਾਹੀਦੀ ਹੈ। ਅਜਿਹੀਆਂ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਦਾ ਫਾਇਦਾ ਵਿਰੋਧੀਆਂ ਨੂੰ ਮਿਲਦਾ ਹੋਵੇ। ਕਿਸਾਨ ਤਾਂ ਪੂਰੇ ਦੇਸ ਦੀ ਲੜਾਈ ਲੜ ਰਹੇ ਹਨ ਅਤੇ ਪੰਜਾਬ ਦੇ ਭਵਿੱਖ ਦਾ ਸੁਆਲ ਹੈ। ਉਨ੍ਹਾਂ ਕਿਹਾ ਕਿ ਕੋਈ ਸ਼ੱਕ ਨਹੀਂ ਕਿ ਮੁੱਖ ਮੰਤਰੀ ਦਾ ਫੈਸਲਾ ਹਾਈ ਕਮਾਨ ਨੇ ਕਰਨਾ ਹੈ ਪਰ ਸਰਕਾਰ ਬਣਾਉਣ ਲਈ ਚੋਣਾਂ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਹੇਠ ਹੀ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਫੈਸਲਾ ਤਾਂ ਸਾਰੇ ਵਿਧਾਇਕਾਂ ਦੀ ਰਾਇ ਮਗਰੋਂ ਹਾਈ ਕਮਾਨ ਨੇ ਹੀ ਕਰਨਾ ਹੁੰਦਾ ਹੈ।

ਦੱਸ ਦਈਏ ਕਿ ਪ੍ਰਗਟ ਸਿੰਘ ਨੇ ਕਾਂਗਰਸ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਉਤੇ ਨਾਖੁਸ਼ੀ ਪ੍ਰਗਟ ਕਰਦੇ ਹੋਏ ਇਥੋਂ ਤੱਕ ਆਖ ਦਿੱਤਾ ਕਿ ਕਾਂਗਰਸ ਲਈ ਆਉਂਦੀਆਂ 2022 ਚੋਣਾਂ ਦੌਰਾਨ ਲੋਕਾਂ ਕੋਲੋਂ ਵੋਟਾਂ ਮੰਗਣੀਆਂ ਕਾਫੀ ਔਖੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਲੋਕਾਂ ਦੀਆਂ ਉਮੀਦਾਂ ਉਤੇ ਖਰੀ ਨਹੀਂ ਉਤਰੀ ਅਤੇ ਪਿਛਲੇ 4 ਸਾਲ ਦੇ ਅਰਸੇ ਦੌਰਾਨ ਕਾਂਗਰਸ ਵੱਲੋਂ ਕੋਈ ਵੀ ਲੋਕ ਪੱਖੀ ਕੰਮ ਨਾ ਕੀਤੇ ਜਾਣ ਕਾਰਨ ਕਾਂਗਰਸੀ ਆਗੂ ਲੋਕਾਂ 'ਚ ਜਾਣ ਤੋਂ ਕਤਰਾ ਰਹੇ ਹਨ। ਅਜਿਹੇ 'ਚ ਜੇਕਰ ਸੂਬੇ ਵਿਚ ਮੁੜ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਉਤੇ ਵੋਟਾਂ ਮੰਗੀਆਂ ਗਈਆਂ ਤਾਂ ਰਾਜ ਦੇ ਲੋਕ ਸੋਚਣ ਲਈ ਮਜਬੂਰ ਹੋਣਗੇ।

### ਚੋਣਾਂ ਦੀ ਅਗਵਾਈ ਕੈਪਟਨ ਨੂੰ ਦੇਣ ਦੀ ਗੱਲ ਕਹੀ ਸੀ: ਜਾਖੜ

**ਚੰਡੀਗੜ੍ਹ:** ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮਗਰਲੇ ਕੁਝ ਦਿਨਾਂ ਤੋਂ ਪਾਰਟੀ ਅੰਦਰ ਉਨ੍ਹਾਂ ਦੇ ਬਿਆਨ ਨੂੰ ਲੈ ਕੇ ਚੱਲ ਰਹੇ ਵਿਵਾਦ ਸਬੰਧੀ ਸਪਸ਼ਟ ਕੀਤਾ ਕਿ ਉਨ੍ਹਾਂ ਕਦੀ ਵੀ ਇਹ ਨਹੀਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ 2022-2027 ਲਈ ਮੁੱਖ ਮੰਤਰੀ ਉਮੀਦਵਾਰ ਹੋਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ 2022 ਵਿਧਾਨ ਸਭਾ ਚੋਣਾਂ ਲਈ ਪਾਰਟੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ, ਜਿਸ ਲਈ ਇਕ ਤਰ੍ਹਾਂ ਨਾਲ ਚੋਣ ਮੁਹਿੰਮ ਸ਼ੁਰੂ ਹੋ ਚੁੱਕੀ ਹੈ ਤੇ ਇਸ ਚੋਣ ਮੁਹਿੰਮ ਦੀ ਅਗਵਾਈ ਵੀ ਕਿਸੇ ਵਲੋਂ ਕੀਤੀ ਹੀ ਜਾਣੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਮੁੱਦਾ ਆਉਂਦੀਆਂ ਚੋਣਾਂ ਜਿੱਤਣਾ ਹੈ, ਜਦੋਂ ਕਿ ਅਗਲੇ ਮੁੱਖ ਮੰਤਰੀ ਉਮੀਦਵਾਰ ਸਬੰਧੀ ਫੈਸਲਾ ਤਾਂ ਚੋਣ ਜਿੱਤਣ ਤੋਂ ਬਾਅਦ ਵਿਧਾਇਕਾਂ ਅਤੇ ਪਾਰਟੀ ਹਾਈਕਮਾਂਡ ਵਲੋਂ ਹੀ ਲਿਆ ਜਾਵੇਗਾ।

### ਕਾਂਗਰਸੀਆਂ ਨੇ ਮੰਨਿਆ ਕਿ ਕੈਪਟਨ ਸਰਕਾਰ ਨਿਕੰਮੀ: ਆਪ

**ਚੰਡੀਗੜ੍ਹ:** ਭਗਵੰਤ ਮਾਨ ਨੇ ਕਿਹਾ ਕਿ ਕਾਂਗਰਸ ਦੇ ਵਿਧਾਇਕਾਂ ਵੱਲੋਂ ਆਪਣੀ ਹੀ ਸਰਕਾਰ 'ਤੇ ਕੰਮ ਨਾ ਕਰਨ ਦੇ ਚੁੱਕੇ ਸਵਾਲਾਂ ਨੇ ਕੈਪਟਨ ਦੀ ਅਸਲੀਅਤ ਸਾਹਮਣੇ ਲਿਆ ਦਿੱਤੀ ਹੈ। 'ਆਪ' ਆਗੂ ਨੇ ਕਿਹਾ ਕਿ ਪੰਜਾਬ ਦਾ ਹਰ ਤਬਕਾ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਕ ਅਹਿਮ ਜ਼ਿੰਮੇਵਾਰੀ ਕੁਰਸੀ 'ਤੇ ਬੈਠ ਕੇ ਵਰਤੀ ਜਾ ਰਹੀ ਅਣਗਹਿਲੀ ਤੋਂ ਦੁਖੀ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕਾਂਗਰਸ ਦੇ ਕਈ ਵਿਧਾਇਕ ਤੇ ਆਗੂ ਨੱਥੂ ਰਾਮ, ਸ਼ਮਸ਼ੇਰ ਸਿੰਘ ਦੂੱਲੋ, ਪ੍ਰਤਾਪ ਸਿੰਘ ਬਾਜਵਾ ਵਰਗੇ ਰੌਲਾ ਪਾਉਂਦੇ ਰਹੇ ਪਰ ਕੈਪਟਨ ਨੇ ਉਨ੍ਹਾਂ ਦੀ ਵੀ ਨਾ ਸੁਣੀ। ਉਨ੍ਹਾਂ ਕਿਹਾ ਕਿ ਇਥੋਂ ਤੱਕ ਕਿ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਵਿਧਾਨ ਸਭਾ ਵਿਚ ਮਸਲਾ ਚੁੱਕਣ ਦੇ ਬਾਵਜੂਦ ਕੈਪਟਨ ਨੇ ਲੋਕਾਂ ਲਈ ਕੁਝ ਨਹੀਂ ਕੀਤਾ।

## ਲੇਹ ਵਿਚ ਜਗਰਾਉਂ ਦਾ ਨਾਇਬ ਸੂਬੇਦਾਰ ਸ਼ਹੀਦ

**ਜਗਰਾਉਂ:** ਇਥੋਂ ਦੇ ਗਾਂਧੀ ਮੁਹੱਲੇ ਦਾ ਵਸਨੀਕ ਅਤੇ 22ਵੀਂ ਪੰਜਾਬ ਰੈਜੀਮੈਂਟ ਵਿਚ ਕੰਟਰੋਲ ਰੇਖਾ ਨੇੜੇ ਬਟਾਲਿਕ ਸੈਕਟਰ (ਲੇਹ) ਵਿਚ ਡਿਊਟੀ ਨਿਭਾਅ ਰਿਹਾ ਨਾਇਬ ਸੂਬੇਦਾਰ ਪਰਵਿੰਦਰ ਸਿੰਘ ਡਿਊਟੀ ਦੌਰਾਨ ਪਹਾੜੀ ਤੋਂ ਪੈਰ ਤਿਲਕਣ ਕਾਰਨ ਸ਼ਹੀਦ ਹੋ ਗਿਆ। ਸ਼ਹੀਦ ਪਰਵਿੰਦਰ ਸਿੰਘ ਆਪਣੇ ਪਿੱਛੇ ਪਤਨੀ ਤੇ 11 ਅਤੇ 13 ਸਾਲ ਦੀ ਉਮਰ ਦੇ ਦੋ ਪੁੱਤਰ ਛੱਡ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦ ਨਾਇਬ ਸੂਬੇਦਾਰ ਪਰਵਿੰਦਰ ਸਿੰਘ ਦੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਅਤੇ ਪਰਿਵਾਰ ਨੂੰ 50 ਲੱਖ ਰੁਪਏ ਐਕਸ-ਗ੍ਰੇਸ਼ੀਆ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦਿੱਤਾ ਜਾਵੇਗਾ।

# ਕੇਂਦਰ ਸਰਕਾਰ ਨੂੰ ਮੋਹਨ ਭਾਗਵਤ ਦੀ ਸੁਰੱਖਿਆ ਦਾ ਫਿਕਰ ਪਿਆ

### ਪੰਜਾਬ, ਹਰਿਆਣਾ ਤੇ ਮਹਾਰਾਸ਼ਟਰ ਸਰਕਾਰ ਨੂੰ ਕੀਤਾ ਚੌਕਸ

**ਚੰਡੀਗੜ੍ਹ:** ਕੇਂਦਰ ਦੀ ਭਾਜਪਾ ਸਰਕਾਰ ਹੁਣ ਆਰ.ਐਸ.ਐਸ ਮੁਖੀ ਮੋਹਨ ਭਾਗਵਤ ਦੀ ਸੁਰੱਖਿਆ ਨੂੰ ਲੈ ਕੇ ਚੌਕਸ ਹੋ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕੇਂਦਰੀ ਸੁਰੱਖਿਆ ਏਜੰਸੀ ਨਾਲ ਆਰ.ਐਸ.ਐਸ. ਮੁਖੀ ਭਾਗਵਤ ਦੀ ਸੁਰੱਖਿਆ ਦਾ ਮਾਮਲਾ ਵਿਚਾਰਿਆ ਗਿਆ ਹੈ ਜਿਸ ਮਗਰੋਂ ਕੇਂਦਰ ਸਰਕਾਰ ਨੇ ਤਿੰਨ ਸੂਬਿਆਂ ਨੂੰ ਵੀ ਹਦਾਇਤ ਕੀਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਸਰਕਾਰ ਨੂੰ ਪੱਤਰ ਭੇਜ ਕੇ ਆਖਿਆ ਹੈ ਕਿ ਆਰ.ਐਸ.ਐਸ. ਮੁਖੀ ਲਈ ਸੁਰੱਖਿਆ ਪ੍ਰਬੰਧਾਂ ਨੂੰ ਰੀਵਿਊ ਕੀਤਾ ਜਾਵੇ ਅਤੇ ਇਸ ਲਈ ਢੁਕਵੇਂ ਕਦਮ ਉਠਾਏ ਜਾਣ।

ਚੇਤੇ ਰਹੇ ਕਿ ਮੋਦੀ ਸਰਕਾਰ ਬਣਨ ਮਗਰੋਂ ਜੂਨ 2015 ਵਿਚ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਜੈੱਡ ਪਲੱਸ ਕੈਟਾਗਿਰੀ ਸੁਰੱਖਿਆ ਦਿੱਤੀ ਗਈ ਸੀ। ਕਰੀਬ 190 ਕਮਾਂਡੋਜ ਦੀ ਸੁਰੱਖਿਆ ਤਾਇਨਾਤ ਕੀਤੀ ਗਈ ਹੈ ਜਿਸ ਚੋਂ



45 ਸੁਰੱਖਿਆ ਕਮਾਂਡੋਜ ਉਨ੍ਹਾਂ ਦੇ ਨਾਲ ਚੱਲਦੇ ਹਨ ਜਦੋਂ ਕਿ ਬਾਕੀ ਨਾਗਪੁਰ ਵਿਖੇ ਤਾਇਨਾਤ ਕੀਤੇ ਹੋਏ ਹਨ। ਇਸ ਤੋਂ ਬਿਨਾਂ ਕੇਂਦਰ ਸਰਕਾਰ ਨੇ ਇਕ ਬੁਲੇਟ ਪਰੂਫ ਬੀ.ਐਮ.ਡਬਲਿਊ. ਗੱਡੀ ਵੀ ਦਿੱਤੀ ਹੋਈ ਹੈ। ਉਨ੍ਹਾਂ ਨੂੰ ਇਹ ਸੁਰੱਖਿਆ ਇਸਲਾਮਿਕ ਜਥੇਬੰਦੀਆਂ ਤੋਂ ਖਤਰਾ ਭਾਂਪਦੇ ਹੋਏ ਮੁਹੱਈਆ ਕਰਾਈ ਹੋਈ ਹੈ।

ਦੱਸਣਯੋਗ ਹੈ ਕਿ ਸੂਬਿਆਂ ਵਿਚ ਹਰ ਅਹਿਮ ਸ਼ਖਸੀਅਤ ਦੀ ਸੁਰੱਖਿਆ ਨੂੰ ਲੈ ਕੇ ਇਕ ਪ੍ਰੋਟੋਕਾਲ ਬਣਿਆ ਹੁੰਦਾ ਹੈ ਜਿਸ ਨੂੰ ਹੁਣ ਰੀਵਿਊ ਕਰਨ ਵਾਸਤੇ ਹਦਾਇਤ ਕੀਤੀ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਆਰ.ਐਸ.ਐਸ. ਮੁਖੀ ਦੀ ਸੁਰੱਖਿਆ ਲਈ ਨਵਾਂ ਤਰਕ ਦਿੱਤਾ ਗਿਆ ਹੈ ਕਿ ਕਿਸਾਨ ਘੋਲ ਦੌਰਾਨ 28 ਜਨਵਰੀ ਦੀ ਰਾਤ ਨੂੰ ਇਕ ਵੀਡੀਓ ਜਰੀਏ ਆਰ.ਐਸ.ਐਸ. ਖਿਲਾਫ ਭੜਕਾਊ ਗੱਲਾਂ ਆਖੀਆਂ ਗਈਆਂ ਹਨ। ਸੂਤਰ ਆਖਦੇ ਹਨ ਕਿ ਕੇਂਦਰ ਸਰਕਾਰ ਦੇ ਇਸ ਪਿੱਛੇ ਕੀ ਕਾਰਨ ਹੋ ਸਕਦੇ ਹਨ, ਇਸ ਦਾ ਹਾਲੇ ਭੇਤ ਹੀ ਬਣਿਆ ਹੋਇਆ ਹੈ।

### ਭਾਗਵਤ ਵੱਲੋਂ 'ਅਖੰਡ ਭਾਰਤ' ਦੀ ਵਕਾਲਤ

**ਹੈਦਰਾਬਾਦ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ 'ਅਖੰਡ ਭਾਰਤ' ਦੀ ਲੋੜ ਦੀ ਵਕਾਲਤ ਕਰਦਿਆਂ ਕਿਹਾ ਕਿ ਭਾਰਤ ਤੋਂ ਵੱਖ ਹੋਏ ਪਾਕਿਸਤਾਨ ਜਿਹੇ ਮੁਲਕ ਹੁਣ ਸੰਕਟ 'ਚ ਹਨ। ਇਥੇ ਇਕ ਪੁਸਤਕ ਰਿਲੀਜ ਸਮਾਗਮ ਮੌਕੇ ਉਨ੍ਹਾਂ ਕਿਹਾ ਕਿ 'ਅਖੰਡ ਭਾਰਤ' ਹਿੰਦੂ ਧਰਮ ਰਾਹੀਂ ਸੰਭਵ ਹੈ, ਨਾ ਕਿ ਤਾਕਤ ਦੀ ਵਰਤੋਂ ਨਾਲ। ਉਨ੍ਹਾਂ ਕਿਹਾ,'ਦੁਨੀਆ ਦੀ ਭਲਾਈ ਲਈ ਮਹਾਨ ਅਖੰਡ ਭਾਰਤ ਬਣਾਉਣ ਦੀ ਲੋੜ ਹੈ। ਇਸ ਲਈ ਦੇਸ਼ ਭਗਤੀ ਜਗਾਉਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਭਾਰਤ ਦੀ ਤੁਲਨਾ 'ਚ ਉਸ ਤੋਂ ਵੱਖ ਹੋਏ ਛੋਟੇ-ਛੋਟੇ ਹਿੱਸਿਆਂ, ਜਿਨ੍ਹਾਂ ਇਸ ਮੁਲਕ ਨਾਲੋਂ ਖੁਦ ਨੂੰ ਵੱਖ ਮੰਨ ਲਿਆ ਹੈ, ਨੂੰ ਆਪਣੇ ਸੰਕਟ ਤੋਂ ਬਾਹਰ ਨਿਕਲਣ ਲਈ ਮੁੜ ਭਾਰਤ ਨਾਲ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 'ਅਖੰਡ ਭਾਰਤ' ਦੀ ਧਾਰਨਾ ਸੰਭਵ ਹੈ।

# ਚੋਣ ਤਿਆਰੀਆਂ: ਪੰਜਾਬ ਸਰਕਾਰ ਨੇ ਲੋਕ ਲੁਭਾਊ ਨੀਤੀਆਂ ਦਾ ਪਟਾਰਾ ਖੋਲ੍ਹਿਆ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਥੋੜ੍ਹਾ ਸਮਾਂ ਬਾਕੀ ਰਹਿਣ ਕਰਕੇ ਕੈਪਟਨ ਸਰਕਾਰ ਨੇ ਹੁਣ ਲੋਕ ਲੁਭਾਊ ਨੀਤੀਆਂ ਦਾ ਪਟਾਰਾ ਖੋਲ੍ਹ ਦਿੱਤਾ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਆਰਥਿਕ ਪੱਖੋਂ ਕਮਜ਼ੋਰ ਵਰਗਾਂ (ਈ.ਡਬਲਿਊ.ਐਸ.) ਲਈ ਨਵੀਂ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਨਾਲ ਗਰੀਬ ਲੋਕਾਂ ਲਈ 25 ਹਜ਼ਾਰ ਤੋਂ ਵਧੇਰੇ ਮਕਾਨਾਂ ਦੀ ਉਸਾਰੀ ਦਾ ਰਾਹ ਖੁੱਲ੍ਹ ਗਿਆ ਹੈ। ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੀ ਗਈ ਨਵੀਂ ਨੀਤੀ ਤਹਿਤ ਨਿਰਮਾਣਕਾਰੀਆਂ ਅਤੇ ਅਥਾਰਟੀਆਂ ਲਈ ਪ੍ਰੋਜੈਕਟ ਖੇਤਰ ਦਾ 5 ਫੀਸਦ ਨਿਰਮਾਣ ਈ.ਡਬਲਿਊ.ਐਸ. ਹਾਊਸਿੰਗ ਵਾਸਤੇ ਲੋੜੀਂਦਾ ਹੋਵੇਗਾ। ਕਿਹਾ ਜਾ ਰਿਹਾ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਤਿਆਰ ਕੀਤਾ ਜਾ ਰਿਹਾ ਵੀ ਚੋਣਾਂ ਨੂੰ ਧਿਆਨ ਵਿਚ ਬਣਾਇਆ ਗਿਆ ਹੈ।

ਇਨ੍ਹਾਂ ਘਰਾਂ ਦਾ ਨਿਰਮਾਣ ਢੁਕਵੇਂ ਮਾਪ ਦੀਆਂ ਥਾਵਾਂ ਵਿਚ ਕੀਤਾ ਜਾਵੇਗਾ, ਜਿਸ ਵਿਚ ਸਕੂਲ, ਕਮਿਊਨਿਟੀ ਸੈਂਟਰ ਅਤੇ ਡਿਸਪੈਂਸਰੀਆਂ ਢੁਕਵੀਆਂ ਥਾਵਾਂ 'ਤੇ ਬਣਾਈਆਂ ਜਾਣਗੀਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਇਸ ਨਵੀਂ ਨੀਤੀ ਤਹਿਤ ਘਰਾਂ ਦੀ ਉਸਾਰੀ ਬਰਿੱਕਲੈੱਸ ਤਕਨੀਕ ਰਾਹੀਂ ਹੋਵੇਗੀ। ਇਹ ਘਰ ਯੋਗ ਪਰਿਵਾਰਾਂ ਨੂੰ ਮੁਨਾਸਿਬ ਰੇਟਾਂ 'ਤੇ ਮਹੀਨਾਵਾਰ ਕਿਸ਼ਤਾਂ ਉਤੇ ਦਿੱਤੇ ਜਾਣਗੇ। ਇਨ੍ਹਾਂ ਪਰਿਵਾਰਾਂ ਨੂੰ ਵਿੱਤ ਬੈਂਕਾਂ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਯੋਗ ਲਾਭਪਾਤਰੀਆਂ ਨੂੰ ਪੰਜਾਬ ਵਿਚ ਜਨਮ ਦਾ ਸਬੂਤ ਦੇਣਾ ਹੋਵੇਗਾ। ਨਵੀਂ ਨੀਤੀ ਤਹਿਤ ਅਲਾਟ ਰਿਹਾਇਸ਼ੀ ਯੂਨਿਟ ਨੂੰ 15 ਸਾਲ ਤੱਕ ਵੇਚਣ, ਤੋਹਫੇ ਵਜੋਂ ਦੇਣ, ਗਹਿਣੇ ਰੱਖਣ, ਤਬਾਦਲਾ ਜਾਂ ਲੰਬੀ ਲੀਜ਼ 'ਤੇ ਦੇਣ ਦੀ ਮਨਾਹੀ ਹੋਵੇਗੀ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਮੋਟਰ ਵਹੀਕਲ ਕਰ ਦੀ ਵਸੂਲੀ ਅਤੇ ਜਿਥੇ ਵੀ ਲਾਗੂ ਹੋਵੇ, ਇਸ ਦੇ ਰਿਫੰਡ ਦੀ ਪ੍ਰਕਿਰਿਆ ਸੁਖਾਲੀ ਬਣਾਉਣ ਲਈ 'ਦਿ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ, 1924 (ਸੋਧਿਆ)' ਦੇ ਸੈਕਸ਼ਨ ਤਿੰਨ ਅਤੇ ਸ਼ਡਿਊਲ ਵਿਚ ਸੋਧ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਸੋਧ ਮੋਟਰ ਕਾਰ ਜਾਂ



ਮੋਟਰਸਾਈਕਲ ਮਾਲਕ ਵੱਲੋਂ ਕਿਸੇ ਹੋਰ ਸੂਬੇ ਵਿਚ ਵਾਹਨ ਸਮੇਤ ਪ੍ਰਵਾਸ ਕਰ ਜਾਣ ਅਤੇ ਪੰਜਾਬ ਦਾ ਨਿਵਾਸੀ ਨਾ ਰਹਿਣ ਜਾਂ ਪੰਜਾਬ ਤੋਂ ਬਾਹਰ ਨਿਵਾਸ ਕਰਦੇ ਕਿਸੇ ਵਿਅਕਤੀ ਦੇ ਨਾਂ ਮਾਲਕਾਨਾ ਹੱਕ ਤਬਦੀਲ ਕਰਨ ਦੀ ਸੂਰਤ ਵਿਚ ਅਦਾ ਕੀਤੇ ਜਾਣ ਵਾਲੇ ਇਕਮੁਸਤ ਕਰ ਦੇ ਰਿਫੰਡ ਵਰਗੇ ਮੁੱਦਿਆਂ ਨਾਲ ਸਬੰਧਤ ਹੈ।

ਇਸੇ ਤਰ੍ਹਾਂ ਨਵੇਂ ਸਟੇਜ ਕੈਰਿਜ ਪਰਮਿਟ ਜਾਰੀ ਕਰਨ ਵੇਲੇ ਅਜਿਹੀਆਂ ਬੱਸਾਂ 'ਤੇ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਇਕ ਵਾਰੀ ਦਾ ਕਰ ਵਸੂਲਿਆ ਜਾਵੇਗਾ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਦੇ ਕਾਮਨ ਕਾਡਰ ਦੀ ਵੰਡ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

### ਮਿਨੀ ਬੱਸ ਪਰਮਿਟ ਪਾਲਿਸੀ ਅਧੀਨ ਪਰਮਿਟਾਂ ਦੀ ਵੰਡ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੇਂਡੂ ਨੌਜਵਾਨਾਂ ਲਈ ਤਿੰਨ ਹਜ਼ਾਰ ਮਿਨੀ ਬੱਸ ਪਰਮਿਟਾਂ ਦੀ ਵੰਡ ਦੀ ਵਰਚੁਅਲ ਸ਼ੁਰੂਆਤ ਕਰਦੇ ਹੋਏ 'ਸੀਮਾ ਰਹਿਤ ਮਿਨੀ ਬੱਸ ਪਰਮਿਟ ਪਾਲਿਸੀ' ਦਾ ਐਲਾਨ ਕੀਤਾ, ਜਿਸ ਤਹਿਤ ਪੇਂਡੂ ਨੌਜਵਾਨਾਂ ਲਈ ਅਜਿਹੇ ਪਰਮਿਟਾਂ ਲਈ ਅਪਲਾਈ ਕਰਨ ਵਾਸਤੇ ਕੋਈ ਸਮਾਂ-ਸੀਮਾ ਨਹੀਂ ਹੈ। ਮੁੱਖ ਮੰਤਰੀ ਨੇ ਸੰਕੇਤਕ ਤੌਰ 'ਤੇ ਪੰਜ ਲਾਭਪਾਤਰੀਆਂ ਨੂੰ ਪਰਮਿਟ ਦਿੱਤੇ। ਉਨ੍ਹਾਂ ਦੱਸਿਆ ਕਿ ਭਾਵੇਂ ਕਿ ਅੱਜ 3,000 ਪਰਮਿਟ ਸੌਂਪੇ ਜਾ ਰਹੇ ਹਨ ਪਰ ਇਸ ਸਾਲ ਵਿਚ 8,000 ਪਰਮਿਟ ਹੋਰ ਜਾਰੀ ਕੀਤੇ ਜਾਣਗੇ। ਇਸ ਤਰ੍ਹਾਂ ਸਾਲ ਦੇ ਅੰਤ ਤੱਕ ਕੁੱਲ 11,000 ਪਰਮਿਟ ਵੰਡੇ ਜਾਣਗੇ। ਮੁੱਖ ਮੰਤਰੀ ਵੱਲੋਂ ਟਰਾਂਸਪੋਰਟ ਵਿਭਾਗ ਦੀ ਹਾਈਟੈੱਕ ਸੰਸਥਾ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਕੈਪਟਨ ਅਮਰਿੰਦਰ ਨੇ ਟਰਾਂਸਪੋਰਟ ਵਿਭਾਗ ਨੂੰ ਸਾਰੇ ਬੱਸ ਪਰਮਿਟਾਂ ਦੀਆਂ ਅਰਜ਼ੀਆਂ ਦੀ ਪ੍ਰਾਪਤੀ ਅਤੇ ਅਗਲੇਰੀ ਪ੍ਰਕਿਰਿਆ ਲਈ ਅਗਲੇ ਤਿੰਨ ਮਹੀਨਿਆਂ ਵਿਚ ਵਰਤੋਂਕਾਰ ਪੱਖੀ ਆਨਲਾਈਨ ਸੁਵਿਧਾ ਸਿਰਜਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਲੋਕਾਂ ਨੂੰ ਬਿਨਾ ਕਿਸੇ ਮੁਸ਼ਕਲ ਦੇ ਆਨਲਾਈਨ ਅਪਲਾਈ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਲਗਭਗ 12,384 ਅਰਜ਼ੀਆਂ ਪ੍ਰਾਪਤ ਹੋਈਆਂ।

# ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਸ਼ਨਾਖਤ ਦਾ ਕਾਰਜ ਸ਼ੁਰੂ

**ਅੰਮ੍ਰਿਤਸਰ:** ਤਕਰੀਬਨ ਸੌ ਵਰ੍ਹੇ ਪਹਿਲਾਂ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਸਹੀ ਗਿਣਤੀ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਪਤਾ ਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਅਣਵੰਡੇ ਪੰਜਾਬ ਵਿਚ ਨਨਕਾਣਾ ਸਾਹਿਬ ਦੀ ਧਰਤੀ 'ਤੇ ਵਾਪਰੇ ਇਸ ਸਾਕੇ ਵਿਚ ਸੈਂਕੜੇ ਸਿੱਖ ਸ਼ਹੀਦ ਹੋਏ ਸਨ। ਇਸ ਕਤਲੇਆਮ ਵਿਚ ਕਿੰਨੇ ਸਿੱਖ ਮਾਰੇ ਗਏ ਸਨ, ਬਾਰੇ ਹਾਲੇ ਤਕ ਭੰਬਲਭੂਸਾ ਬਣਿਆ ਹੋਇਆ ਹੈ।

ਵੱਖ-ਵੱਖ ਪੁਸਤਕਾਂ ਅਤੇ ਲੇਖਾਂ ਵਿਚ ਸ਼ਹੀਦਾਂ ਦੀ ਗਿਣਤੀ ਵਿੱਚ ਵੱਡਾ ਅੰਤਰ ਹੈ। ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਇਥੇ ਅਕਾਲ ਤਖਤ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਇਸ ਸਾਕੇ ਵਿਚ ਸ਼ਹੀਦ ਹੋਏ ਸਿੱਖਾਂ ਦੀ ਗਿਣਤੀ ਲਗਭਗ 130 ਦੱਸੀ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਸਬੰਧੀ ਸ਼ਹੀਦ ਮਿਸ਼ਨਰੀ ਕਾਲਜ, ਜੋ ਸਾਕਾ ਨਨਕਾਣਾ ਸਾਹਿਬ ਦੇ ਨਾਂ 'ਤੇ ਬਣਾਇਆ ਗਿਆ ਸੀ, ਦੀ ਪ੍ਰਿੰਸੀਪਲ ਅਤੇ



ਖੋਜਕਰਤਾ ਪ੍ਰੋ. ਮਨਜੀਤ ਕੌਰ ਦੀ ਅਗਵਾਈ ਹੇਠ ਖੋਜ ਕਾਰਜ ਆਰੰਭ ਕੀਤਾ ਗਿਆ ਹੈ, ਜਿਨ੍ਹਾਂ ਨੇ ਕੁਝ ਪਰਿਵਾਰਾਂ ਦੀ ਸ਼ਨਾਖਤ ਕਰ ਲਈ ਹੈ।

ਪ੍ਰਿੰਸੀਪਲ ਮਨਜੀਤ ਕੌਰ ਨੇ ਦੱਸਿਆ ਕਿ ਖੋਜ ਕਾਰਜ ਦੌਰਾਨ ਪਤਾ ਲੱਗਾ ਹੈ ਕਿ ਉਸ ਵੇਲੇ ਦੇ ਪੁਲਿਸ ਇੰਸਪੈਕਟਰ ਚਰਨ ਸਿੰਘ ਨੇ ਇਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿਚ 156 ਸਿੱਖਾਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦਾ ਜ਼ਿਕਰ ਸ਼ਾਮਲ ਸੀ। ਉਨ੍ਹਾਂ ਆਖਿਆ ਕਿ ਇਤਿਹਾਸ ਵਿਚ ਕੁਝ ਥਾਵਾਂ 'ਤੇ ਸ਼ਹੀਦਾਂ ਦੀ ਗਿਣਤੀ 260 ਅਤੇ ਕੁਝ ਥਾਵਾਂ 'ਤੇ 86 ਤੋਂ 150 ਦੱਸੀ ਗਈ ਹੈ ਪਰ ਉਨ੍ਹਾਂ ਮੁਤਾਬਕ ਸ਼ਹੀਦਾਂ ਦੀ ਗਿਣਤੀ 400 ਤੋਂ ਵੱਧ ਹੋਣ ਦਾ ਅਨੁਮਾਨ ਹੈ।

### ਸਾਕੇ ਨਾਲ ਕੌਮ 'ਚ ਨਵੀਂ ਚੇਤਨਾ ਆਈ: ਜਥੇਦਾਰ

**ਬਟਾਲਾ:** ਨਨਕਾਣਾ ਸਾਹਿਬ ਸਾਕੇ ਦੇ ਸ਼ਹੀਦ ਭਾਈ ਆਤਮਾ ਸਿੰਘ ਦੀ ਯਾਦ ਵਿਚ ਕੀਰਤਨ ਦਰਬਾਰ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਭਾਈ ਆਤਮਾ ਸਿੰਘ ਦੇ ਪਰਿਵਾਰ ਦੇ ਅੱਠ ਜੀਅ ਸ਼ਹੀਦੀ ਪਾ ਗਏ ਸਨ। ਇਸ ਮੌਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸਾਕਾ ਨਨਕਾਣਾ ਸਾਹਿਬ ਨੇ ਸਿੱਖ ਕੌਮ ਵਿਚ ਨਵੀਂ ਚੇਤਨਾ ਲਿਆਂਦੀ ਸੀ, ਉਸ ਤੋਂ ਬਾਅਦ ਹੋਰ ਗੁਰਧਾਮਾਂ ਵਿਚ ਮਹੰਤਾਂ ਨੂੰ ਬਾਹਰ ਕੱਢਣ ਅਤੇ ਪ੍ਰਬੰਧਾਂ 'ਚ ਸੁਧਾਰ ਲਿਆਉਣ ਦਾ ਮੁੱਢ ਬੱਝਿਆ।

### ਸਿੱਖ ਬੱਚਿਆਂ ਨੂੰ ਸਿਵਲ ਸਰਵਿਸ ਪ੍ਰੀਖਿਆਵਾਂ ਦੀ ਮੁਫਤ ਕੋਚਿੰਗ

**ਮੁਹਾਲੀ:** ਸ਼੍ਰੋਮਣੀ ਕਮੇਟੀ ਬਹੁਤ ਜਲਦ ਸਾਬਤ ਸੂਰਤ ਸਿੱਖ ਬੱਚਿਆਂ ਨੂੰ ਸਿਵਲ ਸਰਵਿਸਿਜ ਦੀਆਂ ਪ੍ਰੀਖਿਆਵਾਂ ਦੀ ਮੁਫਤ ਸਿਖਲਾਈ ਦੇਣ ਦਾ ਪ੍ਰਬੰਧ ਕਰ ਰਹੀ ਹੈ, ਜਿਸ ਸਬੰਧੀ ਉਨ੍ਹਾਂ ਨੂੰ ਸਿਖਲਾਈ ਦੇਣ ਵਾਲੇ ਮਾਹਿਰਾਂ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਸਿੱਖ ਬੱਚਿਆਂ ਨੂੰ ਐੱਨ.ਡੀ.ਏ. ਦੀ ਤਿਆਰੀ ਕਰਵਾ ਰਹੀ ਹੈ ਅਤੇ ਇਸ ਲਈ ਉਨ੍ਹਾਂ ਤੋਂ ਫੀਸ ਲਈ ਜਾ ਰਹੀ ਹੈ ਪਰ ਸਿਵਲ ਸਰਵਿਸਿਜ ਦੀ ਤਿਆਰੀ ਮੁਫਤ ਕਰਵਾਈ ਜਾਵੇਗੀ।

# ਗੰਨੇ ਦੀ ਅਦਾਇਗੀ ਤੋਂ ਮੁੱਕਰੇ ਖੰਡ ਮਿੱਲ ਪ੍ਰਬੰਧਕ



**ਮੁਕੇਰੀਆਂ:** ਕਿਸਾਨਾਂ ਦੇ 100 ਕਰੋੜ ਤੋਂ ਵੱਧ ਦੇ ਬਕਾਏ ਦੀ ਅਦਾਇਗੀ ਸਬੰਧੀ 12 ਫਰਵਰੀ ਨੂੰ ਮਿਲੇ ਲਿਖਤੀ ਭਰੋਸੇ ਤੋਂ ਮੁੱਕਰਨ ਉਪਰੰਤ ਪ੍ਰਸ਼ਾਸਨਿਕ ਅਧਿਕਾਰੀ ਦੀ ਹਾਜ਼ਰੀ ਵਿਚ ਫਿਰ ਮਿੱਲ ਪ੍ਰਬੰਧਕਾਂ ਨੇ ਜਲਦੀ ਅਦਾਇਗੀ ਦਾ ਜਬਾਨੀ ਭਰੋਸਾ ਦਿੱਤਾ ਹੈ। ਦੱਸਣਯੋਗ ਹੈ ਕਿ ਕਿਸਾਨਾਂ ਵੱਲੋਂ ਚੱਕਾ ਜਾਮ ਕਰਨ ਮਗਰੋਂ 12 ਫਰਵਰੀ ਨੂੰ ਮੀਟਿੰਗ ਵਿਚ ਮਿੱਲ ਦੇ ਮੁੱਖ ਅਧਿਕਾਰੀ ਸੰਜੇ ਸਿੰਘ ਨੇ ਐਸ.ਡੀ.ਐਮ. ਅਸ਼ੋਕ ਕੁਮਾਰ ਦੀ ਹਾਜ਼ਰੀ ਵਿਚ ਕਿਸਾਨਾਂ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਬੈਂਕ ਤੋਂ ਲਏ ਜਾ ਰਹੇ 50 ਕਰੋੜ ਦੇ ਕਰਜ਼ੇ ਦੀ ਰਾਸ਼ੀ 25 ਫਰਵਰੀ ਤੱਕ ਕਿਸਾਨਾਂ ਦੇ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ ਪਰ ਉਹ ਲਿਖਤੀ ਭਰੋਸੇ 'ਤੇ ਖਰੇ ਨਹੀਂ ਉਤਰੇ। ਕਿਸਾਨਾਂ ਨੇ ਹਰਸਾ ਮਾਨਸਰ ਟੌਲ ਪਲਾਜ਼ਾ 'ਤੇ ਆਵਾਜਾਈ ਠੱਪ ਕਰ ਦਿੱਤੀ। ਪਤਾ ਲੱਗਦਿਆਂ ਹੀ ਡੀ.ਐਸ.ਪੀ. ਰਵਿੰਦਰ ਸਿੰਘ ਤੇ ਤਹਿਸੀਲਦਾਰ ਜਗਤਾਰ ਸਿੰਘ ਨੇ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ ਪਰ ਕਿਸਾਨ ਐਸ.ਡੀ.ਐਮ. ਅਸ਼ੋਕ ਕੁਮਾਰ ਦੀ ਹਾਜ਼ਰੀ ਵਿਚ ਹੀ ਗੱਲਬਾਤ ਕਰਨ ਲਈ ਰਾਜ਼ੀ ਹੋਏ।

ਖੰਡ ਮਿੱਲ ਦੇ ਅਧਿਕਾਰੀ ਸੰਜੇ ਸਿੰਘ ਨੇ ਦੱਸਿਆ ਕਿ ਬੈਂਕ ਵੱਲੋਂ ਦਿੱਤਾ ਜਾਣ ਵਾਲਾ ਕਰਜ਼ਾ ਪਾਸ ਨਾ ਹੋਣ ਕਾਰਨ ਮੁਸ਼ਕਲ ਆਈ ਹੈ। ਉਨ੍ਹਾਂ ਮੁੜ ਜਬਾਨੀ ਭਰੋਸਾ ਦਿੱਤਾ ਕਿ ਪਹਿਲੀ ਮਾਰਚ ਨੂੰ 5 ਕਰੋੜ, 2 ਨੂੰ 3 ਕਰੋੜ ਅਤੇ ਇਸੇ ਤਰ੍ਹਾਂ ਰੋਜ਼ਾਨਾ 2 ਕਰੋੜ ਦੀ ਰਾਸ਼ੀ ਖਾਤਿਆਂ ਵਿਚ ਪਾਈ ਜਾਵੇਗੀ। ਕਰਜ਼ਾ ਮਿਲਣ 'ਤੇ 4 ਮਾਰਚ ਤੋਂ ਕਿਸਾਨਾਂ ਦੇ ਖਾਤਿਆਂ ਵਿਚ ਲਗਾਤਾਰ ਬਕਾਇਆ ਪਾ ਦਿੱਤਾ ਜਾਵੇਗਾ।

### ਚਿੱਟੇ ਸੋਨੇ ਦੀਆਂ ਕੀਮਤਾਂ ਚਮਕੀਆਂ

**ਚੰਡੀਗੜ੍ਹ:** ਮਾਲਵਾ ਖੇਤਰ ਵਿਚ ਨਰਮੇ ਦੀਆਂ ਕੀਮਤਾਂ ਕੇਂਦਰ ਸਰਕਾਰ ਦੇ ਐਮ.ਐਸ.ਪੀ. ਤੋਂ ਉਪਰ ਜਾਣ ਲੱਗੀਆਂ ਹਨ। ਨਰਮੇ ਦੀਆਂ ਕੀਮਤਾਂ ਨੂੰ ਉੱਤਰੀ ਭਾਰਤ ਦੇ ਵਪਾਰੀਆਂ ਨੇ ਤੇਜੀ ਲਿਆਂਦੀ ਜਦੋਂਕਿ ਕੇਂਦਰ ਸਰਕਾਰ ਦੀ ਸਰਕਾਰੀ ਏਜੰਸੀ ਭਾਰਤੀ ਕਪਾਹ ਨਿਗਮ (ਸੀ.ਸੀ.ਆਈ.) ਨੇ ਕੀਮਤਾਂ ਵਧਣ ਤੋਂ ਬਾਅਦ ਆਪਣੀ ਖਰੀਦ ਬੰਦ ਕਰ ਦਿੱਤੀ ਹੈ। ਮਾਨਸਾ ਦੀ ਆਧੁਨਿਕ ਕਪਾਹ ਮੰਡੀ ਸਮੇਤ ਮਾਲਵਾ ਪੱਟੀ ਦੇ ਵੇਰਵਿਆਂ ਅਨੁਸਾਰ ਪਿਛਲੇ ਕਈ ਤੋਂ ਵਪਾਰੀ ਨਰਮੇ ਨੂੰ ਸਰਕਾਰੀ ਭਾਅ (ਐਮ.ਐਸ.ਪੀ.) 5725 ਰੁਪਏ ਤੋਂ ਵੱਧ ਕੇ ਖਰੀਦ ਰਹੇ ਹਨ, ਜਿਸ ਕਾਰਨ ਕਿਸਾਨ ਘਰਾਂ ਵਿਚ ਸਟੋਰ ਕੀਤੇ ਨਰਮੇ ਨੂੰ ਧੜਾਧੜ ਵੇਚਣ ਲੱਗੇ ਹਨ। ਵਪਾਰੀਆਂ ਅਨੁਸਾਰ ਇਸ ਵਾਰ ਨਰਮੇ ਦੀ ਮੰਗ ਵਧਣ ਕਾਰਨ ਹੀ ਇਸ ਦੇ ਭਾਅ ਵਿਚ ਤੇਜੀ ਆਈ, ਜਦੋਂ ਕਿ ਇਕ ਮਹੀਨਾ ਪਹਿਲਾਂ ਵਪਾਰੀਆਂ ਵੱਲੋਂ ਨਰਮੇ ਦੀਆਂ ਕੀਮਤਾਂ ਨੂੰ ਸਰਕਾਰੀ ਭਾਅ ਨਾਲੋਂ ਵੀ ਘੱਟ ਖਰੀਦਿਆ ਜਾਂਦਾ ਸੀ। ਭਾਅ ਵਿਚ ਤੇਜੀ ਕਾਰਨ ਕਿਸਾਨਾਂ ਤੇ ਆੜ੍ਹਤੀਆਂ ਦੇ ਚਿਹਰੇ ਖਿੜ ਗਏ ਹਨ। ਇਨ੍ਹਾਂ ਉਚੀਆਂ ਕੀਮਤਾਂ ਨੂੰ ਵਪਾਰੀ ਵਰਗ ਵੱਲੋਂ ਮਾਲਵਾ ਖੇਤਰ ਦੇ ਵਿਕਾਸ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ, ਜਿਸ ਨਾਲ ਮਾਰਕੀਟ ਵਿਚ ਹੋਰ ਤੇਜ਼ੀ ਆਉਣ ਦੀ ਉਮੀਦ ਜਾਗੀ ਹੈ।

# ... ਨਹੀਂ ਰਹੇ ਸੁਰਾਂ ਦੇ ਸਿਕੰਦਰ

**ਮੁਹਾਲੀ:** ਪੰਜਾਬ ਦੇ ਨਾਮਵਰ ਗਾਇਕ ਸਰਦੂਲ ਸਿਕੰਦਰ (60) ਦਾ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਦਿਲ, ਗੁਰਦੇ ਤੇ ਸ਼ੂਗਰ ਦੇ ਰੋਗ ਤੋਂ ਇਲਾਵਾ ਕਰੋਨਾ ਤੋਂ ਵੀ ਪੀੜਤ ਸਨ। ਪੰਜ ਕੁ ਵਰ੍ਹੇ ਪਹਿਲਾਂ ਉਨ੍ਹਾਂ ਦੀ ਕਿਡਨੀ ਵੀ ਬਦਲੀ ਗਈ ਸੀ ਤੇ ਉਨ੍ਹਾਂ ਦੀ ਪਤਨੀ ਅਮਰ ਨੂਰੀ ਨੇ ਉਨ੍ਹਾਂ ਨੂੰ ਆਪਣੀ ਕਿਡਨੀ ਦਾਨ ਕੀਤੀ ਸੀ। ਉਹ ਪਿਛਲੇ ਡੇਢ ਮਹੀਨੇ ਤੋਂ ਇਸੇ ਹਸਪਤਾਲ ਵਿਚ ਜੇਰੇ ਇਲਾਜ ਸਨ।



ਉਨ੍ਹਾਂ ਦੀ ਮੌਤ ਦੀ ਖਬਰ ਮਿਲਦਿਆਂ ਹੀ ਸੰਗੀਤਕਾਰ ਚਰਨਜੀਤ ਆਹੂਜਾ, ਸਚਿਨ ਆਹੂਜਾ, ਅਦਾਕਾਰ ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਬਿੱਟੂ ਖੰਨੇ ਵਾਲਾ, ਸਤਵਿੰਦਰ ਬੁੱਗਾ, ਐਮੀ ਵਿਰਕ, ਹਰਦੀਪ, ਮਾਸਟਰ ਸਲੀਮ, ਫ਼ਿਰੋਜ਼ ਖਾਨ, ਰਣਜੀਤ ਬਾਵਾ ਤੇ ਭੱਟੀ ਭੜ੍ਹੀ ਵਾਲਾ ਸਮੇਤ ਵੱਡੀ ਗਿਣਤੀ ਵਿਚ ਗਾਇਕ, ਗੀਤਕਾਰ ਅਤੇ ਹੋਰ ਸਨੇਹੀ ਹਸਪਤਾਲ ਪਹੁੰਚ ਗਏ। 15 ਜਨਵਰੀ 1961 ਨੂੰ ਪਿੰਡ ਖੇੜੀ ਨੌਧ ਸਿੰਘ ਵਿਚ ਉੱਘੇ ਤਬਲਾਵਾਦਕ ਸਾਗਰ ਮਸਤਾਨਾ ਦੇ ਘਰ ਜਨਮੇ ਸਰਦੂਲ ਨੂੰ ਗਾਇਕੀ ਵਿਰਾਸਤ ਵਿਚ ਮਿਲੀ ਸੀ। ਉਸ ਦੇ ਪੁਰਖੇ ਪਟਿਆਲਾ ਦੇ ਸੰਗੀਤ ਘਰਾਣੇ ਨਾਲ ਸਬੰਧਤ ਸਨ। ਉਹ ਛੇ ਭੈਣ-ਭਰਾ ਸਨ। ਸੰਨ 1980 ਵਿਚ ਉਨ੍ਹਾਂ ਦੀ ਪਹਿਲੀ ਕੈਸੇਟ 'ਰੋਡਵੇਜ਼ ਦੀ ਲਾਰੀ' ਕਾਫੀ ਮਕਬੂਲ ਹੋਈ।

ਉਨ੍ਹਾਂ ਦੀ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪੰਜ ਮਿਲੀਅਨ ਤੱਕ ਵਿਕਣ ਵਾਲੀ 1991 ਵਿਚ ਆਈ ਕੈਸੇਟ 'ਹੁਸਨਾਂ ਦੇ ਮਾਲਕੋ' ਸੀ। ਸਰਦੂਲ ਨੇ ਦੇਸ਼-ਵਿਦੇਸ਼ ਵਿਚ ਸੈਂਕੜੇ ਸ਼ੋਅ ਕੀਤੇ ਅਤੇ ਸੈਂਕੜੇ ਸੰਸਥਾਵਾਂ ਵੱਲੋਂ ਉਸ ਨੂੰ ਵੱਕਾਰੀ ਸਨਮਾਨ ਭੇਟ ਕੀਤੇ ਗਏ।

# ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ ਦੇ ਕਿਸਾਨਾਂ ਦੀ ਅਣਦੇਖੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ ਦੇ ਕਿਸਾਨਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਾਲ 2018 ਤੋਂ 2020 ਤੱਕ ਦਾ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਸਰਹੱਦੀ ਕਿਸਾਨਾਂ ਨੂੰ ਮੁਆਵਜ਼ੇ ਖਾਤਰ ਵਾਰ-ਵਾਰ ਅਦਾਲਤਾਂ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਸਰਹੱਦੀ ਜ਼ਿਲ੍ਹਿਆਂ ਦੇ ਕਰੀਬ 17 ਹਜ਼ਾਰ ਕਿਸਾਨ ਮੁਆਵਜ਼ੇ ਲਈ ਖੱਜਲ ਹੋ ਰਹੇ ਹਨ।

ਵੇਰਵਿਆਂ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਨੇ 9 ਫਰਵਰੀ ਨੂੰ ਮੁੱਖ ਸਕੱਤਰ ਪੰਜਾਬ ਨੂੰ ਪੱਤਰ ਲਿਖਿਆ ਹੈ ਜਿਸ 'ਚ ਸਪੱਸ਼ਟ ਆਖਿਆ ਗਿਆ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤਰਫੋਂ ਭੇਜੀ ਮੁਆਵਜ਼ਾ ਰਾਸ਼ੀ 24.03 ਕਰੋੜ ਰੁਪਏ ਦਾ ਕੋਈ ਹਿਸਾਬ ਕਿਤਾਬ ਨਹੀਂ ਦਿੱਤਾ ਹੈ। ਕੇਂਦਰ ਸਰਕਾਰ ਨੇ 28 ਅਗਸਤ 2018 ਨੂੰ ਵਿੱਤ ਵਿਭਾਗ ਕੋਲ ਦੋ ਵਰ੍ਹਿਆਂ ਦੀ ਆਪਣੀ ਬਣਦੀ ਹਿੱਸੇਦਾਰੀ ਦਾ ਇਹ ਪੈਸਾ ਜਮ੍ਹਾਂ ਕਰਵਾ ਦਿੱਤਾ ਸੀ। ਪੱਤਰ 'ਚ ਆਖਿਆ ਹੈ ਕਿ ਇਸ ਪੈਸੇ ਦਾ ਹਿਸਾਬ ਕਿਤਾਬ ਨਾ ਮਿਲਣ ਕਰਕੇ ਅਗਲੇ ਵਰ੍ਹਿਆਂ ਦੀ ਮੁਆਵਜ਼ਾ ਰਾਸ਼ੀ ਜਾਰੀ ਨਹੀਂ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਭਾਰਤ-ਪਾਕਿ ਕੌਮਾਂਤਰੀ ਸੀਮਾ 553 ਕਿਲੋਮੀਟਰ ਲੰਮੀ ਹੈ ਜਿਸ ਨਾਲ ਪੰਜਾਬ ਦੇ ਛੇ ਜਿਲ੍ਹੇ ਲੱਗਦੇ ਹਨ। ਕੌਮਾਂਤਰੀ ਸੀਮਾ 'ਤੇ ਕੰਡਿਆਲੀ ਤਾਰ ਤੋਂ ਪਾਰ ਛੇ ਜਿਲ੍ਹਿਆਂ



ਗੁਰਦਾਸਪੁਰ ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ 220 ਪਿੰਡਾਂ ਦੇ ਕਿਸਾਨ ਕਰੀਬ 21,300 ਏਕੜ ਰਕਬੇ 'ਤੇ ਖੇਤੀ ਕਰਦੇ ਹਨ। ਕੇਂਦਰ ਤਰਫੋਂ 1997-2002 ਤੱਕ ਇਨ੍ਹਾਂ ਕਿਸਾਨਾਂ ਨੂੰ ਪ੍ਰਤੀ ਏਕੜ 2500 ਰੁਪਏ ਮੁਆਵਜ਼ਾ ਦਿੱਤਾ ਜਾਂਦਾ ਸੀ। ਮੁਆਵਜ਼ਾ ਰਾਸ਼ੀ 'ਚ ਵਾਧੇ ਲਈ ਸਰਹੱਦੀ ਕਿਸਾਨਾਂ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ।

ਹਾਈ ਕੋਰਟ ਨੇ 14 ਮਾਰਚ 2014 ਨੂੰ ਸੁਣਾਏ ਫੈਸਲੇ 'ਚ ਇਹ ਮੁਆਵਜ਼ਾ ਰਾਸ਼ੀ ਵਧਾ ਕੇ ਪ੍ਰਤੀ ਏਕੜ 10 ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਸੀ ਜਿਸ ਅਨੁਸਾਰ 50 ਫੀਸਦੀ ਹਿੱਸੇਦਾਰੀ ਕੇਂਦਰ ਅਤੇ 50 ਫੀਸਦੀ ਹਿੱਸੇਦਾਰੀ ਰਾਜ ਸਰਕਾਰ ਨੇ ਪਾਉਣੀ ਸੀ। ਸਰਹੱਦੀ ਏਰੀਆ ਸੰਘਰਸ਼ ਕਮੇਟੀ ਦੇ ਪ੍ਰਧਾਨ ਅਰਸਾਲ ਸਿੰਘ ਸੰਧੂ ਆਖਦੇ ਹਨ ਕਿ ਜਦੋਂ ਕੋਈ ਚੋਣ ਆਉਂਦੀ ਹੈ, ਉਦੋਂ ਹੀ ਸਰਕਾਰ ਮੁਆਵਜ਼ਾ ਰਾਸ਼ੀ ਕਿਸਾਨਾਂ ਨੂੰ ਖੈਰਾਤ ਦੀ ਤਰ੍ਹਾਂ ਵੰਡਦੀ ਹੈ। ਉਨ੍ਹਾਂ ਨੂੰ ਮੁਆਵਜ਼ਾ ਲੈਣ ਲਈ ਹਮੇਸ਼ਾ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ। ਕਿਸਾਨ ਆਖਦੇ ਹਨ ਕਿ ਪੰਜਾਬ ਸਰਕਾਰ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਪ੍ਰਤੀ ਹੇਜ ਤਾਂ ਦਿਖਾ ਰਹੀ ਹੈ ਪਰ ਸਰਹੱਦੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਤੋਂ ਟਾਲਾ ਵੱਟ ਰਹੀ ਹੈ।

ਸਰਹੱਦੀ ਕਿਸਾਨਾਂ ਨੂੰ ਸਾਲ 2017 ਤੱਕ ਦੀ ਮੁਆਵਜ਼ਾ ਰਾਸ਼ੀ ਹੁਣ ਤੱਕ ਵੰਡੀ ਗਈ ਹੈ। ਇਹ ਸਾਲਾਨਾ ਰਾਸ਼ੀ ਕਰੀਬ 24 ਕਰੋੜ ਰੁਪਏ ਬਣਦੀ ਹੈ। ਤਰਨ ਤਾਰਨ ਜਿਲ੍ਹੇ ਵਿਚ ਤਾਂ ਸਾਲ 2017 ਦਾ ਵੀ ਪੂਰਾ ਮੁਆਵਜ਼ਾ ਨਹੀਂ ਵੰਡਿਆ ਗਿਆ ਹੈ। ਡਿਪਟੀ ਕਮਿਸ਼ਨਰ ਤਰਨ ਤਾਰਨ ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਸਾਲ 2017 ਦੀ ਮੁਆਵਜ਼ਾ ਰਾਸ਼ੀ ਦੀ ਵੰਡ ਵਿਚ ਗੜਬੜੀ ਹੋਈ ਸੀ, ਜਿਸ ਸਬੰਧੀ ਪੁਲਿਸ ਕੇਸ ਵੀ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹੋ ਵਜ੍ਹਾ ਹੈ ਕਿ ਇਸ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਭੇਜੇ ਨਹੀਂ ਜਾ ਸਕੇ ਹਨ ਪਰ ਉਨ੍ਹਾਂ ਤਰਫੋਂ ਨਵੀਂ ਮੁਆਵਜ਼ਾ ਰਾਸ਼ੀ ਲਈ ਫੰਡਾਂ ਦੀ ਮੰਗ ਭੇਜੀ ਜਾ ਚੁੱਕੀ ਹੈ।

ਸਰਹੱਦੀ ਕਿਸਾਨ ਆਖਦੇ ਹਨ ਕਿ ਇਕ ਤਾਂ ਸਰਕਾਰ ਤਰਫੋਂ ਮੁਆਵਜ਼ਾ ਰਾਸ਼ੀ ਬਹੁਤ ਘੱਟ ਦਿੱਤੀ ਜਾ ਰਹੀ ਹੈ ਅਤੇ ਦੂਸਰਾ ਕਦੇ ਵੀ ਉਨ੍ਹਾਂ ਨੂੰ ਵੇਲੇ ਸਿਰ ਪੈਸਾ ਨਹੀਂ ਮਿਲਿਆ ਹੈ ਜਦੋਂ ਕਿ ਉਨ੍ਹਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਖੇਤੀ ਲਈ ਮੁਸ਼ਕਲਾਂ ਵਿਚੋਂ ਦੀ ਲੰਘਣਾ ਪੈਂਦਾ ਹੈ।

### ਕਿਸਾਨਾਂ ਉਤੇ 850 ਕਰੋੜ ਦਾ ਵਾਧੂ ਬੋਝ ਪਾਉਣ ਦੀ ਤਿਆਰੀ

**ਚੰਡੀਗੜ੍ਹ:** ਕਿਸਾਨਾਂ ਉਤੇ ਜਲਦੀ ਹੀ ਡੀ.ਏ.ਪੀ. ਖਾਦ ਤੋਂ ਇਲਾਵਾ ਫਾਸਫੋਰਿਕ ਤੇ ਹੋਰ ਖਾਦਾਂ ਦੇ ਵਧੇ ਰੇਟਾਂ ਦਾ ਬੋਝ ਪੈਣ ਵਾਲਾ ਹੈ। ਖਾਦ ਕੰਪਨੀਆਂ ਨੇ ਡੀ.ਏ.ਪੀ. ਖਾਦ ਦੀ ਨਵੀਂ ਸਪਲਾਈ ਤੇ ਡੀ.ਏ.ਪੀ. ਖਾਦ ਦਾ ਥੈਲਾ 300 ਰੁਪਏ ਤੱਕ ਵਧਾ ਦਿੱਤਾ ਹੈ। ਖਾਦ ਕੰਪਨੀਆਂ ਮੁਤਾਬਕ ਡੀ.ਏ.ਪੀ. ਖਾਦ ਜੋ ਕਿ ਪਹਿਲਾਂ ਹੀ ਗੁਦਾਮਾਂ 'ਚ ਪਈ ਹੈ, ਉਹ ਪੁਰਾਣੇ ਰੇਟ 1200 ਰੁਪਏ ਪ੍ਰਤੀ ਥੈਲਾ ਅਨੁਸਾਰ ਹੀ ਵੇਚੀ ਜਾਵੇਗੀ ਤੇ ਅਪਰੈਲ 'ਚ ਜੋ ਨਵਾਂ ਡੀ.ਏ.ਪੀ. ਸਪਲਾਈ ਕੀਤਾ ਜਾਵੇਗਾ, ਉਸ ਦਾ ਭਾਅ (ਐਮ.ਆਰ.ਪੀ.) 1500 ਰੁਪਏ ਪ੍ਰਤੀ ਥੈਲਾ ਹੋਵੇਗਾ। ਡੀ.ਏ.ਪੀ. ਖਾਦ ਦੇ ਵਧਣ ਨਾਲ ਦੇਸ਼ ਦੇ ਕਿਸਾਨਾਂ ਉਤੇ 850 ਕਰੋੜ ਦਾ ਵਾਧੂ ਬੋਝ ਪਵੇਗਾ। ਡੀ.ਏ.ਪੀ. ਖਾਦ ਤੋਂ ਇਲਾਵਾ ਡੀ.ਏ.ਪੀ. ਮਿਸ਼ਰਤ ਵਾਲੀਆਂ ਹੋਰ ਖਾਦਾਂ ਦੇ ਭਾਅ ਵੀ 140 ਤੋਂ 150 ਰੁਪਏ ਪ੍ਰਤੀ ਥੈਲਾ ਤੱਕ ਵੱਧ ਜਾਣਗੇ।

# ਖੇਤੀ ਕਾਨੂੰਨਾਂ ਖਿਲਾਫ ਰੋਹ ਵਧਿਆ, ਕਿਸਾਨ ਖੜ੍ਹੀਆਂ ਫਸਲਾਂ ਵਾਹੁਣ ਲੱਗੇ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਇਸ ਗੁੱਸੇ ਵਜੋਂ ਜਿਥੇ ਕਿਸਾਨ ਆਗੂਆਂ ਵੱਲੋਂ ਹਰਿਆਣਾ ਵਿਚ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦਾ ਘਿਰਾਓ ਕੀਤਾ ਜਾ ਰਿਹਾ ਹੈ ਅਤੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਮਹਾਪੰਚਾਇਤਾਂ ਵਿਚ ਵੱਡੇ ਇਕੱਠ ਕੀਤੇ ਜਾ ਰਹੇ ਹਨ।



ਜੀਂਦ ਦੇ ਕੁਝ ਪਿੰਡਾਂ ਵਿਚ ਕਿਸਾਨਾਂ ਨੇ ਆਪਣੀ ਖੜੀ ਫਸਲ ਵਾਹ ਦਿੱਤੀ ਹੈ, ਜਿਨ੍ਹਾਂ ਨੂੰ ਕਿਸਾਨ ਆਗੂਆਂ ਵੱਲੋਂ ਅਜਿਹਾ ਕਰਨ ਤੋਂ ਰੋਕਿਆ ਗਿਆ। ਫਸਲ 'ਤੇ ਟਰੈਕਟਰ ਚਲਾਉਣ ਦੀਆਂ ਘਟਨਾਵਾਂ ਜੀਂਦ ਇਲਾਕੇ ਵਿਚ ਵਾਪਰੀਆਂ ਹਨ। ਕਿਸਾਨ ਆਗੂਆਂ ਦੇ ਨਾਲ-ਨਾਲ ਔਰਤਾਂ ਨੇ ਵੀ ਖੁਦ ਟਰੈਕਟਰ ਚਲਾ ਕੇ ਕਣਕ ਵਾਹ ਦਿੱਤੀ। ਜ਼ਿਲ੍ਹਾ ਜੀਂਦ ਦੇ ਪਿੰਡ ਕੰਡੇਲਾ ਵਿਚ ਕਿਸਾਨ ਨੇ ਆਪਣੀ 5 ਏਕੜ ਥਾਂ ਵਿਚੋਂ ਤਿੰਨ ਕਿੱਲੇ ਕਣਕ ਵਾਹ ਦਿੱਤੀ ਹੈ, ਜਦਕਿ ਸਿਰਫ ਦੋ ਏਕੜ ਫਸਲ ਹੀ ਰੱਖੀ ਹੈ। ਇਸ ਬਾਰੇ ਸੁਦੇਸ਼ ਰਾਣੀ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਖੇਤੀ ਵਿਰੋਧੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਤਬਾਹ ਕਰ ਦਿੱਤਾ ਹੈ। ਇਸੇ ਦੇ ਗੁੱਸੇ ਵਜੋਂ ਉਨ੍ਹਾਂ ਨੇ ਆਪਣੀ ਤਿੰਨ ਏਕੜ ਫਸਲ ਵਾਹ ਦਿੱਤੀ ਹੈ, ਘਰ ਦੇ ਗੁਜ਼ਾਰੇ ਜੋਗੀ ਦੋ ਏਕੜ ਫਸਲ ਰੱਖੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਕਿਸਾਨਾਂ ਵੱਲੋਂ ਸ਼ਾਂਤਮਈ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।

ਇਸੇ ਤਰ੍ਹਾਂ ਜ਼ਿਲ੍ਹਾ ਜੀਂਦ ਵਿਚ ਹੋਰ ਵੀ ਕਈ ਥਾਵਾਂ 'ਤੇ ਕਿਸਾਨਾਂ ਨੇ ਫਸਲ ਵਾਹੁਣ ਦੀ ਕੋਸ਼ਿਸ਼ ਕੀਤੀ। ਇਕ ਵਿਅਕਤੀ ਆਪਣੀ 40/50 ਏਕੜ ਥਾਂ 'ਤੇ ਟਰੈਕਟਰ ਚਲਾਉਣ ਲੱਗਾ ਤਾਂ ਕਿਸਾਨ ਆਗੂਆਂ ਨੇ ਰੋਕਿਆ। ਇਸ ਤੋਂ ਪਹਿਲਾਂ ਵੀ ਸੂਬੇ ਵਿਚ ਇਕ ਦਰਜਨ ਦੇ ਕਰੀਬ ਕਿਸਾਨਾਂ ਵੱਲੋਂ ਆਪਣੀ ਫਸਲ ਵਾਹੀ ਜਾ ਚੁੱਕੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਦੇਸ਼ ਦਾ ਅੰਨਦਾਤਾ ਤਬਾਹ ਹੋ ਗਿਆ ਤਾਂ ਅਨਾਜ ਵੀ ਕੋਈ ਨਹੀਂ ਉਗਾਵੇਗਾ। ਸਰਵਜਾਤੀ ਕੰਡੇਲਾ ਖਾਪ ਦੇ ਪ੍ਰਧਾਨ ਟੇਕ ਰਾਮ ਕੰਡੇਲਾ ਨੇ ਕਿਸਾਨਾਂ ਨੂੰ ਅਜਿਹਾ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਤਿੰਨੇ ਕਾਨੂੰਨ ਰੱਦ ਕਰ ਕੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਹਰਿਆਣਾ ਵਿਚ ਕਿਸਾਨਾਂ ਨੂੰ ਖੜ੍ਹੀਆਂ ਫਸਲਾਂ ਤਬਾਹ ਨਾ ਕਰਨ ਦੀ ਅਪੀਲ ਕੀਤੀ ਹੈ। ਦੇਸ਼ ਦਾ ਕਿਸਾਨ ਭਾਵੁਕ ਹੋ ਕੇ ਆਪਣੇ ਆਪ ਨੂੰ ਆਰਥਿਕ ਨੁਕਸਾਨ ਨਹੀਂ ਪਹੁੰਚਾਵੇਗਾ। ਚੜੂਨੀ ਨੇ ਕਿਸਾਨਾਂ ਨੂੰ ਫਸਲ ਵਾਹੁਣ ਦੀ ਥਾਂ ਪਰਿਵਾਰ ਸਣੇ ਕਿਸਾਨ ਸੰਘਰਸ਼ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

## ਕੈਪਟਨ ਸੰਘਰਸ਼ ਬਾਰੇ ਸਟੈਂਡ ਸਪੱਸ਼ਟ ਕਰਨ: ਮਜੀਠੀਆ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਖਿਆ ਕਿ ਉਹ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਦੀ ਅਗਵਾਈ ਕਰਕੇ ਇਸ ਮਾਮਲੇ ਸਬੰਧੀ ਆਪਣਾ ਸਟੈਂਡ ਸਪੱਸ਼ਟ ਕਰਨ। ਮਜੀਠੀਆ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਵੱਲੋਂ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਕਰਨ ਵਾਸਤੇ ਸੂਬੇ ਦੇ ਅਧਿਕਾਰੀਆਂ ਦੀ ਡਿਊਟੀ ਲਾਈ ਗਈ ਹੈ, ਅਜਿਹਾ ਕਰਕੇ ਉਹ ਕੇਂਦਰ ਦੇ ਹੱਥਾਂ ਵਿਚ ਖੇਡ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆ ਰਹੇ ਵਿਧਾਨ ਸਭਾ ਸੈਸ਼ਨ ਵਿਚ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਉਲੀਕੀ ਯੋਜਨਾ ਦੇ ਖਾਕੇ ਦਾ ਖੁਲਾਸਾ ਕਰਨਾ ਚਾਹੀਦਾ ਹੈ। ਉਨ੍ਹਾਂ ਰਾਕੇਸ਼ ਟਿਕੈਤ ਸਮੇਤ ਹੋਰ ਕਿਸਾਨ ਆਗੂਆਂ ਦੀ ਸ਼ਲਾਘਾ ਕੀਤੀ।

# ਨੌਜਵਾਨਾਂ ਨੇ ਮੋਰਚੇ 'ਚ ਜੋਸ਼ ਭਰਿਆ, ਦਿੱਤਾ ਸਖਤ ਸੁਨੇਹਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਦੇਸ਼ ਦੇ ਕਿਸਾਨਾਂ ਵੱਲੋਂ ਦਿੱਲੀ ਦੇ ਤਿੰਨ ਮੁੱਖ ਪ੍ਰਵੇਸ਼ ਮਾਰਗਾਂ 'ਤੇ ਦਿੱਤੇ ਜਾ ਰਹੇ ਧਰਨਿਆਂ ਦੇ ਤਿੰਨ ਮਹੀਨੇ ਪੂਰੇ ਹੋਣ 'ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ 'ਯੁਵਾ ਕਿਸਾਨ ਦਿਵਸ' ਮਨਾਇਆ ਗਿਆ। ਨੌਜਵਾਨਾਂ ਨੇ ਮੋਰਚੇ ਦੀ ਪਕਿਆਈ ਲਈ ਡਟੇ ਰਹਿਣ ਵਾਸਤੇ ਕੌਮੀ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੱਕ ਕੇਂਦਰ ਸਰਕਾਰ ਨਾਲ ਟੱਕਰ ਜਾਰੀ ਰੱਖਣ ਦਾ ਸੱਦਾ ਦਿੱਤਾ।



ਦਿੱਲੀ ਦੀਆਂ ਹੱਦਾਂ ਸਿੰਘੂ, ਟਿਕਰੀ ਤੇ ਗਾਜ਼ੀਪੁਰ ਦੇ ਕਿਸਾਨ ਮੋਰਚਿਆਂ ਦੇ ਮੰਚ ਸੰਚਾਲਨ ਤੋਂ ਲੈ ਕੇ ਬੁਲਾਰਿਆਂ ਵਜੋਂ ਨੌਜਵਾਨ ਸ਼ਾਮਲ ਹੋਏ ਤੇ ਸਮੁੱਚੇ ਪ੍ਰਬੰਧ ਵੀ ਕਿਸਾਨ ਯੂਨੀਅਨਾਂ ਦੇ ਯੂਥ ਵਿੰਗਾਂ ਨੇ ਨੇਪਰੇ ਚਾੜ੍ਹੇ। ਕਰਨਾਟਕ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲਾ ਤੇ ਤਿਲੰਗਾਨਾ ਦੇ ਪ੍ਰਦਰਸ਼ਨਕਾਰੀਆਂ ਨੇ ਸਾਰੇ ਕਿਸਾਨਾਂ ਨੂੰ ਐਮ.ਐਸ.ਪੀ. ਦੀ ਗਾਰੰਟੀ ਦੇਣ ਦੀ ਮਹੱਤਤਾ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਤਿੰਨੇ ਖੇਤੀ ਕਾਨੂੰਨ ਸਾਰੇ ਕਿਸਾਨਾਂ ਲਈ ਮੌਤ ਦੇ ਵਾਰੰਟ ਹਨ। ਇਸ ਮੌਕੇ ਛੱਬੀ ਜਨਵਰੀ ਨੂੰ ਆਈ.ਟੀ.ਓ. (ਦਿੱਲੀ) 'ਚ ਸ਼ਹੀਦ ਹੋਏ ਨੌਜਵਾਨ ਨਵਰੀਤ ਸਿੰਘ ਹੁੰਦਲ ਦੇ ਦਾਦਾ ਹਰਦੀਪ ਸਿੰਘ ਨੇ ਕਿਹਾ ਕਿ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਇਹ ਸੰਘਰਸ਼ ਜਾਰੀ ਰੱਖਣਗੇ। ਨਵਰੀਤ ਦੀ ਤਸਵੀਰ ਸਟੇਜ 'ਤੇ ਲਾਈ ਗਈ ਅਤੇ ਸਿੰਘੂ ਮੋਰਚੇ 'ਤੇ ਸ਼ਹੀਦ ਹੋਏ ਨਵਜੋਤ ਸਿੰਘ (18) ਅਤੇ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਕਈ ਨੌਜਵਾਨ ਬੁਲਾਰਿਆਂ ਨੇ ਮੋਰਚੇ ਦੇ ਆਗੂਆਂ ਨੂੰ ਉਸਾਰੂ ਸੁਝਾਅ ਵੀ ਦਿੱਤੇ ਤੇ ਸਹੁੰ ਖਾਧੀ ਕਿ ਉਹ ਅੰਦੋਲਨ ਨੂੰ ਕਾਮਯਾਬ ਕਰਨਗੇ ਤੇ ਸਾਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਬੇਕਾਰ ਨਹੀਂ ਜਾਣ ਦੇਣਗੇ।

ਬੁਲਾਰਿਆਂ ਨੇ ਕਿਹਾ, 'ਸਰਕਾਰ ਨੌਜਵਾਨਾਂ ਨੂੰ ਖੇਤੀਬਾੜੀ ਅਤੇ ਪਿੰਡਾਂ ਤੋਂ ਉਜਾੜਨ ਅਤੇ ਉਨ੍ਹਾਂ ਨੂੰ ਸ਼ਹਿਰੀ ਭਾਰਤ ਲਈ ਸਸਤੀ ਕਿਰਤ ਬਣਾਉਣ ਲਈ ਨੀਤੀਆਂ ਦਾ ਪ੍ਰਚਾਰ ਕਰ ਰਹੀ ਹੈ ਪਰ ਇਹ ਸਾਨੂੰ ਮਨਜ਼ੂਰ ਨਹੀਂ ਹੈ। ਹਰ ਰੋਜ਼ ਕਿਸਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ ਪਰ ਕੇਂਦਰ ਦੀ ਮੋਦੀ ਸਰਕਾਰ ਆਪਣੀ ਅੜੀ ਨਹੀਂ ਛੱਡ ਰਹੀ, ਜਿਸ ਨੂੰ ਤੋੜਨ ਲਈ ਨੌਜਵਾਨ ਦਾ ਵੱਡਾ ਰੋਲ ਅਦਾ ਕਰਨਗੇ।'

## ਕੇਂਦਰ ਖੇਤੀ ਕਾਨੂੰਨ 3 ਸਾਲ ਲਈ ਮੁਅੱਤਲ ਕਰੇ: ਰਾਮਦੇਵ

**ਪਾਣੀਪਤ:** ਪਾਣੀਪਤ ਦੇ ਸਮਾਲਖਾ ਪੁੱਜੇ ਯੋਗ ਗੁਰੂ ਬਾਬਾ ਰਾਮਦੇਵ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਤਿੰਨ ਸਾਲ ਲਈ ਖੇਤੀ ਕਾਨੂੰਨਾਂ ਨੂੰ ਮੁਅੱਤਲ ਕਰ ਦੇਣਾ ਚਾਹੀਦਾ ਹੈ। ਕਿਸਾਨਾਂ ਤੇ ਸਰਕਾਰ ਨੂੰ ਇਕੱਠਿਆਂ ਬੈਠ ਕੇ ਕਿਸਾਨਾਂ ਤੇ ਦੇਸ਼ ਹਿੱਤ ਦੀਆਂ ਨੀਤੀਆਂ 'ਤੇ ਚਰਚਾ ਕਰਕੇ ਕਾਨੂੰਨ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਦੇ ਬੁਲਾਰੇ ਨਹੀਂ ਹਨ ਅਤੇ ਨਾ ਹੀ ਉਹ ਖੁਦ 'ਕਾਂਟਰੈਕਟ' ਖੇਤੀ ਕਰਨਾ ਚਾਹੁੰਦੇ ਹਨ, ਪਰ ਸੁਧਾਰ ਦੀ ਜ਼ਰੂਰਤ ਹਰ ਖੇਤਰ 'ਚ ਹੈ। ਰਾਮਦੇਵ ਨੇ ਕਿਹਾ ਕਿ ਹਰ ਸਮੱਸਿਆ 'ਚ ਵਿਚਕਾਰਲਾ ਰਸਤਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਡੇਢ ਸਾਲ ਤੱਕ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਨਾ ਕਰਨ ਦੀ ਗੱਲ ਕਹਿ ਚੁੱਕੀ ਹੈ। ਜੇਕਰ ਕਿਸਾਨਾਂ ਨੂੰ ਇਹ ਸਮਾਂ ਘੱਟ ਲਗਦਾ ਹੈ ਤਾਂ ਇਸ ਨੂੰ ਵਧਾ ਕੇ 3 ਸਾਲ ਕਰ ਲਵੇ।

# ਖੇਤੀ ਕਾਨੂੰਨ: ਨਵਜੋਤ ਸਿੱਧੂ ਸ਼ਾਇਰਾਨਾ ਅੰਦਾਜ਼ 'ਚ ਕੇਂਦਰ 'ਤੇ ਵਰ੍ਹੇ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਭਾਵੇਂ ਜਨਤਕ ਤੌਰ 'ਤੇ ਕਿਸਾਨ ਸੰਘਰਸ਼ ਦੇ ਹੱਕ 'ਚ ਕੁਝ ਨਹੀਂ ਬੋਲ ਰਹੇ ਪਰ ਉਹ ਸੋਸ਼ਲ ਮੀਡੀਆ ਰਾਹੀਂ ਲਗਾਤਾਰ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ। ਆਪਣੇ ਯੂ-ਟਿਊਬ ਚੈਨਲ ਤੇ ਟਵਿੱਟਰ ਅਕਾਊਂਟ ਰਾਹੀਂ ਉਹ ਕਿਸਾਨਾਂ ਦੇ ਹੱਕ 'ਚ ਲਗਾਤਾਰ ਆਪਣੀਆਂ ਭਾਵਨਾਵਾਂ ਜ਼ਾਹਿਰ ਕਰ ਰਹੇ ਹਨ। ਉਨ੍ਹਾਂ ਹਾਲ ਹੀ ਵਿਚ ਖੇਤੀ ਕਾਨੂੰਨਾਂ ਖਿਲਾਫ ਲਿਖਿਆ ਕਿ 'ਯੇ ਕਾਲੇ ਕਾਨੂੰਨਾਂ ਕੀ ਤਹਿਜ਼ੀਬ ਹੈ ਜਨਾਬ... ਕੈਦ ਕਰ ਖਾਨਾ ਦੇਨੇ ਕੀ ਬਾਤ ਕਰਤੇ ਹੈਂ।' ਇਕ ਹੋਰ ਟਵੀਟ ਵਿਚ ਉਨ੍ਹਾਂ ਲਿਖਿਆ, "ਵੋ ਆਏਂਗੇ, ਨਏ ਵਾਅਦੇ ਲੇਕਰ, ਤੁਮ ਪੁਰਾਣੀ ਸ਼ਰਤੋਂ ਪਰ ਹੀ ਕਾਇਮ ਰਹਿਨਾ।" ਇਸ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਲਿਖਿਆ,'ਆਗ ਲਗਾਨੇ ਵਾਲੋਂ ਕੋ ਕਯਾ ਖਬਰ... ਰੁਖ ਹਵਾਓਂ ਨੇ ਬਦਲਾ ਤੋ, ਖਾਕ ਵੋ ਭੀ ਹੋਂਗੇ।' ਇਕ ਹੋਰ ਟਵੀਟ ਵਿਚ ਉਨ੍ਹਾਂ ਲਿਖਿਆ,'ਅਪਨੇ ਖਿਲਾਫ ਬਾਤੇਂ ਮੈਂ ਅਕਸਰ ਖਾਮੋਸ਼ੀ ਸੇ ਸੁਨਤਾ ਹੂੰ... ਜਵਾਬ ਦੇਨੇ ਕਾ ਹੱਕ, ਮੈਂਨੇ ਵਕਤ ਕੋ ਦੇ ਰੱਖਾ ਹੈ।' ਉਨ੍ਹਾਂ ਇਕ ਹੋਰ ਟਵੀਟ ਕੀਤਾ, 'ਜੋ ਸਬਜ਼ਬਾਗ ਦਿਖਾਏ ਥੇ ਹਕੂਮਤ ਨੇ, ਵਹਾਂ ਗੁਲ ਖਿਲੇ ਜਾਂ ਨਹੀਂ? ਐ ਹਿੰਦੁਸਤਾਨ ਕੇ ਕਿਸਾਨੋਂ.. ਆਮਦਨ ਦੁਗਨੀ ਹੁਈ ਜਾਂ ਨਹੀਂ? ਅੱਛੇ ਦਿਨ ਆਏ ਜਾਂ ਨਹੀਂ?' ਉਨ੍ਹਾਂ ਲਿਖਿਆ 'ਕਿਸਾਨੋਂ ਕੋ ਤੂੰ ਉਨਕਾ ਹੱਕ ਨਹੀਂ ਦੇਤੀ ਤੋ ਸੁਨ ਲੈ ਐ ਹਕੂਮਤ, ਤੂੰ ਭੀ ਆਪਣੇ ਆਖਰੀ ਪਾਏਦਾਨ ਪਰ ਅਬ ਹੈ।'

# ਭਾਰਤ 'ਚ ਸਿਧਾਣੇ ਦਾ ਫੇਸਬੁੱਕ ਪੇਜ ਹਟਾਇਆ

**ਬਠਿੰਡਾ:** ਕਿਸਾਨ ਅੰਦੋਲਨ 'ਚ ਸਰਗਰਮ ਲੱਖਾ ਸਿਧਾਣਾ ਦਾ ਭਾਰਤ ਵਿਚ ਫੇਸਬੁੱਕ ਪੇਜ ਹਟਾ ਦਿੱਤਾ ਗਿਆ ਹੈ। ਗਣਤੰਤਰ ਦਿਵਸ ਮੌਕੇ ਲਾਲ ਕਿਲੇ 'ਤੇ ਵਾਪਰੀਆਂ ਘਟਨਾਵਾਂ ਲਈ ਲੱਖਾ ਸਿਧਾਣਾ ਨੂੰ ਦੋਸ਼ੀ ਠਹਿਰਾਉਂਦਿਆਂ ਦਿੱਲੀ ਪੁਲਿਸ ਨੇ ਉਸ ਦੀ ਗ੍ਰਿਫਤਾਰੀ 'ਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਉਸ ਦੇ 3 ਲੱਖ ਤੋਂ ਵੱਧ ਫਾਲੋਅਰਜ਼ ਹਨ। ਉਸ ਦੇ ਪ੍ਰਸ਼ੰਸਕਾਂ ਦਾ ਦਾਅਵਾ ਹੈ ਕਿ ਸਰਕਾਰ ਨੇ ਉਸ ਦੇ ਪੇਜ 'ਤੇ ਪਾਬੰਦੀ ਲਗਾ ਦਿੱਤੀ ਹੈ, ਜਦੋਂਕਿ ਅਮਰੀਕਾ ਅਤੇ ਇਟਲੀ ਦੇ ਲੋਕ ਉਸ ਦਾ ਫੇਸਬੁੱਕ ਪੇਜ ਵੇਖ ਸਕਦੇ ਹਨ। ਉਸ ਦੇ ਸਮਰਥਕਾਂ ਨੇ 23 ਫਰਵਰੀ ਨੂੰ ਮਹਿਰਾਜ ਪਿੰਡ 'ਚ ਵੱਡੀ ਰੈਲੀ ਕੀਤੀ ਸੀ ਜਿਸ 'ਚ ਲੱਖੇ ਨੇ ਵੀ ਸੰਬੋਧਨ ਕੀਤਾ ਸੀ।

# ਅਡਾਨੀ ਭੰਡਾਰ 'ਚੋਂ ਅਨਾਜ ਭਰ ਕੇ ਨਿਕਲੀ ਮਾਲ ਗੱਡੀ ਡੱਕੀ

**ਮੋਗਾ:** ਖੇਤੀ ਕਾਨੂੰਨ ਰੱਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਤਹਿਤ ਕਿਸਾਨ ਜਥੇਬੰਦੀਆਂ ਨੇ ਇਥੇ ਅਡਾਨੀ ਭੰਡਾਰ 'ਚੋਂ ਅਨਾਜ ਭਰ ਕੇ ਨਿਕਲੀ ਮਾਲ ਗੱਡੀ ਰੋਕ ਲਈ। ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਸੂਬਾਈ ਆਗੂ ਬਲਦੇਵ ਸਿੰਘ ਜ਼ੀਰਾ ਦੀ ਅਗਵਾਈ ਹੇਠ ਕਿਸਾਨ ਰੇਲ ਪਟੜੀ ਉਤੇ ਬੈਠ ਗਏ ਅਤੇ ਗੱਡੀ ਡੱਕ ਦਿੱਤੀ। ਰੋਹ 'ਚ ਆਏ ਕਿਸਾਨਾਂ ਨੇ ਨਾਅਰੇਬਾਜ਼ੀ ਵੀ ਕੀਤੀ। ਘਟਨਾ ਦੀ ਸੂਚਨਾ ਮਿਲਦੇ ਸਾਰ ਸਿਵਲ ਤੇ ਪੁਲਿਸ ਅਧਿਕਾਰੀ ਪੁੱਜ ਗਏ। ਉਨ੍ਹਾਂ ਆਗੂਆਂ ਨਾਲ ਗੱਲਬਾਤ ਕੀਤੀ ਜਿਸ ਮਗਰੋਂ ਰੇਲ ਵਿਭਾਗ ਇਕੱਲਾ ਇੰਜਣ ਲੈ ਕੇ ਚਲਾ ਗਿਆ ਜਦੋਂਕਿ ਅਨਾਜ ਦੀ ਭਰੀ ਗੱਡੀ ਉਥੇ ਹੀ ਖੜ੍ਹੀ ਹੋਈ ਹੈ।

ਚੇਤੇ ਰਹੇ ਕਿ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੇ ਰਾਹ ਪਈਆਂ ਕਿਸਾਨ ਜਥੇਬੰਦੀਆਂ ਨੇ ਕੋਲਾ ਆਦਿ ਦੀ ਢੋਆ-ਢੁਆਈ ਲਈ ਹੀ ਮਾਲ ਗੱਡੀਆਂ ਚੱਲਣ ਦੀ ਇਜਾਜ਼ਤ ਦਿੱਤੀ ਸੀ। ਕਿਸਾਨ ਆਗੂ ਬਲਦੇਵ ਸਿੰਘ ਜ਼ੀਰਾ ਨੇ ਕਿਹਾ ਕਿ ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਕ ਮਾਲ ਗੱਡੀ ਬਾਰੇ ਸੂਚਨਾ ਮਿਲਣ ਉਤੇ ਅਡਾਨੀ ਪਲਾਂਟ 'ਚੋਂ ਕਣਕ ਦੀ ਲੋਡ ਮਾਲ ਗੱਡੀ ਨੂੰ ਰੋਕਿਆ ਹੈ। ਪ੍ਰਸ਼ਾਸਨ ਕਹਿ ਰਿਹਾ ਹੈ ਕਿ ਮਾਲ ਗੱਡੀ ਨਾ ਰੋਕਣ ਦਾ ਫੈਸਲਾ ਹੋਇਆ ਹੈ ਪਰ ਉਨ੍ਹਾਂ ਦੀ ਜਥੇਬੰਦੀ ਨੂੰ ਇਸ ਬਾਰੇ ਕੋਈ ਇਲਮ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਨਿਰਦੇਸ਼ਾਂ ਮੁਤਾਬਕ ਮਾਲ ਗੱਡੀ ਬਾਰੇ ਫੈਸਲਾ ਕੀਤਾ ਜਾਵੇਗਾ।

## ਕਿਸਾਨ ਜਥੇਬੰਦੀਆਂ ਪਹਿਲਾਂ ਤਜਵੀਜ਼ ਦਾ ਜਵਾਬ ਦੇਣ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਦੁਹਰਾਇਆ ਕਿ ਸਰਕਾਰ ਕਿਸਾਨਾਂ ਨਾਲ ਵਾਰਤਾ ਕਰਨ ਲਈ ਤਿਆਰ ਹੈ ਪਰ ਪਹਿਲਾਂ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਲਈ ਰੋਕਣ ਅਤੇ ਮਸਲੇ ਦੇ ਹੱਲ ਲਈ ਸਾਂਝੀ ਕਮੇਟੀ ਬਣਾਉਣ ਦੀ ਤਜਵੀਜ਼ ਦਾ ਜਵਾਬ ਦੇਣ।

ਕਿਸਾਨ ਮੇਲੇ ਦੇ ਉਦਘਾਟਨ ਮਗਰੋਂ ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਪ੍ਰਤੀ ਪੂਰੀ ਤਰ੍ਹਾਂ ਨਾਲ ਗੰਭੀਰ ਹੈ। ਜਥੇਬੰਦੀਆਂ ਨਾਲ ਕਈ ਦੌਰ ਦੀ ਗੱਲਬਾਤ ਕੀਤੀ ਹੈ ਪਰ ਉਨ੍ਹਾਂ ਸਾਡੀਆਂ ਤਜਵੀਜ਼ਾਂ ਦਾ ਜਵਾਬ ਨਹੀਂ ਦਿੱਤਾ ਹੈ।

# ਖੱਟਰ ਸਰਕਾਰ ਤੋਂ ਹਮਾਇਤ ਵਾਪਸ ਲੈਣ ਵਾਲੇ ਵਿਧਾਇਕ ਕੁੰਡੂ ਦੇ ਘਰ ਛਾਪੇ

**ਚੰਡੀਗੜ੍ਹ:** ਕਿਸਾਨਾਂ ਦੀ ਹਮਾਇਤ ਵਿਚ ਹਰਿਆਣਾ ਦੀ ਖੱਟਰ ਸਰਕਾਰ ਤੋਂ ਸਮਰਥਨ ਵਾਪਸ ਲੈ ਚੁੱਕੇ ਹਲਕਾ ਮਹਿਮ ਤੋਂ ਆਜ਼ਾਦ ਵਿਧਾਇਕ ਬਲਰਾਜ ਕੁੰਡੂ ਦੇ ਰੋਹਤਕ ਵਿਚ ਸੈਕਟਰ-14 'ਚ ਸਥਿਤ ਘਰ ਵਿਚ ਆਮਦਨ ਕਰ ਵਿਭਾਗ ਦੀ ਟੀਮ ਨੇ ਛਾਪਾ ਮਾਰਿਆ ਜੋ ਦੇਰ ਸ਼ਾਮ ਤੱਕ ਚੱਲਦਾ ਰਿਹਾ। ਜਾਣਕਾਰੀ ਅਨੁਸਾਰ ਟੀਮ ਨੇ ਕੁੰਡੂ ਦੇ ਗੁਰੂਗ੍ਰਾਮ, ਦਿੱਲੀ ਤੇ ਰੋਹਤਕ ਵਿਚ ਸਥਿਤ ਘਰ ਅਤੇ ਦਫਤਰ ਤੋਂ ਇਲਾਵਾ ਹਿਸਾਰ ਵਿਚ ਸਥਿਤ ਸਹੁਰਾ ਘਰ ਸਮੇਤ ਲਗਭਗ 30 ਥਾਵਾਂ 'ਤੇ ਛਾਪੇ ਮਾਰੇ ਹਨ। ਜਾਣਕਾਰੀ ਅਨੁਸਾਰ ਆਜ਼ਾਦ ਵਿਧਾਇਕ ਬਲਰਾਜ ਕੁੰਡੂ ਕੰਸਟਰੱਕਸ਼ਨ ਕੰਪਨੀ ਚਲਾਉਂਦੇ ਹਨ।

ਅਧਿਕਾਰੀਆਂ ਨੇ ਘਰ ਦੀ ਤਲਾਸ਼ੀ ਲੈਂਦਿਆਂ ਆਮਦਨ ਕਰ ਸਬੰਧੀ ਸਾਰੇ ਦਸਤਾਵੇਜ਼ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਦੌਰਾਨ ਅਧਿਕਾਰੀਆਂ ਨੇ ਮੀਡੀਆ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਨਾ ਕਿਸੇ ਨੂੰ ਘਰ ਜਾਂ ਦਫਤਰ ਦੇ ਅੰਦਰ ਦਾਖਲ ਹੋਣ ਦਿੱਤਾ ਗਿਆ ਅਤੇ ਨਾ ਹੀ ਕਿਸੇ ਨੂੰ ਬਾਹਰ ਆਉਣ ਦੀ ਪ੍ਰਵਾਨਗੀ ਦਿੱਤੀ ਗਈ।



ਦੱਸਣਯੋਗ ਹੈ ਕਿ ਮਹਿਮ ਤੋਂ ਆਜ਼ਾਦ ਵਿਧਾਇਕ ਬਲਰਾਜ ਕੁੰਡੂ ਪਹਿਲੇ ਦਿਨ ਤੋਂ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਕਿਸਾਨਾਂ ਦੀ ਹਮਾਇਤ ਕਰ ਰਹੇ ਹਨ ਜਿਨ੍ਹਾਂ ਕੇਂਦਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਮੁਜ਼ਾਹਰੇ ਕੀਤੇ ਅਤੇ ਦਿੱਲੀ ਦੀਆਂ ਬਰੂੰਹਾਂ 'ਤੇ ਚੱਲ ਰਹੇ ਸੰਘਰਸ਼ ਵਿਚ ਵੀ ਹਿੱਸਾ ਲਿਆ। ਉਨ੍ਹਾਂ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋ ਚੁੱਕੇ ਵਿਅਕਤੀਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦਿੱਤੇ ਜਦਕਿ ਸਿੰਘੂ ਬਾਰਡਰ 'ਤੇ ਕਿਸਾਨ ਰਸੋਈ ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਸਾਲ 2020 ਵਿਚ ਕਿਸਾਨਾਂ ਦੀ ਹਮਾਇਤ ਕਰਦਿਆਂ ਖੱਟਰ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਸੀ। ਇਸ ਤੋਂ ਪਹਿਲਾਂ ਹਲਕਾ ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਨੇ ਭਾਜਪਾ ਸਰਕਾਰ ਤੋਂ ਸਮਰਥਨ ਵਾਪਸ ਲਿਆ ਹੋਇਆ ਹੈ।

## ਕਿਸਾਨਾਂ ਦੀ ਖੁਸ਼ਹਾਲੀ ਲਈ ਵਚਨਬੱਧ: ਮੋਦੀ

**ਕੋਇੰਬਟੂਰ (ਤਾਮਿਲ ਨਾਡੂ):** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ 'ਤੇ ਜੋਰ ਦਿੰਦਿਆਂ ਕਿਹਾ ਕਿ ਐਨ.ਡੀ.ਏ. ਗੱਠਜੋੜ ਨੇ ਕਿਸਾਨਾਂ ਦੀ ਖੁਸ਼ਹਾਲੀ ਤੇ ਮਾਣ ਸਨਮਾਨ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਸਰਕਾਰ ਖੇਤੀ ਸੈਕਟਰ ਵਿਚ ਵੱਡੇ ਪੱਧਰ 'ਤੇ ਸੁਧਾਰ ਲਿਆਉਣ ਲਈ ਦ੍ਰਿੜ੍ਹ ਹੈ। ਕਿਸਾਨਾਂ ਦੀ ਵਿਚੋਲਿਆਂ 'ਤੇ ਟੇਕ ਨੂੰ ਖਤਮ ਕਰਨਾ ਇਸੇ ਦਿਸ਼ਾ 'ਚ ਚੁੱਕਿਆ ਕਦਮ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲਾਂ ਤੋਂ ਛੋਟੇ ਕਾਰੋਬਾਰੀਆਂ ਤੇ ਛੋਟੇ ਕਿਸਾਨਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਸੀ, ਪਰ 'ਐਨ.ਡੀ.ਏ. ਸਰਕਾਰ ਨੇ ਇਨ੍ਹਾਂ ਦੋਵਾਂ ਵਰਗਾਂ ਨੂੰ ਸਿਖਰਲੀ ਤਰਜੀਹ ਦਿੱਤੀ।'

## ਪ੍ਰੋ. ਨਿਰੰਜਨ ਢੇਸੀ ਨੂੰ ਯਾਦ ਕਰਦਿਆਂ

ਸ਼ਰਧਾਂਜਲੀ

# ਰਿਸ਼ਤੇ ਕਦੀ ਮਰਦੇ ਨਹੀਂ

ਕੁਲਵਿੰਦਰ ਖਹਿਰਾ

"ਨਿਰੰਜਨ ਢੇਸੀ"...ਮੈਨੂੰ ਇਹ ਤਾਂ ਯਾਦ ਨਹੀਂ ਕਿ ਮੈਂ ਇਹ ਨਾਂ ਪਹਿਲੀ ਵਾਰ ਕਦੋਂ ਸੁਣਿਆ ਸੀ, ਪਰ ਏਨਾ ਜ਼ਰੂਰ ਪਤਾ ਹੈ ਕਿ ਇਹ ਨਾਂ ਮੇਰੀਆਂ ਮੁਢਲੀਆਂ ਯਾਦਾਂ ਦਾ ਹਿੱਸਾ ਹੈ, ਕਿਉਂਕਿ ਸੁਰਤ ਸੰਭਾਲਦਿਆਂ ਹੀ ਇਹ ਨਾਂ ਮੈਂ ਅਕਸਰ ਹੀ ਆਪਣੇ ਪਰਿਵਾਰ, ਖਾਸ ਕਰਕੇ ਬਾਬੇ ਦੇ ਮੂੰਹੋਂ ਸੁਣਿਆ ਕਰਦਾ ਸੀ। ਫਿਰ ਪਤਾ ਲੱਗਾ ਕਿ ਨਿਰੰਜਨ ਢੇਸੀ ਮੇਰੇ ਪਿੰਡ ਦਾ "ਮੁੰਡਾ" ਹੈ, ਜੋ ਮੇਰੇ ਚਾਚੇ ਕਰਨੈਲ ਦਾ ਹਾਈ ਸਕੂਲ ਦਾ ਯਾਰ ਹੈ ਤੇ ਉਸ ਦੇ ਨਾਲ ਹੀ ਕਾਲਜ ਤੱਕ ਪੜ੍ਹਿਆ ਹੈ।

ਪ੍ਰੋਫੈਸਰ ਢੇਸੀ ਅਤੇ ਕਰਨੈਲ ਚਾਚਾ ਜੀ, ਜੋ ਬਾਅਦ ਵਿਚ ਜਾ ਕੇ ਨਰਜੀਤ ਖਹਿਰਾ ਬਣ ਗਏ, ਸ਼ਾਹਕੋਟ ਲਾਗੇ ਪੈਂਦੇ ਪਿੰਡ ਨੰਗਲ ਅੰਬੀਆਂ ਦੇ ਹਾਈ ਸਕੂਲ, ਜੋ ਉਸ ਸਮੇਂ ਸ਼ਾਇਦ ਸ਼ਾਹਕੋਟ ਬਲਾਕ ਦਾ ਇੱਕੋ ਹੀ ਹਾਈ ਸਕੂਲ ਹੋਵੇ, ਵਿਚ ਪੜ੍ਹਦੇ ਏਨੇ ਗੂੜ੍ਹੇ ਦੋਸਤ ਬਣ ਗਏ ਕਿ ਇੱਕ ਦੂਸਰੇ ਦੇ ਪਰਿਵਾਰਕ ਮੈਂਬਰ ਹੀ ਸਮਝੇ ਜਾਂਦੇ ਸਨ। ਦੋਹਾਂ ਨੇ ਖਾਲਸਾ ਕਾਲਜ ਜਲੰਧਰ ਤੋਂ ਈਵਨਿੰਗ ਕਲਾਸ ਵਿਚ ਐਮ. ਏ. ਕੀਤੀ ਅਤੇ ਨਰਜੀਤ ਚਾਚਾ ਜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚਲੇ ਗਏ ਤੇ ਢੇਸੀ ਅੰਕਲ ਖਾਲਸਾ ਕਾਲਜ ਜਲੰਧਰ ਵਿਚ ਹੀ ਲੈਕਚਰਰ ਲੱਗ ਗਏ। ਕੁਝ ਚਿਰ ਬਾਅਦ ਚਾਚਾ ਜੀ ਵੀ ਖਾਲਸਾ ਕਾਲਜ ਜਲੰਧਰ ਆ ਗਏ ਤੇ ਇਹ ਜੋੜੀ ਫਿਰ ਇਕੱਠੀ ਹੋ ਗਈ। ਫਿਰ ਢੇਸੀ ਅੰਕਲ ਦੀ ਜ਼ਿੰਦਗੀ ਵਿਚ ਅਜਿਹਾ ਹਾਦਸਾ ਵਾਪਰਿਆ ਕਿ ਉਸ ਨੇ ਉਨ੍ਹਾਂ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ।

ਢੇਸੀ ਅੰਕਲ ਦਾ ਵਿਆਹ ਸੀ। ਸਭ ਦੋਸਤ ਬੜੇ ਚਾਵਾਂ ਨਾਲ ਬਰਾਤ ਗਏ। ਬਰਾਤ ਸਹੁਰੇ ਪਿੰਡ ਪਹੁੰਚਣ ਹੀ ਵਾਲੀ ਸੀ ਕਿ ਅੱਗੋਂ ਪਿੰਡ ਦੇ ਕੁਝ ਬੰਦੇ ਮਿਲੇ। ਇੱਕ ਭਿਆਨਕ ਹਾਦਸਾ ਵਾਪਰ ਚੁਕਾ ਸੀ। ਇੱਕ ਪਾਸੇ ਬਰਾਤ ਦੀ ਉਡੀਕ ਹੋ ਰਹੀ ਸੀ ਤੇ ਦੂਸਰੇ ਪਾਸੇ ਕਿਸੇ ਕੰਮ ਲਈ ਬਾਹਰ ਚੱਲਿਆ ਦੁਲਹਨ ਦਾ ਜਵਾਨ ਭਰਾ ਮੋਟਰਸਾਈਕਲ ਦੇ ਭਿਆਨਕ ਹਾਦਸੇ ਵਿਚ ਥਾਂ 'ਤੇ ਹੀ ਪੂਰਾ ਹੋ ਗਿਆ ਸੀ। ਖੁਸ਼ੀਆਂ ਲੱਦੇ ਘਰ 'ਚ ਮਾਤਮ ਛਾ ਗਿਆ ਸੀ। ਵਿਆਹ ਦੇ ਸੁਹਾਗ ਗੀਤਾਂ ਦੀ ਥਾਂ ਡੂੰਘੇ ਵੈਣਾਂ ਨੇ ਲੈ ਲਈ ਸੀ...।

ਫੈਸਲਾ ਹੋਇਆ ਕਿ ਸਾਰੀ ਬਰਾਤ ਵਾਪਸ ਜਾਵੇਗੀ, ਪਰ ਕੁਝ ਪਤਵੰਤੇ ਜਾ ਕੇ ਪਰਿਵਾਰ ਦੇ ਦੁੱਖ ਵਿਚ ਸ਼ਾਮਲ ਹੋਣਗੇ ਤੇ ਸਸਕਾਰ ਕਰਨ ਲਈ ਨਾਲ ਜਾਣਗੇ। ਢੇਸੀ ਅੰਕਲ ਨਾਲ ਨਰਜੀਤ ਚਾਚਾ ਜੀ ਅਤੇ ਕੁਝ ਹੋਰ ਦੋਸਤ ਗਏ। ਦੂਸਰੇ ਪਾਸੇ ਢੇਸੀ ਅੰਕਲ ਦੀ ਹੋਣ ਵਾਲੀ ਸੱਸ ਨੇ ਆਪਣੇ ਜਵਾਨ ਪੁੱਤ ਦੀ ਵਿਹੜੇ 'ਚ ਪਈ ਲਾਸ਼ ਕੋਲ ਬੈਠ ਕੇ ਫੈਸਲਾ ਕੀਤਾ ਕਿ ਜੋ ਹੋ ਗਿਆ, ਸੋ ਹੋ ਗਿਆ, ਵਿਆਹ ਅੱਗੇ ਨਹੀਂ ਪਾਇਆ ਜਾਵੇਗਾ। ਮੁੰਡੇ ਦੇ ਸਸਕਾਰ ਤੋਂ ਬਾਅਦ ਧੀ ਦੇ ਫੇਰੇ ਹੋਣਗੇ...।

ਇੱਕ ਮਾਂ ਤਾਂ ਆਪਣੇ ਦਿਲ 'ਤੇ ਪੱਥਰ ਧਰ ਕੇ ਮਾਂ ਹੋਣ ਦਾ ਫਰਜ਼ ਨਿਭਾ ਗਈ, ਪਰ ਇੱਕ ਭੈਣ, ਜਿਸ ਦੀ ਡੋਲੀ ਨੂੰ ਭਰਾ ਨੇ ਕੁਝ ਚਿਰ ਬਾਅਦ ਵਿਦਾ ਕਰਨਾ ਸੀ, ਆਪਣੇ ਜਵਾਨ ਭਰਾ ਦੀ ਅਰਥੀ ਉਠਦੀ ਨਾ ਸਹਾਰ ਸਕੀ ਤੇ ਉਮਰ ਭਰ ਲਈ ਉਸ ਸਦਮੇ ਨੂੰ ਆਪਣੇ ਦਿਮਾਗ 'ਤੇ ਲਾ ਗਈ। ਵਿਆਹ ਤੋਂ ਬਾਅਦ ਆਂਟੀ ਜੀ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਨਾ ਸੰਭਲ ਸਕੇ, ਪਰ ਢੇਸੀ ਅੰਕਲ ਨੇ ਹਰ ਹਾਲ 'ਚ ਆਂਟੀ ਜੀ ਨੂੰ ਵੱਧ ਤੋਂ ਵੱਧ ਸਾਥ ਦੇਣ ਦੀ ਕੋਸ਼ਿਸ਼ ਕੀਤੀ।

ਫਿਰ ਇੱਕ ਦਿਨ ਇਹ ਵੀ ਆਇਆ ਕਿ ਦਰਬਾਰਾ ਸਿੰਘ ਸੇਰੋਂਵਾਲੀਆ ਦੇ ਸਪੀਕਰ ਬਣਨ ਸਮੇਂ ਸਹੁੰ-ਚੁੱਕ ਸਮਾਗਮ 'ਤੇ ਜਾਂਦਿਆਂ ਨਰਜੀਤ ਚਾਚਾ ਜੀ (ਜੋ ਉਸ ਸਮੇਂ 'ਕਰਨੈਲ' ਸਨ ਤੇ ਇਸ ਹਾਦਸੇ ਤੋਂ ਬਾਅਦ ਹੀ ਆਪਣਾ 'ਪੁਨਰ-ਜਨਮ' ਐਲਾਨ ਕੇ 'ਨਰਜੀਤ ਖਹਿਰਾ' ਬਣ ਗਏ) ਵਾਲੀ ਕਾਰ ਦਾ ਐਕਸੀਡੈਂਟ ਹੋ ਗਿਆ ਤੇ ਚਾਚਾ ਜੀ ਬੁਰੀ ਤਰ੍ਹਾਂ ਫਿੱਸ ਗਏ। ਬਚਣ ਦੀ ਕੋਈ ਆਸ ਨਹੀਂ ਸੀ। ਖੂਨ ਬੁਰੀ ਤਰ੍ਹਾਂ ਵਗ ਗਿਆ ਸੀ। ਖੂਨ ਦੀ ਤੁਰੰਤ ਲੋੜ ਸੀ। ਢੇਸੀ ਅੰਕਲ ਦਾ ਖੂਨ ਮਿਲ ਗਿਆ। ਹੁਣ ਦੋਸਤਾਂ ਦਾ ਖੂਨ ਵੀ ਸਾਂਝਾ ਹੋ ਗਿਆ ਸੀ। ਚਾਚਾ ਜੀ ਦੀ ਜਾਨ ਬਚਾ ਲਈ ਗਈ।

ਢੇਸੀ ਅੰਕਲ ਅਤੇ ਚਾਚਾ ਜੀ ਹਾਈ ਸਕੂਲ ਦੇ ਦੋਸਤ ਹੀ ਨਹੀਂ, ਸਗੋਂ ਪੜ੍ਹਾਈ ਪੱਖੋਂ ਵੀ ਇੱਕੋ ਜਿਹੇ ਹੀ ਸਨ। ਦੱਸਿਆ ਜਾਂਦਾ ਹੈ ਕਿ ਦੋਵੇਂ ਹੀ ਸਿਖਰ ਦੇ ਪ੍ਰੋਫੈਸਰ ਅਤੇ ਬੁਲਾਰੇ ਸਨ। ਦੋਵੇਂ ਹੀ ਨੈਕਸਲਾਈਟ ਲਹਿਰ ਤੋਂ ਪ੍ਰਭਾਵਿਤ ਸਨ, ਬੇਸ਼ੱਕ ਢੇਸੀ ਅੰਕਲ ਦੀ ਦੇਣ ਬਹੁਤ ਵੱਧ ਸੀ।

ਵਕਤ ਪੈਣ ਨਾਲ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਕਿ ਇਸ ਖਹਿਰਾ-ਢੇਸੀ ਜੋੜੀ ਦੀ ਨੇੜਤਾ ਨੂੰ ਨਜ਼ਰ ਲੱਗ ਗਈ। ਗੱਲ ਵਧਦੀ ਵਧਦੀ ਏਨੀ ਵਧ ਗਈ ਕਿ ਕੁਝ ਦੋਸਤ ਇਨ੍ਹਾਂ 'ਤੇ ਚੁਟਕਲੇ ਬਣਾਉਣ ਲੱਗੇ, ਕੁਝ ਬਿਲਕੁਲ ਚੁੱਪ ਹੋ ਗਏ, ਜਦੋਂ ਕਿ ਅੰਕਲ ਫਤਿਹਜੀਤ ਵਰਗੇ ਸੰਵੇਦਨਸ਼ੀਲ ਸ਼ਾਇਰ ਨੇ ਕੁਝ ਇਸ ਤਰ੍ਹਾਂ ਹਉਕਾ ਭਰਿਆ:

ਗਰਜ਼ਾਂ ਨਾਲ ਜੁੜਨ ਤੋਂ ਪਹਿਲਾਂ
ਆਪਣਾ ਆਪਾ ਤੱਕ ਲੈਣਾ ਸੀ,
ਦੋਸਤ ਬਣ ਕੇ ਦੁਸ਼ਮਣ ਬਣਨਾ
ਦੋਹਾਂ ਨੂੰ ਬਦਨਾਮ ਕਰੇਗਾ!

ਸਟਾਫ ਕਾਲੋਨੀ 'ਚ ਦੋਵੇਂ ਸਾਥੀ 13 ਅਤੇ 14 ਨੰਬਰ ਜੁੜਵੀਆਂ ਕੋਠੀਆਂ 'ਚ ਰਹਿੰਦੇ ਹੋਏ ਵੀ ਇੱਕ ਦੂਸਰੇ ਤੋਂ ਕੋਹਾਂ ਦੂਰ ਸਨ।

ਜਿੱਥੇ ਚਾਚਾ ਜੀ ਅਤੇ ਢੇਸੀ ਅੰਕਲ ਦੇ ਆਪਸੀ ਰਿਸ਼ਤਿਆਂ ਵਿਚ ਪੈ ਗਈ ਤਰੇੜ ਦਾ ਜ਼ਿਕਰ ਆਇਆ ਹੈ, ਉਥੇ ਇਨ੍ਹਾਂ ਦੋਹਾਂ ਦੇ ਸੁਭਾਵਾਂ ਦੇ ਇੱਕ ਹੋਰ ਬਹੁਤ ਵੱਡੇ ਫਰਕ ਦਾ ਜ਼ਿਕਰ ਕਰਨਾ ਬਣਦਾ ਹੈ। ਇੱਕ ਛੋਟੇ ਜਿਹੇ ਪਿੰਡ ਦੇ ਬਹੁਤ ਹੀ ਸਾਧਾਰਨ ਪਰਿਵਾਰ 'ਚੋਂ ਜਾ ਕੇ ਜਿੱਥੇ ਨਰਜੀਤ ਚਾਚਾ ਜੀ ਹੱਦ ਦਰਜ਼ੇ ਦੇ ਸ਼ੁਕੀਨ ਅਤੇ ਬਣ ਠਣ ਕਿ ਰਹਿਣ ਵਾਲੇ ਸਨ, ਉਥੇ ਢੇਸੀ ਅੰਕਲ ਬਿਲਕੁਲ ਸਾਦੀ ਅਤੇ ਪੇਂਡੂ ਜ਼ਿੰਦਗੀ ਨਾਲ ਜੁੜੇ ਹੋਏ ਇਨਸਾਨ ਸਨ। ਉਨ੍ਹਾਂ ਦੀ ਜਟਕੀ ਪੱਗ ਬਾਰੇ ਤਾਂ ਉਨ੍ਹਾਂ ਦੇ ਵਿਦਿਆਰਥੀਆਂ ਨੇ ਵੀ ਚੁਟਕਲੇ ਬਣਾ ਰੱਖੇ ਸਨ, ਪਰ ਉਨ੍ਹਾਂ ਦੀ ਸਾਦਗੀ ਦਾ ਸਿਖਰ ਸ਼ਹਿਰ ਵਿਚ ਵੀ ਉਨ੍ਹਾਂ ਵੱਲੋਂ ਮੱਝ ਰੱਖ ਕੇ ਪੇਂਡੂ ਸਟਾਈਲ ਵਿਚ ਉਸ ਦੀ ਸਾਂਭ-ਸੰਭਾਲ ਕਰਨ ਦਾ ਜ਼ਿਕਰ ਵੀ ਅਕਸਰ ਹੁੰਦਾ ਹੈ।

ਬੇਸ਼ੱਕ ਚਾਚਾ ਜੀ ਅਤੇ ਢੇਸੀ ਅੰਕਲ ਦੇ ਰਿਸ਼ਤੇ ਵਿਚ ਤਰੇੜਾਂ ਪੈ ਚੁਕੀਆਂ ਸਨ, ਪਰ ਪਰਿਵਾਰਕ ਤੌਰ 'ਤੇ ਢੇਸੀ ਅੰਕਲ ਦਾ ਜ਼ਿਕਰ ਅਕਸਰ ਹੀ ਸਾਡੇ ਪਰਿਵਾਰ ਵਿਚ ਹੁੰਦਾ ਰਹਿੰਦਾ। ਫਿਰ ਇੱਕ ਦਿਨ ਮੇਰਾ ਬਾਪ (ਜਿਨ੍ਹਾਂ ਨੂੰ ਮੈਂ 'ਡੈਡੀ' ਕਹਿੰਦਾ ਸੀ) ਇੱਕ ਦਿਨ ਡਿਕਸੀ ਰੋਡ ਗੁਰਦੁਆਰਾ ਸਾਹਿਬ ਗਏ ਤਾਂ ਢੇਸੀ ਅੰਕਲ ਲੈਕਚਰ ਕਰ ਰਹੇ ਸਨ। ਲੈਕਚਰ ਖਤਮ ਹੋਣ 'ਤੇ ਜਦੋਂ ਢੇਸੀ ਅੰਕਲ ਬਾਹਰ ਨਿਕਲੇ ਤਾਂ ਡੈਡੀ ਨੇ ਪਿੱਛੋਂ ਜਾ ਕੇ ਅੰਕਲ ਦਾ ਮੋਢਾ ਫੜ ਲਿਆ। ਅੰਕਲ ਪਿਛਾਂਹ ਨੂੰ ਘੁੰਮੇ, ਡੈਡੀ ਨੇ ਕਿਹਾ, "ਕਿੱਤਰਾਂ, ਪਛਾਣਿਆਂ?" ਅੰਕਲ ਡੈਡੀ ਦੇ ਗਲ਼ ਨੂੰ ਚਿੰਬੜਦੇ ਬੋਲੇ, "ਭਾਊ, ਤੂੰ?"... ਦਹਾਕਿਆਂ ਬਾਅਦ ਭਰਾਵਾਂ ਵਾਲਾ ਪਿਆਰ ਫਿਰ ਜਾਗ ਪਿਆ ਸੀ। ਢੇਸੀ ਅੰਕਲ ਜਦੋਂ ਵੀ ਮੇਰੇ ਨਾਲ ਗੱਲ ਕਰਦੇ, ਆਖਰ ਗੱਲ ਏਥੇ ਹੀ ਆ ਕੇ ਮੁੱਕਦੀ, "ਨਰਜੀਤ ਬੰਦਾ ਬਹੁਤ ਚੰਗਾ ਸੀ...।" ਫਿਰ ਕੁਝ ਚਿਰ ਬਾਅਦ ਡੂੰਘਾ ਸਾਹ ਭਰਦੇ ਕਹਿੰਦੇ, "ਜੋ ਹੋਇਆ, ਹੋਣਾ ਨਹੀਂ ਸੀ ਚਾਹੀਦਾ...।" ਅੰਕਲ ਦੀ ਆਵਾਜ਼ ਸਿੱਲ੍ਹੀ ਹੋ ਜਾਂਦੀ।

ਅਫਸੋਸ ਕਿ ਜਿੱਥੇ ਇਨ੍ਹਾਂ ਦੋਹਾਂ ਹਸਤੀਆਂ ਦੀ ਜਵਾਨੀ ਦੀ ਦੋਸਤੀ ਲਾਮਿਸਾਲ ਸੀ, ਉਥੇ ਕੁੜੱਤਣ ਭਰੇ ਜ਼ਿੰਦਗੀ ਦੇ ਮੱਧ ਕਾਲ ਤੋਂ ਬਾਅਦ ਦੋਹਾਂ ਦਾ ਆਖਰੀ ਸਮਾਂ ਵੀ ਕਰੀਬ ਇੱਕੋ ਜਿਹੀ ਤਕਲੀਫ 'ਚੋਂ ਹੀ ਲੰਘਿਆ। ਨਰਜੀਤ ਚਾਚਾ ਜੀ ਐਲਜ਼ਾਈਮਰ ਦਾ ਸ਼ਿਕਾਰ ਹੋ ਗਏ ਤੇ ਸਾਲਾਂ ਤੱਕ ਬਿਮਾਰੀ ਨਾਲ ਜੂਝਦੇ ਹੋਏ ਪਹਿਲਾਂ ਪਿੰਜਰ ਤੇ ਫਿਰ ਪਿੰਜਰ ਤੋਂ ਪੱਥਰ ਬਣ ਕੇ ਰਹਿ ਗਏ। ਯਾਦਦਾਸ਼ਤ ਖਤਮ ਹੋਣ ਲੱਗੀ, ਫਿਰ ਬੋਲਣਾ ਬੰਦ ਹੁੰਦਾ ਗਿਆ ਤੇ ਫਿਰ ਬੱਸ ਇੱਕ ਧੜ ਜਿਹਾ ਹੀ ਕਈ ਸਾਲ ਮੌਤ ਦੀ ਉਡੀਕ ਕਰਦਾ ਰਿਹਾ। ਦੂਸਰੇ ਪਾਸੇ ਢੇਸੀ ਅੰਕਲ ਨੂੰ ਪਹਿਲਾਂ ਆਂਟੀ ਦਾ ਅਚਾਨਕ ਵਿਛੋੜਾ ਸਹਾਰਨਾ ਪਿਆ ਫਿਰ ਜਵਾਨ ਜਵਾਈ ਨੂੰ ਕੈਂਸਰ ਵਰਗੀ ਭਿਆਨਕ ਬਿਮਾਰੀ ਨੇ ਦਿਨਾਂ ਵਿਚ ਨਿਗਲ ਲਿਆ ਤੇ ਢੇਸੀ ਅੰਕਲ ਅਮਰੀਕਾ ਵੱਸਦੀ ਆਪਣੀ ਧੀ ਦਾ ਆਸਰਾ ਬਣ ਕੇ ਬਹੁੜ ਪਏ। ਸ਼ਾਇਦ ਇਹ ਉਮਰ ਭਰ ਦੇ ਸਦਮਿਆਂ ਦਾ ਹੀ ਅਸਰ ਸੀ ਕਿ ਅਚਾਨਕ ਪਤਾ ਲੱਗਾ ਕਿ ਢੇਸੀ ਅੰਕਲ ਨੂੰ ਬੋਲਣ ਦੀ ਮੁਸ਼ਕਿਲ ਆਉਣ ਲੱਗ ਪਈ ਹੈ। ਫਿਰ ਹੌਲੀ ਹੌਲੀ ਗੱਲ ਲਿਖ ਕੇ ਸਮਝਾਉਣ ਤੱਕ ਪਹੁੰਚ ਗਈ ਤੇ ਫਿਰ ਪਤਾ ਲੱਗਾ ਕਿ ਢੇਸੀ ਅੰਕਲ ਹਸਪਤਾਲ ਦਾਖਲ ਨੇ। ਉਨ੍ਹਾਂ ਦੀ ਬੇਟੀ ਜੋਤੀ ਨਾਲ ਗੱਲ ਹੋਈ। ਅੰਕਲ ਨੂੰ ਡਬਲ ਨਿਮੋਨੀਆ ਹੋ ਚੁਕਾ ਸੀ। ਫਿਰ ਸਟਰੋਕ... ਦਿਮਾਗ ਨੂੰ ਆਕਸੀਜ਼ਨ ਨਾ ਗਈ... ਅੰਕਲ ਕੌਮਾ ਵਿਚ ਚਲੇ ਗਏ ਤੇ ਫਿਰ ਪਹਿਲੀ ਮਾਰਚ 2021 ਦੀ ਸਵੇਰ ਦੇ ਕਰੀਬ 9 ਕੁ ਵਜੇ ਢੇਸੀ ਅੰਕਲ ਦੇ ਭਾਣਜੇ ਦਾ ਫੋਨ ਆਇਆ। ਨੰਬਰ ਵੇਖਦਿਆਂ ਹੀ ਦਿਲ ਧੜਕਿਆ। ਮੈਂ ਡਰੀ ਜਿਹੀ ਆਵਾਜ਼ ਵਿਚ ਬੋਲਿਆ, "ਹੈਲੋ?"

ਦੂਸਰੇ ਪਾਸਿਉਂ ਆਵਾਜ਼ ਆਈ, "ਢੇਸੀ ਸਾਹਿਬ ਦਾ ਪਤਾ ਲੱਗ ਗਿਆ...?"

ਬਸ ਕੁਝ ਕਹਿਣ ਦੀ ਲੋੜ ਨਹੀਂ ਸੀ, ਉਹ ਪਤਾ ਲੱਗ ਗਿਆ ਸੀ, ਜਿਸ ਦਾ ਕਈ ਦਿਨਾਂ ਤੋਂ ਡਰ ਸੀ। ਢੇਸੀ ਅੰਕਲ ਆਪਣੇ ਰੁੱਸੇ ਹੋਏ ਯਾਰ ਕੋਲ ਜਾ ਚੁਕੇ ਸਨ।



*ਅਗਸਤ 2015 'ਚ ਟੋਰਾਂਟੋ ਵਿਚ 'ਪੰਜਾਬੀ ਕਲਮਾਂ ਦਾ ਕਾਫਲਾ' ਦੀ ਹੋਈ ਮੀਟਿੰਗ ਸਮੇਂ ਪ੍ਰੋ. ਨਿਰੰਜਨ ਸਿੰਘ ਢੇਸੀ ਹੋਰ ਕਲਮਕਾਰਾਂ ਤੇ ਪਤਵੰਤੇ ਸੱਜਣਾਂ ਨਾਲ*

# ਭਾਰਤ-ਪਾਕਿਸਤਾਨ ਗੋਲੀਬੰਦੀ ਦੇ ਸਾਰੇ ਸਮਝੌਤਿਆਂ ਦੇ ਪਾਲਣ ਲਈ ਸਹਿਮਤ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਕੰਟਰੋਲ ਰੇਖਾ (ਐਲ.ਓ.ਸੀ.) ਤੇ ਹੋਰ ਸੈਕਟਰਾਂ 'ਚ ਗੋਲੀਬੰਦੀ ਨਾਲ ਸਬੰਧਤ ਕੀਤੇ ਗਏ ਸਾਰੇ ਸਮਝੌਤਿਆਂ ਦਾ ਸਖਤੀ ਨਾਲ ਪਾਲਣ ਲਈ ਸਹਿਮਤ ਹੋ ਗਏ ਹਨ। ਇਹ ਫੈਸਲਾ ਦੋਵੇਂ ਮੁਲਕਾਂ ਦੇ ਫੌਜੀ ਅਪਰੇਸ਼ਨਾਂ ਬਾਰੇ ਡਾਇਰੈਕਟਰ ਜਨਰਲਾਂ (ਡੀ.ਜੀ.ਐਮ.ਓਜ.) ਵਿਚਕਾਰ ਹੋਈ ਬੈਠਕ ਮਗਰੋਂ ਲਿਆ ਗਿਆ। ਭਾਰਤ ਅਤੇ ਪਾਕਿਸਤਾਨ ਨੇ 2003 'ਚ ਗੋਲੀਬੰਦੀ ਦੇ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਪਰ ਪਿਛਲੇ ਕਈ ਸਾਲਾਂ ਤੋਂ ਇਹ ਮੁਸ਼ਕਲ ਨਾਲ ਹੀ ਹਕੀਕੀ ਰੂਪ 'ਚ ਲਾਗੂ ਹੋ ਸਕਿਆ ਸੀ ਅਤੇ ਬਹੁਤੀ ਵਾਰ ਸਮਝੌਤੇ ਦੀ ਉਲੰਘਣਾ ਹੁੰਦੀ ਰਹੀ ਸੀ।

ਡੀ.ਜੀ.ਐਮ.ਓਜ. ਨੇ ਹੌਟਲਾਈਨ ਸੰਪਰਕ ਦੇ ਬਣੇ ਢਾਂਚੇ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਕੰਟਰੋਲ ਰੇਖਾ ਤੇ ਹੋਰ ਸਾਰੇ ਸੈਕਟਰਾਂ ਦੇ ਹਾਲਾਤ ਦੀ ਆਜਾਦਾਨਾ, ਖੁੱਲ੍ਹੇ ਅਤੇ ਸੁਖਾਵੇਂ ਮਾਹੌਲ 'ਚ ਨਜ਼ਰਸਾਨੀ ਕੀਤੀ।

ਸੰਸਦ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਾਰਤ-ਚੀਨ ਦਰਮਿਆਨ ਵੀ ਲੰਮੇ ਸਮੇਂ ਤੋਂ ਚੱਲ ਰਹੇ ਟਕਰਾਅ ਦੇ ਹੱਲ ਦੀ ਸ਼ੁਰੂਆਤ ਦੀ ਸੂਚਨਾ ਦਿੱਤੀ ਸੀ। ਭਾਵੇਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਲੰਮੇ ਸਮੇਂ ਤੋਂ ਗੱਲਬਾਤ ਬੰਦ ਹੈ ਪਰ ਪਰਦੇ ਪਿਛਲੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰਹੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਕਿਸੇ ਹੋਰ ਦੇਸ਼ ਵਿਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਪਾਕਿਸਤਾਨੀ ਹਮਰੁਤਬਾ ਮੋਈਦ ਯੂਸਫ਼ ਨਾਲ ਹੋਈ ਮੁਲਾਕਾਤ ਸਮੇਂ ਗੋਲਬੰਦੀ ਦੇ ਸਮਝੌਤੇ ਉੱਤੇ ਅਮਲ ਕਰਨ ਦੀ ਦਿਸ਼ਾ ਵੱਲ ਸਹਿਮਤੀ ਹੋ ਗਈ ਸੀ। ਲੰਘੇ ਦਿਨੀਂ ਸਾਰਕ ਦੀ ਮੀਟਿੰਗ ਦੌਰਾਨ ਪਾਕਿਸਤਾਨ ਨੇ ਕਸ਼ਮੀਰ ਦਾ ਮੁੱਦਾ ਨਹੀਂ ਉਠਾਇਆ ਤੇ ਭਾਰਤ ਨੇ ਸ੍ਰੀ ਲੰਕਾ ਜਾਣ ਲਈ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਜਹਾਜ਼ ਨੂੰ ਹਵਾਈ ਲਾਂਘਾ ਦੇਣ ਦੀ ਇਜਾਜ਼ਤ ਰਿਸ਼ਤਿਆਂ ਟਕਰਾਅ ਦੀ ਕਮੀ ਵੱਲ ਸੰਕੇਤ ਕਰਨ ਵਾਲੀ ਸੀ।

1999 ਵਿਚ ਕਾਰਗਿਲ ਲੜਾਈ ਤੋਂ ਬਾਅਦ ਦੋਵਾਂ ਦੇਸ਼ਾਂ ਦਰਮਿਆਨ ਗੋਲੀਬੰਦੀ ਬੰਦ ਕਰਨ ਵਾਲਾ ਸਮਝੌਤਾ ਹੋਣ ਵਿਚ ਚਾਰ ਸਾਲ ਲੱਗ ਗਏ ਸਨ। 2003 ਤੋਂ 2006 ਤੱਕ ਦੋਵਾਂ ਪਾਸਿਉਂ ਇਕ ਵੀ ਗੋਲੀ ਨਹੀਂ ਚੱਲੀ ਸੀ ਪਰ ਇਸ ਤੋਂ ਬਾਅਦ ਸਮਝੌਤੇ ਦੀਆਂ ਉਲੰਘਣਾਵਾਂ ਹੁੰਦੀਆਂ ਰਹੀਆਂ। 2018 ਵਿਚ ਦੋ ਹਜ਼ਾਰ ਵਾਰ ਉਲੰਘਣਾ ਹੋਈ। ਇਸ ਤੋਂ ਪਿੱਛੋਂ 2019 ਵਿਚ 3400 ਵਾਰ ਅਤੇ 2020 ਵਿਚ ਪੰਜ ਹਜ਼ਾਰ ਦਫ਼ਾ ਸਮਝੌਤੇ ਦੀ ਉਲੰਘਣਾ ਹੋਈ। ਦੋਵੇਂ ਪਾਸਿਉਂ ਮੂੰਹ ਤੋੜ ਜਵਾਬ ਦੇਣ ਦੀ ਬਿਆਨਬਾਜ਼ੀ ਵੀ ਜਾਰੀ ਰਹੀ।

ਦੋਵਾਂ ਦੇਸ਼ਾਂ ਉਤੇ ਇਕ ਗੱਲ ਦਾ ਦਬਾਅ ਲਗਾਤਾਰ ਬਣ ਰਿਹਾ ਹੈ ਕਿ ਦੋਵੇਂ ਬੇਰੁਜ਼ਗਾਰੀ, ਗਰੀਬੀ, ਵਿੱਦਿਆ, ਸਿਹਤ ਸਹੂਲਤਾਂ ਦੀ ਕਮੀ ਅਤੇ ਮਹਿੰਗਾਈ ਵਰਗੇ ਵੱਡੇ ਸੰਕਟਾਂ ਦਾ ਸਾਹਮਣਾ ਕਰ ਰਹੇ ਹਨ। ਆਪਸੀ ਟਕਰਾਅ ਕਰ ਕੇ ਹਥਿਆਰਾਂ ਦੀ ਖਰੀਦ ਵਿਚ ਭਾਰਤ ਦੁਨੀਆਂ ਭਰ ਵਿਚ ਪਹਿਲੇ ਨੰਬਰ 'ਤੇ ਹੈ। ਕੋਵਿਡ-19 ਕਰ ਕੇ ਕੀਤੀ ਤਾਲਾਬੰਦੀ ਨੇ ਰੁਜ਼ਗਾਰ ਦੀ ਹਾਲਤ ਹੋਰ ਵੀ ਖਰਾਬ ਕਰ ਦਿੱਤੀ ਹੈ। ਚੀਨ ਨਾਲ ਟਕਰਾਅ ਨੇ ਵੀ ਇਹ ਗੱਲ ਸਾਬਤ ਕੀਤਾ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਅਤੇ ਮਸਲੇ ਆਪਸੀ ਗੱਲਬਾਤ ਰਾਹੀਂ ਸੁਲਝਾਏ ਜਾਣੇ ਚਾਹੀਦੇ ਹਨ। ਸੰਯੁਕਤ ਰਾਸ਼ਟਰ ਸੰਘ, ਅਮਰੀਕਾ, ਜੰਮੂ ਕਸ਼ਮੀਰ ਦੀਆਂ ਮੁੱਖ ਧਾਰਾ ਦੀਆਂ ਪਾਰਟੀਆਂ ਸਮੇਤ ਬਹੁਤ ਸਾਰੇ ਹਲਕਿਆਂ ਨੇ ਗੋਲਬੰਦੀ ਦੇ ਸਮਝੌਤੇ ਉੱਤੇ ਅਮਲ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ।



### ਭਾਰਤ ਚੀਨ ਵਿਚਾਲੇ ਹੌਟਲਾਈਨ ਦੀ ਸਹਿਮਤੀ ਬਣੀ

**ਪੇਈਚਿੰਗ:** ਦੋਹਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧਾਂ ਨੂੰ ਵਿਕਸਤ ਕਰਨ ਲਈ ਸਰਹੱਦ 'ਤੇ ਅਮਨ ਤੇ ਸ਼ਾਂਤੀ ਕਾਇਮ ਰੱਖਣੀ ਜਰੂਰੀ ਕਰਾਰ ਦਿੰਦਿਆਂ ਭਾਰਤ ਨੇ ਚੀਨ ਨੂੰ ਕਿਹਾ ਹੈ ਕਿ ਫੌਜਾਂ ਦੀ ਪੂਰਨ ਵਾਪਸੀ ਦੀ ਯੋਜਨਾ 'ਤੇ ਅਮਲ ਲਈ ਇਹ ਜਰੂਰੀ ਹੈ ਕਿ ਟਕਰਾਅ ਵਾਲੀਆਂ ਸਾਰੀਆਂ ਥਾਵਾਂ ਤੋਂ ਸੈਨਿਕਾਂ ਨੂੰ ਹਟਾਇਆ ਜਾਵੇ। ਦੋਹਾਂ ਦੇਸ਼ਾਂ ਨੇ ਸਮੇਂ-ਸਮੇਂ 'ਤੇ ਆਪਣਾ ਨਜ਼ਰੀਆ ਸਾਂਝਾ ਕਰਨ ਲਈ ਇਕ ਹੌਟਲਾਈਨ ਸਥਾਪਤ ਕਰਨ 'ਤੇ ਵੀ ਸਹਿਮਤੀ ਜਤਾਈ ਹੈ। ਪਿਛਲੇ ਹਫਤੇ, ਦੋਹਾਂ ਦੇਸ਼ਾਂ ਦੀਆਂ ਫੌਜਾਂ ਨੇ ਪੂਰਬੀ ਲੱਦਾਖ ਵਿਚ ਪੈਂਗੌਂਗ ਝੀਲ ਦੇ ਉੱਤਰੀ ਤੇ ਦੱਖਣੀ ਕੰਢਿਆਂ ਤੋਂ ਸੈਨਿਕ ਤੇ ਹਥਿਆਰ ਹਟਾਉਣ ਦੀ ਕਾਰਵਾਈ ਪੂਰੀ ਕੀਤੀ ਹੈ। ਦੋਹਾਂ ਦੇਸ਼ਾਂ ਦੇ ਮੰਤਰੀਆਂ ਨੇ ਸੰਪਰਕ ਵਿਚ ਰਹਿਣ ਅਤੇ ਇਕ ਹੌਟਲਾਈਨ ਕਾਇਮ ਕਰਨ ਦੀ ਹਾਮੀ ਭਰੀ ਹੈ।

### ਭਾਰਤ-ਪਾਕਿ ਗੋਲੀਬੰਦੀ ਦਾ ਇਮਰਾਨ ਨੇ ਕੀਤਾ ਸਵਾਗਤ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਨਾਲ ਗੋਲੀਬੰਦੀ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸਲਾਮਾਬਾਦ ਗੱਲਬਾਤ ਨਾਲ 'ਸਾਰੇ ਲਟਕਦੇ ਮਸਲਿਆਂ' ਨੂੰ ਹੱਲ ਕਰਨ ਲਈ ਅੱਗੇ ਵਧਣ ਲਈ ਤਿਆਰ ਹੈ। ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਨੇ ਸਮਝੌਤੇ ਬਾਰੇ ਸਾਂਝੇ ਤੌਰ 'ਤੇ ਐਲਾਨ ਤੋਂ ਬਾਅਦ ਜਨਾਬ ਇਮਰਾਨ ਖਾਨ ਨੇ ਕਿਹਾ, "ਮੈਂ ਐਲ.ਓ.ਸੀ. 'ਤੇ ਗੋਲੀਬੰਦੀ ਦਾ ਸਵਾਗਤ ਕਰਦਾ ਹਾਂ। ਅਸੀਂ ਹਮੇਸ਼ਾਂ ਸ਼ਾਂਤੀ ਲਈ ਖੜ੍ਹੇ ਹਾਂ ਅਤੇ ਸਾਰੇ ਬਕਾਇਆ ਮਸਲਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਅੱਗੇ ਵਧਣ ਲਈ ਤਿਆਰ ਰਹਿੰਦੇ ਹਾਂ।'

### ਜੰਮੂ ਕਸ਼ਮੀਰ ਦੀਆਂ ਪਾਰਟੀਆਂ ਵੱਲੋਂ ਸਮਝੌਤੇ ਦਾ ਸਵਾਗਤ

**ਸ੍ਰੀਨਗਰ:** ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਵੱਲੋਂ ਗੋਲੀਬੰਦੀ ਸਬੰਧੀ ਕੀਤੇ ਗਏ ਸਮਝੌਤੇ ਦਾ ਨੈਸ਼ਨਲ ਕਾਨਫਰੰਸ, ਪੀ.ਡੀ.ਪੀ., ਹੁਰੀਅਤ ਕਾਨਫਰੰਸ ਅਤੇ ਹੋਰਾਂ ਨੇ ਸਵਾਗਤ ਕੀਤਾ ਹੈ। ਨੈਸ਼ਨਲ ਕਾਨਫਰੰਸ ਨੇ ਬਿਆਨ 'ਚ ਕਿਹਾ ਕਿ ਇਹ ਸਮਝੌਤਾ ਕੰਟਰੋਲ ਰੇਖਾ ਅਤੇ ਕੌਮਾਂਤਰੀ ਸਰਹੱਦ ਨੇੜੇ ਰਹਿਣ ਵਾਲੇ ਲੋਕਾਂ ਨੂੰ ਸੁਖਾਵਾਂ ਜੀਵਨ ਜਿਊਣ 'ਚ ਸਹਾਇਤਾ ਕਰੇਗਾ ਅਤੇ ਉਨ੍ਹਾਂ ਨੂੰ ਆਪਣੀ ਜਾਨ ਦਾ ਖੌਅ ਨਹੀਂ ਰਹੇਗਾ। ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ ਨੇ ਟਵੀਟ ਕਰਕੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਵਾਰਤਾ ਹੀ ਖਿੱਤੇ 'ਚ ਸ਼ਾਂਤੀ ਬਣਾ ਕੇ ਰੱਖਣ ਦਾ ਇਕੋ ਇਕ ਰਾਹ ਹੈ। ਹੁਰੀਅਤ ਕਾਨਫਰੰਸ ਦੇ ਨਰਮ ਧੜੇ ਨੇ ਵੀ ਦੋਵੇਂ ਮੁਲਕਾਂ ਵਿਚਕਾਰ ਹੋਏ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਸਹੀ ਦਿਸ਼ਾ ਵੱਲ ਕਦਮ ਹੈ ਅਤੇ ਇਹ ਲੋਕਾਂ ਨੂੰ ਵੱਡੀ ਰਾਹਤ ਦੇਵੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਮਾਰਚ 2021*

# ਕਿਸਾਨ ਘੋਲ ਅਤੇ ਚੋਣ ਸਿਆਸਤ

ਪੰਜਾਬ ਵਿਚ ਬਜਟ ਸੈਸ਼ਨ ਦੇ ਨਾਲ ਹੀ ਸੂਬੇ ਵਿਚ ਸਿਆਸਤ ਭਖ ਗਈ ਹੈ। ਸੂਬੇ ਵਿਚ ਵਿਧਾਨ ਸਭਾ ਚੋਣਾਂ ਪੂਰੇ ਇਕ ਸਾਲ ਬਾਅਦ, ਫਰਵਰੀ-ਮਾਰਚ 2022 ਨੂੰ ਹੋਣੀਆਂ ਹਨ। ਕੈਪਟਨ ਅਮਰਿੰਦਰ ਸਰਕਾਰ ਦੇ ਆਖਰੀ ਬਜਟ ਤੋਂ ਇਹ ਸਾਫ ਹੋ ਗਿਆ ਹੈ ਕਿ ਉਨ੍ਹਾਂ ਨੇ ਚੋਣਾਂ ਦਾ ਬਿਗਲ ਇਕ ਤਰ੍ਹਾਂ ਨਾਲ ਵਜਾ ਦਿੱਤਾ ਹੈ। ਇਸ ਮਾਮਲੇ ਵਿਚ ਸੂਬੇ ਦੀਆਂ ਦੂਜੀਆਂ ਸਿਆਸੀ ਧਿਰਾਂ ਵੀ ਪਿਛੇ ਨਹੀਂ ਰਹੀਆਂ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਵੀ ਅਗਲੇ ਸਾਲ ਵਾਲੀਆਂ ਵਿਧਾਨ ਸਭਾ ਚੋਣਾਂ ਮੁਤਾਬਿਕ ਹੀ ਸਰਗਰਮੀ ਆਰੰਭ ਦਿੱਤੀ ਹੈ। ਉਧਰ, ਕਿਸਾਨਾਂ ਦਾ ਸੰਘਰਸ਼ ਸੂਬੇ ਭਰ ਵਿਚ ਹੀ ਨਹੀਂ ਸਗੋਂ ਦਿੱਲੀ ਦੇ ਬਾਰਡਰਾਂ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਤਿੱਖੇ ਰੂਪ ਵਿਚ ਚੱਲ ਰਿਹਾ ਹੈ। ਹੁਣ ਕਿਸਾਨਾਂ ਦੀ ਲੀਡਰਸ਼ਿਪ ਨੇ ਵੀ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਪੰਜ ਰਾਜਾਂ ਵਿਚ ਚੋਣਾਂ ਦਾ ਐਲਾਨ ਹੋਇਆ ਹੈ, ਕਿਸਾਨ ਉਥੇ ਜਾ ਕੇ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਪ੍ਰਚਾਰ ਕਰਨਗੇ। ਲੀਡਰਸ਼ਿਪ ਨੇ ਸਪਸ਼ਟ ਕੀਤਾ ਹੈ ਕਿ ਕਿਸਾਨ ਇਨ੍ਹਾਂ ਸੂਬਿਆਂ ਦੇ ਕਿਸਾਨਾਂ ਨੂੰ ਕਿਸੇ ਖਾਸ ਸਿਆਸੀ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਨਹੀਂ ਕਰਨਗੇ ਸਗੋਂ ਇਹ ਅਪੀਲ ਕਰਨਗੇ ਕਿ ਉਹ ਭਾਰਤੀ ਜਨਤਾ ਪਾਰਟੀ ਨੂੰ ਵੋਟਾਂ ਨਾ ਪਾਉਣ, ਜੋ ਦੇਸ਼ ਦੇ ਆਮ ਲੋਕਾਂ ਦੀ ਗੱਲ ਵੀ ਨਹੀਂ ਸੁਣ ਰਹੀ। ਇਸ ਦੇ ਨਾਲ ਹੀ ਇਨ੍ਹਾਂ ਸੂਬਿਆਂ ਦੇ ਕਿਸਾਨਾਂ ਨੂੰ ਕਿਸਾਨ ਮਸਲਿਆਂ, ਖਾਸ ਕਰ ਕੇ ਤਿੰਨ ਨਵੇਂ ਖੇਤੀ ਕਾਨੂੰਨਾਂ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਸੁਚੇਤ ਕੀਤਾ ਜਾਵੇਗਾ।

ਯਾਦ ਰਹੇ ਕਿ ਤਿੰਨ ਖੇਤੀ ਕਾਨੂੰਨਾਂ ਤੋਂ ਬਾਅਦ ਐਮ.ਐਸ.ਪੀ. ਅਜਿਹਾ ਮੁੱਦਾ ਹੈ ਜੋ ਕਿਸਾਨ ਸੰਘਰਸ਼ ਦੌਰਾਨ ਸਭ ਤੋਂ ਵੱਧ ਉਭਰ ਕੇ ਸਾਹਮਣੇ ਆਇਆ ਹੈ। ਕੇਂਦਰ ਸਰਕਾਰ ਹਰ ਸਾਲ 23 ਫਸਲਾਂ 'ਤੇ ਐਮ.ਐਸ.ਪੀ. ਐਲਾਨਦੀ ਹੈ ਪਰ ਇਨ੍ਹਾਂ ਵਿਚੋਂ ਸਿਰਫ ਦੋ ਫਸਲਾਂ- ਕਣਕ ਤੇ ਚੌਲ, ਦੀ ਹੀ ਸਰਕਾਰੀ ਖਰੀਦ ਕਰਦੀ ਹੈ; ਉਹ ਵੀ ਸਿਰਫ ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਕੁਝ ਹਿੱਸਿਆਂ ਵਿਚ। ਜਦੋਂ ਦਾ ਸੰਘਰਸ਼ ਸ਼ੁਰੂ ਹੋਇਆ ਹੈ, ਕਿਸਾਨ ਮੰਗ ਕਰ ਰਹੇ ਹਨ ਕਿ ਸਰਕਾਰ ਐਮ.ਐਸ.ਪੀ. ਬਾਰੇ ਇਹ ਕਾਨੂੰਨ ਬਣਾਵੇ ਕਿ ਜੇਕਰ ਕੋਈ ਵਪਾਰੀ ਐਮ.ਐਸ.ਪੀ. ਤੋਂ ਘੱਟ ਰੇਟ 'ਤੇ ਕੋਈ ਫਸਲ ਖਰੀਦੇਗਾ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਯਾਦ ਰਹੇ ਕਿ ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਕੁਝ ਹਿੱਸਿਆਂ ਨੂੰ ਛੱਡ ਕੇ ਕਿਸੇ ਵੀ ਸੂਬੇ ਦੇ ਕਿਸਾਨਾਂ ਨੂੰ ਕਣਕ ਅਤੇ ਚੌਲਾਂ ਦਾ ਪੂਰਾ ਭਾਅ ਨਹੀਂ ਮਿਲਦਾ। ਇਨ੍ਹਾਂ ਸੂਬਿਆਂ ਦੇ ਵਪਾਰੀ ਬਹੁਤ ਘੱਟ ਰੇਟ 'ਤੇ ਖਰੀਦ ਕਰਦੇ ਹਨ। ਕਿਸਾਨ ਹੁਣ ਐਮ.ਐਸ.ਪੀ. ਦੇ ਮਸਲੇ ਨੂੰ ਫਸਲੀ ਵੰਨ-ਸਵੰਨਤਾ ਨਾਲ ਵੀ ਜੋੜ ਰਹੇ ਹਨ। ਸਰਕਾਰ ਕਿਸਾਨਾਂ ਉਤੇ ਚਿਰਾਂ ਤੋਂ ਦਬਾਅ ਪਾ ਰਹੀ ਹੈ ਕਿ ਉਹ ਕਣਕ-ਝੋਨੇ ਦਾ ਫਸਲੀ ਚੱਕਰ ਛੱਡ ਕੇ ਹੋਰ ਫਸਲਾਂ ਦੀ ਕਾਸ਼ਤ ਕਰਨ, ਜਦਕਿ ਕਿਸਾਨਾਂ ਦਾ ਸਿੱਧਾ ਸਵਾਲ ਹੈ ਕਿ ਜਦੋਂ ਹੋਰ ਫਸਲਾਂ ਦੇ ਮੰਡੀਕਰਨ ਦਾ ਕੋਈ ਢੁਕਵਾਂ ਪ੍ਰਬੰਧ ਹੀ ਨਹੀਂ, ਤਾਂ ਉਹ ਹੋਰ ਫਸਲਾਂ ਦੀ ਕਾਸ਼ਤ ਕਿਸ ਤਰ੍ਹਾਂ ਕਰਨ? ਚੱਲ ਰਹੇ ਕਿਸਾਨ ਸੰਘਰਸ਼ ਦਾ ਇਕ ਵੱਡਾ ਫਾਇਦਾ ਇਹ ਵੀ ਹੋਇਆ ਹੈ ਕਿ ਹਰ ਆਮ-ਖਾਸ ਕਿਸਾਨ ਨੂੰ ਹੁਣ ਤਿੰਨਾਂ ਖੇਤੀ ਕਾਨੂੰਨਾਂ ਅਤੇ ਐਮ.ਐਸ.ਪੀ. ਦੇ ਮਾਮਲੇ ਵਿਚ ਕਿਸਾਨਾਂ ਦੀ ਹੋ ਰਹੀ ਲੁੱਟ ਬਾਰੇ ਜਾਗਰੂਕਤਾ ਆ ਗਈ ਹੈ। ਉਹ ਹੁਣ ਇਨ੍ਹਾਂ ਹੀ ਮਸਲਿਆਂ ਬਾਰੇ ਗੱਲਾਂ ਪੁੱਛ-ਦੱਸ ਰਹੇ ਹਨ।

ਅਸਲ ਵਿਚ ਮੋਦੀ ਸਰਕਾਰ ਨੇ ਯੋਜਨਾ ਬਣਾਈ ਸੀ ਕਿ ਕਰੋਨਾ ਕਾਲ ਦੌਰਾਨ ਇਹ ਖੇਤੀ ਕਾਨੂੰਨ ਬਣਾ ਕੇ ਖੇਤੀ ਦੇ ਖੇਤਰ ਵਿਚ ਕਾਰਪੋਰੇਟ ਘਰਾਣਿਆਂ ਦਾ ਦਾਖਲਾ ਕਰਵਾ ਦੇਵੇਗੀ। ਪੱਛਮੀ ਦੇਸ਼ਾਂ ਵਿਚ ਵੀ ਇਸੇ ਤਰ੍ਹਾਂ ਹੋਇਆ ਸੀ। ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਂ 'ਤੇ ਜਿਸ ਤਰ੍ਹਾਂ ਦਾ ਖੇਤੀ ਸਿਸਟਮ ਉਥੇ ਲਾਗੂ ਕੀਤਾ ਗਿਆ, ਉਸ ਨਾਲ ਆਮ ਕਿਸਾਨ ਖੇਤੀ ਵਿਚੋਂ ਬਾਹਰ ਹੀ ਹੋ ਗਿਆ ਅਤੇ ਹੌਲੀ-ਹੌਲੀ ਕਾਰਪੋਰੇਟ ਘਰਾਣਿਆਂ ਨੇ ਖੇਤੀ ਸੈਕਟਰ ਉਤੇ ਕਬਜ਼ਾ ਕਰ ਲਿਆ। ਅੱਜ ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿਚ ਕਾਰਪੋਰੇਟ ਘਰਾਣਿਆਂ ਦੇ ਮਾਲਕਾਂ ਕੋਲ ਸੈਂਕੜੇ-ਹਜ਼ਾਰਾਂ ਏਕੜਾਂ ਦੇ ਹਿਸਾਬ ਨਾਲ ਜ਼ਮੀਨਾਂ ਹਨ। ਭਾਰਤ ਦੀ ਮੋਦੀ ਸਰਕਾਰ ਵੀ ਹੁਣ ਇਸੇ ਰਾਹ ਉਤੇ ਚੱਲ ਰਹੀ ਹੈ ਪਰ ਕਿਸਾਨ ਅੰਦੋਲਨ ਵੱਲੋਂ ਮਿਲੀ ਚੁਣੌਤੀ ਨੇ ਫਿਲਹਾਲ ਇਸ ਦੀਆਂ ਵਾਗਾਂ ਫੜ ਲਈਆਂ ਹਨ। ਉਂਜ, ਜੇਕਰ ਮੋਟੇ ਰੂਪ ਵਿਚ ਦੇਖਿਆ ਜਾਵੇ ਤਾਂ ਕਿਸਾਨਾਂ ਦੇ ਮਸਲਿਆਂ 'ਤੇ ਭਾਰਤ ਦੀਆਂ ਤਕਰੀਬਨ ਸਾਰੀਆਂ ਪ੍ਰਮੁੱਖ ਪਾਰਟੀਆਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਵਿਚਾਰ ਵਾਲੀਆਂ ਹੀ ਹਨ। ਪੰਜਾਬ ਦੀ ਹੀ ਮਿਸਾਲ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਇਨ੍ਹਾਂ ਨੀਤੀਆਂ ਦੇ ਹਮਾਇਤੀ ਹਨ ਪਰ ਚੋਣਾਂ ਦੀ ਸਿਆਸਤ ਹੀ ਅਜਿਹੀ ਹੈ ਕਿ ਹੁਣ ਉਹ ਕਿਸਾਨਾਂ ਦੇ ਹੱਕ ਵਿਚ ਖੜ੍ਹੇ ਨਜ਼ਰ ਆ ਰਹੇ ਹਨ; ਹਾਲਾਂਕਿ ਹਕੀਕਤ ਇਹ ਹੈ ਕਿ ਜਦੋਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਚ ਸੰਘਰਸ਼ ਛੇੜਆ ਸੀ ਤਾਂ ਇਸੇ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਉਤੇ ਸਖਤੀ ਕਰਦਿਆਂ ਉਨ੍ਹਾਂ ਖਿਲਾਫ ਕੇਸ ਦਰਜ ਕੀਤੇ ਸਨ ਅਤੇ ਕਿਸਾਨਾਂ ਨੂੰ ਘਰਾਂ ਅੰਦਰ ਡੱਕਣ ਲਈ ਕਰੋਨਾ ਦਾ ਬਹਾਨਾ ਵਰਤਿਆ ਸੀ ਪਰ ਕਿਸਾਨ ਜਥੇਬੰਦੀਆਂ ਨੇ ਆਪਣਾ ਸੰਘਰਸ਼ ਕੁਝ ਇਸ ਢੰਗ ਨਾਲ ਚਲਾਇਆ ਕਿ ਇਕ ਮੋੜ ਉਤੇ ਆ ਕੇ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵਿਚਕਾਰ ਆਮ ਸਹਿਮਤੀ ਬਣ ਗਈ ਅਤੇ ਫਿਰ ਦਿਨ ਪ੍ਰਤੀ ਦਿਨ ਕਿਸਾਨਾਂ ਦਾ ਸੰਘਰਸ਼ ਮਘਦਾ ਗਿਆ ਅਤੇ ਹੁਣ ਇਹ ਸੰਘਰਸ਼ ਜਿਸ ਮੁਕਾਮ ਉਤੇ ਪੁੱਜ ਗਿਆ ਹੈ, ਉਸ ਨੇ ਕਿਸਾਨਾਂ ਅੰਦਰ ਹੀ ਨਹੀਂ, ਭਾਰਤ ਦੀ ਸਮੁੱਚੀ ਸਿਆਸਤ ਨਵੀਂ ਰੂਹ ਫੂਕ ਦਿੱਤੀ ਹੈ। ਮੋਦੀ ਸਰਕਾਰ ਜਿਹੜੀ ਆਪਣੇ ਫਿਰਕੂ ਏਜੰਡਿਆਂ ਰਾਹੀਂ ਆਪਣਾ ਸੱਤਾ-ਰੱਥ ਅਗਾਂਹ ਤੋਂ ਅਗਾਂਹ ਵਧਾ ਰਹੀ ਸੀ, ਨੂੰ ਵੱਡੀ ਵੰਗਾਰ ਮਿਲ ਗਈ ਹੈ। ਉਂਜ, ਹੁਣ ਸਭ ਤੋਂ ਵੱਡੀ ਵੰਗਾਰ ਇਸ ਸੰਘਰਸ਼ ਨੂੰ ਤੋੜ ਤੱਕ ਲਿਜਾਣ ਦੀ ਹੈ। ਕੁਝ ਧਿਰਾਂ ਇਸ ਸੰਘਰਸ਼ ਵਿਚੋਂ ਆਪਣੀ ਸਿਆਸਤ ਤਲਾਸ਼ ਰਹੀਆਂ ਹਨ। ਉਨ੍ਹਾਂ ਨੂੰ ਅਜਿਹਾ ਕਰਨ ਦੀ ਬਜਾਏ ਕਿਸਾਨਾਂ ਦੇ ਘੋਲ ਦੀ ਬਿਨਾਂ ਸ਼ਰਤ ਹਮਾਇਤ ਕਰਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਂ ਬੋਲੀ ਨੂੰ ਅੰਗਰੇਜ਼ੀ ਪੁੱਠ!*

ਫੇਸਬੁੱਕ 'ਤੇ ਭਾਅ ਜੀ ਨੂੰ ਲਿਖਣ 'ਪਾ ਜੀ', ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ, ਸਾਡੀ ਭੈਣ ਜੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ, ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸ਼ਰੀ ਦੀ ਡਲੀ ਜਿਹੀ, ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
'ਗੁੱਡ ਲੱਕ' ਨੇ ਨਿਗਲਿਆ 'ਭਲਾ ਹੋਵੇ', ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ!
'ਐਚ. ਏ.-ਐਚ. ਏ.' ਨੇ ਹਾਸੇ ਦੀ ਥਾਂ ਮੱਲੀ, ਹੁਣ ਅਫਸੋਸ ਵੀ ਹੋ ਗਿਆ 'ਰਿੱਪ' ਯਾਰੋ!

# ਮੋਦੀ ਸਰਕਾਰ ਅਤੇ ਨਵੇਂ ਖੇਤੀ ਕਾਨੂੰਨਾਂ ਦੀ ਹਕੀਕਤ

***ਮੋਦੀ ਸਰਕਾਰ ਵੱਲੋਂ ਖੇਤੀ ਵਿਚ ਸੁਧਾਰਾਂ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਬਹਾਨੇ ਬਣਾਏ ਤਿੰਨ ਨਵੇਂ ਖੇਤੀ ਕਾਨੂੰਨਾਂ ਦੀ ਹਕੀਕਤ ਇਸ ਲੇਖ ਵਿਚ ਉਘੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਬਿਆਨ ਕੀਤੀ ਹੈ। ਅਸਲ ਵਿਚ ਸਰਕਾਰ ਦੇ ਸਰੋਕਾਰ ਮੁਲਕ ਦੇ ਕਿਸਾਨਾਂ ਨਾਲ ਨਹੀਂ ਜੋ ਇਸ ਵਕਤ ਸੰਕਟ ਵਿਚੋਂ ਲੰਘ ਰਹੇ ਹਨ ਸਗੋਂ ਮੁਲਕ ਦੇ ਕਾਰਪੋਰੇਟ ਘਰਾਣਿਆਂ ਨਾਲ ਜੁੜੇ ਹੋਏ ਹਨ। ਪਿਛਲੇ ਸੱਤ ਸਾਲਾਂ ਦੌਰਾਨ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਵੀ ਜ਼ਾਹਿਰ ਹੈ ਕਿ ਸਰਕਾਰ ਬਹੁਤ ਸਾਰੇ ਕਾਰੋਬਾਰ ਇਨ੍ਹਾਂ ਘਰਾਣਿਆਂ ਦੇ ਹਵਾਲੇ ਕਰ ਚੁੱਕੀ ਹੈ ਅਤੇ ਹੁਣ ਖੇਤੀ ਖੇਤਰ ਦੀ ਵਾਰੀ ਹੈ। -ਸੰਪਾਦਕ***

ਲੋਕ ਸਭਾ ਵਿਚ ਬਜਟ ਪੇਸ਼ ਹੋ ਚੁੱਕਾ ਹੈ। ਚੋਣ ਕਮਿਸ਼ਨ ਨੇ ਪੰਜ ਰਾਜਾਂ ਵਿਚ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਕੁਲ ਘਰੇਲੂ ਉਤਪਾਦਨ ਦੇ ਤਾਜ਼ੇ ਅੰਕੜੇ ਜਾਰੀ ਕਰ ਦਿੱਤੇ ਹਨ। ਕੀ ਮੇਰੇ ਕੋਲ ਇਨ੍ਹਾਂ ਤਿੰਨਾਂ ਮੁੱਦਿਆਂ ਬਾਰੇ ਕਹਿਣ ਲਈ ਕੁਝ ਨਹੀਂ ਹੈ? ਕਹਿਣ ਦੀ ਲੋੜ ਨਹੀਂ ਹੈ ਕਿ ਇਨ੍ਹਾਂ ਬਾਰੇ ਵੀ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਪਰ ਇਸ ਤੋਂ ਪਹਿਲਾਂ ਕਿ ਮੈਂ ਬਜਟ, ਅਰਥਚਾਰੇ ਅਤੇ ਚੋਣਾਂ ਬਾਰੇ ਕੁਝ ਕਹਿੰਦਾ, ਮੈਨੂੰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਚਾਲੀ ਮਿੰਟ ਦਾ ਭਾਸ਼ਨ ਸੁਣਨ ਨੂੰ ਮਿਲਿਆ ਜੋ ਉਨ੍ਹਾਂ ਨੇ ਜਗਰਾਉਂ

**ਅਭੈ ਕੁਮਾਰ ਦੂਬੇ**

ਮਹਾਂਪੰਚਾਇਤ ਵਿਚ ਦਿੱਤਾ ਸੀ। ਮੈਂ ਬਹੁਤ ਸਾਰੇ ਭਾਸ਼ਨ ਸੁਣੇ ਹਨ, ਕੁਝ ਦਿੱਤੇ ਵੀ ਹਨ ਪਰ ਅਜਿਹਾ ਭਾਸ਼ਨ ਮੈਂ ਪਹਿਲੀ ਵਾਰ ਸੁਣਿਆ। ਰਲੀ ਮਿਲੀ ਪੰਜਾਬੀ ਅਤੇ ਹਿੰਦੀ ਵਿਚ ਦਿੱਤਾ ਇਹ ਭਾਸ਼ਨ ਦਰਅਸਲ ਉਸ ਅੰਦਰਲੀ ਕਹਾਣੀ ਨੂੰ ਬਿਆਨ ਕਰਦਾ ਹੈ ਜੋ ਕੇਂਦਰ ਸਰਕਾਰ ਵਲੋਂ ਸੰਸਦ ਵਿਚ ਪਾਸ ਕਰਵਾਏ ਤਿੰਨ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨਾਲ ਜੁੜੀ ਹੋਈ ਹੈ। ਕਿਸੇ ਵੀ ਸਰਕਾਰੀ ਬੁਲਾਰੇ ਜਾਂ ਕਿਸੇ ਵੀ ਭਾਜਪਾ ਬੁਲਾਰੇ ਨੇ ਅੱਜ ਤੱਕ ਇਸ ਭਾਸ਼ਨ ਵਿਚ ਰਾਜੇਵਾਲ ਵਲੋਂ ਕਹੀਆਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਜਾਂ ਤਾਂ ਸਰਕਾਰ ਰਾਜੇਵਾਲ ਦੀਆਂ ਗੱਲਾਂ ਦਾ ਮਹੱਤਵ ਨਹੀਂ ਸਮਝ ਰਹੀ ਹੈ, ਜਾਂ ਫਿਰ ਸਰਕਾਰ ਵੀ ਰਾਜੇਵਾਲ ਵਲੋਂ ਪੇਸ਼ ਕੀਤੇ ਤੱਥਾਂ ਨੂੰ ਸੱਚ ਮੰਨਦੀ ਹੈ ਅਤੇ ਇਸ ਲਈ ਉਨ੍ਹਾਂ ਦਾ ਖੰਡਨ ਕਰਨ ਦਾ ਸਾਹਸ ਨਹੀਂ ਜੁਟਾ ਸਕੀ।

ਜਗਰਾਉਂ ਦੀ ਵਿਸ਼ਾਲ ਪੰਚਾਇਤ ਵਿਚ ਕਿਸਾਨ ਔਰਤਾਂ ਅਤੇ ਮਰਦਾਂ ਦੇ ਜ਼ਬਰਦਸਤ ਇਕੱਠ ਸਾਹਮਣੇ ਬਲਬੀਰ ਸਿੰਘ ਰਾਜੇਵਾਲ ਨੇ ਕੀ ਕਿਹਾ? ਉਨ੍ਹਾਂ ਨੇ ਆਪਣੀ ਗੱਲ ਅਕਤੂਬਰ 2017, ਭਾਵ ਤਿੰਨ ਖੇਤੀ ਕਾਨੂੰਨਾਂ ਨੂੰ ਆਰਡੀਨੈਂਸ ਦੀ ਸ਼ਕਲ ਵਿਚ ਪੇਸ਼ ਕਰਨ ਤੋਂ ਤਕਰੀਬਨ ਢਾਈ ਸਾਲ ਪਹਿਲਾਂ ਤੋਂ ਸ਼ੁਰੂ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਸ ਮਹੀਨੇ ਕੇਂਦਰ ਸਰਕਾਰ ਨੇ ਐਨ.ਆਈ.ਟੀ.ਆਈ. ਕਮਿਸ਼ਨ ਵਿਚ ਵੱਡੀ ਬੈਠਕ ਕਰਵਾਈ ਜਿਸ ਵਿਚ ਉਹ ਵੀ ਸ਼ਾਮਿਲ ਹੋਏ। ਉਨ੍ਹਾਂ ਦੇ ਨਾਲ ਰਾਜਸਥਾਨ ਅਤੇ ਮਹਾਰਾਸ਼ਟਰ ਦੇ ਕਿਸਾਨ ਆਗੂ ਵੀ ਸਨ। ਇਸ ਬੈਠਕ ਵਿਚ ਸਰਕਾਰੀ ਅਫ਼ਸਰਾਂ, ਸਰਕਾਰੀ ਅਰਥ ਸ਼ਾਸਤਰੀਆਂ ਦੇ ਨਾਲ ਨਾਲ ਪ੍ਰਾਈਵੇਟ ਕੰਪਨੀਆਂ ਦੇ ਸੀ.ਈ.ਓ. ਪੱਧਰ ਦੇ ਪ੍ਰਤੀਨਿਧ ਵੀ ਹਿੱਸਾ ਲੈ ਰਹੇ ਸਨ। ਚਰਚਾ ਦਾ ਵਿਸ਼ਾ ਸੀ ਖੇਤੀ ਦਾ ਸੰਕਟ। ਗੱਲਬਾਤ ਸ਼ੁਰੂ ਹੋਈ ਤਾਂ ਇਕ ਸਰਕਾਰੀ ਅਰਥ ਸ਼ਾਸਤਰੀ ਨੇ ਖੜ੍ਹੇ ਹੋ ਕੇ ਕਿਹਾ ਕਿ ਜੇਕਰ ਖੇਤੀ ਖੇਤਰ ਦੇ ਸੰਕਟ 'ਤੇ ਕਾਬੂ ਪਾਉਣਾ ਹੈ ਤਾਂ ਪ੍ਰਾਈਵੇਟ ਖੇਤਰ ਨੂੰ ਉਸ ਵਿਚ ਪੂੰਜੀ ਨਿਵੇਸ਼ ਕਰਨਾ ਹੋਵੇਗਾ। ਇਸ ਤੋਂ ਬਾਅਦ ਇਕ ਪ੍ਰਾਈਵੇਟ ਕੰਪਨੀ ਦੇ ਸੀ.ਈ.ਓ. ਨੇ ਖੜ੍ਹੇ ਹੋ ਕੇ ਕਿਹਾ ਕਿ ਉਹ ਨਿਵੇਸ਼ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਦੀਆਂ ਕੁਝ ਸ਼ਰਤਾਂ ਹਨ। ਉਨ੍ਹਾਂ ਦੀਆਂ ਸ਼ਰਤਾਂ ਮੁੱਖ ਰੂਪ ਨਾਲ ਤਿੰਨ ਸਨ। ਪਹਿਲੀ; ਸਰਕਾਰ ਪੰਜ ਪੰਜ, ਸੱਤ ਸੱਤ ਹਜ਼ਾਰ ਦੀਆਂ ਵਿਸ਼ਾਲ ਜੋਤਾਂ ਵਾਲੀ ਜ਼ਮੀਨ ਉਨ੍ਹਾਂ ਨੂੰ ਤਿਆਰ ਕਰ ਕੇ ਦੇਵੇ। ਦੂਜੀ; ਉਸ ਜ਼ਮੀਨ 'ਤੇ ਖੇਤੀ ਕਰਨ ਦਾ ਠੇਕਾ ਪੰਜਾਹ ਸਾਲ ਤੱਕ (ਭਾਵ ਤਿੰਨ ਪੀੜ੍ਹੀਆਂ ਤੱਕ) ਤੈਅ ਕਰ ਦਿੱਤਾ ਜਾਵੇ। ਤੀਜਾ; ਕਿਸਾਨ ਇਸ ਬੰਦੋਬਸਤ ਵਿਚ ਕੋਈ ਦਖਲ ਨਾ ਦੇਣ ਅਤੇ ਉਸ ਜ਼ਮੀਨ 'ਤੇ ਮਜ਼ਦੂਰਾਂ ਦੀ ਤਰ੍ਹਾਂ ਕੰਮ ਕਰਨ। ਬੈਠਕ ਚਲਦੀ ਰਹੀ। ਜੋ ਵੀ ਬੁਲਾਰਾ ਉਠਦਾ ਸੀ, ਉਸੇ ਨਾਲ ਮਿਲੀ ਜੁਲੀ ਗੱਲ ਕਰਦਾ ਸੀ ਪਰ ਨਾ ਰਾਜੇਵਾਲ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ, ਨਾ ਰਾਮਪਾਲ ਜਾਟ ਨੂੰ ਅਤੇ ਨਾ ਹੀ ਵਿਜੈ ਜਵਾਨੀਆ ਨੂੰ। ਉਨ੍ਹਾਂ ਨੂੰ ਕਿਹਾ ਗਿਆ ਕਿ ਧੀਰਜ ਰੱਖੋ, ਉਨ੍ਹਾਂ ਦੀ ਗੱਲ ਵੀ ਸੁਣੀ ਜਾਵੇਗੀ। ਇਸ ਤਰ੍ਹਾਂ ਮੀਟਿੰਗ ਖਤਮ ਹੋਣ ਵਿਚ ਅੱਧਾ ਘੰਟਾ ਰਹਿ ਗਿਆ। ਆਪਣੀ ਗੱਲ ਕਹਿਣ ਦਾ ਸਮਾਂ ਨਾ ਮਿਲਦਾ ਦੇਖ ਕੇ ਰਾਜੇਵਾਲ ਨੇ ਆਪਣੀ ਖਾਸ ਸ਼ੈਲੀ ਵਿਚ ਸਖਤ ਇਤਰਾਜ਼ ਦਰਜ ਕਰਵਾਇਆ। ਫਿਰ ਬੈਠਕ ਨੂੰ ਦੋ ਘੰਟੇ ਹੋਰ ਚਲਾਇਆ ਗਿਆ ਜਿਸ ਵਿਚ ਕਿਸਾਨ ਨੇਤਾਵਾਂ ਨੂੰ ਵੀ ਬੋਲਣ ਦਾ ਮੌਕਾ ਮਿਲਿਆ। ਰਾਜੇਵਾਲ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਾ ਰਹਿਣ ਸਹਿਣ ਅਤੇ ਸਮੁੱਚੇ ਤੌਰ 'ਤੇ ਸੱਭਿਆਚਾਰ ਇਕੋ ਜਿਹਾ ਹੀ ਹੈ। ਉਹ ਮੁੱਖ ਤੌਰ 'ਤੇ ਕਿਸਾਨ ਹਨ। ਭਾਵੇਂ ਹੀ ਕੋਈ ਕਿਸਾਨ ਆਪਣੀ ਜ਼ਮੀਨ ਵੇਚ ਦੇਵੇ, ਉਹ ਆਪਣੇ ਆਪ ਨੂੰ ਜ਼ਿਮੀਂਦਾਰਾਂ ਦਾ ਮੁੰਡਾ ਹੀ ਅਖਵਾਉਂਦਾ ਹੈ। ਵਿਆਹ ਦੇ ਰਿਸ਼ਤੇ ਤੋਂ ਪਹਿਲਾਂ ਸਵਾਲ ਇਹੀ ਪੁੱਛਿਆ ਜਾਂਦਾ ਹੈ ਕਿ ਤੁਹਾਡੇ ਕੋਲ ਕਿੰਨੀ ਜ਼ਮੀਨ ਹੈ। ਅਜਿਹੇ ਜੱਟ ਅਤੇ ਜਾਟ ਸਮਾਜ ਨੂੰ ਇਹ ਕਾਰਪੋਰੇਟ ਬੰਦੋਬਸਤ ਰਾਸ ਨਹੀਂ ਆਵੇਗਾ। ਰਾਜੇਵਾਲ ਨੇ ਸਪਸ਼ਟ ਰੂਪ ਨਾਲ ਕਿਹਾ ਕਿ ਜੇਕਰ ਸਰਕਾਰ ਨੇ ਕੋਈ ਐਸਾ ਵੈਸਾ ਕਦਮ ਪੁੱਟਿਆ ਤਾਂ ਕੋਈ ਕਿਸਾਨ ਨਹੀਂ ਮੰਨੇਗਾ, ਭਾਵੇਂ ਕੋਲ ਜ਼ਮੀਨ ਘੱਟ ਹੋਵੇ ਜਾਂ ਵੱਧ। ਸਰਕਾਰ ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਨੂੰ ਕਾਬੂ ਵਿਚ ਨਹੀਂ ਰੱਖ ਸਕੇਗੀ। ਰਾਜੇਵਾਲ ਦਾ ਮੰਨਣਾ ਹੈ ਕਿ ਉਨ੍ਹਾਂ ਦੀਆਂ ਗੱਲਾਂ ਦਾ ਸਰਕਾਰ ਅਤੇ ਮੀਟਿੰਗ ਵਿਚ ਸ਼ਾਮਿਲ ਹੋਰਾਂ 'ਤੇ ਅਸਰ ਪਿਆ। ਰਾਜੇਵਾਲ ਅਨੁਸਾਰ ਇਸ ਬੈਠਕ ਤੋਂ ਬਾਅਦ ਸਰਕਾਰ ਚੁੱਪ-ਚਾਪ ਪੇਸ਼ਬੰਦੀ ਕਰਦੀ ਰਹੀ। ਉਨ੍ਹਾਂ ਨੂੰ ਵੀ ਸ਼ੱਕ ਹੋ ਗਿਆ ਸੀ, ਇਸ ਲਈ ਉਹ ਵੀ ਚੁੱਪਚਾਪ ਕਾਗਜ਼ ਪੱਤਰ ਇਕੱਠੇ ਕਰਦੇ ਰਹੇ। ਇਸ ਵਿਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਫਤਰ ਵਲੋਂ ਰਾਜ ਸਰਕਾਰਾਂ ਨੂੰ ਭੇਜਿਆ ਗਿਆ ਇਕ ਪੱਤਰ ਵੀ ਮਿਲਿਆ ਜਿਸ ਵਿਚ ਕਣਕ ਦੀ ਖਰੀਦ ਨਾ ਕਰਨ ਦੀ ਗੱਲ ਕਹੀ ਗਈ ਸੀ। ਇਸ ਪੱਤਰ ਨੂੰ ਪੜ੍ਹਨ ਤੋਂ ਬਾਅਦ ਰਾਜੇਵਾਲ ਦਾ ਸ਼ੱਕ ਡੂੰਘਾ ਹੋ ਗਿਆ। ਉਨ੍ਹਾਂ ਨੇ ਹੋਰ ਦਸਤਾਵੇਜ਼ ਇਕੱਠੇ ਕੀਤੇ, ਤੇ 17 ਫਰਵਰੀ ਨੂੰ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਇਕੱਠਿਆਂ ਕਰ ਕੇ ਇਸ ਸਮੱਸਿਆ 'ਤੇ ਸੈਮੀਨਾਰ ਕੀਤਾ। ਇਸ ਵਿਚ ਉਨ੍ਹਾਂ ਨੇ ਸਾਰੇ ਦਸਤਾਵੇਜ਼ਾਂ ਦੀਆਂ ਨਕਲਾਂ ਰਾਜਸੀ ਆਗੂਆਂ ਨੂੰ ਦਿੱਤੀਆਂ। ਇਸ ਸੈਮੀਨਾਰ ਵਿਚ ਕਾਂਗਰਸ ਦੇ ਆਗੂ ਸੁਨੀਲ ਜਾਖੜ ਨੇ ਮੇਜ਼ 'ਤੇ ਹੱਥ ਮਾਰ ਕੇ ਕਿਹਾ, ਐਮ.ਐਸ.ਪੀ. ਗਈ, ਐਮ.ਐਸ.ਪੀ. ਗਈ, ਐਮ.ਐਸ.ਪੀ. ਗਈ! ਇਸ ਤੋਂ ਬਾਅਦ 24 ਫਰਵਰੀ ਨੂੰ ਚੰਡੀਗੜ੍ਹ ਦੀ ਪਰੇਡ ਗਰਾਊਂਡ ਵਿਚ ਕਿਸਾਨਾਂ ਦੀ ਰੈਲੀ ਕਰਵਾਉਣ ਦਾ ਫੈਸਲਾ ਹੋਇਆ। ਸਰਕਾਰ ਨੇ ਇਸ ਦੀ ਇਜਾਜ਼ਤ ਵੀ ਦੇ ਦਿੱਤੀ। ਸਾਰਾ ਪ੍ਰਬੰਧ ਕਰ ਲਿਆ ਗਿਆ। ਕਿਸਾਨ ਚੰਡੀਗੜ੍ਹ ਵੱਲ ਤੁਰ ਪਏ ਪਰ ਐਨ ਮੌਕੇ 'ਤੇ ਸਰਕਾਰ ਨੇ ਰੈਲੀ 'ਤੇ ਪਾਬੰਦੀ ਲਗਾ ਦਿੱਤੀ। ਚੰਡੀਗੜ੍ਹ ਤੋਂ ਮੁਹਾਲੀ ਤੱਕ ਦੀਆਂ ਸਾਰੀਆਂ ਸੜਕਾਂ ਵੀਹ ਵੀਹ ਕਿਲੋਮੀਟਰ ਤੱਕ ਕਿਸਾਨਾਂ ਕਾਰਨ ਜਾਮ ਹੋ ਗਈਆਂ। ਫਿਰ ਕਿਸਾਨ ਮੀਲਾਂ ਤੱਕ ਪੈਦਲ ਤੁਰ ਕੇ ਚੰਡੀਗੜ੍ਹ ਦੀ ਪਰੇਡ ਗਰਾਊਂਡ ਆਏ। ਇਸ ਰੈਲੀ ਵਿਚ ਕਿਸਾਨ ਸੰਘਰਸ਼ ਦਾ ਨਗਾਰਾ ਵਜਾ ਦਿੱਤਾ ਗਿਆ। ਜਿਵੇਂ ਅਸੀਂ ਜਾਣਦੇ ਹਾਂ ਕਿ ਜੂਨ, 2020 ਵਿਚ ਤਾਲਾਬੰਦੀ ਉਠਣ ਦਾ ਸਿਲਸਿਲਾ ਸ਼ੁਰੂ ਹੋਣ ਦੇ ਨਾਲ ਕੇਂਦਰੀ ਮੰਤਰੀ ਮੰਡਲ ਵਿਚ ਭਵਿੱਖ ਵਿਚ ਕਾਨੂੰਨ ਬਣਨ ਵਾਲੇ ਤਿੰਨ ਆਰਡੀਨੈਂਸ ਰੱਖੇ ਗਏ ਸਨ। ਉਸ ਸਮੇਂ ਕਿਸੇ ਵੀ ਤਰ੍ਹਾਂ ਦੀ ਰਾਜਸੀ ਲਾਮਬੰਦੀ 'ਤੇ ਕਰੋਨਾ ਮਹਾਮਾਰੀ ਕਾਰਨ ਪਾਬੰਦੀ ਸੀ ਪਰ ਕਿਸਾਨ ਚੌਕਸ ਸਨ ਅਤੇ ਉਨ੍ਹਾਂ ਨੇ ਆਪਣੇ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਇਨ੍ਹਾਂ ਆਰਡੀਨੈਂਸਾਂ ਦਾ ਵਿਰੋਧ ਕਰਨ ਸਬੰਧੀ ਤਖਤੀਆਂ ਲੈ ਕੇ ਵਿਖਾਵਾ ਕੀਤਾ ਸੀ। ਇਹ ਅੰਦੋਲਨ ਦਾ ਅਨੋਖਾ ਤਰੀਕਾ ਸੀ। ਇਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਦਾ ਸੰਯੁਕਤ ਮੋਰਚਾ ਬਣਿਆ। ਰੇਲਾਂ ਰੋਕੀਆਂ ਗਈਆਂ ਅਤੇ ਫਿਰ ਕਿਸਾਨ ਦਿੱਲੀ ਵੱਲ ਤੁਰ ਪਏ। ਇਸ ਤੋਂ ਬਾਅਦ ਦਿੱਲੀ ਦਾ ਇਤਿਹਾਸਕ ਘੇਰਾ ਸ਼ੁਰੂ ਹੋਇਆ।

***ਸਰਕਾਰ ਇਸ ਅੰਦੋਲਨ ਨੂੰ ਪੰਜਾਬ-ਹਰਿਆਣਾ ਤੱਕ ਸੀਮਤ ਮੰਨਦੀ ਹੈ। ਦਰਅਸਲ, ਉਹ ਇਨ੍ਹਾਂ ਰਾਜਾਂ ਦੇ ਬਿਹਤਰੀਨ ਮੰਡੀ ਢਾਂਚੇ ਨੂੰ ਤੋੜ ਦੇਣਾ ਚਾਹੁੰਦੀ ਹੈ। ਇਸ ਦੇ ਖਤਮ ਹੋਣ ਤੋਂ ਬਾਅਦ ਖੇਤੀ ਕਾਰਪੋਰੇਟ ਸੈਕਟਰ ਨੂੰ ਦੇਣ ਦੇ ਵਿਰੋਧ ਦੀ ਸੰਭਾਵਨਾ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਕਿਸਾਨਾਂ ਨੇ ਸਰਕਾਰ ਦੇ ਕਹਿਣ ਮੁਤਾਬਿਕ ਗੱਲਬਾਤ ਅਨੁਸਾਰ ਕਾਨੂੰਨਾਂ ਦੀਆਂ ਮਦਾਂ ਅਨੁਸਾਰ ਚਰਚਾ ਕੀਤੀ। ਜਦੋਂ 'ਮਦ-ਦਰ-ਮਦ' ਕਾਨੂੰਨਾਂ ਦੀਆਂ ਕਮੀਆਂ ਦੱਸਣੀਆਂ ਸ਼ੁਰੂ ਕੀਤੀਆਂ ਤਾਂ ਸਰਕਾਰੀ ਧਿਰ ਸੋਧ ਲਈ ਤਿਆਰ ਹੋ ਗਈ। ਜਦੋਂ ਕਮੀਆਂ ਜ਼ਿਆਦਾ ਹੋ ਗਈਆਂ ਤਾਂ ਕਿਸਾਨ ਨੇਤਾਵਾਂ ਨੇ ਕਿਹਾ ਕਿ ਕਾਨੂੰਨ ਰੱਦ ਹੀ ਕਿਉਂ ਨਹੀਂ ਕਰ ਦਿੰਦੇ?***

ਰਾਜੇਵਾਲ ਦਾ ਮੰਨਣਾ ਹੈ ਕਿ ਸਰਕਾਰ ਇਸ ਅੰਦੋਲਨ ਨੂੰ ਪੰਜਾਬ-ਹਰਿਆਣਾ ਤੱਕ ਸੀਮਤ ਮੰਨਦੀ ਹੈ। ਦਰਅਸਲ, ਉਹ ਇਨ੍ਹਾਂ ਰਾਜਾਂ ਦੇ ਬਿਹਤਰੀਨ ਮੰਡੀ ਢਾਂਚੇ ਨੂੰ ਤੋੜ ਦੇਣਾ ਚਾਹੁੰਦੀ ਹੈ। ਇਸ ਦੇ ਖਤਮ ਹੋਣ ਤੋਂ ਬਾਅਦ ਖੇਤੀ ਕਾਰਪੋਰੇਟ ਸੈਕਟਰ ਨੂੰ ਦੇਣ ਦੇ ਵਿਰੋਧ ਦੀ ਸੰਭਾਵਨਾ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਉਨ੍ਹਾਂ ਨੇ ਕਿਸਾਨ ਆਗੂਆਂ ਅਤੇ ਸਰਕਾਰ ਦਰਮਿਆਨ ਹੋਈ 11 ਗੇੜਾਂ ਦੀ ਗੱਲਬਾਤ ਦੇ ਕੁਝ ਦਿਲਚਸਪ ਪਹਿਲੂ ਵੀ ਜਗਰਾਉਂ ਮਹਾਂਪੰਚਾਇਤ ਵਿਚ ਦੱਸੇ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਨੇ ਤਿੰਨ ਕਾਨੂੰਨਾਂ 'ਤੇ 'ਮਦ ਅਨੁਸਾਰ' ਚਰਚਾ ਕਰਨ ਲਈ ਕਿਹਾ। ਕਿਸਾਨ ਆਗੂ ਤਿਆਰ ਹੋ ਗਏ ਅਤੇ ਉਨ੍ਹਾਂ ਨੇ 'ਮਦ ਅਨੁਸਾਰ' ਕਾਨੂੰਨਾਂ ਦੀਆਂ ਕਮੀਆਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰੀ ਧਿਰ ਹਰ ਕਮੀ ਨੂੰ ਨੋਟ ਕਰ ਰਹੀ ਸੀ ਅਤੇ ਕਹਿੰਦੀ ਸੀ ਕਿ ਇਸ ਨੂੰ ਸੋਧ ਕਰ ਕੇ ਠੀਕ ਕਰ ਦੇਵਾਂਗੇ। ਜਦੋਂ ਕਮੀਆਂ ਬਹੁਤ ਜ਼ਿਆਦਾ ਹੋ ਗਈਆਂ ਤਾਂ ਕਿਸਾਨ ਨੇਤਾਵਾਂ ਨੇ ਕਿਹਾ ਕਿ ਇੰਨੀਆਂ ਸੋਧਾਂ ਨਾਲ ਕੀ ਹੋਵੇਗਾ, ਕਾਨੂੰਨਾਂ ਨੂੰ ਰੱਦ ਹੀ ਕਿਉਂ ਨਹੀਂ ਕਰ ਦਿੰਦੇ? ਇਸ 'ਤੇ ਸਰਕਾਰ ਤਿਆਰ ਨਹੀਂ ਹੋਈ। ਉਨ੍ਹਾਂ ਦਾ ਕਹਿਣਾ ਸੀ ਕਿ ਸੋਧਾਂ ਭਾਵੇਂ ਜਿੰਨੀਆਂ ਮਰਜ਼ੀ ਕਰਵਾ ਲਓ ਪਰ ਕਾਨੂੰਨ ਰੱਦ ਕਰਨ ਦੀ ਗੱਲ ਨਾ ਕਰੋ। ਇੱਥੇ ਸਵਾਲ ਇਹ ਹੈ ਕਿ ਰਾਜੇਵਾਲ ਨੇ ਜੋ ਗੱਲਾਂ ਜਨਤਕ ਰੂਪ ਨਾਲ ਠੋਕ ਕੇ ਕਹੀਆਂ, ਉਹ ਦੇਸ਼ ਦਾ ਕੋਈ ਵੀ ਸਿਆਸੀ ਨੇਤਾ ਕਹਿਣ ਲਈ ਤਿਆਰ ਨਹੀਂ ਹੈ। ਕਾਂਗਰਸ ਦੇ ਰਾਹੁਲ ਗਾਂਧੀ 'ਅਸੀਂ ਦੋ ਸਾਡੇ ਦੋ' ਕਹਿ ਕੇ ਮੋਦੀ ਦੀ ਨੁਕਤਾਚੀਨੀ ਜ਼ਰੂਰ ਕਰ ਰਹੇ ਹਨ ਪਰ ਉਨ੍ਹਾਂ ਦੇ ਸਮੇਂ ਦਾ ਕੋਈ ਵੀ ਵਿਰੋਧੀ ਧਿਰ ਦਾ ਨੇਤਾ ਖੇਤੀ ਦੇ ਕਾਰਪੋਰੇਟੀਕਰਨ ਦਾ ਵਿਰੋਧ ਕਰ ਕੇ ਪ੍ਰਾਈਵੇਟ ਪੂੰਜੀ ਦੀਆਂ ਸ਼ਕਤੀਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ।

# ਹਿਰਾਸਤ ਵਿਚ ਤਸੀਹਿਆਂ ਦੀ ਰਾਜਸੀ ਪੁਸ਼ਤਪਨਾਹੀ

***ਭਾਰਤ ਵਿਚ ਪੁਲਿਸ ਹਿਰਾਸਤ ਵਿਚ ਤਸੀਹੇ ਦੇਣਾ ਕੋਈ ਨਵਾਂ ਮਸਲਾ ਨਹੀਂ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਮਜ਼ਦੂਰ ਅਤੇ ਕਿਸਾਨ ਅੰਦੋਲਨ ਨਾਲ ਜੁੜੇ ਨੌਦੀਪ ਸਿੰਘ ਅਤੇ ਸ਼ਿਵ ਕੁਮਾਰ ਦੇ ਨਾਲ-ਨਾਲ ਛਤੀਸਗੜ੍ਹ ਦੀ ਪੁਲਿਸ ਵੱਲੋਂ ਮਾਓਵਾਦ ਦੇ ਨਾਂ ਉਤੇ ਉਥੋਂ ਦੇ ਲੋਕਾਂ ਉਤੇ ਢਾਹੇ ਜਾ ਰਹੇ ਤਸ਼ੱਦਦ ਬਾਰੇ ਚਰਚਾ ਕੀਤੀ ਹੈ। ਹੋਰ ਤਾਂ ਹੋਰ, ਸ਼ਿਵ ਕੁਮਾਰ ਉਤੇ ਤਸ਼ੱਦਦ ਦਾ ਮਾਮਲਾ ਹਾਈ ਕੋਰਟ ਦੇ ਦਖਲ ਪਿਛੋਂ ਹੀ ਸਾਹਮਣੇ ਆਇਆ ਹੈ। -ਸੰਪਾਦਕ***

ਜਦ ਕੋਈ ਭਿਆਨਕ ਕਾਂਡ ਵਾਪਰਦਾ ਹੈ, ਉਦੋਂ ਹੀ ਭਾਰਤੀ ਸਟੇਟ ਦਾ ਵਹਿਸ਼ੀ ਚਿਹਰਾ ਚਰਚਾ ਵਿਚ ਆਉਂਦਾ ਹੈ, ਬਾਕੀ ਸਮਿਆਂ ਵਿਚ 'ਸਭ ਤੋਂ ਵੱਡਾ ਲੋਕਤੰਤਰ' ਦਾ ਰਾਗ ਅਲਾਪ ਜਾਰੀ ਰਹਿੰਦਾ ਹੈ। ਇਹਨੀਂ ਦਿਨੀਂ ਮਜ਼ਦੂਰ ਕਾਰਕੁਨਾਂ ਨੌਦੀਪ ਕੌਰ ਅਤੇ ਸ਼ਿਵ ਕੁਮਾਰ ਨੂੰ ਹਰਿਆਣਾ ਪੁਲਿਸ ਵੱਲੋਂ ਭਿਆਨਕ ਤਸੀਹੇ ਦੇਣ ਦੀਆਂ ਕਹਾਣੀਆਂ ਪੁਲਿਸ ਦੀ ਵਹਿਸ਼ੀ ਮਾਨਸਿਕਤਾ ਨੂੰ ਬੇਪਰਦ ਕਰਨ ਦਾ ਸਬੱਬ ਬਣੀਆਂ ਹਨ।

ਦੋਨਾਂ ਕਾਰਕੁਨਾਂ ਨੂੰ ਜਨਵਰੀ ਦੇ ਅੱਧ 'ਚ ਦਿੱਲੀ ਦੇ ਕੁੰਡਲੀ ਸਨਅਤੀ ਇਲਾਕੇ 'ਚੋਂ ਗ੍ਰਿਫਤਾਰ ਕੀਤਾ ਗਿਆ, ਜਿੱਥੇ ਉਹ ਫੈਕਟਰੀ ਮਾਲਕਾਂ ਵੱਲੋਂ ਮਜ਼ਦੂਰਾਂ ਦੀ ਬੇਰਹਿਮ ਲੁੱਟ-ਖਸੁੱਟ ਵਿਰੁਧ ਸੰਘਰਸ਼ ਦੇ ਨਾਲ-ਨਾਲ ਕਿਸਾਨ ਅੰਦੋਲਨ ਦੇ ਹੱਕ ਵਿਚ ਫੈਕਟਰੀ ਮਜ਼ਦੂਰਾਂ ਨੂੰ ਜਾਗਰੂਕ ਅਤੇ ਲਾਮਬੰਦ ਵੀ ਕਰ ਰਹੇ ਸਨ। ਫੈਕਟਰੀ ਮਾਲਕਾਂ ਦੇ ਇਸ਼ਾਰੇ 'ਤੇ ਸੋਨੀਪਤ ਪੁਲਿਸ ਦੇ ਮਰਦ ਅਧਿਕਾਰੀਆਂ ਵੱਲੋਂ ਨੌਦੀਪ ਕੌਰ ਨੂੰ ਹਿਰਾਸਤ ਵਿਚ ਸਰੀਰਕ ਅਤੇ ਜਿਨਸੀ ਤਸੀਹੇ ਦਿੱਤੇ ਗਏ। ਜੇ ਨੌਦੀਪ ਕੌਰ ਦਾ ਮਾਮਲਾ ਮਹਾ-ਅੰਦੋਲਨ ਨਾਲ ਜੁੜ ਕੇ ਕੌਮਾਂਤਰੀ ਚਰਚਾ ਵਿਚ ਨਾ ਆਉਂਦਾ ਤਾਂ ਯੂਨੀਅਨ ਆਗੂ ਸ਼ਿਵ ਕੁਮਾਰ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਤਸੀਹੇ ਦੇਣ ਦਾ ਭੇਤ ਨਹੀਂ ਸੀ ਖੁੱਲ੍ਹਣਾ। ਹਾਲ ਹੀ ਵਿਚ 24 ਫਰਵਰੀ ਨੂੰ ਪੰਜਾਬ-ਹਰਿਆਣਾ ਹਾਈਕੋਰਟ

**ਬੂਟਾ ਸਿੰਘ**
**ਫੋਨ: +91-94634-74342**

ਦੇ ਆਦੇਸ਼ 'ਤੇ ਸਰਕਾਰੀ ਮੈਡੀਕਲ ਕਾਲਜ ਚੰਡੀਗੜ੍ਹ ਦੇ ਡਾਕਟਰਾਂ ਦੀ ਟੀਮ ਨੇ ਸ਼ਿਵ ਕੁਮਾਰ ਦਾ ਬਾਰੀਕੀ 'ਚ ਡਾਕਟਰੀ ਮੁਆਇਨਾ ਕੀਤਾ ਹੈ। ਉਸ ਦੇ ਪਿਤਾ ਨੇ ਉਚ ਅਦਾਲਤ ਦਾ ਦਰਵਾਜ਼ਾ ਖੜਕਾ ਕੇ ਡੂੰਘਾਈ 'ਚ ਡਾਕਟਰੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਸੀ। ਮੈਡੀਕਲ ਜਾਂਚ ਵਿਚ ਉਸ ਨੂੰ ਬੇਕਿਰਕੀ ਨਾਲ ਤਸੀਹੇ ਦੇਣ ਦੇ ਠੋਸ ਸਬੂਤ ਸਾਹਮਣੇ ਆਏ। ਹਾਲਾਂਕਿ ਉਸ ਨੂੰ 16 ਜਨਵਰੀ ਨੂੰ ਹਿਰਾਸਤ 'ਚ ਲਿਆ ਗਿਆ ਸੀ, ਲੇਕਿਨ ਤਸੀਹਿਆਂ ਦੇ ਨਿਸ਼ਾਨ ਅਤੇ ਜ਼ਖਮ ਅਜੇ ਵੀ ਹਨ। ਉਸ ਨੂੰ ਅੱਠ ਦਿਨ ਗੈਰ-ਕਾਨੂੰਨੀ ਹਿਰਾਸਤ ਵਿਚ ਕੋਹਿਆ ਗਿਆ, ਫਿਰ 24 ਜਨਵਰੀ ਨੂੰ ਮੈਜਿਸਟਰੇਟ ਅੱਗੇ ਪੇਸ਼ ਕਰ ਕੇ ਉਸ ਦਾ ਬਾਕਾਇਦਾ ਰਿਮਾਂਡ ਲੈ ਲਿਆ ਗਿਆ ਅਤੇ 2 ਫਰਵਰੀ ਨੂੰ ਜੇਲ੍ਹ ਭੇਜਿਆ ਗਿਆ।

ਡਾਕਟਰੀ ਰਿਪੋਰਟ ਨੇ ਖੁਲਾਸਾ ਕੀਤਾ ਕਿ ਉਸ ਦੇ ਸੱਜੇ ਪੈਰ ਉਪਰ ਅਜੇ ਵੀ ਸੋਜਿਸ਼ ਹੈ ਅਤੇ ਜ਼ਿਆਦਾਤਰ ਹਿੱਸੇ ਉਪਰ ਅਜੇ ਵੀ ਨੀਲ ਪਿਆ ਹੋਇਆ ਹੈ। ਡਾਕਟਰਾਂ ਅਨੁਸਾਰ ਉਸ ਦੇ ਪੈਰਾਂ ਨੂੰ ਸੱਟਾਂ ਮਾਰ ਕੇ ਕੋਹਿਆ ਗਿਆ ਅਤੇ ਉਸ ਦੇ ਪੈਰਾਂ ਦੇ ਨਹੁੰ ਕਿਸੇ ਤਿੱਖੀ ਚੀਜ਼ ਨਾਲ ਪੁੱਟੇ ਗਏ। ਉਹ ਅਜੇ ਵੀ ਡੂੰਘੇ ਸਦਮੇ 'ਚ ਹੈ ਜੋ ਇਸ ਦਾ ਸਬੂਤ ਹੈ ਕਿ ਉਸ ਨੂੰ ਹਿਰਾਸਤ ਦੌਰਾਨ ਬੇਹੱਦ ਸੰਤਾਪ 'ਚੋਂ ਗੁਜ਼ਰਨਾ ਪਿਆ।

ਇਸੇ ਦੌਰਾਨ ਤਸੀਹਿਆਂ ਦੀ ਇਕ ਹੋਰ ਕਹਾਣੀ ਵੀ ਸਾਹਮਣੇ ਆਈ ਜਿਸ ਦੀ ਮੁੱਖਧਾਰਾ ਮੀਡੀਆ ਵਿਚ ਕੋਈ ਚਰਚਾ ਨਹੀਂ ਹੋਈ। ਇਹ ਹਿਰਾਸਤ ਵਿਚ ਕਤਲ ਦਾ ਮਾਮਲਾ ਹੋਣ ਦੇ ਨਾਲ-ਨਾਲ ਛੱਤੀਸਗੜ੍ਹ ਪੁਲਿਸ ਵੱਲੋਂ ਆਦਿਵਾਸੀ ਲੋਕਾਂ ਉਪਰ ਤਸ਼ੱਦਦ ਕਰ ਕੇ ਫਰਜ਼ੀ 'ਮਾਓਵਾਦੀ ਆਤਮ-ਸਮਰਪਣ' ਦਾ ਬੜਾ ਘੁਟਾਲਾ ਵੀ ਹੈ। 19 ਫਰਵਰੀ ਨੂੰ ਛੱਤੀਸਗੜ੍ਹ ਦੇ ਸਥਾਨਕ ਮੀਡੀਆ ਵਿਚ ਮਾਓਵਾਦੀ ਗੜ੍ਹ ਦਾਂਤੇਵਾੜਾ ਜ਼ਿਲ੍ਹੇ ਦੇ ਗੁਡਸੇ ਪਿੰਡ ਦੀ ਵਸਨੀਕ ਪਾਂਡੇ ਕਵਾਸੀ ਸਮੇਤ ਛੇ ਆਦਿਵਾਸੀਆਂ ਦੀਆਂ ਤਸਵੀਰਾਂ ਨਸ਼ਰ ਹੋਈਆਂ। ਉਹਨਾਂ ਦੇ ਚਿੱਟੇ ਰੰਗ ਦੀਆਂ ਟੀ-ਸ਼ਰਟ ਪਹਿਨੀਆਂ ਹੋਈਆਂ ਸਨ ਜਿਹਨਾਂ ਉਪਰ 'ਲੋਨ ਵਰਾਟੂ' ਲਿਖਿਆ ਹੋਇਆ ਸੀ। ਇਹਨਾਂ ਗੋਂਡੀ ਸ਼ਬਦਾਂ ਦਾ ਭਾਵ ਹੈ 'ਘਰ-ਵਾਪਸੀ'। ਇਹ ਜ਼ਿਲ੍ਹਾ ਪੁਲਿਸ ਵੱਲੋਂ ਮਾਓਵਾਦੀ ਛਾਪਾਮਾਰਾਂ ਦੇ 'ਆਤਮ-ਸਮਰਪਣ' ਲਈ ਜੁਲਾਈ 2020 'ਚ ਚਲਾਈ ਮੁਹਿੰਮ ਦਾ ਨਾਮ ਹੈ। ਚਾਰ ਦਿਨ ਬਾਅਦ ਉਹੀ ਤਸਵੀਰ ਸਥਾਨਕ ਪੱਤਰਕਾਰਾਂ ਦੇ ਵ੍ਹੱਟਸਐਪ ਗਰੁੱਪਾਂ 'ਚ ਮੁੜ ਸ਼ੇਅਰ ਹੋਈ ਲੇਕਿਨ ਹੁਣ ਇਹ ਵੱਖਰੀ ਕਹਾਣੀ ਬਿਆਨ ਕਰ ਰਹੀ ਸੀ ਕਿ ਪਾਂਡੇ ਕਵਾਸੀ ਨੇ ਪੁਲਿਸ ਹਿਰਾਸਤ ਵਿਚ ਖੁਦਕੁਸ਼ੀ ਕਰ ਲਈ ਹੈ। ਇਸ ਆਦਿਵਾਸੀ ਲੜਕੀ ਦੇ ਪਰਿਵਾਰ ਅਤੇ ਗੁਆਂਢੀਆਂ ਨੇ ਖੋਜੀ ਪੱਤਰਕਾਰਾਂ ਨੂੰ ਅਸਲ ਕਹਾਣੀ ਦੱਸੀ ਹੈ ਜੋ ਪੁਲਿਸ ਦੀ ਜਾਅਲਸਾਜ਼ੀ ਨੂੰ ਲੀਰੋ-ਲੀਰ ਕਰ ਦਿੰਦੀ ਹੈ:

'ਉਹ ਮਾਓਵਾਦੀ ਬਿਲਕੁਲ ਨਹੀਂ ਸੀ। ਪੁਲਿਸ ਨੇ 'ਲੋਨ ਵਰਾਟੂ' ਦਾ ਅੰਕੜਾ ਬਣਾਉਣ ਲਈ ਉਸ ਨੂੰ ਡਰਾ-ਧਮਕਾ ਕੇ 'ਆਤਮ-ਸਮਰਪਣ' ਕਰਵਾਇਆ ਸੀ।' ਛੱਤੀਸਗੜ੍ਹ ਦੇ ਮਾਓਵਾਦੀ ਗੜ੍ਹ ਵਿਚ ਪੁਲਿਸ ਅਤੇ ਹੋਰ ਸਰਕਾਰੀ ਲਸ਼ਕਰ ਝੂਠੇ ਇਲਜ਼ਾਮਾਂ ਤਹਿਤ ਆਦਿਵਾਸੀਆਂ ਨੂੰ ਮੁਕਾਬਲੇ ਬਣਾ ਕੇ ਮਾਰ ਰਹੇ ਹਨ ਅਤੇ ਜੇਲ੍ਹਾਂ ਵਿਚ ਡੱਕ ਰਹੇ ਹਨ। ਕਿਸੇ ਆਦਿਵਾਸੀ ਦਾ ਨਾਂ ਕਿਸੇ 'ਸ਼ੱਕੀ ਮਾਓਵਾਦੀ' ਨਾਲ ਮਿਲਦਾ-ਜੁਲਦਾ ਹੋਣਾ ਹੀ ਉਸ ਦੇ ਗੈਰ-ਅਦਾਲਤੀ ਕਤਲ ਜਾਂ ਬੇਮਿਆਦੀ ਜੇਲ੍ਹਬੰਦੀ ਲਈ ਕਾਫੀ ਹੈ।

ਪੁਲਿਸ ਦੀ ਕਹਾਣੀ ਅਨੁਸਾਰ ਇਹ 'ਇਨਾਮੀ' ਛਾਪਾਮਾਰ ਮਾਓਵਾਦੀ ਪ੍ਰਚਾਰ ਅਤੇ ਛਾਪਾਮਾਰ ਤੰਤਰ ਵਿਚ ਆਗੂ ਭੂਮਿਕਾ ਨਿਭਾ ਰਹੇ ਸਨ। ਪੁਲਿਸ ਰਿਮਾਂਡ ਦੌਰਾਨ ਪਾਂਡੇ ਨੇ ਖੁਦਕੁਸ਼ੀ ਕਰ ਲਈ, ਕਿਉਂਕਿ ਉਸ ਦੇ ਮਾਪੇ ਉਸ ਦਾ ਵਿਆਹ ਇਕ ਸ਼ਰਾਬੀ ਮੁੰਡੇ ਨਾਲ ਜਬਰੀ ਕਰਨਾ ਚਾਹੁੰਦੇ ਸਨ ਅਤੇ ਉਸ ਨੂੰ ਡਰ ਸੀ ਕਿ ਘਰ ਜਾਣ 'ਤੇ ਉਸ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਪੁਲਿਸ ਗ੍ਰਿਫਤਾਰੀ ਤੋਂ ਮੁੱਕਰ ਕੇ ਹੁਣ ਇਹ ਦਾਅਵਾ ਕਰ ਰਹੀ ਹੈ ਕਿ ਉਸ ਨੇ ਆਪਣੀ ਇੱਛਾ ਨਾਲ ਪੁਲਿਸ ਅੱਗੇ ਆਤਮ-ਸਮਰਪਣ ਕੀਤਾ ਸੀ। ਪਿੰਡ ਵਾਸੀਆਂ ਅਨੁਸਾਰ ਇਹਨਾਂ ਦੋ ਔਰਤਾਂ ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਅਤੇ ਅਗਲੇ ਦਿਨ 'ਆਤਮ-ਸਮਰਪਣ' ਦੀ ਕਹਾਣੀ ਘੜੀ ਗਈ। ਅਗਲੇ ਦਿਨ ਕਾਰਲੀ ਪੁਲਿਸ ਲਾਈਨ ਵਿਖੇ ਜਦ ਪਿੰਡ ਵਾਸੀ ਲੜਕੀ ਨੂੰ ਮਿਲੇ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਨੂੜ ਕੇ ਬੇਕਿਰਕੀ ਨਾਲ ਡੰਡਿਆਂ ਨਾਲ ਕੁੱਟਿਆ ਗਿਆ ਅਤੇ ਵਾਲਾਂ ਤੋਂ ਫੜ ਕੇ ਘਸੀਟਿਆ ਗਿਆ। ਇਸ ਤੋਂ ਬਾਅਦ ਉਸ ਨੂੰ ਕਿਸੇ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਆਖਿਰਕਾਰ ਉਸ ਦੀ ਲਾਸ਼ ਮਾਪਿਆਂ ਦੇ ਹਵਾਲੇ ਕਰ ਦਿੱਤੀ ਗਈ। ਹਿਰਾਸਤੀ ਕਤਲ ਦੇ ਜੁਰਮ ਉਪਰ ਪਰਦਾ ਪਾਉਣ ਲਈ ਪੁਲਿਸ ਨੇ ਇਸ ਨੂੰ 'ਖੁਦਕੁਸ਼ੀ' ਬਣਾ ਦਿੱਤਾ।

ਭਾਰਤੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨਾ ਸਿਰਫ ਹਿਰਾਸਤੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਵਹਿਸ਼ੀ ਤਸੀਹੇ ਦੇਣ ਲਈ ਬਦਨਾਮ ਹਨ ਸਗੋਂ ਉਹ ਮੁਜਰਿਮਾਂ ਉਪਰ ਹਿੰਸਾ ਨੂੰ ਜਾਇਜ਼ ਮੰਨਦੇ ਹਨ। ਜੂਨ 2020 'ਚ ਦੋ ਪਿਓ-ਪੁੱਤਰ ਦੇ ਹਿਰਾਸਤ ਵਿਚ ਕਤਲ ਉਪਰ ਮੱਚੀ ਹਾਹਾਕਾਰ ਤੋਂ ਬਾਦ ਵੀ ਹਾਲਾਤ ਨਹੀਂ ਬਦਲੇ ਜਿਹਨਾਂ ਨੂੰ ਲੌਕਡਾਊਨ ਦੌਰਾਨ ਤਾਮਿਲਨਾਡੂ ਪੁਲਿਸ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। 2019 'ਚ ਇਕ ਸਿਵਲ ਸੁਸਾਇਟੀ ਸੰਸਥਾ 'ਕਾਮਨ ਕਾਜ' ਅਤੇ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ ਦੀ ਸਰਪ੍ਰਸਤੀ ਵਾਲੇ 'ਲੋਕ ਨੀਤੀ ਪ੍ਰੋਗਰਾਮ' ਵੱਲੋਂ 21 ਰਾਜਾਂ ਦੇ 12000 ਪੁਲਿਸ ਮੁਲਾਜ਼ਾਂ ਦੇ ਸਰਵੇਖਣ 'ਚ ਖੁਲਾਸਾ ਹੋਇਆ ਸੀ ਕਿ ਤਿੰਨ ਚੌਥਾਈ ਮੁਲਾਜ਼ਮ ਸਮਾਜ ਦੇ ਭਲੇ ਲਈ ਮੁਜਰਿਮਾਂ ਉਪਰ ਹਿੰਸਾ ਨੂੰ ਸਹੀ ਮੰਨਦੇ ਸਨ। ਸਰਕਾਰੀ ਅੰਕੜੇ ਅਤੇ ਗੈਰ-ਸਰਕਾਰੀ ਰਿਪੋਰਟਾਂ ਇਸ ਭਿਆਨਕਤਾ ਨੂੰ ਵਾਰ-ਵਾਰ ਸਾਹਮਣੇ ਲਿਆਉਂਦੀਆਂ ਹਨ। ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ ਦੀ ਰਿਪੋਰਟ 'ਟਾਰਚਰ ਇਨ ਇੰਡੀਆ 2011' ਅਨੁਸਾਰ 2001 ਤੋਂ 2010 ਦਰਮਿਆਨ 14231 ਹਿਰਾਸਤੀ ਮੌਤਾਂ ਹੋਈਆਂ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ 2018 'ਚ ਐਸੀਆਂ



ਬਸਤਰ ਵਿਚ ਆਤਮ-ਸਮਰਪਣ ਦੀ ਕਹਾਣੀ।

1966 ਮੌਤਾਂ ਦਰਜ ਹੋਈਆਂ। ਗ੍ਰਹਿ ਮਾਮਲੇ ਰਾਜ ਮੰਤਰੀ ਨੇ 14 ਮਾਰਚ 2018 ਨੂੰ ਰਾਜ ਸਭਾ ਨੂੰ ਦੱਸਿਆ ਕਿ ਪਹਿਲੀ ਅਪਰੈਲ 2017 ਤੋਂ ਲੈ ਕੇ 28 ਫਰਵਰੀ 2018 ਦੇ 334 ਦਿਨਾਂ ਵਿਚ ਪੂਰੇ ਮੁਲਕ ਵਿਚ 1674 ਹਿਰਾਸਤੀ ਮੌਤਾਂ ਐਨ.ਐਚ.ਆਰ.ਸੀ. ਕੋਲ ਦਰਜ ਹੋਈਆਂ, ਯਾਨੀ ਰੋਜ਼ਾਨਾ ਪੰਜ ਮੌਤਾਂ। ਇਹਨਾਂ ਵਿਚੋਂ 1530 ਮੌਤਾਂ ਜੁਡੀਸ਼ੀਅਲ ਹਿਰਾਸਤ 'ਚ ਅਤੇ 144 ਪੁਲਿਸ ਹਿਰਾਸਤ ਦੌਰਾਨ ਹੋਈਆਂ। ਨੈਸ਼ਨਲ ਕੈਂਪੇਨ ਅਗੇਂਸਟ ਟਾਰਚਰ ਦੀ ਸਾਲਾਨਾ ਰਿਪੋਰਟ ਅਨੁਸਾਰ 2019 'ਚ ਹਿਰਾਸਤ ਵਿਚ 1731 ਮੌਤਾਂ ਹੋਈਆਂ (1606 ਮੌਤਾਂ ਅਦਾਲਤੀ ਹਿਰਾਸਤ ਵਿਚ ਅਤੇ 125 ਪੁਲਿਸ ਹਿਰਾਸਤ ਵਿਚ।) 125 ਮੌਤਾਂ ਵਿਚ ਯੂ.ਪੀ. ਦਾ ਪਹਿਲਾ ਸਥਾਨ ਸੀ, ਇਸ ਤੋਂ ਬਾਅਦ ਤਾਮਿਲਨਾਡੂ ਅਤੇ ਪੰਜਾਬ ਦਾ ਅਤੇ ਫਿਰ ਬਿਹਾਰ ਦਾ। ਇਹਨਾਂ 125 ਵਿਚੋਂ 93 ਵਿਅਕਤੀਆਂ (74.4%) ਦੀ ਮੌਤ ਤਸ਼ੱਦਦ ਜਾਂ ਲਾਕਨੂੰਨੀਆਂ ਨਾਲ ਹੋਈ। ਪੁਲਿਸ ਦੇ ਤਸੀਹਿਆਂ ਦਾ ਸ਼ਿਕਾਰ ਆਮ ਤੌਰ 'ਤੇ ਗਰੀਬ ਅਤੇ ਨਿਤਾਣੇ ਲੋਕ ਹੁੰਦੇ ਹਨ। ਇਹਨਾਂ 125 ਵਿਚੋਂ 75 (60 ਫੀਸਦੀ) ਵਿਅਕਤੀ ਗਰੀਬ ਅਤੇ ਹਾਸ਼ੀਆਗ੍ਰਸਤ ਸਮੂਹਾਂ ਦੇ ਲੋਕ ਅਤੇ ਚਾਰ ਔਰਤਾਂ ਸਨ। ਇਹਨਾਂ ਵਿਚ 13 ਦਲਿਤ ਅਤੇ ਕਬਾਇਲੀ ਅਤੇ 15 ਮੁਸਲਿਮ ਸਨ ਜਦਕਿ 35 ਜਣੇ ਮਾਮੂਲੀ ਜੁਰਮਾਂ 'ਚ ਗ੍ਰਿਫਤਾਰ।

ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ 2017 'ਚ ਪੁਲਿਸ ਹਿਰਾਸਤ ਵਿਚ 100 ਮੌਤਾਂ ਹੋਈਆਂ। 33 ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ 27 ਵਿਰੁੱਧ ਚਾਰਜਸ਼ੀਟ ਪੇਸ਼ ਕੀਤੇ ਜਾਣ ਦੇ ਬਾਵਜੂਦ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸੇ ਤਰ੍ਹਾਂ 2017 'ਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ 56 ਮਾਮਲਿਆਂ ਵਿਚ 48 ਪੁਲਿਸ ਮੁਲਾਜ਼ਮਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਲੇਕਿਨ ਸਜ਼ਾ ਸਿਰਫ 3 ਦੋਸ਼ੀਆਂ ਨੂੰ ਹੋਈ। ਦਿੱਲੀ ਵਿਚ ਸੀ.ਏ.ਏ. ਵਿਰੁਧ ਪੁਰਅਮਨ ਸੰਘਰਸ਼ ਦੌਰਾਨ ਦਿੱਲੀ ਪੁਲਿਸ ਨੇ ਫੈਜ਼ਾਨ ਨਾਂ ਦੇ ਮੁਸਲਿਮ ਨੌਜਵਾਨ ਨੂੰ ਦਿਨ-ਦਿਹਾੜੇ ਸੜਕ ਉਪਰ ਡੰਡੇ ਨਾਲ ਕੁਚਲ ਕੇ ਮੌਤ ਦੇ ਮੂੰਹ ਧੱਕਿਆ। ਸਰਕਾਰੀ ਪੁਸ਼ਤਪਨਾਹੀ ਕਾਰਨ ਦੋਸ਼ੀ ਸਾਫ ਬਚ ਗਏ। ਐਨੀ ਵੱਡੀ ਤਾਦਾਦ 'ਚ ਹਿਰਾਸਤੀ ਮੌਤਾਂ ਪੁਲਿਸ ਤਸੀਹਿਆਂ ਦੀ ਵਿਆਪਕਤਾ ਦੀਆਂ ਸੂਚਕ ਹਨ ਜਿਸ ਨੂੰ ਹਿਰਾਸਤੀਆਂ ਦੇ ਮਨੁੱਖੀ ਹੱਕਾਂ ਅਤੇ ਮਨੁੱਖੀ ਮਾਣ-ਸਨਮਾਨ ਦੀ ਕੋਈ ਪ੍ਰਵਾਹ ਨਹੀਂ ਹੈ। ਪੁਲਿਸ ਅਧਿਕਾਰੀ ਆਮ ਹੀ ਇਹਨਾਂ ਕਤਲਾਂ ਨੂੰ ਖੁਦਕੁਸ਼ੀ, ਬਿਮਾਰੀ ਜਾਂ ਸੱਟ ਲੱਗਣ ਦੇ ਖਾਤੇ ਪਾ ਕੇ ਦਬਾ ਦਿੰਦੇ ਹਨ।

ਇਹਨਾਂ ਕਤਲਾਂ ਦਾ ਕਾਰਨ ਸੱਤਾ ਵੱਲੋਂ ਪੁਲਿਸ ਨੂੰ ਦਿੱਤੀ ਖੁੱਲ੍ਹ ਅਤੇ ਸਰਪ੍ਰਸਤੀ ਹੈ। ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਦੇ ਸੈਕਸ਼ਨ 197 ਅਤੇ ਅਫਸਪਾ-1958 ਦੇ ਸੈਕਸ਼ਨ 6 ਤਹਿਤ ਸਰਕਾਰੀ ਅਧਿਕਾਰੀਆਂ ਅਤੇ ਸਰਕਾਰੀ ਦਸਤਿਆਂ ਨੂੰ ਸਜ਼ਾ ਤੋਂ ਛੋਟ ਹੈ। ਉਹਨਾਂ ਵਿਰੁੱਧ ਮੁਕੱਦਮਾ ਸਰਕਾਰੀ ਮਨਜ਼ੂਰੀ ਨਾਲ ਹੀ ਦਰਜ ਹੋ ਸਕਦਾ ਹੈ, ਸਰਕਾਰਾਂ ਇਹ ਮਨਜ਼ੂਰੀ ਕਦੇ ਨਹੀਂ ਦਿੰਦੀਆਂ।



ਨੌਦੀਪ ਕੌਰ

***ਹਾਈਕੋਰਟ ਦੇ ਆਦੇਸ਼ 'ਤੇ ਸਰਕਾਰੀ ਮੈਡੀਕਲ ਕਾਲਜ ਚੰਡੀਗੜ੍ਹ ਦੇ ਡਾਕਟਰਾਂ ਦੀ ਟੀਮ ਨੇ ਸ਼ਿਵ ਕੁਮਾਰ ਦਾ ਡਾਕਟਰੀ ਮੁਆਇਨਾ ਕੀਤਾ। ਉਸ ਦੇ ਪਿਤਾ ਨੇ ਉਚ ਅਦਾਲਤ ਦਾ ਦਰਵਾਜ਼ਾ ਖੜਕਾ ਕੇ ਡਾਕਟਰੀ ਜਾਂਚ ਦੀ ਮੰਗ ਕੀਤੀ ਸੀ। ਮੈਡੀਕਲ ਜਾਂਚ ਵਿਚ ਉਸ ਨੂੰ ਤਸੀਹੇ ਦੇਣ ਦੇ ਸਬੂਤ ਸਾਹਮਣੇ ਆਏ। ਉਸ ਨੂੰ 16 ਜਨਵਰੀ ਨੂੰ ਹਿਰਾਸਤ 'ਚ ਲਿਆ ਗਿਆ, ਲੇਕਿਨ ਤਸੀਹਿਆਂ ਦੇ ਨਿਸ਼ਾਨ ਤੇ ਜ਼ਖਮ ਅਜੇ ਵੀ ਹਨ। ਉਸ ਨੂੰ ਅੱਠ ਦਿਨ ਗੈਰ-ਕਾਨੂੰਨੀ ਹਿਰਾਸਤ ਵਿਚ ਕੋਹਿਆ ਗਿਆ, ਫਿਰ 24 ਜਨਵਰੀ ਨੂੰ ਮੈਜਿਸਟਰੇਟ ਅੱਗੇ ਪੇਸ਼ ਕਰ ਕੇ ਉਸ ਦਾ ਬਾਕਾਇਦਾ ਰਿਮਾਂਡ ਲੈ ਲਿਆ ਗਿਆ।***



ਸ਼ਿਵ ਕੁਮਾਰ

ਭਾਰਤੀ ਸਮਾਜ ਡੂੰਘੇ ਰੂਪ 'ਚ ਜਗੀਰੂ, ਗੈਰ-ਜਮਹੂਰੀ ਹੈ ਜੋ ਘੋਰ ਸਮਾਜੀ, ਆਰਥਕ, ਸਭਿਆਚਾਰਕ, ਧਾਰਮਿਕ ਨਾਬਰਾਬਰੀਆਂ ਅਤੇ ਪੱਖਪਾਤਾਂ ਵਿਚ ਗ੍ਰਸਿਆ ਹੋਇਆ ਹੈ। ਭਾਰਤੀ ਪੁਲਿਸ ਅਤੇ ਬਾਕੀ ਰਾਜਤੰਤਰ ਦਾ ਮੂਲ ਖਾਸਾ, ਟਰੇਨਿੰਗ ਅਤੇ ਮਾਨਸਿਕਤਾ ਅੰਗਰੇਜ਼ ਰਾਜ ਵਾਲੀ ਹੈ। ਪੁਲਿਸ ਅਮਨ-ਕਾਨੂੰਨ ਲਾਗੂ ਕਰਾਉਣ ਵਾਲੀ ਮਸ਼ੀਨਰੀ ਦੀ ਬਜਾਏ ਸੱਤਾਧਾਰੀ ਪਾਰਟੀ ਅਤੇ ਅਮੀਰ ਬਾਰਸੂਖ ਜਮਾਤ ਦੇ ਲਠੈਤ ਵਿੰਗ ਦੇ ਤੌਰ 'ਤੇ ਕੰਮ ਕਰਦੀ ਹੈ। ਫਰਜ਼ੀ ਪੁਲਿਸ ਮੁਕਾਬਲਿਆਂ, ਝੂਠੇ ਕੇਸਾਂ, ਹਿਰਾਸਤ ਵਿਚ ਤਸੀਹਿਆਂ, ਪੁਰਅਮਨ ਸੰਘਰਸ਼ਾਂ ਵਿਰੁਧ ਲਾਠੀ-ਗੋਲੀ ਦੇ ਬੇਕਿਰਕ ਇਸਤੇਮਾਲ ਵਿਚ ਪੁਲਿਸ ਦੀ ਨਾਗਰਿਕਾਂ ਵਿਰੋਧੀ ਭੂਮਿਕਾ ਸਾਫ ਦੇਖੀ ਜਾ ਸਕਦੀ ਹੈ। ਇਸੇ ਕਰ ਕੇ ਅਲਾਹਾਬਾਦ ਹਾਈਕੋਰਟ ਦੇ ਜਸਟਿਸ ਆਨੰਦ ਨਰਾਇਣ ਮੁੱਲਾ ਨੇ 1960ਵਿਆਂ 'ਚ ਇਕ ਫੈਸਲੇ ਵਿਚ ਇਹ ਟਿੱਪਣੀ ਕੀਤੀ ਸੀ, 'ਮੈਂ ਪੂਰੀ ਜ਼ਿੰਮੇਵਾਰੀ ਨਾਲ ਇਹ ਕਹਿ ਰਿਹਾ ਹਾਂ, ਪੂਰੇ ਮੁਲਕ ਵਿਚ ਕੋਈ ਵੀ ਐਸਾ ਲਾਕਾਨੂੰਨੀ ਕਰਨ ਵਾਲਾ ਗਰੋਹ ਨਹੀਂ ਹੈ ਜਿਸ ਦਾ ਜੁਰਮਾਂ ਦਾ ਰਿਕਾਰਡ ਮੁਜਰਿਮਾਂ ਦੇ ਇਸ ਜਥੇਬੰਦ ਗਰੋਹ ਦੇ ਨੇੜੇ-ਤੇੜੇ ਹੋਵੇ ਜਿਸ ਨੂੰ ਭਾਰਤੀ ਪੁਲਿਸ ਕਿਹਾ ਜਾਂਦਾ ਹੈ।'

ਹਿਰਾਸਤੀ ਮੌਤਾਂ ਲਈ ਸਿਰਫ ਹੁਕਮਰਾਨ ਅਤੇ ਪੁਲਿਸ ਹੀ ਜ਼ਿੰਮੇਵਾਰ ਨਹੀਂ, ਅਦਾਲਤੀ ਪ੍ਰਣਾਲੀ ਵੀ ਬਰਾਬਰ ਭੂਮਿਕਾ ਨਿਭਾਉਂਦੀ ਹੈ। ਆਰ.ਐਸ.ਐਸ.-ਭਾਜਪਾ ਨੇ ਅਦਾਲਤਾਂ ਦੀ ਨਾਮਨਿਹਾਦ ਨਿਰਪੱਖਤਾ ਵੀ ਖਤਮ ਕਰ ਦਿੱਤੀ ਹੈ। ਜੁਡੀਸ਼ੀਅਲ ਮੈਜਿਸਟਰੇਟ ਗ੍ਰਿਫਤਾਰੀ ਦੇ ਕਾਨੂੰਨੀ ਅਮਲ ਦੀ ਉਲੰਘਣਾ ਨੂੰ ਅਕਸਰ ਹੀ ਅਣਦੇਖਿਆ ਕਰਦੇ ਹਨ। ਹਵਾਲਾਤੀ ਦੇ ਡਾਕਟਰੀ ਮੁਆਇਨੇ ਦੇ ਨਾਂ 'ਤੇ ਮਹਿਜ਼ ਕਾਗਜ਼ੀ ਕਾਰਵਾਈ ਕੀਤੀ ਜਾਂਦੀ ਹੈ। ਰਿਮਾਂਡ ਦੇਣ ਸਮੇਂ ਨਾ ਤਾਂ ਹਵਾਲਾਤੀ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਾ ਉਸ ਦਾ ਪੱਖ ਸੁਣਿਆ ਜਾਂਦਾ ਹੈ। ਪੁਲਿਸ ਦੀ ਮਨਘੜਤ ਕਹਾਣੀ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਹਵਾਲਾਤੀ ਨੂੰ ਰਿਮਾਂਡ ਦੇ ਨਾਂ 'ਤੇ ਜ਼ਿਬਾਹ ਹੋਣ ਲਈ ਮੁੜ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਕਥਿਤ ਦਹਿਸ਼ਤਵਾਦ ਅਤੇ ਰਾਜਨੀਤਕ ਬਦਲਾਖੋਰੀ ਦੇ ਮਾਮਲਿਆਂ ਵਿਚ ਇਹ ਆਮ ਹੀ ਦੇਖਣ ਵਿਚ ਆਉਂਦਾ ਹੈ। ਨੌਦੀਪ ਕੌਰ ਅਤੇ ਸ਼ਿਵ ਕੁਮਾਰ ਦੇ ਮਾਮਲਿਆਂ 'ਚ ਸੈਸ਼ਨ ਜੱਜ ਨੇ ਕਾਨੂੰਨੀ ਅਮਲ ਨੂੰ ਛਿੱਕੇ ਟੰਗ ਕੇ ਕਾਰਕੁਨਾਂ ਦਾ ਪੱਖ ਨਹੀਂ ਸੁਣਿਆ। ਨੌਦੀਪ ਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ। ਆਲਮ ਇਹ ਹੈ ਕਿ ਹਿਰਾਸਤੀ ਮੌਤਾਂ ਜਾਂ ਗੈਰ-ਅਦਾਲਤੀ ਕਤਲਾਂ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰਨ 'ਤੇ ਹੀ ਅਦਾਲਤੀ ਪ੍ਰਣਾਲੀ ਦੀ ਜਾਗ ਵਕਤੀ ਤੌਰ 'ਤੇ ਖੁੱਲ੍ਹਦੀ ਹੈ ਅਤੇ ਮੂਲ ਸਮੱਸਿਆ ਨੂੰ ਮੁਖਾਤਿਬ ਹੋਏ ਬਗੈਰ ਹੀ ਸਬੰਧਤ ਮਾਮਲੇ ਵਿਚ ਆਦੇਸ਼ ਦੇ ਕੇ ਫਿਰ ਖਾਮੋਸ਼ ਹੋ ਜਾਂਦੀ ਹੈ।

ਭਾਰਤੀ ਹੁਕਮਰਾਨ ਸੰਯੁਕਤ ਰਾਸ਼ਟਰ ਦੀ ਤਸੀਹਿਆਂ ਵਿਰੁੱਧ ਕਨਵੈਨਸ਼ਨ ਨੂੰ ਸਹਿਮਤੀ ਦੇਣ ਅਤੇ ਤਸੀਹਿਆਂ ਨੂੰ ਰੋਕਣ ਲਈ ਕਾਨੂੰਨ ਬਣਾਉਣ ਦੇ ਇੱਛਕ ਨਹੀਂ। ਯੂ.ਐਨ. ਦੀ ਮਨੁੱਖੀ ਅਧਿਕਾਰ ਕੌਂਸਲ ਨੂੰ ਕ੍ਰਮਵਾਰ 2008, 2012 ਅਤੇ 2017 ਵਿਚ ਦਿੱਤੀਆਂ ਯਕੀਨਦਹਾਨੀਆਂ ਉਪਰ ਕੋਈ ਅਮਲ ਨਹੀਂ ਕੀਤਾ ਗਿਆ। ਦਸੰਬਰ 2010 'ਚ ਰਾਜ ਸਭਾ ਦੀ ਪਾਰਲੀਮੈਂਟਰੀ ਸਿਲੈਕਟ ਕਮੇਟੀ ਵੱਲੋਂ ਅਤੇ ਅਕਤੂਬਰ 2017 ਵਿਚ ਲਾਅ ਕਮਿਸ਼ਨ ਆਫ ਇੰਡੀਆ ਵੱਲੋਂ ਜੋ ਤਸੀਹਿਆਂ ਨੂੰ ਰੋਕਣ ਲਈ ਬਿੱਲਾਂ ਦੇ ਮਸੌਦੇ ਤਿਆਰ ਕੀਤੇ ਗਏ ਸਨ, ਉਹ ਪਾਰਲੀਮੈਂਟ ਅੱਗੇ ਪੇਸ਼ ਹੀ ਨਹੀਂ ਕੀਤੇ ਗਏ। 27 ਨਵੰਬਰ 2017 ਨੂੰ ਭਾਰਤ ਸਰਕਾਰ ਵੱਲੋਂ ਸੁਪਰੀਮ ਕੋਰਟ ਨੂੰ ਮਗਰਲੇ ਬਿੱਲ ਨੂੰ ਅਮਲ ਵਿਚ ਲਿਆਉਣ ਦਾ ਯਕੀਨ ਜ਼ਰੂਰ ਦਿਵਾਇਆ ਗਿਆ ਲੇਕਿਨ ਮਾਮਲਾ ਉਥੇ ਹੀ ਅਟਕਿਆ ਹੋਇਆ ਹੈ। ਭਾਰਤੀ ਹੁਕਮਰਾਨ ਜਮਾਤ ਐਸਾ ਕਾਨੂੰਨ ਬਣਾ ਕੇ ਆਪਣੇ ਪੈਰ ਕੁਹਾੜਾ ਕਿਉਂ ਮਾਰੇਗੀ। ਇਸ ਦੇ ਹਿਤ ਤਾਂ ਰਾਜਤੰਤਰ ਨੂੰ ਹੋਰ ਖੂੰਖਾਰ ਬਣਾਉਣ ਅਤੇ ਲਾਕਾਨੂੰਨੀਆਂ ਵਿਚ ਹਨ।

ਲਿਹਾਜ਼ਾ, ਤਸੀਹਿਆਂ ਅਤੇ ਲਾਕਾਨੂੰਨੀਆਂ ਵਿਰੁੱਧ ਨਾਗਰਿਕਾਂ ਨੂੰ ਜਾਗਰੂਕ ਕਰਕੇ ਬਣਾਈ ਵਿਆਪਕ ਲੋਕ ਰਾਇ ਹੀ ਸੱਤਾ ਦੇ ਖੂਨੀ ਹੱਥਾਂ ਨੂੰ ਰੋਕ ਸਕਦੀ ਹੈ।

# ਭਾਰਤ ਸਰਕਾਰ ਨੂੰ ਕਾਰਪੋਰੇਟ ਖੇਤੀ ਖਿਲਾਫ ਪਾਏਦਾਰ ਕਾਨੂੰਨ ਬਣਾਉਣਾ ਚਾਹੀਦਾ

## ਸਮੇਂ ਦੇ ਵਹਾ ਨੂੰ ਰੋਕਣ ਦੇ ਸੁਪਨੇ ਲੈਣ ਨਾਲੋਂ ਤਬਦੀਲੀ ਨੂੰ ਨਿਯਮਬੱਧ ਕਰਨ ਦੇ ਯਤਨ ਲਾਹੇਵੰਦ

***ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਹੁਣ ਇਕ ਖਾਸ ਮੁਕਾਮ 'ਤੇ ਅੱਪੜ ਚੁੱਕਾ ਹੈ। ਹੁਣ ਤੱਕ ਇਸ ਦੀ ਮੁੱਖ ਸੁਰ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉਣ ਦੀ ਰਹੀ ਹੈ ਅਤੇ ਲੋਕਾਂ ਨੇ ਇਸ ਕਾਰਜ ਲਈ ਹੁੰਗਾਰਾ ਵੀ ਬਥੇਰਾ ਭਰਿਆ ਹੈ। ਬਲਰਾਜ ਦਿਓਲ ਨੇ ਆਪਣੇ ਇਸ ਦਿਲਚਸਪ ਲੇਖ ਵਿਚ ਇਸ ਮਸਲੇ ਦੀ ਚੀਰ-ਫਾੜ ਕਰਦਿਆਂ ਵੱਖਰੇ ਨੁਕਤਾ-ਨਿਗ੍ਹਾ ਤੋਂ ਇਹ ਮਸਲੇ ਵਿਚਾਰੇ ਹਨ ਅਤੇ ਨਾਲ ਹੀ ਕਿਸਾਨਾਂ ਆਗੂਆਂ ਲਈ ਕੁਝ ਸਵਾਲ ਵੀ ਛੱਡੇ ਹਨ। -ਸੰਪਾਦਕ***

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਨਾਲ ਲੰਮਾ ਸਮਾਂ ਕੰਮ ਕਰ ਚੁੱਕਾ ਪੱਤਰਕਾਰ ਅਤੇ ਮਿੱਤਰ ਗੁਰਦਿਆਲ ਬੱਲ ਬਹੁਤ ਸਰੋਤ-ਯੁਕਤ ਸ਼ਖਸ ਹੈ। ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਜਾਂ ਸਿਆਸੀ ਸ਼ਖਸ ਬਾਰੇ ਗੱਲ ਕਰ ਲਵੋ, ਗੁਰਦਿਆਲ ਉਸ ਬਾਰੇ ਕਈ ਕੁਝ ਦੱਸ ਦੇਵੇਗਾ। ਅਗਰ ਰੋਕਿਆ ਨਾ ਜਾਵੇ ਤਾਂ ਉਹ ਸਬਜੈਕਟ ਦੇ ਹੋਰ ਰਿਸ਼ਤੇ-ਨਾਤੇ ਦੱਸਦਾ ਇੰਨਾ ਦੂਰ ਨਿਕਲ ਜਾਵੇਗਾ ਕਿ ਮੂਲ ਸਬਜੈਕਟ ਵਿਸਰ ਜਾਵੇਗਾ। ਅਗਰ ਕਦੇ ਗੁਰਦਿਆਲ ਨਾਲ ਪੰਜਾਬ ਵਿਚ ਦਹਿਸ਼ਤਗਰਦੀ ਦੌਰ ਦੀ ਗੱਲ ਚੱਲ ਪਵੇ ਤਾਂ ਉਹ ਸਾਰੀਆਂ ਧਿਰਾਂ ਬਾਰੇ ਇੰਝ ਦੱਸੇਗਾ ਕਿ ਸੁਣਨ ਵਾਲਾ ਹੈਰਾਨ ਰਹਿ ਜਾਵੇਗਾ। ਮੌਕੇ ਦੇ ਮੁੱਖ ਸਿਆਸੀ ਤੇ ਧਾਰਮਿਕ ਆਗੂਆਂ, ਪੁਲਿਸ ਅਫਸਰਾਂ, ਕੈਟਾਂ ਅਤੇ ਏ.ਕੇ. ਸੰਤਾਲੀਆਂ ਵਾਲਿਆਂ ਦੇ ਨਾਮ ਅਤੇ ਥਹੁ-ਪਤੇ ਵੀ ਉਸ ਨੂੰ ਯਾਦ ਹਨ।

ਪੰਜਾਬ ਤੋਂ ਬਰੈਂਪਟਨ ਆਣ ਵੱਸੇ ਗੁਰਦਿਆਲ ਬੱਲ ਦਾ ਕਿਤਾਬਾਂ ਪੜ੍ਹਨ ਵਿਚ ਕੋਈ

**ਬਲਰਾਜ ਦਿਓਲ**
**ਈਮੇਲ: balrajdeol@rogers.com**

ਸਾਨੀ ਨਹੀਂ ਹੈ। ਫਲਸਫੇ, ਇਤਿਹਾਸ, ਮਿਥਿਹਾਸ ਅਤੇ ਹੋਰ ਕਿਤਾਬਾਂ ਬਾਰੇ ਗੱਲ ਚਲਾ ਲਓ ਤਾਂ ਉਹ ਬਹੁਤ ਦੂਰ ਨਿਕਲ ਜਾਂਦਾ ਹੈ।

ਇਨ੍ਹੀਂ ਦਿਨੀਂ ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਉਸ ਦਾ ਪਸੰਦੀਦਾ ਸਬਜੈਕਟ ਹੈ। ਇਸ ਅੰਦੋਲਨ ਵਿਚ ਵਿਚਰ ਰਹੇ ਹਰ ਵਰਗ ਦੇ ਕਿਰਦਾਰਾਂ ਨੂੰ ਉਹ ਬਹੁਤ ਨੇੜਿਓਂ ਜਾਣਦਾ ਹੈ। ਇਸ ਮੁੱਦੇ ਬਾਰੇ ਛਪਿਆ ਹਰ ਲੇਖ ਉਹ ਬਹੁਤ ਧਿਆਨ ਨਾਲ ਪੜ੍ਹਦਾ ਹੈ ਅਤੇ ਮੇਰੇ ਵਰਗਿਆਂ ਨੂੰ ਝੱਟ ਭੇਜ ਵੀ ਦਿੰਦਾ ਹੈ। ਡਾ. ਗਿਆਨ ਸਿੰਘ, ਇੰਗਲੈਂਡ ਵਾਸੀ ਪ੍ਰੋ. ਪ੍ਰੀਤਮ ਸਿੰਘ, ਡਾ. ਸੁਖਪਾਲ ਸਿੰਘ, ਡਾ. ਸੁਚਾ ਸਿੰਘ ਗਿੱਲ, ਪ੍ਰੋ. ਰਣਜੀਤ ਸਿੰਘ ਘੁੰਮਣ ਵਰਗੇ ਚਿੰਤਕਾਂ ਨੂੰ ਉਹ ਨੇੜਿਓਂ ਜਾਣਦਾ ਹੈ। ਕਿਸਾਨ ਅੰਦੋਲਨ ਬਾਰੇ ਇਹ ਸਭ ਇੱਕੋ ਨਜ਼ਰੀਏ ਤੋਂ ਲਿਖਦੇ ਹਨ ਅਤੇ ਕਿਸੇ ਨਾ ਕਿਸੇ ਹੱਦ ਤੱਕ ਖੱਬੇ ਪੱਖੀ ਸੋਚ ਤੋਂ ਪ੍ਰਭਾਵਿਤ ਹਨ। ਇਨ੍ਹਾਂ ਲਈ ਹਰ ਮਸਲੇ ਦਾ ਹੱਲ 'ਸਰਕਾਰੀਕਰਨ' ਹੈ। ਸਭ ਕੁਝ ਸਰਕਾਰ ਅਤੇ ਸਰਕਾਰੀ ਅਦਾਰੇ ਹੀ ਕਰਨ। ਸਬਸਿਡੀਆਂ ਹੋਰ ਵਧਾਈਆਂ ਜਾਣ, ਐਮ.ਐਸ.ਪੀ. ਕਾਨੂੰਨ ਬਣੇ, ਹਰ ਫਸਲ ਦੀ ਸਰਕਾਰੀ ਖਰੀਦ ਦੀ ਗਰੰਟੀ ਹੋਵੇ, ਫੂਡ ਕਾਰਪੋਰੇਸ਼ਨ ਆਫ ਇੰਡੀਆ ਵਰਗੇ ਅਦਾਰਿਆਂ ਦਾ ਵਿਸਥਾਰ ਕੀਤਾ ਜਾਵੇ ਅਤੇ ਖਾਦ ਪਦਾਰਥਾਂ ਦੇ ਭੰਡਾਰੀਕਰਨ ਦਾ ਸਾਰਾ ਕੰਮ ਸਰਕਾਰ ਕਰੇ ਆਦਿ। ਨਵੇਂ ਤਿੰਨ ਖੇਤੀ ਕਾਨੂੰਨ ਸਰਕਾਰ ਵਾਪਸ ਲਵੇ।

ਮੈਂ ਵੀ ਉਪਰੋਕਤ ਚਿੰਤਕਾਂ ਦੇ ਲੇਖ ਪੜ੍ਹਦਾ ਹਾਂ ਸਗੋਂ ਇਨ੍ਹਾਂ ਤੋਂ ਇਲਾਵਾ ਕਈ ਹੋਰਾਂ ਦੇ ਵੀ, ਤਾਂ ਕਿ ਇਸ ਮੁੱਦੇ ਬਾਰੇ ਬਹੁਪੱਖੀ ਜਾਣਕਾਰੀ ਹਾਸਲ ਕੀਤੀ ਜਾ ਸਕੇ। ਉਪਰੋਕਤ ਚਿੰਤਕਾਂ ਨੂੰ ਪੜ੍ਹ ਕੇ ਜਾਪਦਾ ਹੈ ਕਿ ਇਹ ਸਭ ਸਮੇਂ ਦੇ ਵਹਾ ਨੂੰ ਰੋਕਣ ਦੇ ਸੁਪਨੇ ਲੈਂਦੇ ਹਨ ਜੋ ਸੰਭਵ ਨਹੀਂ ਅਤੇ ਤਬਦੀਲੀ ਦੇ ਖਿਲਾਫ ਹਨ। ਸਮਾਜਵਾਦੀ ਪ੍ਰਬੰਧ ਵਿਚ ਹਰ ਖੇਤਰ ਸਰਕਾਰ ਦੇ ਕੰਟਰੋਲ ਹੇਠ ਸੀ ਤੇ ਉਸ ਦੀਆਂ ਸੀਮਾਵਾਂ ਅਜ ਜੱਗ ਜ਼ਾਹਰ ਹਨ। ਇਹ ਪ੍ਰਬੰਧ ਮੁੱਢੋਂ ਫੇਲ੍ਹ ਹੋ ਚੁੱਕਾ ਹੈ ਜਿਸ ਵਿਚ ਸਭ ਕੁਝ ਸਰਕਾਰਾਂ ਦੇ ਹੱਥ ਵਿਚ ਹੁੰਦਾ ਹੈ। ਦੂਜੇ ਪਾਸੇ ਸਰਮਾਏਦਾਰੀ ਪ੍ਰਬੰਧ ਵਿਚ ਬਹੁਤ ਖਾਮੀਆਂ ਹਨ ਪਰ ਇਨ੍ਹਾਂ ਖਾਮੀਆਂ ਦੇ ਬਾਵਜੂਦ ਇਸ ਦਾ ਬਦਲ ਪ੍ਰੈਕਟੀਕਲ ਲੈਵਲ ਉਤੇ ਦਿਖਾਈ ਨਹੀਂ ਦਿੰਦਾ। ਗੱਲੀਂ-ਬਾਤੀਂ ਬਹੁਤ ਕੁਝ ਪੜ੍ਹਨ ਅਤੇ ਸੁਣਨ ਨੂੰ ਮਿਲ ਜਾਂਦਾ ਹੈ। ਕੁਝ ਦੇਸ਼ਾਂ ਵਿਚ ਵਿਚ-ਵਿਚਾਲੇ ਵਾਲੇ ਮਾਡਲ ਜ਼ਰੂਰ ਹਨ ਜੋ ਬਹੁਤ ਛੋਟੇ ਹਨ ਜਿਨ੍ਹਾਂ ਨੂੰ ਕੰਪਲੈਕਸ ਤੇ ਵੱਡੀਆਂ ਆਰਥਿਕਤਾਵਾਂ ਵਿਚ ਅਪਨਾਉਣਾ ਮੁਸ਼ਕਿਲ ਹੈ। ਅਸਲ ਵਿਚ ਇਨ੍ਹਾਂ ਸਾਰੇ ਚਿੰਤਕਾਂ ਦੇ ਲੇਖਾਂ, ਪ੍ਰਵਚਨਾਂ ਦੀ ਕੇਂਦਰੀ ਸੁਰ ਇਕੋ ਹੀ ਹੈ। ਮਿੱਤਰ ਗੁਰਦਿਆਲ ਬੱਲ ਨੂੰ ਆਪਣੇ ਇਨ੍ਹਾਂ ਮਿੱਤਰਾਂ ਦੇ ਸਰੋਕਾਰਾਂ, ਚਿੰਤਾਵਾਂ ਅਤੇ ਜਜ਼ਬਾਤੀ ਭਾਵਨਾਵਾਂ ਅੰਦਰ ਤਕੜਾ ਦਮ ਨਜ਼ਰ ਆਉਂਦਾ ਹੈ, ਜਦੋਂਕਿ ਮੈਨੂੰ ਇਸ ਤਰ੍ਹਾਂ ਬਿਲਕੁਲ ਵੀ ਨਹੀਂ ਲਗਦਾ। ਬਜ਼ੁਰਗ ਅਰਥ ਸ਼ਾਸਤਰੀ ਸਰਦਾਰਾ ਸਿੰਘ ਜੌਹਲ ਵਾਂਗ ਮੈਂ ਵੀ ਕਿਸਾਨ ਦਾ ਪੁੱਤ ਹਾਂ ਤੇ ਕਿਸਾਨਾਂ ਦੇ ਦੁਖਾਂ ਦੀ ਸੋਝੀ ਮੈਨੂੰ ਵੀ ਘਟੋ-ਘਟ ਬੱਲ ਦੇ ਇਨ੍ਹਾਂ ਮਿੱਤਰਾਂ ਨਾਲੋਂ ਘੱਟ ਨਹੀਂ ਹੈ। ਇਨ੍ਹਾਂ ਲੇਖਾਂ ਬਾਰੇ ਮੇਰੇ ਇਤਰਾਜ਼ ਬੱਲ ਦੇ ਇਨ੍ਹਾਂ ਮਿੱਤਰਾਂ ਦੀ ਕਚਹਿਰੀ ਵਿਚ 'ਖੁੱਲ੍ਹੇ ਖੱਤ' ਦੇ ਰੂਪ ਵਿਚ ਹਾਜ਼ਰ ਹਨ।

### ਗਲਤ ਪ੍ਰਚਾਰ ਹੋ ਰਿਹੈ ਹੈ; ਇੱਕ ਵੰਨਗੀ ਦੇਖੋ ... 'ਸਾਈਲੋਜ਼'

ਤਿੰਨ ਖੇਤੀ ਕਾਨੂੰਨਾਂ ਬਾਰੇ ਬਹੁਤ ਕਿਸਮ ਦਾ ਗਲਤ ਪ੍ਰਚਾਰ ਹੋ ਰਿਹਾ ਹੈ ਅਤੇ ਉਹ ਕੁਝ ਸੁਣਨ ਨੂੰ ਮਿਲ ਰਿਹਾ ਹੈ ਜਿਸ ਦਾ ਇਨ੍ਹਾਂ ਕਾਨੂੰਨਾਂ ਨਾਲ ਕੋਈ ਦੂਰ ਦਾ ਵੀ ਲੈਣ ਦੇਣ ਨਹੀਂ ਹੈ। ਇਸ ਪ੍ਰਚਾਰ ਦੀ ਇੱਕ ਵੰਨਗੀ ਪੇਸ਼ ਹੈ। ਕਿਸਾਨ ਆਗੂਆਂ ਸਮੇਤ ਵਿਰੋਧੀ ਦੋਸ਼ ਲਾਉਂਦੇ ਹਨ ਕਿ ਮੋਦੀ ਸਰਕਾਰ ਨੇ ਇਹ ਕਾਨੂੰਨ ਆਪਣੇ ਦੋ ਕਾਰਪੋਰੇਟ ਦੋਸਤਾਂ ਅੰਬਾਨੀ ਅਤੇ ਅਡਾਨੀ ਨੂੰ ਲਾਭ ਪਹੁੰਚਾਣ ਦੇ ਮਕਸਦ ਨਾਲ ਬਣਾਏ ਹਨ। ਇਹ ਵੀ ਕਹਿੰਦੇ ਹਨ ਕਿ ਮੋਦੀ ਇਨ੍ਹਾਂ ਦਾ ਗੁਲਾਮ ਹੈ ਅਤੇ ਇਹ ਮੋਦੀ ਦੇ ਅਸਲ ਮਾਲਕ ਹਨ। ਮੋਦੀ ਇਨ੍ਹਾਂ ਤੋਂ ਬਹੁਤ ਪੈਸਾ ਲੈ ਚੁੱਕਾ ਹੈ ਜਿਸ ਕਾਰਨ ਹੁਣ ਇੰਨੇ ਦਬਾਅ ਦੇ ਬਾਵਜੂਦ ਕਾਨੂੰਨ ਵਾਪਸ ਨਹੀਂ ਲੈ ਰਿਹਾ। ਰਾਕੇਸ਼ ਟਿਕੈਤ ਸਮੇਤ ਕਈ ਕਿਸਾਨ ਆਗੂ ਕਹਿ ਚੁੱਕੇ ਹਨ ਕਿ ਮੋਦੀ ਨੇ ਅੰਬਾਨੀ ਅਤੇ ਅਡਾਨੀ ਨੂੰ ਪਹਿਲਾਂ ਸਾਈਲੋਜ਼ ਬਣਾਉਣ ਦੀ ਆਗਿਆ ਦਿੱਤੀ ਅਤੇ ਫਿਰ ਤਿੰਨ ਕਾਨੂੰਨ ਬਣਾਏ ਤਾਂ ਕਿ ਇਹ ਦੋਵੇਂ ਲਗਦੇ ਹੱਥ ਹੀ ਅਨਾਜ ਦੀ ਜਮਾਂਖੋਰੀ ਸ਼ੁਰੂ ਕਰ ਸਕਣ। ਸਾਈਲੋਜ਼ ਅਜੋਕੇ ਯੁੱਗ ਦੇ ਮਾਡਰਨ ਗੁਦਾਮਾਂ ਨੂੰ ਆਖਦੇ ਹਨ ਜਿਨ੍ਹਾਂ ਵਿਚ ਫੂਡ-ਗਰੇਨ, ਭਾਵ ਅਨਾਜ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਅਡਾਨੀ ਗਰੁੱਪ ਵਲੋਂ ਮੋਗਾ ਅਤੇ ਕੁਝ ਹੋਰ ਸ਼ਹਿਰਾਂ ਵਿਚ ਬਣਾਏ ਸਾਈਲੋਜ਼ ਦੀ ਉਦਾਹਰਨ ਵੀ ਦਿੱਤੀ ਜਾਂਦੀ ਹੈ। ਸੱਚ ਇਹ ਹੈ ਕਿ ਸਰਕਾਰੀ ਖਰੀਦ ਕਰਨ ਵਾਲੀ ਐਫ.ਸੀ.ਆਈ. (ਫੂਡ ਕਾਰਪੋਰੇਸ਼ਨ ਆਫ ਇੰਡੀਆ) ਕੋਲ ਕਈ ਦਹਾਕਿਆਂ ਤੋਂ ਗੁਦਾਮਾਂ ਦੀ ਘਾਟ ਹੈ। ਐਫ.ਸੀ.ਆਈ. ਕਰਜ਼ੇ ਹੇਠ ਦੱਬੀ ਹੋਈ ਹੈ ਅਤੇ ਆਪ ਹੋਰ ਗੁਦਾਮ ਬਣਾਉਣ ਜੋਗੀ ਨਹੀਂ ਹੈ ਜਿਸ ਕਾਰਨ ਦਹਾਕਿਆਂ ਤੋਂ ਗੁਦਾਮ ਕਿਰਾਏ ਉਤੇ ਲੈ ਰਹੀ ਹੈ। ਅਨਾਜ ਦੀ ਪੈਦਾਵਾਰ ਵਧ ਜਾਣ ਕਾਰਨ ਗੁਦਾਮਾਂ ਦੀ ਇੰਨੀ ਘਾਟ ਹੈ ਕਿ ਥਾਂ-ਥਾਂ ਅਨਾਜ ਦੀਆਂ ਲੱਖਾਂ ਬੋਰੀਆਂ ਰੜੇ ਮੈਦਾਨ ਤਰਪਾਲਾਂ ਹੇਠ ਸਟੋਰ ਕਰਦੇ ਹਨ। ਮੀਂਹ, ਚੂਹੇ, ਸੁਸਰੀ ਅਤੇ ਚੋਰੀ ਕਾਰਨ ਵੱਡਾ ਨੁਕਸਾਨ ਹੁੰਦਾ ਹੈ। 2008 ਵਿਚ ਡਾ. ਮਨਮੋਹਨ ਸਿੰਘ ਸਰਕਾਰ ਵੇਲੇ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਤਾਂ ਕਿ ਪ੍ਰਾਈਵੇਟ ਅਦਾਰੇ ਮਾਡਰਨ ਗੁਦਾਮਾਂ ਵਿਚ ਪੈਸੇ ਲਾਉਣ ਅਤੇ ਐਫ.ਸੀ.ਆਈ. ਕਿਰਾਏ ਉਤੇ ਲਵੇ। ਪਿਛਲੇ ਦਿਨੀਂ ਰਾਹੁਲ ਗਾਂਧੀ ਨੇ ਸੰਸਦ ਵਿਚ ਸਵਾਲ ਪੁੱਛ ਕੇ ਸਰਕਾਰ ਤੋਂ ਸਾਲ 2014 ਤੋਂ ਹੁਣ ਤੱਕ ਪ੍ਰਾਈਵੇਟ ਅਦਾਰਿਆਂ ਦੇ ਬਣਾਏ ਗੁਦਾਮਾਂ ਦੀ ਜਾਣਕਾਰੀ ਮੰਗੀ ਸੀ। ਰਾਹੁਲ ਗਾਂਧੀ ਨੇ ਜਾਣ-ਬੁੱਝ ਕੇ ਸਿਰਫ ਮੋਦੀ ਦੇ ਰਾਜ ਵੇਲੇ ਬਣੇ ਗੁਦਾਮਾਂ ਦੀ ਜਾਣਕਾਰੀ ਹੀ ਮੰਗੀ ਸੀ, ਚੰਗਾ ਹੁੰਦਾ ਇਸ ਵਿਚ ਡਾ. ਮਨਮੋਹਨ ਸਿੰਘ ਦੇ 10 ਸਾਲ ਦਾ ਸਮਾਂ ਵੀ ਸ਼ਾਮਲ ਹੁੰਦਾ। ਸਰਕਾਰ ਨੇ ਇਸ ਦਾ ਵਿਸਤਾਰ ਸਹਿਤ ਜਵਾਬ 14 ਸਫਿਆਂ ਵਿਚ ਦਿੱਤਾ ਹੈ ਜਿਸ ਵਿਚ ਗੁਦਾਮਾਂ ਦਾ ਸਥਾਨ, ਕੰਪਨੀ ਦਾ ਨਾਮ ਅਤੇ ਸਾਈਜ਼ ਤੱਕ ਦੱਸਿਆ ਹੈ। ਇਸ ਸਮੇਂ ਦੌਰਾਨ ਭਾਰਤ ਵਿਚ ਕੁੱਲ 93 ਨਵੇਂ ਗੁਦਾਮ (ਜਾਂ ਸਾਈਲੋਜ਼) ਬਣਾਉਣ ਦੀ ਆਗਿਆ ਦਿੱਤੀ ਗਈ ਹੈ ਜਿਨ੍ਹਾਂ ਵਿਚੋਂ ਕੇਂਦਰ ਸਰਕਾਰ ਨੇ 50 ਅਤੇ ਵੱਖ-ਵੱਖ ਸੂਬਾ ਸਰਕਾਰਾਂ ਨੇ 43 ਗੁਦਾਮਾਂ ਦੀ ਆਗਿਆ ਦਿੱਤੀ। ਇਨ੍ਹਾਂ 93 ਗੁਦਾਮਾਂ ਵਿਚ ਅੰਬਾਨੀ ਦਾ ਇੱਕ ਵੀ ਗੁਦਾਮ ਨਹੀਂ। ਯਾਦ ਰਹੇ, ਅੰਬਾਨੀ ਦੀ ਰਿਲਾਇੰਸ ਕੰਪਨੀ ਦੇ ਮੋਬਾਇਲ ਟਾਵਰ ਵੀ ਕਿਸਾਨ ਅੰਦੋਲਨ ਦੇ ਕੁਝ ਅੰਨ੍ਹੇ ਸਮਰਥਕਾਂ ਦੀ ਮਾਰ ਹੇਠ ਆ ਚੁੱਕੇ ਹਨ। ਇਨ੍ਹਾਂ ਵਿਚ ਅਡਾਨੀ ਗਰੁੱਪ ਦੇ 9 ਗੁਦਾਮ ਹਨ ਅਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਭ ਤੋਂ ਵੱਧ 15 ਗੁਦਾਮਾਂ ਦੀ ਮਨਜ਼ੂਰੀ ਵੱਡੇ ਕੈਨੇਡੀਅਨ ਵਪਾਰੀ ਪ੍ਰੇਮ ਵਾਟਸਾ ਦੀ ਕੰਪਨੀ ਨੂੰ ਮਿਲੀ ਹੈ। ਇਨ੍ਹਾਂ ਤੱਥਾਂ ਤੋਂ ਮੁੱਖਧਾਰਾ ਦੇ ਮੀਡੀਆ ਨੇ ਵੀ ਪਾਸਾ ਵੱਟ ਰੱਖਿਆ ਹੈ ਜਿਸ ਕਾਰਨ ਇਸ ਕਿਸਮ ਦਾ ਕੂੜ ਪ੍ਰਚਾਰ ਜ਼ੋਰ-ਸ਼ੋਰ ਨਾਲ ਹੋ ਰਿਹਾ ਹੈ।

### ਐਮ.ਐਸ.ਪੀ. ਦੀ ਘੁੰਮਣਘੇਰੀ

ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਤੋਂ ਐਮ.ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ) ਕਾਨੂੰਨ ਬਣਾਉਣ ਦੀ ਮੰਗ ਕਰ ਰਹੀਆਂ ਹਨ ਪਰ ਕੇਂਦਰ ਸਰਕਾਰ ਸ਼ੁਰੂ ਤੋਂ ਕਹਿ ਰਹੀ ਹੈ ਕਿ ਨਵੇਂ ਤਿੰਨ ਕਾਨੂੰਨ ਐਮ.ਐਸ.ਪੀ. ਦੇ ਖਿਲਾਫ ਨਹੀਂ ਹਨ। ਸਰਕਾਰ ਇਸ ਬਾਰੇ ਲਿਖਤੀ ਵਾਅਦਾ ਕਰਨ ਨੂੰ ਵੀ ਤਿਆਰ ਹੈ ਪਰ ਕਿਸਾਨ ਆਗੂ ਕਾਨੂੰਨ ਬਣਾਉਣ ਦੀ ਮੰਗ ਉਤੇ ਅੜੇ ਹੋਏ ਹਨ। ਸਾਧਾਰਨ ਨਜ਼ਰ ਵਿਚ ਕਈ ਲੋਕ ਸਵਾਲ ਕਰਦੇ ਹਨ ਕਿ ਸਰਕਾਰ ਜੋ ਲਿਖਤੀ ਦੇਣ ਨੂੰ ਤਿਆਰ ਹੈ, ਉਸ ਬਾਰੇ ਕਾਨੂੰਨ ਬਣਾਉਣ ਨੂੰ ਤਿਆਰ ਕਿਉਂ ਨਹੀਂ ਹੈ? ਇਸ ਬਾਰੇ ਕਈ ਕਾਰਨ ਹਨ ਪਰ ਮੁਖ ਕਾਰਨ ਕਿਸਾਨ ਆਗੂਆਂ ਦੀ ਮੰਗ ਵਿਚ ਹੈ ਜਿਸ ਵਿਚ ਜਲੇਬੀ ਵਰਗੇ ਵਿੰਗ-ਵਲ ਹਨ। ਉਨ੍ਹਾਂ ਦੀ ਅਸਲ ਮੰਗ ਇਹ ਹੈ ਕਿ ਸਰਕਾਰ 23 ਫਸਲਾਂ ਲਈ ਐਮ.ਐਸ.ਪੀ. ਦੇਵੇ ਅਤੇ ਨਾਲ ਹੀ ਇਨ੍ਹਾਂ ਸਾਰੀਆਂ ਫਸਲਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਵੀ ਦੇਵੇ। ਇਹ ਸਮੇਂ ਨੂੰ ਉਲਟਾ ਗੇੜਾ ਦੇਣ ਦੇ ਬਰਾਬਰ ਹੈ। ਪਹਿਲਾਂ ਆਖ ਚੁੱਕੇ ਹਾਂ ਕਿ ਸਮਾਜਵਾਦੀ ਰਾਜ ਪ੍ਰਬੰਧ ਫੇਲ੍ਹ ਹੋ ਚੁੱਕਾ ਹੈ ਅਤੇ ਉਪਰੋਕਤ ਮੰਗ ਭਾਰਤ ਦੀ ਆਰਥਿਕਤਾ ਨੂੰ ਸਮਾਜਵਾਦੀ ਪ੍ਰਬੰਧ ਵੱਲ ਮੋੜਨ ਵਾਲੀ ਹੈ ਜੋ ਅਤਿ ਦਰਜੇ ਦੀ ਮਹਿੰਗੀ ਹੀ ਨਹੀਂ ਹੋਵੇਗੀ ਸਗੋਂ ਇਸ ਨਾਲ ਭ੍ਰਿਸ਼ਟਾਚਾਰ ਅਤੇ ਸਰਕਾਰੀ ਸਰੋਤਾਂ ਦੀ ਦੁਰਵਰਤੋਂ ਵੀ ਵਧੇਗੀ। ਅਸਲ ਵਿਚ ਸਰਕਾਰ ਕੋਲ 23 ਫਸਲਾਂ ਦੀ ਖਰੀਦ ਦੀ ਗਰੰਟੀ ਦੇਣ ਜੋਗੇ ਵਿੱਤੀ ਸਰੋਤ ਹੀ ਨਹੀਂ ਹਨ, ਅਗਰ ਹੋਰ ਖੇਤਰਾਂ ਦੇ ਸਰੋਤ ਇਸ ਵੱਲ ਮੋੜੇ ਜਾਣ ਤਾਂ ਇਹ ਘੋਰ ਦੁਰਵਰਤੋਂ ਹੋਵੇਗੀ ਜਿਸ ਨਾਲ ਦੇਸ਼ ਦੀ ਤਰੱਕੀ ਦਾਅ ਉਤੇ ਲੱਗ ਜਾਵੇਗੀ। ਅਗਰ ਅੱਜ ਮੋਦੀ ਸਰਕਾਰ ਅਸਤੀਫਾ ਦੇ ਦੇਵੇ ਅਤੇ ਬਲਬੀਰ ਸਿੰਘ ਰਾਜੇਵਾਲ ਦੀ ਕਮਾਂਡ ਹੇਠ ਕਿਸਾਨਾਂ ਦੀ ਸਰਕਾਰ ਬਣਾ ਦਿੱਤੀ ਜਾਵੇ ਤਾਂ ਇਨ੍ਹਾਂ ਦੀ ਸਰਕਾਰ ਵੀ 23 ਫਸਲਾਂ ਉਤੇ ਕਾਨੂੰਨੀ ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਦੀ ਗਰੰਟੀ ਨਹੀਂ ਦੇ ਸਕੇਗੀ ਕਿਉਂਕਿ ਸਰਕਾਰ ਨੇ ਸਾਰੇ ਦੇਸ਼ ਦੀ ਆਰਥਿਕਤਾ ਚਲਾਉਣੀ ਹੁੰਦੀ ਹੈ ਨਾ ਕਿ ਇੱਕ ਖਾਸ ਵਰਗ ਨੂੰ ਪੂਰੀ ਤਰਾਂ ਖੁਸ਼ ਕਰ ਕੇ ਬਾਕੀ ਸਭ ਨੂੰ ਖੂਹ ਖਾਤੇ ਪਾਉਣਾ ਹੁੰਦਾ ਹੈ। ਇਹ ਮੰਗ ਜਾਇਜ਼ ਨਹੀਂ ਹੈ ਅਤੇ ਇਸ ਦਾ ਭਵਿਖ ਵਿਚ ਖੇਤੀ ਸੈਕਟਰ ਨੂੰ ਵੀ ਲਾਭ ਨਹੀਂ ਹੋ ਸਕਦਾ। ਅੱਜ ਕਣਕ ਅਤੇ ਝੋਨੇ ਦੀ ਪੈਦਾਵਾਰ ਦੇਸ਼ ਦੀ ਲੋੜ ਤੋਂ ਕਿਤੇ ਵੱਧ ਹੈ ਪਰ ਸਰਕਾਰ ਖਰੀਦ-ਖਰੀਦ ਕੇ ਗੁਦਾਮ ਭਰ ਰਹੀ ਹੈ ਜਿਸ ਨਾਲ ਦੇਸ਼ ਦੇ ਸੀਮਤ ਵਿੱਤੀ ਸਰੋਤਾਂ ਦੀ ਦੁਰਵਰਤੋਂ ਹੋ ਰਹੀ ਹੈ। ਗੁਦਾਮਾਂ ਵਿਚ ਕਣਕ ਅਤੇ ਝੋਨੇ ਦੇ ਲੋੜੋਂ ਵੱਧ ਭਰੇ ਗੁਦਾਮ ਅਸਲ ਵਿਚ ਖਰਬਾਂ ਰੁਪਏ ਨਾਲ ਭਰੇ ਗੁਦਾਮ ਹਨ। ਉਹ ਧਨ ਜੋ ਦੇਸ਼ ਦੀ ਤਰੱਕੀ ਦੇ ਅਨੇਕਾਂ ਪ੍ਰਾਜੈਕਟਾਂ ਲਈ ਲੋੜੀਂਦਾ ਹੈ, ਉਸ ਨੂੰ ਗੁਦਾਮਾਂ ਵਿਚ ਕੀੜੇ ਖਾ ਰਹੇ ਹਨ। ਵਾਧੂ ਕਣਕ ਅਤੇ ਚੌਲ ਅਗਰ ਵਿਦੇਸ਼ਾਂ ਨੂੰ ਵੇਚਣੇ ਹੋਣ ਤਾਂ ਇਨ੍ਹਾਂ ਦੀ ਕੀਮਤ ਸਰਕਾਰ ਦੀ ਲਾਗਤ ਤੋਂ ਬਹੁਤ ਘੱਟ ਮਿਲਦੀ ਹੈ ਤੇ ਗੁਣਵੱਤਾ ਵੀ ਹੋਰ ਦੇਸ਼ਾਂ ਦੇ ਅਨਾਜ ਤੋਂ ਘਟੀਆ ਹੈ।

ਇਥੇ ਹੀ ਬੱਸ ਨਹੀਂ, ਅੱਜ ਦੇਸ਼ ਵਿਚ ਗੰਨੇ ਅਤੇ ਖੰਡ ਦੀ ਸਾਲਾਨਾ ਪੈਦਾਵਾਰ ਵੀ ਘਰੇਲੂ ਮੰਗ ਤੋਂ 60 ਲੱਖ ਟਨ ਵੱਧ ਹੈ। ਇਸ ਸਾਲ ਕੇਂਦਰ ਸਰਕਾਰ ਨੇ ਖੰਡ ਮਿਲਾਂ ਲਈ 3500 ਕਰੋੜ ਰੁਪਏ ਦਾ ਫੰਡ ਰਾਖਵਾਂ ਰੱਖਿਆ ਹੈ ਤਾਂ ਕਿ ਵਾਧੂ ਖੰਡ ਸਬਸਿਡੀ ਦੇ ਕੇ ਵਿਦੇਸ਼ਾਂ ਨੂੰ ਵੇਚੀ ਜਾ ਸਕੇ ਅਤੇ ਕਿਸਾਨਾਂ ਦਾ ਗੰਨਾ ਚੁੱਕਿਆ ਜਾ ਸਕੇ। ਇਹ ਹਾਲਤ ਕਈ ਸਾਲਾਂ ਤੋਂ ਹੈ, ਜਦ ਸਰਕਾਰ ਵਿਦੇਸ਼ੀ ਗਾਹਕਾਂ ਨੂੰ ਖੰਡ ਉਤੇ ਸਬਸਿਡੀ ਦੇ ਰਹੀ ਹੈ।

### ਕਾਰਪੋਰੇਟ ਖੇਤੀ ਖਿਲਾਫ ਕਾਨੂੰਨ ਬਣੇ

ਚਿੰਤਕਾਂ ਅਤੇ ਬੁਧੀਜੀਵੀਆਂ ਦਾ ਇੱਕ ਫਿਕਰ ਬਹੁਤ ਜਾਇਜ਼ ਹੈ ਜਿਸ ਨੂੰ ਕਈ ਲੋਕ ਬਹੁਤ ਡਰਾਉਣਾ ਬਣਾ ਕੇ ਪੇਸ਼ ਕਰਦੇ ਹਨ। ਕਹਿੰਦੇ ਹਨ ਕਿ ਤਿੰਨ ਖੇਤੀ ਕਾਨੂੰਨ ਦੇਸ਼ ਦੀ ਖੇਤੀ ਉਤੇ ਕਾਰਪੋਰੇਟ ਕਬਜ਼ਾ ਕਾਇਮ ਕਰਨ ਲਈ ਬਣਾਏ ਹਨ ਅਤੇ ਇਸ ਨਾਲ ਦੇਸ਼ ਦੇ ਕਰੋੜਾਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਖੇਤੀ ਵਿਚੋਂ ਕੱਢ ਕੇ ਸਸਤੀ ਸ਼ਹਿਰੀ ਲੇਬਰ ਵੱਲ ਧੱਕਣ ਦੀ ਸਾਜ਼ਿਸ਼ ਹੈ। ਉਹ ਇੰਝ ਆਖ ਕੇ ਕੰਟਰੈਕਟ ਖੇਤੀ ਬਾਰੇ ਵੀ ਭਰਮ ਪੈਦਾ ਕਰ ਰਹੇ ਹਨ ਜਿਸ ਦਾ ਕਾਰਪੋਰੇਟ ਖੇਤੀ ਨਾਲ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਕਈ ਕਿਸਾਨ ਡਰ ਰਹੇ ਹਨ ਕਿ ਕੰਟਰੈਕਟ ਖੇਤੀ ਬਹਾਨੇ ਕਾਰਪੋਰੇਸ਼ਨਾਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਲੈਣਗੀਆਂ; ਜਦਕਿ ਨਵੇਂ ਖੇਤੀ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦੇ।

ਇਹ ਸਮਝਣਾ ਜ਼ਰੂਰੀ ਹੈ ਕਿ ਲੋਕਾਂ ਨੂੰ ਕਾਰਪੋਰੇਟ ਖੇਤੀ ਤੋਂ ਬਚਾਉਣ ਲਈ ਠੋਸ ਕਾਨੂੰਨ ਦੀ ਲੋੜ ਹੈ। ਇਹ ਲੋਕਾਂ, ਸਰਕਾਰ ਅਤੇ ਦੇਸ਼ ਦੀ ਆਰਥਿਕਤਾ ਲਈ ਬਹੁਤ ਮਹੱਤਵ ਦਾ ਨੁਕਤਾ ਹੈ। ਅੱਜ ਤੋਂ 70-75 ਸਾਲ ਪਹਿਲਾਂ ਭਾਰਤ ਦੀ 75% ਵਸੋਂ ਖੇਤੀ ਉਤੇ ਨਿਰਭਰ ਕਰਦੀ ਸੀ ਪਰ ਅੱਜ ਇਹ ਦਰ 60% ਦੇ ਕਰੀਬ ਹੈ। 130 ਕਰੋੜ ਦੇ ਦੇਸ਼ ਵਿਚ 60% ਵੀ ਬਹੁਤ ਵੱਡੀ ਗਿਣਤੀ ਹੈ। ਇਹ ਦਰ ਸਹਿਜੇ-ਸਹਿਜੇ ਡਿੱਗ ਰਹੀ ਹੈ ਜਿਸ ਦੇ ਕਈ ਕਾਰਨ ਹਨ ਅਤੇ ਇਸ ਦੇ ਸਹਿਜ ਨਾਲ ਡਿੱਗਣ ਦੇ ਲਾਭ ਵੀ ਹਨ। ਅੱਜ ਇਸ 60% ਵਸੋਂ ਦਾ ਦੇਸ਼ ਦੀ ਕੁੱਲ ਪੈਦਵਾਰ ਵਿਚ 16% ਦੇ ਕਰੀਬ ਹਿੱਸਾ ਹੈ। ਇਸ ਦਾ ਭਾਵ ਹੈ, 60% ਵਸੋਂ 16% ਪੈਦਾਵਾਰ ਦੀ ਮੁਥਾਜ ਹੈ। ਅਗਰ ਇਸ ਵਸੋਂ ਦੀ ਹਾਲਤ ਸੁਧਾਰਨੀ ਹੈ ਤਾਂ ਲੋਕਾਂ ਨੂੰ ਇਸ ਸੈਕਟਰ ਵਿਚੋਂ ਨਿਕਲ ਕੇ ਕਿਸੇ ਹੋਰ ਸੈਕਟਰ ਵੱਲ ਜਾਣ ਲਈ ਕਈ ਢੰਗਾਂ ਨਾਲ ਪ੍ਰੇਰਨਾ ਪਵੇਗਾ ਅਤੇ ਇਸ ਸੈਕਟਰ ਦੀ ਆਮਦਨ ਵੀ ਵਧਾਉਣੀ ਪਵੇਗੀ ਤਾਂ ਕਿ ਖੇਤੀ ਸੈਕਟਰ ਦੇ ਲੋਕਾਂ ਦਾ ਲਾਭ ਵਧ ਸਕੇ।

ਪਰ ਇਹ ਖੇਤਰ ਕਾਰਪੋਰੇਸ਼ਨਾਂ ਵਾਸਤੇ ਖੁੱਲ੍ਹਾ ਨਹੀਂ ਛੱਡਿਆ ਜਾਣਾ ਚਾਹੀਦਾ ਅਤੇ ਲੋਕਾਂ ਵਿਚ ਬੇਵਿਸ਼ਵਾਸੀ ਦੀ ਭਾਵਨਾ ਰੋਕਣਾ ਵੀ ਸਰਕਾਰ ਦਾ ਫਰਜ਼ ਬਣਦਾ ਹੈ। ਇਸ ਦਾ ਇਲਾਜ ਦੇਸ਼ ਵਿਚ ਕੇਂਦਰ ਵਲੋਂ ਜਾਂ ਸਾਰੇ ਰਾਜਾਂ ਵਲੋਂ ਸਲਾਹ ਨਾਲ ਅਜਿਹਾ ਕਾਨੂੰਨ ਬਣਾਉਣ ਨਾਲ ਹੋ ਸਕਦਾ ਹੈ ਜੋ ਦੇਸ਼ ਵਿਚ ਕਾਰਪੋਰੇਟ ਖੇਤੀ ਉਤੇ ਪਾਬੰਦੀ ਲਗਾ ਦੇਵੇ। ਖੇਤੀ ਦੇਸ਼ ਦੇ 60% ਲੋਕਾਂ ਦੀ ਰੋਜ਼ੀ ਦਾ ਸਾਧਨ ਹਨ ਅਤੇ ਇਨ੍ਹਾਂ ਦੇ ਹੱਕ ਦੀ ਰਾਖੀ ਕਰਨੀ ਬਣਦੀ ਹੈ। ਇਸ ਸੈਕਟਰ ਵਿਚੋਂ ਲੋਕਾਂ ਦਾ ਨਿਕਾਸ ਵਲੰਟੀਅਰ ਪੱਧਰ ਉਤੇ ਸੁਖਾਵੇਂ ਬਦਲ ਤਲਾਸ਼ਣ ਨਾਲ ਹੋਣਾ ਚਾਹੀਦਾ ਹੈ, ਕਾਰਪੋਰੇਟ ਖੇਤੀ ਦੇ ਦਬਾਅ ਨਾਲ ਨਹੀਂ।

ਯਾਦ ਰਹੇ, ਕਾਰਪੋਰੇਟ ਖੇਤੀ ਉਹ ਹੈ ਜਦ ਕਾਰਪੋਰੇਸ਼ਨਾਂ ਖੇਤੀ ਕਰਨ ਲਈ ਜ਼ਮੀਨਾਂ ਖਰੀਦਣ ਜਾਂ ਪਟੇ ਵਗੈਰਾ ਉਤੇ ਲੈਣ ਅਤੇ ਮਕਸਦ ਖੇਤੀ ਦਾ ਧੰਦਾ ਕਰ ਕੇ ਕਮਾਈ ਕਰਨਾ ਹੋਵੇ। 'ਕੰਟਰੈਕਟ ਫਾਰਮਿੰਗ' ਇਸ ਹੇਠ ਨਹੀਂ ਆਉਂਦੀ, ਕਿਉਂਕਿ 'ਕੰਟਰੈਕਟ ਫਾਰਮਿੰਗ' ਵਿਚ ਖੇਤੀ ਕਿਸਾਨ ਆਪ ਕਰਦਾ ਹੈ ਅਤੇ ਕੰਟਰੈਕਟ ਸਿਰਫ ਫਸਲ ਦਾ ਹੁੰਦਾ ਹੈ।

ਅਜਿਹਾ ਨਵਾਂ ਕਾਨੂੰਨ ਬਣਾਉਣ ਲਈ ਕੇਂਦਰ ਸਰਕਾਰ ਨੂੰ ਖੁਦ ਪਹਿਲਕਦਮੀ ਕਰਨੀ ਚਾਹੀਦੀ ਹੈ ਅਤੇ ਇਸ ਵਿਚ ਕੁਝ ਅਹਿਮ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਇਸ ਤਰਜ਼ ਦੀਆਂ ਹੋਣ:

1) ਜੋ ਕਾਰਪੋਰੇਸ਼ਨਾਂ ਅੱਜ ਖੇਤੀ ਕਰ ਰਹੀਆਂ ਹਨ, ਉਨ੍ਹਾਂ ਨੂੰ ਆਗਿਆ ਹੋਵੇ ਪਰ ਉਹ ਹੋਰ ਵਿਸਥਾਰ ਨਾ ਕਰ ਸਕਣ। ਕਈ ਕਾਰਪੋਰੇਸ਼ਨਾਂ ਚਾਹ ਵਗੈਰਾ ਦੀ ਖੇਤੀ ਕਰਦੀਆਂ ਹਨ ਅਤੇ ਉਨ੍ਹਾਂ ਦੇ ਮੌਜੂਦਾ ਕਾਰੋਬਾਰ ਕਾਇਮ ਰਹਿਣੇ ਚਾਹੀਦੇ ਹਨ। ਅੰਗਰੇਜ਼ੀ ਵਿਚ ਇਸ ਨੂੰ 'ਰੈੱਡ ਸਰਕਲ' ਕਰਨਾ ਵੀ ਆਖ ਦਿੰਦੇ ਹਨ।

2) ਅਗਰ ਦੋ-ਤਿੰਨ ਜਾਂ ਵੱਧ ਪੁਸ਼ਤਾਂ ਤੋਂ ਖੇਤੀ ਕਰਨ ਵਾਲਾ ਕਿਸਾਨ ਪਰਿਵਾਰ ਆਪਣੀ ਖੇਤੀ ਨੂੰ ਕਾਰਪੋਰੇਟ ਖੇਤੀ ਵਿਚ ਬਦਲਣਾ ਚਾਹੇ ਤਾਂ ਇਸ ਦੀ ਆਗਿਆ ਹੋਵੇ। ਯਾਦ ਰਹੇ ਕਿ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਬਹੁਤ ਸਾਰੇ ਕਿਸਾਨ ਪਰਿਵਾਰ ਆਪਣੇ ਖੇਤੀ

***(ਬਾਕੀ ਅਗਲੇ ਸਫੇ 'ਤੇ)***



*ਪੰਜਾਬ ਵਿਚ ਅਡਾਨੀ ਦੇ ਬਣਾਏ ਆਧੁਨਿਕ ਗੋਦਾਮ (ਸਾਈਲੋਜ਼)।*

# ਨਿਤੀਸ਼ ਦੀਆਂ ਗਲਤੀਆਂ ਤੋਂ ਮਮਤਾ ਸਿੱਖ ਸਕਦੀ ਸੀ, ਪਰ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਜਦੋਂ ਕਿਸਾਨਾਂ ਦਾ ਧਰਨਾ ਚੱਲਦਾ ਪਿਆ ਹੈ ਅਤੇ ਇਸ ਵਿਚ ਡਟੇ ਹੋਏ ਲੋਕਾਂ ਦੀ ਗਿਣਤੀ ਕਦੀ ਥੋੜ੍ਹੀ ਘਟਣ ਤੇ ਅਗਲੇ ਦਿਨ ਉਸ ਤੋਂ ਵਧਣ ਦੀ ਖਬਰ ਆ ਜਾਂਦੀ ਹੈ, ਐਨ ਉਦੋਂ ਭਾਰਤ ਦੇ ਪੰਜ ਰਾਜਾਂ ਲਈ ਚੋਣਾਂ ਦਾ ਐਲਾਨ ਹੋ ਗਿਆ ਹੈ। ਇਨ੍ਹਾਂ ਵਿਚ ਚਾਰ ਰਾਜ ਤੇ ਪੰਜਵਾਂ ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਹੈ, ਜਿਸ ਦੀ ਸਰਕਾਰ ਉਸ ਦੇ ਆਪਣੇ ਵਿਧਾਇਕਾਂ ਵੱਲੋਂ ਅਸਤੀਫੇ ਦੇਣ ਕਾਰਨ ਹਾਲੇ ਏਸੇ ਹਫਤੇ ਬਹੁ-ਮੱਤ ਨਾ ਹੋਣ ਕਾਰਨ ਡਿੱਗੀ ਹੈ। ਉਸ ਦੀ ਮਿਆਦ ਅਜੇ ਦੋ ਮਹੀਨੇ ਰਹਿੰਦੀ ਸੀ, ਪਰ ਡੇਗੀ ਇਸ ਕਰ ਕੇ ਗਈ ਹੈ ਕਿ ਉਸ ਦੀ ਥਾਂ ਲੈਫਟੀਨੈਂਟ ਗਵਰਨਰ ਦੇ ਹੱਥ ਸਰਕਾਰੀ ਮਸ਼ੀਨਰੀ ਦੀ ਕਮਾਨ ਦੇ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਉਸ ਦੀ ਦੁਰਵਰਤੋਂ ਕੀਤੀ ਜਾ ਸਕੇ। ਏਦਾਂ ਪਹਿਲਾਂ ਵੀ ਕਈ ਥਾਂਈਂ ਹੋ ਚੁਕਾ ਹੈ। ਛੋਟਾ ਜਿਹਾ ਰਾਜ ਹੋਣ ਕਾਰਨ ਉਸ ਦੀ ਚੋਣ ਵੱਲ ਬਹੁਤੇ ਲੋਕਾਂ ਦਾ ਧਿਆਨ ਨਹੀਂ ਜਾ ਰਿਹਾ ਤੇ ਤਾਮਿਲਨਾਡੂ ਵਿਚ ਜੈਲਲਿਤਾ ਅਤੇ ਕਰੁਣਾਨਿਧੀ-ਦੋਹਾਂ ਦੀ ਮੌਤ ਮਗਰੋਂ ਹੋਣ ਵਾਲੀ ਪਹਿਲੀ ਚੋਣ ਵਿਚ ਕੌਣ ਕਿੰਨੇ ਪਾਣੀ ਵਿਚ ਲੱਭਦਾ ਹੈ, ਇਸ ਵੱਲ ਵੀ ਬਹੁਤੇ ਲੋਕਾਂ ਦਾ ਧਿਆਨ ਨਹੀਂ। ਆਸਾਮ ਦੇ ਮਾਮਲੇ ਵਿਚ ਪਿਛਲੀ ਵਾਰੀ ਭਾਜਪਾ ਨੇ ਕਈ ਸਾਲ ਕਾਂਗਰਸ ਦੀ ਸਰਕਾਰ ਵਿਚ ਮੰਤਰੀ ਰਹਿ ਚੁਕੇ ਸਰਬਾਨੰਦ ਸੋਨਵਾਲ ਨੂੰ ਅੱਗੇ ਲਾ ਕੇ ਜਿਹੜਾ ਦਾਅ ਖੇਡ ਲਿਆ ਸੀ, ਉਸ ਕਾਰਨ ਉਥੇ ਭਾਜਪਾ ਖਤਰਾ ਮਹਿਸੂਸ ਨਹੀਂ ਕਰਦੀ। ਉਸ ਦਾ ਸਮੁੱਚਾ ਧਿਆਨ ਅਤੇ ਦੇਸ਼ ਦੇ ਲੋਕਾਂ ਦਾ ਸਾਰਾ ਧਿਆਨ ਵੀ, ਸਿਰਫ ਦੋ ਰਾਜਾਂ-ਪੱਛਮੀ ਬੰਗਾਲ ਤੇ ਕੇਰਲ ਵੱਲ ਲੱਗਾ ਹੋਇਆ ਹੈ।

ਕੇਰਲ ਵਿਚ ਆਜ਼ਾਦੀ ਤੋਂ ਬਾਅਦ ਕਦੀ ਖੱਬੀ ਧਿਰ ਤੇ ਕਦੀ ਕਾਂਗਰਸ ਦੀ ਅਗਵਾਈ ਵਾਲਾ ਮੋਰਚਾ ਰਾਜ ਕਰਦਾ ਰਿਹਾ ਸੀ। ਨਰਿੰਦਰ ਮੋਦੀ ਦੇ ਵਕਤ ਇੱਕ ਧਰਮ ਦੀ ਚੜ੍ਹਤ ਦੇ ਨਾਅਰੇ ਨਾਲ ਜਿਹੜੀ ਉਠਾਣ ਸ਼ੁਰੂ ਹੋਈ, ਕੇਰਲ ਉਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ ਤੇ ਪੰਜ ਸਾਲ ਪਹਿਲਾਂ ਦੀ ਵਿਧਾਨ ਸਭਾ ਚੋਣ ਵੇਲੇ ਉਸ ਰਾਜ ਵਿਚ ਪਹਿਲੀ ਵਾਰ ਭਾਜਪਾ ਦਾ ਇੱਕ ਉਮੀਦਵਾਰ ਜਿੱਤਣ ਵਿਚ ਕਾਮਯਾਬ ਹੋ ਗਿਆ ਸੀ। ਇਹ ਉਸ ਰਾਜ ਵਿਚ ਭਾਜਪਾ ਦੇ ਉਸ ਸੁਫਨੇ ਦਾ ਆਗਾਜ਼ ਸੀ, ਜਿਹੜਾ ਸਾਰੇ ਦੇਸ਼ ਵਿਚ ਇੱਕੋ ਪਾਰਟੀ ਭਾਜਪਾ ਦਾ ਰਾਜ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਹੁਤ ਚਿਰ ਤੋਂ ਲੈ ਰਿਹਾ ਸੀ। ਇਸ ਵਾਰ ਵੀ ਉਹ ਇਸ ਸੁਫਨੇ ਵਿਚ ਕਾਮਯਾਬ ਨਹੀਂ ਹੋ ਸਕਣੇ ਕਿ ਸਭ ਤੋਂ ਵੱਧ ਪੜ੍ਹੇ-ਲਿਖੇ ਲੋਕਾਂ ਵਾਲੇ ਕੇਰਲਾ ਰਾਜ ਵਿਚ ਸਰਕਾਰ ਬਣਾ ਲੈਣ ਜਾਂ ਮੁੱਖ ਵਿਰੋਧੀ ਧਿਰ ਬਣ ਸਕਣ, ਪਰ ਆਪਣੀਆਂ ਸੀਟਾਂ ਵਧਾਉਣ ਲਈ ਉਹ ਆਪਣੇ ਵੱਲੋਂ ਕਸਰ ਨਹੀਂ ਰਹਿਣ ਦੇਣਾ ਚਾਹੁੰਦੇ। ਚੁਸਤ ਚਾਲਾਂ ਚੱਲਣ ਦੀ ਮਾਹਰ ਭਾਜਪਾ ਲੀਡਰਸ਼ਿਪ ਨੇ ਇਸ ਮਕਸਦ ਲਈ ਭਾਰਤ ਵਿਚ ਜ਼ਮੀਨਦੋਜ਼ ਰੇਲਵੇ ਲਾਈਨਾਂ ਵਾਲੇ ਮੀਟਰੋ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਦੇ ਮਾਹਰ ਨੂੰ ਟੋਹਿਆ ਅਤੇ ਉਸ ਨੇ ਕੇਰਲਾ ਦੇ ਲੋਕਾਂ ਨੂੰ ਤਕਨੀਕ ਦੇ ਪੱਖ ਤੋਂ ਤਰੱਕੀ ਵੱਲ ਲਿਜਾਣ ਦੇ ਸੁਫਨੇ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ।



***ਰਿਕਾਰਡ ਦੱਸਦਾ ਹੈ ਕਿ ਕਮਿਊਨਿਸਟ ਆਗੂ ਬੁੱਧਦੇਵ ਭੱਟਾਚਾਰੀਆ ਦੀ ਬੇੜੀ ਡੋਬਣ ਲਈ ਨੰਦੀਗ੍ਰਾਮ ਦਾ ਗੋਲੀ ਕਾਂਡ ਗਿਣ-ਮਿਥ ਕੇ ਕੀਤਾ ਗਿਆ ਅਤੇ ਉਸ ਦੇ ਸਿਰ ਥੱਪਿਆ ਗਿਆ ਸੀ, ਜਿਸ ਦੀ ਬਾਅਦ ਦੀ ਪੜਤਾਲ ਤੋਂ ਸਾਬਤ ਹੋ ਗਿਆ ਕਿ ਉਸ ਵਿਚ ਕਮਿਊਨਿਸਟ ਮੁੱਖ ਮੰਤਰੀ ਦੀ ਝੂਠੀ ਬਦਨਾਮੀ ਕੀਤੀ ਗਈ ਸੀ। ਉਸ ਪਾਪ ਵਿਚ ਉਦੋਂ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਦੇ ਆਗੂਆਂ ਨਾਲ ਭਾਜਪਾ ਦੇ ਆਗੂ ਵੀ ਸ਼ਾਮਲ ਸਨ ਤੇ ਮਮਤਾ ਇਸ ਨਾਲ ਹੋਈ ਸੱਤਾ ਤਬਦੀਲੀ ਤੋਂ ਖੁਸ਼ ਸੀ, ਪਰ ਅੱਜ ਖੁਦ ਆਪਣੇ ਖਿਲਾਫ ਇਹੋ ਕੁਝ ਹੁੰਦਾ ਵੇਖ ਕੇ ਉਹ ਦੇਸ਼ ਦੇ ਲੋਕਾਂ ਮੂਹਰੇ ਦੁਹੱਥੜਾਂ ਮਾਰਨ ਵਰਗੀ ਦੁਹਾਈ ਪਾਉਂਦੀ ਫਿਰਦੀ ਹੈ।***

ਸਭ ਤੋਂ ਤਿੱਖੀ ਲੜਾਈ ਇਸ ਵੇਲੇ ਪੱਛਮੀ ਬੰਗਾਲ ਵਿਚ ਚੱਲਦੀ ਪਈ ਹੈ, ਜਿੱਥੇ ਕਮਿਊਨਿਸਟ ਰਾਜ ਲੰਮਾ ਸਮਾਂ ਰਿਹਾ ਸੀ, ਪਰ ਤ੍ਰਿਣਮੂਲ ਕਾਂਗਰਸ ਨੂੰ ਕਾਂਗਰਸ ਦੀ ਸਿੱਧੀ ਹਮਾਇਤ ਤੇ ਭਾਜਪਾ ਦੀ ਅੰਦਰ-ਖਾਤੇ ਦੀ ਮਦਦ ਨਾਲ ਉਸ ਦਾ ਕਈ ਧਿਰਾਂ ਨੇ ਰਲ-ਮਿਲ ਕੇ ਅੰਤ ਕੀਤਾ ਸੀ। ਅੱਜ ਕਮਿਊਨਿਸਟ ਉਥੇ ਏਡੀ ਤਾਕਤ ਨਹੀਂ ਕਿ ਰਾਜ-ਸੱਤਾ ਦੇ ਲਈ ਵੱਡੀਆਂ ਦਾਅਵੇਦਾਰ ਧਿਰਾਂ ਵਿਚ ਗਿਣੇ ਜਾਣ, ਸਗੋਂ ਭਾਜਪਾ ਦੀ ਮਦਦ ਨਾਲ ਉਨ੍ਹਾਂ ਨੂੰ ਹਰਾਉਣ ਵਾਲੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਵੀ ਇਸ ਵਕਤ ਬੜੇ ਮੁਸ਼ਕਿਲ ਹਾਲਾਤ ਵਿਚ ਹੈ। ਇੱਕ ਵੇਲੇ ਕਮਿਊਨਿਸਟ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਸਾਹਮਣੇ ਓਸੇ ਦੀ ਸਰਕਾਰ ਦਾ ਚੀਫ ਸੈਕਟਰੀ ਰਹਿ ਚੁਕੇ ਸਾਬਕਾ ਅਫਸਰ ਨੂੰ ਆਪਣਾ ਉਮੀਦਵਾਰ ਬਣਾ ਕੇ ਮਮਤਾ ਬੈਨਰਜੀ ਨੇ ਜਿਹੜਾ ਦਾਅ ਖੇਡਿਆ ਸੀ, ਇਸ ਵਾਰੀ ਉਹੋ ਦਾਅ ਭਾਜਪਾ ਉਸ ਦੇ ਰਾਜ ਵਾਲੇ ਅਫਸਰਾਂ ਨੂੰ ਖੜ੍ਹੇ ਕਰ ਕੇ ਖੇਡਣ ਲਈ ਚੱਕਾ ਬੰਨ੍ਹ ਚੁਕੀ ਹੈ। ਮਮਤਾ ਦੀ ਚੜ੍ਹਤ ਵੇਲੇ ਕਮਿਊਨਿਸਟਾਂ ਵਿਚਲੇ ਕਈ ਫਸਲੀ ਬਟੇਰੇ ਉਸ ਵੱਲ ਉਡਾਰੀਆਂ ਲਾਉਂਦੇ ਮਮਤਾ ਨੂੰ ਚੰਗੇ ਲੱਗਦੇ ਸਨ ਤੇ ਇਸ ਵਕਤ ਉਸ ਦੀ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਅਸਤੀਫੇ ਦੇ ਕੇ ਭਾਜਪਾ ਵੱਲ ਓਸੇ ਝਾਕ ਵਿਚ ਦੌੜਾਂ ਲਾ ਰਹੇ ਹਨ, ਜਿਹੜੀ ਝਾਕ ਉਨ੍ਹਾਂ ਨੂੰ ਮਮਤਾ ਵੱਲ ਲੈ ਕੇ ਗਈ ਸੀ। ਮੁਕਾਬਲਾ ਵੱਡਾ ਹੋਵੇ ਜਾਂ ਛੋਟਾ, ਉਸ ਵਿਚ ਇਹ ਗੱਲ ਅਸਰ ਪਾਉਂਦੀ ਹੈ ਕਿ ਮੈਚ ਦਾ ਰੈਫਰੀ ਕਿੰਨਾ ਨਿਰਪੱਖ ਹੈ ਅਤੇ ਜਿਹੜਾ ਕੁਝ ਕਮਿਊਨਿਸਟਾਂ ਦੇ ਰਾਜ ਦਾ ਭੱਠਾ ਬਿਠਾਉਣ ਲਈ ਉਦੋਂ ਦੇ ਚੋਣ ਅਧਿਕਾਰੀਆਂ ਨੇ ਕੀਤਾ ਸੀ, ਲੱਗਦਾ ਹੈ ਕਿ ਉਹੋ ਕੁਝ ਇਸ ਵਾਰ ਚੋਣ ਕਮਿਸ਼ਨ ਦੀ ਟੀਮ ਮਮਤਾ ਬੈਨਰਜੀ ਦੇ ਖਿਲਾਫ ਕਰਨ ਲਈ ਤਿਆਰ ਹੈ। ਚੋਣ ਤਰੀਕਾਂ ਦਾ ਐਲਾਨ ਇਹ ਦੱਸਣ ਲਈ ਕਾਫੀ ਹੈ ਕਿ ਭਾਜਪਾ ਨੇ ਆਪਣੇ ਆਗੂਆਂ ਦੇ ਜਲਸੇ ਕਰਵਾਉਣ ਲਈ ਜਿਹੜੇ ਦਿਨ ਪਹਿਲਾਂ ਤੈਅ ਕਰ ਲਏ ਸਨ, ਚੋਣ ਤਰੀਕਾਂ ਉਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪੈਣ ਦਿੰਦੀਆਂ। ਇਸੇ ਤੋਂ ਕਈ ਲੋਕ ਇਹ ਗੱਲ ਕਹਿਣ ਤੱਕ ਚਲੇ ਜਾਂਦੇ ਹਨ ਕਿ ਜਿਵੇਂ ਅਰਨਬ ਗੋਸਵਾਮੀ ਨੂੰ ਭਾਰਤ ਸਰਕਾਰ ਵੱਲੋਂ ਇੱਕ ਦਿਨ ਪਿੱਛੋਂ ਚੁੱਕਣ ਵਾਲੇ ਕਦਮਾਂ ਦਾ ਇੱਕ ਦਿਨ ਪਹਿਲਾਂ ਪਤਾ ਹੁੰਦਾ ਸੀ, ਚੋਣ ਕਮਿਸ਼ਨ ਤੇ ਭਾਜਪਾ ਲੀਡਰਸ਼ਿਪ ਵਿਚ ਵੀ ਉਦਾਂ ਦੀ ਲੁਕਵੀਂ ਸਮਝਦਾਰੀ ਹੋ ਸਕਦੀ ਹੈ। ਇਸ ਲਈ ਮਮਤਾ ਨੂੰ ਮੁਕਾਬਲਾ ਭਾਜਪਾ ਦੇ ਨਾਲ-ਨਾਲ ਚੋਣ-ਮੈਚ ਦੇ ਰੈਫਰੀ ਨਾਲ ਵੀ ਕਰਨਾ ਪਵੇਗਾ।

ਰਿਕਾਰਡ ਦੱਸਦਾ ਹੈ ਕਿ ਕਮਿਊਨਿਸਟ ਆਗੂ ਬੁੱਧਦੇਵ ਭੱਟਾਚਾਰੀਆ ਦੀ ਬੇੜੀ ਡੋਬਣ ਲਈ ਨੰਦੀਗ੍ਰਾਮ ਦਾ ਗੋਲੀ ਕਾਂਡ ਗਿਣ-ਮਿਥ ਕੇ ਕੀਤਾ ਗਿਆ ਅਤੇ ਉਸ ਦੇ ਸਿਰ ਥੱਪਿਆ ਗਿਆ ਸੀ, ਜਿਸ ਦੀ ਬਾਅਦ ਦੀ ਪੜਤਾਲ ਤੋਂ ਸਾਬਤ ਹੋ ਗਿਆ ਕਿ ਉਸ ਵਿਚ ਕਮਿਊਨਿਸਟ ਮੁੱਖ ਮੰਤਰੀ ਦੀ ਝੂਠੀ ਬਦਨਾਮੀ ਕੀਤੀ ਗਈ ਸੀ। ਉਸ ਪਾਪ ਵਿਚ ਉਦੋਂ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਦੇ ਆਗੂਆਂ ਨਾਲ ਭਾਜਪਾ ਦੇ ਆਗੂ ਵੀ ਸ਼ਾਮਲ ਸਨ ਤੇ ਮਮਤਾ ਇਸ ਨਾਲ ਹੋਈ ਸੱਤਾ ਤਬਦੀਲੀ ਤੋਂ ਖੁਸ਼ ਸੀ, ਪਰ ਅੱਜ ਖੁਦ ਆਪਣੇ ਖਿਲਾਫ ਇਹੋ ਕੁਝ ਹੁੰਦਾ ਵੇਖ ਕੇ ਉਹ ਦੇਸ਼ ਦੇ ਲੋਕਾਂ ਮੂਹਰੇ ਦੁਹੱਥੜਾਂ ਮਾਰਨ ਵਰਗੀ ਦੁਹਾਈ ਪਾਉਂਦੀ ਫਿਰਦੀ ਹੈ। ਇੱਕ ਧਰਮ-ਨਿਰਪੱਖਤਾ ਪੰਡਿਤ ਨਹਿਰੂ ਦੇ ਸਮੇਂ ਹੁੰਦੀ ਸੀ, ਜਿਸ ਵਿਚ ਫਿਰਕੂ ਤਾਕਤਾਂ ਨਾਲ ਸਮਝੌਤੇ ਦੀ ਗੁੰਜਾਇਸ਼ ਨਹੀਂ ਸੀ। ਦੂਸਰੀ ਅਰਧ-ਨਿਰਪੱਖਤਾ ਇੰਦਰਾ ਗਾਂਧੀ ਦੇ ਵਕਤ ਸੀ, ਜਿਸ ਵਿਚ ਲੋੜ ਜੋਗੀ ਫਿਰਕਾਪ੍ਰਸਤੀ ਨੂੰ ਕਾਇਮ ਰੱਖ ਕੇ ਰਾਜਨੀਤੀ ਲਈ ਵਰਤਣ ਦਾ ਕੰਮ ਸ਼ੁਰੂ ਹੋਇਆ ਸੀ। ਤੀਸਰੀ ਲੀਹੋਂ ਲੱਥੀ ਰਾਜਨੀਤੀ ਰਾਜੀਵ ਗਾਂਧੀ ਦੀ ਸੀ, ਜਿਸ ਨੇ ਥੋੜ੍ਹ-ਚਿਰੇ ਲਾਭਾਂ ਲਈ ਇਸ ਕਿਸਮ ਦੇ ਤੱਤਾਂ ਨੂੰ ਆਪਣੇ ਨਾਲ ਲਾਇਆ ਅਤੇ ਵਰਤਿਆ ਸੀ, ਜਿਹੜੇ ਬਾਅਦ ਵਿਚ ਉਸ ਦੀ ਔਲਾਦ ਤੇ ਉਸ ਦੀ ਪਾਰਟੀ ਵਾਸਤੇ ਵੀ ਜੜ੍ਹਾਂ ਨੂੰ ਲੱਗੀ ਸਿਉਂਕ ਸਾਬਤ ਹੋਏ ਸਨ। ਮਮਤਾ ਬੈਨਰਜੀ ਕਿਉਂਕਿ ਰਾਜੀਵ ਗਾਂਧੀ ਦੇ ਦੌਰ ਵਾਲੀ ਰਾਜਨੀਤੀ ਦੌਰਾਨ ਪਾਰਲੀਮੈਂਟ ਦੀਆਂ ਪੌੜੀਆਂ ਚੜ੍ਹੀ ਸੀ, ਇਸ ਕਾਰਨ ਉਹ ਵੀ ਸੱਤਾ ਖਾਤਰ ਰਾਜੀਵ ਗਾਂਧੀ ਵਾਲੀ ਲੀਹੇ ਪਈ ਰਹੀ, ਪਰ ਜਦੋਂ ਉਸ ਰਾਜ ਦੀ ਸੱਤਾ ਸੰਭਾਲਣ ਦੇ ਬਾਅਦ ਖੁਦ ਉਸ ਨੂੰ ਉਹੀ ਤਾਕਤਾਂ ਅੱਖਾਂ ਦਿਖਾਉਣ ਲੱਗ ਪਈਆਂ ਤਾਂ ਉਨ੍ਹਾਂ ਦੇ ਟਾਕਰੇ ਲਈ ਉਨ੍ਹਾਂ ਕਮਿਊਨਿਸਟਾਂ ਨੂੰ ਵੀ ਹਾਕਾਂ ਮਾਰਨ ਲੱਗ ਪਈ ਸੀ, ਜਿਨ੍ਹਾਂ ਨਾਲ ਕਦੀ ਉਸ ਨੇ ਭਲੀ ਨਹੀਂ ਸੀ ਗੁਜ਼ਾਰੀ।

ਅੱਜ ਦੇ ਦੌਰ ਵਿਚ ਜਦੋਂ ਸਾਰੇ ਦੇਸ਼ ਦੇ ਲੋਕਾਂ ਦਾ ਧਿਆਨ ਪੱਛਮੀ ਬੰਗਾਲ ਵਿਚਲੇ ਚੋਣ ਘੋਲ ਵੱਲ ਲੱਗਾ ਪਿਆ ਹੈ, ਬਹੁਤ ਸਾਰੇ ਲੋਕ ਇਸ ਘੋਲ ਵਿਚ ਮਮਤਾ ਦੀ ਜਿੱਤ ਇਸ ਕਾਰਨ ਚਾਹੁੰਦੇ ਹਨ ਕਿ ਉਹ ਭਾਜਪਾ ਦੀ ਰਾਜਨੀਤੀ ਨੂੰ ਪਸੰਦ ਨਹੀਂ ਕਰਦੇ, ਪਰ ਜਿਸ ਘੁੰਮਣਘੇਰੀ ਵਿਚ ਮਮਤਾ ਨੇ ਖੁਦ ਨੂੰ ਫਸਾ ਲਿਆ ਹੈ, ਉਹ ਵੀ ਸਾਰਿਆਂ ਨੂੰ ਪਤਾ ਹੈ। ਬਿਹਾਰ ਦੇ ਲੋਕਾਂ ਨੇ ਇੱਕ ਸਮੇਂ ਨਿਤੀਸ਼ ਕੁਮਾਰ ਨੂੰ ਧਰਮ-ਨਿਰਪੱਖਤਾ ਦਾ ਝੰਡਾ-ਬਰਦਾਰ ਹੋਣ ਦਾ ਮਾਣ ਬਖਸ਼ਿਆ ਸੀ, ਉਹ ਇਸ ਦੇ ਕਾਬਲ ਨਹੀਂ ਨਿਕਲਿਆ ਤੇ ਭਾਜਪਾ ਦਾ ਪਿਛਲੱਗ ਬਣ ਕੇ ਰਹਿ ਗਿਆ ਸੀ। ਸੱਤਾ ਖਾਤਰ ਜਿਸ ਨੇ ਵੀ ਕਦੇ ਏਦਾਂ ਦੀ ਟਪੂਸੀ ਮਾਰੀ ਹੈ, ਉਸ ਨਾਲ ਭਲੀ ਨਹੀਂ ਗੁਜ਼ਰੀ। ਮਮਤਾ ਦਾ ਕੀ ਹੋਵੇਗਾ, ਕਹਿ ਸਕਣਾ ਔਖਾ ਹੈ। ਕਹਿੰਦੇ ਹਨ ਕਿ ਬੰਦਾ ਪ੍ਰਾਪਤੀਆਂ ਤੋਂ ਵੱਧ ਗਲਤੀਆਂ ਅਤੇ ਭੁੱਲਾਂ ਤੋਂ ਸਿੱਖਦਾ ਹੈ, ਪਰ ਸਿੱਖਣ ਲਈ ਖੁਦ ਗਲਤੀਆਂ ਕਰਨਾ ਜ਼ਰੂਰੀ ਨਹੀਂ ਹੁੰਦਾ। ਨਿਤੀਸ਼ ਵਰਗਿਆਂ ਦੀ ਗਲਤੀ ਤੋਂ ਮਮਤਾ ਸਿੱਖ ਸਕਦੀ ਸੀ, ਪਰ ਅਫਸੋਸ ਕਿ ਉਹ ਸਿੱਖ ਨਹੀਂ ਸਕੀ।

# ਭਾਰਤ ਸਰਕਾਰ ਨੂੰ ਕਾਰਪੋਰੇਟ ਖੇਤੀ ਖਿਲਾਫ ਪਾਏਦਾਰ ਕਾਨੂੰਨ ਬਣਾਉਣਾ ਚਾਹੀਦਾ

***(ਪਿਛਲੇ ਸਫੇ ਦੀ ਬਾਕੀ)***

ਫਾਰਮਾਂ ਨੂੰ ਪ੍ਰਾਈਵੇਟ ਕਾਰਪੋਰੇਸ਼ਨਾਂ ਵਜੋਂ ਚਲਾਉਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਕਈ ਕਿਸਮ ਦੇ ਟੈਕਸਾਂ ਦਾ ਲਾਭ ਹੁੰਦਾ ਹੈ।

3) ਵੱਖ-ਵੱਖ ਕਿਸਮ ਦੀ ਖੋਜ ਕਰਨ ਵਾਸਤੇ ਜਾਂ ਬੀਜ ਪੈਦਾ ਕਰਨ ਵਾਸਤੇ ਕਾਰਪੋਰੇਟ ਖੇਤੀ ਦੀ 'ਸੀਮਤ ਪੱਧਰ' ਉਤੇ ਆਗਿਆ ਹੋਵੇ।

4) ਯੂਨੀਵਰਸਟੀਆਂ ਅਤੇ ਫੌਜ ਵਰਗੇ ਅਦਾਰੇ ਜੋ ਸੀਮਤ ਫਾਰਮਿੰਗ ਕਰਦੇ ਹਨ, ਉਨ੍ਹਾਂ ਨੂੰ ਆਗਿਆ ਹੋਵੇ।

5) ਅਗਰ ਕੁਝ ਹੋਰ ਇਸ ਕਿਸਮ ਦੇ ਅਦਾਰੇ ਹੋਣ ਤਾਂ ਉਨ੍ਹਾਂ ਨੂੰ ਵੀ ਇਸ ਲਿਸਟ ਵਿਚ ਸ਼ਾਮਲ ਕੀਤਾ ਜਾਵੇ।

6) ਇੰਡਸਟਰੀਅਲ ਪਸਾਰ ਲਈ ਜ਼ਮੀਨ ਖਰੀਦਣ ਉਤੇ ਇਸ ਨਵੇਂ ਕਾਨੂੰਨ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਅਜਿਹੀ ਜ਼ਮੀਨ ਖਰੀਦ ਮਜੂਦਾ ਕਾਨੂੰਨਾਂ ਮੁਤਾਬਿਕ ਕੀਤੀ ਜਾਵੇਗੀ ਜੋ ਕਿਸਾਨਾਂ ਨੂੰ ਮਾਰਕੀਟ ਰੇਟ ਤੋਂ ਵੱਧ ਦੀ ਗਰੰਟੀ ਕਰਦੇ ਹਨ। ਅਗਰ ਇਨ੍ਹਾਂ ਵਿਚ ਕੋਈ ਕਮੀ-ਪੇਸ਼ੀ ਹੈ ਤਾਂ ਵੱਖਰੇ ਤੌਰ ਉਤੇ ਹੱਲ ਕੀਤੀ ਜਾਵੇ।

ਇੰਝ ਕਰਨ ਨਾਲ ਕੂੜ ਪ੍ਰਚਾਰ ਨੂੰ ਠੱਲ੍ਹ ਪਵੇਗੀ, ਲੋਕਾਂ ਵਿਚ ਵਿਸ਼ਵਾਸ ਵਧੇਗਾ ਅਤੇ 60% ਵਸੋਂ ਨੂੰ ਧੱਕੇ ਜਾਂ ਲਾਲਚ ਨਾਲ ਕੋਈ ਇਸ ਕਿੱਤੇ ਵਿਚੋਂ ਬਾਹਰ ਨਹੀਂ ਕੱਢ ਸਕੇਗਾ। ਇੰਝ ਲੋਕਾਂ ਦੇ ਕਿੱਤੇ ਵਿਚ ਜੋ ਵੀ ਤਬਦੀਲੀ ਹੋਵੇਗੀ, ਉਹ ਉਨ੍ਹਾਂ ਦੀ ਯੋਗਤਾ, ਇੱਛਾ ਅਤੇ ਸਹਿਜ ਨਾਲ ਹੋਵੇਗੀ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ 9 ਸੂਬਿਆਂ ਵਿਚ ਕਾਰਪੋਰੇਟ ਖੇਤੀ ਖਿਲਾਫ ਕਾਨੂੰਨ ਹਨ ਜਿਨ੍ਹਾਂ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਕਾਰਪੋਰੇਟ ਖੇਤੀ ਖਿਲਾਫ ਸਭ ਤੋਂ ਪਹਿਲਾਂ ਕਾਨੂੰਨ ਕੈਨਸਾਸ ਅਤੇ ਨਾਰਥ ਡਕੋਟਾ ਸੂਬਿਆਂ ਨੇ 1930 ਵਿਚ ਬਣਾਏ ਸਨ; ਤੇ 1970 ਤੋਂ 1998 ਤੱਕ ਸੱਤ ਹੋਰ ਸੂਬਿਆਂ ਨੇ ਅਜਿਹੇ ਕਾਨੂੰਨ ਬਣਾਏ ਸਨ।

### ਵਾਤਾਵਰਨ ਦਾ ਵੀ ਫਿਕਰ ਕਰੋ!

ਮੌਜੂਦਾ ਕਿਸਾਨ ਅੰਦੋਲਨ ਨੇ ਇਸ ਗੰਭੀਰ ਸਮੱਸਿਆ ਨੂੰ ਪੂਰੀ ਤਰ੍ਹਾਂ ਨਾਲ ਨਜ਼ਰਅੰਦਾਜ਼ ਕੀਤਾ ਹੋਇਆ ਹੈ। ਪਾਣੀ, ਹਵਾ ਅਤੇ ਮਿੱਟੀ ਵਿਚ ਜ਼ਹਿਰ ਘੋਲਿਆ ਜਾ ਰਿਹਾ ਹੈ। ਖੇਤੀ ਸਮੇਤ ਇੰਡਸਟਰੀ ਅਤੇ ਵਧ ਰਹੀ ਆਬਾਦੀ ਇਸ ਲਈ ਦੋਸ਼ੀ ਹਨ। ਸਰਕਾਰਾਂ ਦੀ ਬੇਧਿਆਨੀ ਅਤੇ ਰਾਤੋ-ਰਾਤ ਅਮੀਰ ਹੋਣ ਦੀ ਲਾਲਸਾ ਵੀ ਕਾਰਨ ਹਨ। ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦਾ ਫਸਲੀ ਚੱਕਰ ਕਿਸੇ ਦਿਨ ਧਰਤੀ ਹੇਠਲਾ ਪਾਣੀ ਖਤਮ ਕਰ ਦੇਵੇਗਾ, ਇਸ ਵਿਚ ਜ਼ਹਿਰ ਤਾਂ ਗੋਲਿਆ ਜਾ ਚੁੱਕਾ ਹੈ ਜਿਸ ਨਾਲ ਬਿਮਾਰੀਆਂ ਵੀ ਵਧ ਰਹੀਆਂ ਹਨ। ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਜ਼ਹਿਰ ਫੈਲਾ ਰਹੀ ਹੈ। ਕਿਸਾਨ ਆਗੂ ਵਾਤਾਵਰਨ ਪ੍ਰਤੀ ਅਵੇਸਲੇ ਹੀ ਨਹੀਂ ਹਨ ਸਗੋਂ ਇਸ ਨੂੰ ਹੋਰ ਪ੍ਰਦੂਸ਼ਤ ਕਰਨ ਦੀ ਖੁੱਲ੍ਹ ਵੀ ਚਾਹੁੰਦੇ ਹਨ। ਕਿਸੇ ਵੀ ਪ੍ਰਦੂਸ਼ਣ ਰੋਕੂ ਕਾਨੂੰਨ ਤੋਂ ਛੋਟ ਦੀ ਗਰੰਟੀ ਮੰਗਦੇ ਹਨ ਤਾਂ ਕਿ ਪਰਾਲੀ ਵਗੈਰਾ ਨੂੰ ਜਦ ਚਾਹੁਣ ਅੱਗ ਲਗਾ ਸਕਣ। ਮੁਫਤ ਬਿਜਲੀ ਦੀ ਗਰੰਟੀ ਚਾਹੁੰਦੇ ਹਨ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਬਿਜਲੀ ਪੈਦਾ ਕਰਨ ਵਾਲੇ ਕਈ ਸਰੋਤ ਜਿਵੇਂ 'ਤਾਪ ਬਿਜਲੀਘਰ' ਪ੍ਰਦੂਸ਼ਣ ਪੈਦਾ ਕਰਦੇ ਹਨ। ਖਾਦਾਂ ਅਤੇ ਕੀਟਨਾਸ਼ਕਾਂ ਉਤੇ ਹੋਰ ਸਬਸਿਡੀਆਂ ਚਾਹੁੰਦੇ ਹਨ ਜੋ ਘਟਾਏ ਜਾਣ ਦੀ ਲੋੜ ਹੈ ਤੇ ਜੈਵਿਕ ਖੇਤੀ ਵੱਲ ਵਧਣ ਦੀ ਲੋੜ ਹੈ। ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲਣ ਲਈ ਤਿਆਰ ਨਹੀਂ ਹਨ ਸਗੋਂ ਕਾਨੂੰਨੀ ਐਮ.ਐਸ.ਪੀ. ਅਤੇ ਖਰੀਦ ਦੀ ਗਰੰਟੀ ਮੰਗ ਰਹੇ ਹਨ। ਵਾਤਾਵਰਨ ਬਚਾਉਣਾ ਸੱਭ ਦਾ ਫਰਜ਼ ਹੈ ਅਤੇ ਕਿਸੇ ਨੂੰ ਵੀ ਵਿਸ਼ੇਸ਼ ਛੋਟ ਨਹੀਂ ਚਾਹੀਦੀ।

### ਕਾਰਪੋਰੇਟ ਜਗਤ ਪ੍ਰਤੀ ਬੇਭਰੋਸਗੀ

ਕਿਸਾਨ ਆਗੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਸੁਣੀਏ ਤਾਂ ਉਹ ਕਿਸੇ ਹਾਲਤ ਵਿਚ ਵੀ ਕਾਰਪੋਰੇਸ਼ਨਾਂ ਉਤੇ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ਹਨ ਜਾਂ ਘੱਟੋ-ਘੱਟ ਐਸੇ ਦਾਅਵੇ ਰਹੇ ਹਨ। 1955 ਵਾਲੇ 'ਜ਼ਰੂਰੀ ਵਸਤਾਂ' ਵਾਲੇ ਕਾਨੂੰਨ ਨੂੰ ਉਹ 2021 ਵਿਚ ਵੀ ਕਾਇਮ ਰੱਖਣਾ ਚਾਹੁੰਦੇ ਹਨ। ਇਹ ਕਾਨੂੰਨ ਉਸ ਵਕਤ ਬਣਿਆ ਸੀ, ਜਦ ਭਾਰਤ ਵਿਚ ਅਨਾਜ ਦੀ ਡਾਢੀ ਕਮੀ ਸੀ ਅਤੇ ਸਰਕਾਰ ਵਿਦੇਸ਼ਾਂ ਤੋਂ ਅਨਾਜ ਮੰਗਵਾ ਰਹੀ ਸੀ। ਅੱਜ ਦੇਸ਼ ਵਿਚ ਅਨਾਜ ਦੀ ਇੰਨੀ ਪੈਦਾਵਾਰ ਹੈ ਕਿ ਇਸ ਨੂੰ ਭੰਡਾਰਨ ਲਈ ਸਰੋਤ ਨਹੀਂ ਹਨ। ਇਥੇ ਵਿਦੇਸ਼ਾਂ ਵਿਚ ਵੀ ਅਜਿਹੇ ਲੋਕ ਬੈਠੇ ਹਨ ਜੋ ਹਰ ਵਸਤੂ ਅਤੇ ਸੇਵਾ ਲਈ ਨਿੱਤ ਕਿਸੇ ਨਾ ਕਿਸੇ ਕਾਰਪੋਰੇਸ਼ਨ ਦੇ ਦਰਵਾਜ਼ੇ 'ਤੇ ਖੜ੍ਹੇ ਹੁੰਦੇ ਹਨ, ਅਵੱਲ ਤਾਂ ਕੰਮ ਹੀ ਕਿਸੇ ਕਾਰਪੋਰੇਸ਼ਨ ਲਈ ਕਰਦੇ ਹਨ ਜਾਂ ਆਪਣੀ ਕਾਰਪੋਰੇਸ਼ਨ ਬਣਾਈ ਬੈਠੇ ਹਨ ਪਰ ਭਾਰਤ 'ਚ ਕਾਰਪੋਰੇਸ਼ਨਾਂ ਦਾ ਵਿਰੋਧ ਕਰਦੇ ਹਨ। ਅਜੋਕੇ ਯੁੱਗ ਵਿਚ ਬਹੁਤੀਆਂ ਵੱਡੀਆਂ ਕਾਰਪੋਰੇਸ਼ਨਾਂ ਜੰਤਕ ਹਨ, ਭਾਵ ਲੋਕ ਉਨ੍ਹਾਂ ਦੇ ਹਿੱਸੇ ਖਰੀਦੀ ਬੈਠੇ ਹਨ ਅਤੇ ਹਰ ਰੋਜ਼ ਸਟਾਕ ਮਾਰਕੀਟਾਂ ਵਿਚ ਖਰਬਾਂ ਦੇ ਸ਼ੇਅਰ ਟਰੇਡ ਹੁੰਦੇ ਹਨ। ਵੱਡੇ ਇਨਵੈਸਟਰਾਂ ਦੇ ਨਾਲ ਨਾਲ 100-200 ਡਾਲਰ ਦੇ ਸ਼ੇਅਰ ਖਰੀਦਣ ਵਾਲੇ ਲੋਕ ਵੀ ਹਨ।

ਕਾਰਪੋਰੇਟ ਜਗਤ ਨੂੰ ਕੰਟਰੋਲ ਕਰਨ ਲਈ ਸਖ਼ਤ ਕਾਨੂੰਨ ਵੀ ਹਨ ਜਿਨ੍ਹਾਂ ਨਾਲ ਕਿਸੇ ਖੇਤਰ ਵਿਚ ਮਨਾਫੀ (ਇਜਾਰੇਦਾਰੀ) ਨਹੀਂ ਬਣਨ ਦਿੱਤੀ ਜਾਂਦੀ। 'ਫੇਅਰ ਕੰਪੀਟੀਸ਼ਨ' ਭਾਵ ਢੁਕਵਾਂ ਮੁਕਾਬਲਾ ਇਨ੍ਹਾਂ ਵਪਾਰਕ ਅਦਾਰਿਆਂ ਨੂੰ ਥਾਂ ਸਿਰ ਰੱਖਦਾ ਹੈ। ਅਗਰ ਇਕ ਸਟੋਰ ਵਿਚ ਟਮਾਟਰ ਪੰਜ ਡਾਲਰ ਨੂੰ ਕਿਲੋ ਹਨ ਅਤੇ ਕੁਝ ਕੁ ਬਲਾਕ ਦੂਰ ਦੂਜੇ ਸਟੋਰ ਵਿਚ ਢਾਈ ਡਾਲਰ ਨੂੰ ਕਿਲੋ ਹਨ ਤਾਂ ਗਾਹਕ ਕੀਮਤ ਤੇ ਗੁਣਵਤਾ ਦੇਖ ਕੇ ਖਰੀਦ ਕਰੇਗਾ।

ਭਾਰਤ ਸਰਕਾਰ ਨੇ 1955 ਵਾਲੇ 'ਜ਼ਰੂਰੀ ਵਸਤਾਂ' ਵਾਲੇ ਕਾਨੂੰਨ ਵਿਚ ਜੋ ਤਬਦੀਲੀਆਂ ਕੀਤੀਆਂ ਹਨ, ਉਨ੍ਹਾਂ ਤੋਂ ਬਿਨਾਂ ਖੇਤੀ ਸੈਕਟਰ ਵਿਚ ਪੂੰਜੀ ਨਿਵੇਸ਼ ਖਿੱਚਣਾ ਸੰਭਵ ਨਹੀਂ ਹੈ। ਕਿਸੇ ਫਸਲ ਨੂੰ ਮਾਰਕੀਟ ਤੱਕ ਪੁੱਜਦੀ ਕਰਨ ਵਾਸਤੇ ਇਸ ਦੀ ਢੋਆ ਢੁਆਈ, ਸਫਾਈ, ਗਰੇਡਿੰਗ, ਪੈਕਿੰਗ, ਸਟੋਰੇਜ ਅਤੇ ਮਾਰਕੀਟਿੰਗ ਦੀ ਲੋੜ ਹੈ। ਐਕਸਪੋਰਟ ਲਈ ਵੀ ਇਹ ਕਦਮ ਜ਼ਰੂਰੀ ਹਨ। ਅਜਿਹਾ ਤਦ ਹੀ ਹੋ ਸਕੇਗਾ, ਅਗਰ ਵਪਾਰੀ ਫਸਲ ਵੱਧ ਮਾਤਰਾ ਵਿਚ ਖਰੀਦ ਕੇ ਉਪਰੋਕਤ ਪਰਾਸੈੱਸ ਵਿਚੋਂ ਬੇਖੌਫ ਲੰਘ ਸਕੇਗਾ। ਇਸ ਨੂੰ ਥੋਕ ਦਾ ਵਪਾਰ ਵੀ ਕਿਹਾ ਜਾ ਸਕਦਾ ਹੈ ਜਿਸ ਵਿਚ ਖਰੀਦੋ-ਫਰੋਖਤ ਦੀ ਜਿੰਨੀ ਮਾਤਰਾ ਵੱਧ ਹੁੰਦੀ ਹੈ, ਪ੍ਰਤੀ ਯੂਨਿਟ ਓਨਾ ਖਰਚਾ ਘੱਟ ਹੋ ਜਾਂਦਾ ਹੈ। ਅੱਜ ਵੀ ਥੋਕ ਤੋਂ ਪ੍ਰਚੂਨ ਅਤੇ ਪ੍ਰਚੂਨ ਤੋਂ ਗਾਹਕ ਤੱਕ ਵਹਾ ਚੱਲਦਾ ਹੈ ਪਰ ਇਸ ਨੂੰ ਹੋਰ ਕੁਸ਼ਲ ਬਣਾਏ ਜਾਣ ਦੀ ਲੋੜ ਹੈ ਤਾਂ ਕਿ 'ਵੇਸਟੇਜ' ਘਟਾਈ ਜਾ ਸਕੇ ਅਤੇ ਘੱਟੋ-ਘੱਟ ਸਮੇਂ ਵਿਚ ਪੈਦਾਵਾਰ ਦੂਰ ਬਾਜ਼ਾਰ ਤੱਕ ਪਹੁੰਚਾਈ ਜਾ ਸਕੇ।

### ਤਬਦੀਲੀ ਕੁਦਰਤ ਦਾ ਅਸੂਲ ਹੈ

ਕਿਸੇ ਵੀ ਸੈਕਟਰ ਵਿਚ ਤਬਦੀਲੀ ਨੂੰ ਰੋਕਣਾ ਸੰਭਵ ਨਹੀਂ ਹੁੰਦਾ। ਸਮੇਂ ਨੇ ਆਪਣੀ ਚਾਲ ਚੱਲਦਿਆਂ ਕਈ ਕੁਝ ਬਦਲਿਆ ਹੈ ਅਤੇ ਕਈ ਕੁਝ ਬਦਲਦਾ ਜਾਣਾ ਹੈ। ਅਸੀਂ ਪਸੰਦ ਕਰੀਏ ਜਾਂ ਨਾ ਕਰੀਏ ਬਦਲਾਓ ਨੇ ਜਾਰੀ ਰਹਿਣਾ ਹੈ। ਰਹਿਣ-ਸਹਿਣ, ਖਾਣ-ਪੀਣ, ਖਰੀਦ-ਵੇਚ ਅਤੇ ਬੋਲ-ਚਾਲ ਵਿਚ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ।


10-12 ਸਾਲ ਪਹਿਲਾਂ ਸ਼ੁਰੂ ਹੋਈ ਊਬਰ ਨਾਮ ਦੀ ਕਥਿਤ ਟੈਕਸੀ ਸਰਵਿਸ ਅੱਜ ਸਾਰੇ ਸੰਸਾਰ ਵਿਚ ਫੈਲ ਗਈ ਹੈ ਅਤੇ ਇਸ ਕਿਸਮ ਦੀਆਂ ਹੋਰ ਕਈ ਕੰਪਨੀਆਂ ਉਗ ਪਈਆਂ ਹਨ ਜਿਨ੍ਹਾਂ ਕੋਲ ਇੱਕ ਵੀ ਟੈਕਸੀ ਕਾਰ ਨਹੀਂ ਹੈ ਪਰ ਹਰ ਰੋਜ਼ ਲੱਖਾਂ ਲੋਕਾਂ ਨੂੰ ਟੈਕਸੀ ਸਰਵਿਸ ਦੇ ਰਹੀਆਂ ਹਨ।

10-12 ਸਾਲ ਪਹਿਲਾਂ ਪੈਦਾ ਹੋਈ 'ਏਅਰ-ਬੀ-ਐਨ-ਬੀ' ਕੰਪਨੀ ਕੋਲ ਇੱਕ ਵੀ ਹੋਟਲ ਕਮਰਾ ਨਹੀਂ ਹੈ ਪਰ ਹਰ ਇਹ ਰੋਜ਼ ਸੰਸਾਰ ਭਰ ਵਿਚ ਲੱਖਾਂ ਲੋਕਾਂ ਨੂੰ ਘਰ ਅਤੇ ਕਮਰੇ ਕਿਰਾਏ ਉਤੇ ਦੇ ਰਹੀ ਹੈ। ਅਜਿਹੀਆਂ ਕੰਪਨੀਆਂ ਦਾ ਸਾਰਾ ਧੰਦਾ "ਐਪ ਰਾਹੀਂ ਵਿਚੋਲਗੀ" ਦਾ ਹੈ। ਇਹ ਬਹੁਤ ਵੱਡਾ ਧੰਦਾ ਕਰ ਰਹੀਆਂ ਹਨ। ਐਮਾਜ਼ੋਨ ਅਤੇ ਇਸ ਵਰਗੀਆਂ ਹੋਰ ਕੰਪਨੀਆਂ ਪੈਦਾ ਹੋ ਗਈਆਂ ਹਨ। ਤਬਦੀਲੀ ਬਹੁਤ ਤੇਜ਼ੀ ਨਾਲ ਆ ਰਹੀ ਹੈ ਪਰ ਜ਼ਰੂਰੀ ਨਹੀਂ ਹੈ ਕਿ ਹਰ ਤਬਦੀਲੀ ਲਾਹੇਵੰਦ ਹੋਵੇ। ਜੋ ਤਬਦੀਲੀ ਪਰਖ ਵਿਚ ਕਾਮਯਾਬ ਨਾ ਹੋਈ ਉਹ ਖਤਮ ਹੋ ਜਾਵੇਗੀ। ਸਮੇਂ ਦੇ ਵਹਾ ਨੂੰ ਰੋਕਣ ਦੇ ਸੁਪਨੇ ਲੈਣ ਨਾਲੋਂ ਤਬਦੀਲੀ ਨੂੰ ਨਿਯਮਬੱਧ ਕਰਨ ਦੇ ਯਤਨ ਵੱਧ ਲਾਹੇਮੰਦ ਰਹਿਣਗੇ।

# ਸਿਆਸਤ ਵਿਚ ਘਿਰਿਆ ਕਿਸਾਨੀ ਅੰਦੋਲਨ, ਸਿੱਖ ਬੁੱਧੀਜੀਵੀ ਅਤੇ ਮਾਲਵਿੰਦਰ ਸਿੰਘ ਮਾਲੀ

***ਅੱਜਕੱਲ੍ਹ ਭਾਰਤ ਅੰਦਰ ਲੜਿਆ ਜਾ ਰਿਹਾ ਕਿਸਾਨ ਅੰਦੋਲਨ ਇਸ ਕਰ ਕੇ ਵੀ ਮਿਸਾਲੀ ਅਤੇ ਇਤਿਹਾਸਕ ਹੈ ਕਿ ਇਸ ਅੰਦਰ ਵੱਖ-ਵੱਖ ਧਿਰਾਂ ਦੀ ਸ਼ਮੂਲੀਅਤ ਹੈ। ਇਨ੍ਹਾਂ ਵਿਚੋਂ ਇਕ ਮੁੱਖ ਧਿਰ ਤਾਂ ਉਹ ਹੈ, ਜੋ ਇਸ ਅੰਦੋਲਨ ਦੀ ਅਗਵਾਈ ਕਰ ਰਹੀ ਹੈ। ਬਾਕੀ ਸਭ ਉਹ ਧਿਰਾਂ ਹਨ, ਜੋ ਵੱਖ-ਵੱਖ ਰੂਪ ਵਿਚ ਇਸ ਅੰਦੋਲਨ ਵਿਚ ਸਰਗਰਮ ਹਨ ਅਤੇ ਆਪੋ-ਆਪਣਾ ਪ੍ਰਵਚਨ ਅੱਗੇ ਲਿਜਾਣ ਦਾ ਸਿਰਤੋੜ ਯਤਨ ਕਰ ਰਹੀਆਂ ਹਨ। ਸਿੱਖ ਵਿਦਵਾਨ ਬਲਕਾਰ ਸਿੰਘ ਨੇ ਇਸ ਸਮੁੱਚੇ ਹਾਲਾਤ ਬਾਰੇ ਪੁਣਛਾਣ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਨੇ ਇਸ ਲੇਖ ਵਿਚ ਉਨ੍ਹਾਂ ਬੰਦਿਆਂ ਦੀ ਸ਼ਨਾਖਤ ਵੀ ਕੀਤੀ ਹੈ ਜੋ ਜਾਣਬੱਝ ਕੇ ਅੰਦੋਲਨ ਨੂੰ ਇਕ ਖਾਸ ਮੋੜਾ ਦੇਣਾ ਚਾਹ ਰਹੇ ਹਨ। -ਸੰਪਾਦਕ***

ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜਿੰਨਾ ਕੁਝ ਆ ਰਿਹਾ ਹੈ, ਉਸ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ ਕਿ ਕਿਸਾਨੀ ਅੰਦੋਲਨ ਨੂੰ ਜਿਸ ਤਰ੍ਹਾਂ ਸਿਆਸੀ ਰੰਗਾਂ ਵਿਚ ਸਮਝਣ ਦੇ ਯਤਨ ਹੋ ਰਹੇ ਹਨ, ਉਸ ਤਰ੍ਹਾਂ ਇਸ ਦੀ ਲੋੜੀਂਦੀ ਪ੍ਰਸੰਗਕ ਉਸਾਰੀ ਨਹੀਂ ਹੋ ਰਹੀ। ਇਸੇ ਕਰ ਕੇ ਅੰਦੋਲਨ ਦੇ ਹਮਾਇਤੀ ਅਤੇ ਵਿਰੋਧੀ ਆਪੋ-ਆਪਣੇ ਰਾਹ 'ਤੇ ਸਰਪਟ ਭੱਜੇ ਜਾ ਰਹੇ ਹਨ। ਅੰਦੋਲਨ ਦੀ ਸ਼ਾਨ ਇਹ ਹੈ ਕਿ ਇਸ ਘੜਮੱਸ ਵਿਚ ਵੀ ਇਹ ਆਪਣੀ ਚਾਲੇ ਚੱਲ ਰਿਹਾ ਹੈ। ਮੇਰੇ ਸਾਹਮਣੇ ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ ਅਤੇ ਹਜ਼ਾਰਾ ਸਿੰਘ ਦੇ 20 ਅਤੇ 27 ਫਰਵਰੀ ਨੂੰ ਪੰਜਾਬ ਟਾਈਮਜ਼ ਵਿਚ ਛਪੇ ਲੇਖ ਹਨ ਅਤੇ ਇਨ੍ਹਾਂ ਵਿਚ ਅਜਮੇਰ ਸਿੰਘ ਅਤੇ ਮਾਲਵਿੰਦਰ ਸਿੰਘ ਮਾਲੀ ਹਵਾਲੇ ਵਜੋਂ ਸ਼ਾਮਲ ਹਨ।



ਬਲਕਾਰ ਸਿੰਘ

ਇਹ ਠੀਕ ਹੈ ਕਿ ਕਿਸਾਨੀ ਅੰਦੋਲਨ ਨੂੰ ਸਮਝਣ ਦੇ ਯਤਨਾਂ ਵਿਚ ਸਿਆਸੀ ਸ਼ਿਕੰਜਿਆਂ ਵਿਚ ਕੱਸ ਕੇ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹੋ ਰਹੀਆਂ ਹਨ। ਇਸ ਅੰਦੋਲਨ ਦੀ ਸ਼ੁਰੂਆਤ ਇਸ ਕਰ ਕੇ ਸ਼ਿਕੰਜਾ ਮੁਕਤ ਕਹੀ ਜਾ ਸਕਦੀ ਹੈ, ਕਿਉਂਕਿ ਇਸ ਦੀ ਪ੍ਰਧਾਨ ਸੁਰ ਵਿਚ ਕਾਮਰੇਡੀ ਰੰਗ ਵਾਲੀ ਪ੍ਰਬੰਧਕੀ ਕੁਸ਼ਲਤਾ ਅਤੇ ਸਿੱਖ ਜਜ਼ਬਾ ਕਰਿੰਘੜੀ ਪਾ ਕੇ ਤੁਰ ਰਹੇ ਸਨ/ਹਨ ਅਤੇ ਸ਼ੰਭੂ ਬਾਰਡਰ ਵਰਗੀਆਂ ਸੁਰਾਂ ਵੀ ਇਸ ਦਾ ਰਾਹ ਨਹੀਂ ਰੋਕ ਸਕੀਆਂ ਸਨ। ਹਰਿਆਣਵੀਂ ਹੁੰਗਾਰੇ ਨਾਲ ਇਹ ਅੰਦੋਲਨ ਪੰਜਾਬੀ ਅਤੇ ਸਿੱਖ ਘੇਰੇ (ਸਪੈਸਿਫਿਕ) ਵਿਚੋਂ ਨਿਕਲ ਕੇ ਕੌਮੀ ਅੰਦੋਲਨ ਵਾਲੇ ਰਾਹ ਪੈ ਗਿਆ ਸੀ ਅਤੇ ਰਾਕੇਸ਼ ਟਿਕੈਤ ਦੀ ਸ਼ਮੂਲੀਅਤ ਨਾਲ ਇਹੀ ਲੋਕ ਅੰਦੋਲਨ ਹੁੰਦਾ ਚਲਾ ਗਿਆ ਹੈ। ਜਿਵੇਂ-ਜਿਵੇਂ ਇਹ ਅੰਦੋਲਨ ਸਿਆਸੀ ਸ਼ਿਕੰਜਿਆਂ ਤੋਂ ਮੁਕਤ ਹੋ ਕੇ ਪਹਿਲਾਂ ਰਾਸ਼ਟਰੀ ਅਤੇ ਫਿਰ ਅੰਤਰਰਾਸ਼ਟਰੀ ਹੁੰਦਾ ਗਿਆ ਹੈ, ਤਿਵੇਂ-ਤਿਵੇਂ ਧਰਮ ਅਤੇ ਕੱਟੜ ਸਿਧਾਂਤਕੀ ਦੇ ਨਾਮ 'ਤੇ ਕੀਤੀ ਜਾਣ ਵਾਲੀ ਸਿਆਸਤ ਹਾਸ਼ੀਏ 'ਤੇ ਖਿਸਕਣੀ ਸ਼ੁਰੂ ਹੋ ਗਈ ਸੀ।

ਇਸ ਦੇ ਫਿਕਰ ਦਾ ਸ਼ਿਕਾਰ ਭਾਜਪਾਈ ਅਤੇ ਖਾੜਕੂ ਸਿਆਸਤ ਸਾਰਿਆਂ ਨਾਲੋਂ ਵੱਧ ਹੁੰਦੀ ਨਜ਼ਰ ਆਉਣ ਲੱਗ ਪਈ ਸੀ। ਦੋਹਾਂ ਦੇ ਨਿਸ਼ਾਨੇ 'ਤੇ ਕਾਮਰੇਡੀ ਸਿਆਸਤ ਆਉਣ ਲੱਗ ਪਈ ਸੀ। ਭਾਜਪਾਈਆਂ ਵਾਸਤੇ ਇਹ ਕਿਸਾਨੀ ਅੰਦੋਲਨ ਦੇ ਸਿਆਸੀ ਅਪਹਰਨ ਵਾਂਗ ਸੀ ਅਤੇ ਖੱਬੀਆਂ-ਸੱਜੀਆਂ ਖਾੜਕੂ ਧਿਰਾਂ ਅਤੇ ਉਨ੍ਹਾਂ ਦੇ ਰੰਗ-ਬਰੰਗੇ ਬੁਲਾਰਿਆਂ ਵਾਸਤੇ ਕਿਸਾਨੀ ਲੀਡਰਸ਼ਿਪ ਦਾ ਨੈਤਿਕ ਸਾਹਸ ਤੋਂ ਮਹਿਰੂਮ ਹੋਣਾ ਅਤੇ ਕੂਟਨੀਤਕ ਸੁਜੱਗਤਾ ਤੋਂ ਕੋਰੀ ਹੋਣਾ ਸੀ। ਦੋਹਾਂ ਨੂੰ ਆਪੋ-ਆਪਣੇ ਰੰਗ ਵਿਚ ਸਿਆਸਤ ਕਰਨ ਦਾ ਮੌਕਾ 26 ਜਨਵਰੀ ਨੂੰ ਟਰੈਕਟਰ ਰੈਲੀ ਵਾਲੇ ਦਿਨ ਮਿਲ ਗਿਆ ਸੀ। ਇਸ ਨਾਲ ਕਿਸਾਨੀ ਅੰਦੋਲਨ ਨੂੰ ਸਮਝਣ ਅਤੇ ਮਹਿਸੂਸ ਕਰਨ ਵਲੋਂ ਧਿਆਨ ਭਟਕਣ ਲੱਗ ਪਿਆ ਸੀ। ਸਮਝਦੇ ਅਤੇ ਮਹਿਸੂਸ ਕਰਦੇ ਤਾਂ ਪਤਾ ਲੱਗਣਾ ਸੀ ਕਿ ਅੰਦੋਲਨ ਦੀ ਪ੍ਰਬੰਧਕੀ ਕੁਸ਼ਲਤਾ ਅਤੇ ਕਿਸਾਨੀ ਦਾ ਵਿਰਾਸਤੀ ਜਲੌਅ ਇਕਸੁਰ ਹੋ ਕੇ ਕਿਸਾਨੀ ਬਿਰਤਾਂਤ ਵਿਚ ਢਲ ਚੁਕਾ ਸੀ। ਇਸ ਦਾ ਆਗਾਜ਼ ਪੰਜਾਬ ਵਿਚ ਹੋਣ ਕਰ ਕੇ ਨਿਰਸੰਦੇਹ ਗੁਰੂ ਦੇ ਨਾਮ 'ਤੇ ਜਾਣੀ ਜਾਣ ਵਾਲੀ ਪੂਰਨ ਸਿੰਘੀ ਪੰਜਾਬੀਅਤ ਹੋ ਗਿਆ ਸੀ। ਦਿੱਲੀ ਦੇ ਬਾਰਡਰਾਂ ਤੱਕ ਪਹੁੰਚ ਕੇ ਇਸ ਦੇ ਉਹੀ ਰੰਗ ਪਰਵਾਨ ਹੋਏ ਸਨ ਜਿਹੜੇ ਪ੍ਰਾਪਤ ਸਿਆਸੀ ਸ਼ਿਕੰਜਿਆਂ ਤੋਂ ਮੁਕਤ ਹੋ ਕੇ ਖਿੜਦੇ ਰਹੇ ਸਨ। ਇਸ ਵਿਚੋਂ ਸਰਬੱਤ ਦੇ ਭਲੇ ਵਾਲਾ ਮੁਹੱਬਤੀ ਰਾਜਨੀਤੀ ਦਾ ਉਹ ਰੰਗ ਪੈਦਾ ਹੋ ਰਿਹਾ ਸੀ ਜਿਸ ਤੋਂ ਵਰਤਮਾਨ ਭਾਰਤੀ ਸਿਆਸਤ ਦੇ ਸਾਰੇ ਰੰਗ ਦੂਰ ਹੋ ਚੁਕੇ ਸਨ/ਹਨ। ਇਸ ਅੰਦੋਲਨ ਰਾਹੀਂ ਸੰਗਤੀ ਰੰਗ ਵਿਚ ਜਿਸ ਤਰ੍ਹਾਂ ਦਾ ਮਾਨਵੀ ਵਹਾਅ ਕਿਸਾਨ ਅੰਦੋਲਨ ਰਾਹੀਂ ਵਹਿਣ ਲੱਗ ਪਿਆ ਹੈ, ਉਸ ਨਾਲ ਹਰ ਕਿਸਮ ਦਾ ਸਿਆਸਤਦਾਨ ਬੁਰੀ ਤਰ੍ਹਾਂ ਭਮੰਤਰਿਆ ਗਿਆ ਹੈ। ਅੰਦੋਲਨ ਨੂੰ ਸਿਆਸੀ ਗਿਣਤੀਆਂ-ਮਿਣਤੀਆਂ ਨਾਲ ਨਜਿਠਨ ਦੇ ਚਾਹਵਾਨ ਬੁਖਲਾਏ ਹੋਏ ਦੇਖੇ ਜਾ ਸਕਦੇ ਹਨ।

ਜੋ ਕੋਸ਼ਿਸ਼ਾਂ 26 ਜਨਵਰੀ ਨੂੰ ਲੈ ਕੇ ਗਿਣ-ਮਿਥ ਕੇ ਸ਼ੁਰੂ ਹੋਈਆਂ ਸਨ, ਉਹ ਇਕ ਵਾਰ ਬੇਲੋੜੀਆਂ, ਬੇਥਵੀਆਂ ਅਤੇ ਖੋਖਲੀਆਂ ਲੱਗਣ ਲੱਗ ਪਈਆਂ ਹਨ। 25 ਜਨਵਰੀ ਦੀ ਰਾਤ ਅਤੇ 26 ਦੀ ਸਵੇਰ ਨੂੰ ਲੈ ਕੇ ਜੋ ਕੁਝ ਕਿਹਾ ਜਾ ਰਿਹਾ ਹੈ, ਉਸ ਦੇ ਵਿਸਥਾਰ ਵਿਚ ਜਾਏ ਬਿਨਾ ਅਗੇ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਕਿਸੇ ਵੀ ਰੰਗ ਦੀ ਇੱਛਤ ਰਾਜਨੀਤੀ ਨਾਲ ਅੰਦੋਲਨ ਨੂੰ ਅੰਦਰੋਂ ਕਮਜ਼ੋਰ ਕਰ ਕੇ ਕੁੱਟਣ ਦੀ ਰਾਜਨੀਤੀ ਪੰਜਾਬ ਦੇ ਕਿਸਾਨ ਆਗੂਆਂ ਦੇ ਸਿਰ ਗੁਰੂ ਦੀ ਮਿਹਰ ਸਦਕਾ ਫੇਲ੍ਹ ਹੋ ਚੁਕੀ ਹੈ। ਗੋਦੀ ਮੀਡੀਆ ਦੀ ਕਾਵਾਂਰੌਲੀ ਨੂੰ ਸਮਝਣ ਲਈ ਜੱਟ ਅਤੇ ਕੁੱਤੀ ਦੀ ਕਹਾਣੀ ਸੁਣੋ। ਜੱਟ ਦੀ ਕੁੱਤੀ ਬੀਨ ਵਾਲੇ ਨੂੰ ਦੇਖ ਕੇ ਬਹੁਤ ਭੌਂਕਦੀ ਸੀ। ਜੱਟ ਬੀਨ ਵਾਲੇ ਨੂੰ ਸਵੇਰੇ ਹੀ ਮੂੰਹ ਮੰਗੇ ਦਾਨਿਆਂ ਤੋਂ ਦੁੱਗਣੇ ਦੇ ਕੇ ਦਰਵਾਜ਼ੇ ਅੱਗੇ ਬੀਨ ਵਜਾਉਣ ਲਈ ਬਿਠਾ ਕੇ ਖੇਤ ਚਲਿਆ ਗਿਆ। ਜਦੋਂ ਉਹ ਸ਼ਾਮ ਨੂੰ ਮੁੜਿਆ ਤਾਂ ਬੁਰੀ ਤਰ੍ਹਾਂ ਘਰਕੀ ਹੋਈ ਕੁੱਤੀ ਸਾਹ ਲੈ-ਲੈ ਕੇ ਮਸਾਂ ਬਹੂੰ-ਬਹੂੰ ਕਰਦੀ ਸੀ। ਸਾਫ ਨਜ਼ਰ ਆਉਂਦਾ ਹੈ ਕਿ ਗੋਦੀ ਮੀਡੀਏ ਦਾ ਕਿਸਾਨੀ ਅੰਦੋਲਨ ਇਹੀ ਹਾਲ ਕਰ ਰਿਹਾ ਹੈ।

ਜਿਹੜੀਆਂ ਪ੍ਰਾਪਤੀਆਂ ਇਹ ਅੰਦੋਲਨ ਕਰ ਚੁਕਿਆ ਹੈ, ਉਸ ਨਾਲ ਪੰਜਾਬੀ ਰਾਜਨੀਤੀ ਦੇ ਸਿਰੋਂ ਲੱਥੀ ਪੱਗ ਨੂੰ ਜਿਵੇਂ ਕਿਸਾਨ ਅੰਦੋਲਨ ਨੇ ਪੰਜਾਬੀਆਂ ਦੇ ਸਿਰ 'ਤੇ ਟਿਕਾਇਆ ਹੈ, ਉਸ ਦੀਆਂ ਅੰਤਰ-ਧੁਨੀਆਂ ਪੰਜਾਬੀ ਚੇਤਨਾ ਦੇ ਸਿਰ ਚੜ੍ਹ ਕੇ ਬੋਲਣ ਲੱਗ ਪਈਆਂ ਹਨ। ਇਸ ਨਾਲ ਇਹ ਸਮਝ ਆਉਣ ਲੱਗ ਪਿਆ ਹੈ ਕਿ ਗੁਰੂ ਚਿੰਤਨ ਨਾਲ ਪੰਜਾਬ ਦੀ ਭੋਇੰ ਵਿਚ ਜੋ ਬੀਜਿਆ ਗਿਆ ਸੀ, ਉਹ ਲੋੜੀਂਦੇ ਰੰਗ ਵਿਚ ਕਿਸਾਨ ਅੰਦੋਲਨ ਰਾਹੀਂ ਪੁੰਗਰਦਾ ਨਜ਼ਰ ਆਉਣ ਲੱਗ ਪਿਆ ਹੈ। ਭਾਜਪਾਈਆਂ ਦੀ ਰਾਸ਼ਟਰਵਾਦੀ ਸਿਆਸਤ ਦੀਆਂ ਵਧੀਕੀਆਂ ਅਤੇ ਇਲਜ਼ਾਮਾਂ ਦਾ ਜਵਾਬ ਹੀ ਕਿਸਾਨ ਅੰਦੋਲਨ ਹੋ ਗਿਆ ਹੈ। ਸਿਧਾਂਤਕੀਆਂ ਦੇ ਘੜਮੱਸ ਨਾਲ ਪੈਦਾ ਹੋਈ ਤਪਸ਼ ਵਿਚ ਖਿੜ ਰਹੇ ਮੁਹੱਬਤੀ ਨੈਤਿਕਤਾ ਦੇ ਫੁੱਲ ਨੂੰ ਸੁਤੇ ਪ੍ਰਾਪਤੀ ਦੇ ਤੋਹਫੇ ਵਾਂਗ ਸੰਭਾਲੇ ਜਾਣ ਦੀ ਲੋੜ ਦੇ ਰਾਹ ਵਿਚ ਸਿਆਸਤ ਨੂੰ ਨਹੀਂ ਆਉਣ ਦੇਣਾ ਚਾਹੀਦਾ। ਕਿਸਾਨੀ ਅੰਦੋਲਨ ਦੇ ਕੋਮਲ ਉਸਾਰ ਦੀਆਂ ਪਹਿਲ-ਤਾਜ਼ਗੀਆਂ ਨੂੰ ਵਾੜ ਵਿਹੂਣੀ ਖੇਤੀ ਵਾਂਗ ਸੰਭਾਲਣ ਵਾਸਤੇ ਰਾਜਨੀਤੀ ਕਿਸੇ ਕੰਮ ਨਹੀਂ ਆਉਣੀ। ਪੰਜਾਬੀ ਮਾਨਸਿਕਤਾ, ਉਲਾਰ ਸਰੋਕਾਰਾਂ ਨਾਲ ਭਿੜ ਕੇ ਸਾਂਝੀ ਸਮਝ ਵਾਲੇ ਪੈਂਤੜੇ ਨਿਖਾਰਦੀ ਅਤੇ ਸਥਾਪਤ ਕਰਦੀ ਰਹੀ ਹੈ ਅਤੇ ਕਿਸਾਨ ਅੰਦੋਲਨ ਕਿਸੇ ਨਾ ਕਿਸੇ ਰੂਪ ਵਿਚ ਇਸੇ ਦਾ ਸ਼ਾਹਦ ਹੋ ਗਿਆ ਹੈ।

ਵਰਤਮਾਨ ਸਿਆਸੀ ਭੇੜ ਵਿਚੋਂ ਇਸ ਨੂੰ ਬਚਾ ਕੇ ਰੱਖਣ ਵਾਸਤੇ ਪੰਜਾਬੀ ਚੇਤਨਾ ਵਿਚ ਪਰਵੇਸ਼ ਕਰ ਗਈ ਰਾਜਨੀਤੀ ਨੂੰ ਪੈਰ ਰੋਕ ਕੇ ਸੋਚਣਾ ਚਾਹੀਦਾ ਹੈ ਕਿ ਜਿੰਨੀ ਕੀਮਤ ਰਾਜਨੀਤੀ ਵਾਸਤੇ ਦੇ ਚੁਕੇ ਹਾਂ, ਉਸ ਨਾਲ ਪ੍ਰਾਪਤ ਕੀ ਹੋਇਆ? ਸੋਚਾਂਗੇ ਤਾਂ ਸਮਝ ਸਕਾਂਗੇ ਕਿ ਅਜ਼ਮਾਈ ਹੋਈ ਸਿਆਸਤ ਤੋਂ ਪਾਰ ਜਾ ਕੇ ਅਤੇ ਵਿਰਾਸਤੀ ਸੁਰ ਵਿਚ ਚੁਫੇਰੇ ਖਿਲਰੀਆਂ ਅੰਤਰ-ਦ੍ਰਿਸ਼ਟੀਆਂ ਨੂੰ ਨਾਲ ਲੈ ਕੇ ਹੀ ਵਰਤਮਾਨ ਅੰਦੋਲਨ ਦੀ ਸਫਲਤਾ ਵਿਚ ਹਿੱਸਾ ਪਾਇਆ ਜਾ ਸਕਦਾ ਹੈ। ਕਿਸਾਨੀ ਅੰਦੋਲਨ ਵਿਚ ਇਹੋ ਜਿਹੀਆਂ ਸੁਰਾਂ ਕਲਾਕਾਰਾਂ ਰਾਹੀਂ 'ਬਰਸੇ ਕੋਈ ਨੂਰ ਇਲਾਹੀ ਦਿੱਲੀ ਦੇ ਬਾਡਰ 'ਤੇ' ਵਾਂਗ ਗੂੰਜਦੀਆਂ ਰਹੀਆਂ ਹਨ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿਆਸੀ ਹਿੰਢ ਅਤੇ ਪੰਜਾਬੀ ਸਬਰ ਵਿਚਕਾਰ ਛਿੜੇ ਹੋਏ ਇਸ ਯੁੱਧ ਵਿਚੋਂ 'ਨਿਤਰੂ ਵੜੇਵੇਂ ਖਾਣੀ'।

ਇਸ ਦ੍ਰਿਸ਼ਟੀ ਤੋਂ ਪੰਥਕ ਸਿਆਸਤ ਦੇ ਨਾਮ ਹੇਠ ਜਿਸ ਤਰ੍ਹਾਂ ਕਰਮਜੀਤ ਸਿੰਘ 'ਦਰਦ ਫਿਰ ਜਾਗਾ ਜ਼ਖਮ ਤਾਜ਼ਾ ਹੂਆ' ਰਾਹੀਂ ਖਾਲਿਸਤਾਨੀ ਉਦਰੇਵੇਂ ਨੂੰ ਜ਼ਬਾਨ ਦੇ ਰਿਹਾ ਹੈ, ਉਹ ਕਿਸਾਨੀ ਅੰਦੋਲਨ ਦੇ ਹੱਕ ਵਿਚ ਨਹੀਂ ਭੁਗਤਦਾ ਕਿਉਂਕਿ ਉਸੇ ਦੀ ਜ਼ਬਾਨ ਵਿਚ 'ਦੁਸ਼ਮਣਾਂ ਦੇ ਬਿਰਤਾਂਤ ਨਾਲ ਹੀ ਕਿਤੇ ਅਚੇਤ ਤੇ ਕਿਤੇ ਸੁਚੇਤ ਰੂਪ ਵਿਚ ਮਿਲ ਗਿਆ (ਰਿਹਾ) ਹੈ'। ਕੌਣ ਪੁੱਛੇ ਕਿ ਇਸ ਬੇਲੋੜੇ ਵਿਰਲਾਪ ਦਾ ਕਿਸਾਨੀ ਅੰਦੋਲਨ ਨਾਲ ਕੀ ਸਬੰਧ ਹੈ? ਜਸਪਾਲ ਸਿੰਘ ਸਿੱਧੂ ਨੇ ਜਿਸ ਤਰ੍ਹਾਂ ਬੁਲੰਦ ਸੁਰ ਵਿਚ ਵਾਸਤਾ ਪਾਉਂਦਿਆਂ 'ਕੋਈ ਅਕਲ ਦਾ ਕਰੋ ਇਲਾਜ ਯਾਰੋ' ਰਾਹੀਂ ਕਿਸਾਨੀ ਅੰਦੋਲਨ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਉਹ ਸ਼ਲਾਘਾਯੋਗ ਹੈ। ਉਸ ਨੇ 'ਸਿੱਖੀ ਕਾਰਡ ਵਰਤ ਕੇ ਸਿਆਸੀ ਮਲਾਈ ਖਾਣ' ਵਾਲੀ ਸਿਆਸਤ ਦੇ ਮੁਦੱਈਆਂ ਵਾਸਤੇ ਸਵਾਲ ਖੜ੍ਹਾ ਕੀਤਾ ਹੈ। ਸ. ਹਜ਼ਾਰਾ ਸਿੰਘ ਮਿਸੀਸਾਗਾ ਨੂੰ ਪੰਥਕ ਸਿਆਸਤ 'ਕਿਸਾਨੀ ਬਿਰਤਾਂਤ ਨੂੰ ਗੁਮਰਾਹ ਕਰਨ ਦਾ ਰੁਦਨ' ਨਾਲ ਇਹ ਤਾਂ ਸਮਝ ਆ ਜਾਣਾ ਚਾਹੀਦਾ ਹੈ ਕਿ ਸਿੱਖ ਸਿਆਸਤ ਦੇ ਪੈਰੋਂ ਜਿਸ ਤਰ੍ਹਾਂ ਦਾ ਨੁਕਸਾਨ ਸਿੱਖੀ ਅਤੇ ਸਿੱਖ ਸੰਸਥਾਵਾਂ ਦਾ ਹੋ ਰਿਹਾ ਹੈ, ਉਸ ਤੋਂ ਕਿਸਾਨੀ ਅੰਦੋਲਨ ਨੂੰ ਕੋਈ ਆਸ ਨਹੀਂ ਰਖਣੀ ਚਾਹੀਦੀ ਅਤੇ ਬਚ ਕੇ ਚਲਣਾ ਚਾਹੀਦਾ ਹੈ। ਅਜਮੇਰ ਸਿੰਘ ਦੇ ਨਿਰੰਤਰ ਪ੍ਰਵਚਨਾਂ ਨਾਲ ਜਿਹੋ ਜਿਹੀ ਸਿਆਸਤ ਬੀਜਣ ਦੀ ਕੋਸ਼ਿਸ਼ ਹੋ ਰਹੀ ਹੈ, ਉਸ ਨੂੰ ਮਾਲਵਿੰਦਰ ਸਿੰਘ ਮਾਲੀ ਅੰਦਰਲੇ ਭੇਤੀ ਵਾਂਗ ਨੰਗਾ ਕਰਨ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਹੈ। ਇਸ ਪ੍ਰਥਾਏ ਮੈਨੂੰ ਤਾਂ ਇਹ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਹੈ ਕਿ ਜਿਥੇ ਅਜਮੇਰ ਸਿੰਘ ਨੇ ਆਪਣੇ ਪ੍ਰਵਚਨਾਂ ਰਾਹੀਂ ਮੋਰਚੇ ਦੀ ਲੀਡਰਸ਼ਿਪ ਦੀ ਸਾਖ 'ਤੇ ਪੂਰੀ ਤਰ੍ਹਾਂ ਜੱਚ ਕੇ ਦਾਤੀ ਫੇਰੀ ਹੈ, ਉਥੇ ਮਾਲਵਿੰਦਰ ਨੇ ਮੋਰਚੇ ਦੇ ਪ੍ਰਵਚਨ ਦੀ ਸੁਚੀ ਸੁਰ ਦੀ ਤਕੜਾ ਹੋ ਕੇ ਰਾਖੀ ਕੀਤੀ ਹੈ। ਕਿਹਾ ਜਾ ਸਕਦਾ ਹੈ ਕਿ ਅਜਿਹਾ ਕਰਦਿਆਂ ਮਾਲੀ ਪੰਜਾਬ ਦੀ ਕਿਰਸਾਣੀ ਦੇ ਉਜਾੜੇ ਦੇ ਨਹਿਸ ਪ੍ਰਛਾਵੇਂ ਹੇਠ ਆਏ ਖੇਤ ਦੀ ਮੋਹਖੋਰ ਮਾਲੀ ਵਾਂਗ ਪੈਰ-ਪੈਰ 'ਤੇ ਹਰ ਤਰ੍ਹਾਂ ਦੇ ਦੋਖੀਆਂ ਤੋਂ ਰਾਖੀ ਕਰਦਾ ਨਜ਼ਰ ਆਇਆ ਹੈ ਪਰ ਅਜਮੇਰ ਦੀ ਮਸੀਹੀ ਸੁਰ ਨੇ ਅਜ ਤਕ ਨਾ ਕਿਸੇ ਦੀ ਪਰਵਾਹ ਕੀਤੀ ਹੈ ਅਤੇ ਨਾ ਹੀ ਕਰਨੀ ਹੈ ਕਿਉਂਕਿ ਉਸ ਦੀ ਆਪਣੀ ਕਲਪਿਤ ਰਾਜਨੀਤੀ ਮੁਤਾਬਿਕ ਉਹ ਸੰਘੀਆਂ ਦੇ ਮੋਦੀ ਵਾਂਗ ਗਰਮਦਲੀ ਸਿੱਖਾਂ ਦਾ ਮੋਦੀ ਬਣ ਚੁੱਕਾ ਹੈ। ਇਸ ਦੇ ਵਿਸਥਾਰ ਵਿਚ ਜਾਏ ਬਿਨਾ (ਲੋੜ ਪੈਣ 'ਤੇ ਵਿਸਥਾਰ ਵਿਚ ਜਾਇਆ ਵੀ ਜਾ ਸਕਦਾ ਹੈ) ਕਹਿਣਾ ਇਹ ਚਾਹ ਰਿਹਾ ਹਾਂ ਕਿ ਕਿਸਾਨੀ ਅੰਦੋਲਨ ਨਾਲ ਸਿਆਸੀ ਸੁਰ ਵਿਚ ਨਜਿਠਣ ਦੀ ਲੋੜ ਅਤੇ ਨੀਤੀ ਭਾਜਪਾਈਆਂ ਦੀ ਸੀ/ਹੈ।

ਗੋਦੀ ਮੀਡੀਆ ਸਿਆਸੀ ਪ੍ਰਤੀਨਿਧਾਂ ਨੂੰ ਜਿਸ ਤਰ੍ਹਾਂ ਛਿਤਰੋ-ਛਿਤਰੀ ਕਰਾ ਰਿਹਾ ਹੈ, ਉਸ ਵਿਚ ਉਲਝਣ ਤੋਂ ਸਿੱਖ ਸਿਆਸਤਦਾਨਾਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਹਵਾਲੇ ਵਿਚਲੇ ਟਿਪਣੀਕਾਰਾਂ ਨੂੰ ਵੀ ਇਹੀ ਮਸ਼ਵਰਾ ਹੈ ਕਿ ਜੋ ਕਿਸਾਨੀ ਅੰਦੋਲਨ ਦੇ ਹੱਕ ਵਿਚ ਨਹੀਂ ਭੁਗਤਦਾ, ਉਹ ਨਹੀਂ ਕਰਨਾ ਚਾਹੀਦਾ, ਕਿਉਂਕਿ ਜੋ ਕਿਸਾਨੀ ਅੰਦੋਲਨ ਦੇ ਹੱਕ ਵਿਚ ਨਹੀਂ ਭੁਗਤਦਾ, ਉਹ ਕਿਸੇ ਨਾ ਕਿਸੇ ਰੂਪ ਵਿਚ ਭਾਜਪਾਈਆਂ ਦੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ? ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਕੁਝ ਕਰਨ ਲਈ ਆਪਣੀ ਪੂਰੀ ਵਾਹ ਲਾਉਣੀ ਵੀ ਹੈ। ਕਿਸਾਨੀ ਲੀਡਰਸ਼ਿਪ ਜਿਥੋਂ ਤੱਕ ਅੰਦੋਲਨ ਨੂੰ ਲੈ ਆਈ ਹੈ, ਇਸ ਨੂੰ ਇਸੇ ਸੁਰ ਵਿਚ ਪ੍ਰਚੰਡ ਰੱਖਣ ਦੀ ਲੋੜ ਹੈ। ਇਸ ਵਾਸਤੇ ਸਿਆਣਪਾਂ ਅਤੇ ਕੂਟਨੀਤੀਆਂ ਪਹਿਲਾਂ ਵੀ ਕਿਸੇ ਕੰਮ ਨਹੀਂ ਆਈਆਂ ਅਤੇ ਅੱਗੋਂ ਵੀ ਕਿਸੇ ਕੰਮ ਆਉਂਦੀਆਂ ਨਹੀਂ ਲੱਗਦੀਆਂ।

ਭਾਜਪਾਈ ਏਜੰਡੇ ਵਿਚ ਮੁਸਲਮਾਨਾਂ ਤੋਂ ਬਾਅਦ ਕਾਮਰੇਡ ਅਤੇ ਸਿੱਖ ਆ ਚੁੱਕੇ ਹਨ। ਕਾਮਰੇਡਾਂ ਅਤੇ ਸਿੱਖਾਂ ਵਿਚਕਾਰ ਸੇਹ ਦਾ ਤੱਕਲਾ ਗੱਡਣ ਦੀ ਕੋਸ਼ਿਸ਼ ਵੀ ਅਜਮੇਰ ਸਿੰਘ ਕਾਫੀ ਦੇਰ ਤੋਂ ਕਰ ਰਿਹਾ ਹੈ ਕਿਉਂਕਿ ਉਸ ਨੂੰ ਅਕਾਦਮਿਕਤਾ ਵਿਚ ਸਥਾਪਤ ਸਿੱਖ ਵੀ ਉਸੇ ਤਰ੍ਹਾਂ ਕਾਮਰੇਡੀ ਦਾ ਸ਼ਿਕਾਰ ਲੱਗਦੇ ਹਨ, ਜਿਵੇਂ ਭਾਜਪਾਈਆਂ ਨੂੰ ਅੰਦੋਲਨ ਵਿਚ ਸ਼ਾਮਲ ਕਿਸਾਨ ਕਾਮਰੇਡੀ ਦਾ ਸ਼ਿਕਾਰ ਲੱਗਦੇ ਹਨ। ਇਕ ਵਾਰ ਕਿਸਾਨ ਅੰਦੋਲਨ ਨੇ ਇਹੋ ਜਿਹੀ ਸਿਆਸੀ ਸਿਧਾਂਤਕੀ ਦਾ ਰਾਹ ਰੋਕ ਕੇ ਸਾਬਤ ਕਰ ਦਿੱਤਾ ਹੈ ਕਿ ਭਾਜਪਾਈਆਂ ਦੀ ਰਾਸ਼ਟਰਵਾਦੀ ਸਿਆਸਤ ਦਾ ਜਵਾਬ ਸੁਹਿਰਦ ਸਿੱਖ ਅਤੇ ਕਾਮਰੇਡ ਰਲ ਕੇ ਦੇ ਸਕਦੇ ਹਨ। ਇਸ ਦੇ ਜੇ ਹੱਕ ਵਿਚ ਨਹੀਂ ਭੁਗਤ ਸਕਦੇ ਤਾਂ ਇਹੋ ਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨੂੰ ਕਿਸਾਨੀ ਅੰਦੋਲਨ ਦੇ ਦੁਸ਼ਮਣ ਆਪਣੀ ਕੁਹਾੜੀ ਦੇ ਦਸਤੇ ਵਾਂਗ ਵਰਤ ਸਕਦੇ ਹੋਣ। ਜਿਨ੍ਹਾਂ ਨੂੰ ਲੱਗਦਾ ਹੈ ਕਿ ਕਿਸਾਨ ਲੀਡਰਸ਼ਿਪ ਅੰਦੋਲਨ ਦੇ ਹਾਣ ਦੀ ਨਹੀਂ ਹੈ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਉਸ ਤੋਤਾ ਰਟਣੀ 'ਤਿੰਨੇ ਕਾਨੂੰਨ ਕਿਸਾਨੀ ਦੇ ਹਿਤ 'ਚ ਹਨ' ਨਾਲ ਤੁਲਨਾਇਆ ਜਾ ਸਕਦਾ ਹੈ।

ਆਪਣੀ ਗੱਲ ਇਹ ਕਹਿ ਕੇ ਮੁਕਾਉਣਾ ਚਾਹੁੰਦਾ ਹਾਂ ਕਿ ਕਿਸਾਨ ਅੰਦੋਲਨ ਅਜਿਹੀ ਲੋਕ ਲਹਿਰ ਬਣ ਚੁੱਕਾ ਹੈ ਜਿਸ ਨੂੰ ਸਿਆਸਤ ਵਾਂਗ ਬੰਦਿਆਂ ਦੀ ਮੁਥਾਜੀ ਨਹੀਂ ਰਹੀ। ਇਸ ਹਾਲਤ ਵਿਚ ਦੀਪ ਸਿੱਧੂ ਆਦਿ ਦੇ ਹਵਾਲੇ ਨਾਲ ਸਿਆਸਤ ਕਰਨ ਦੀ ਕੋਈ ਤੁਕ ਨਹੀਂ ਹੈ। ਸੱਤਾ ਨੂੰ ਤਾਂ ਸਿਆਸਤ ਮੁਤਾਬਿਕ ਹੀ ਚੱਲਣਾ ਪੈਂਦਾ ਹੈ ਅਤੇ ਸਿਆਸਤ ਦਾ ਹਰ ਪੈਂਤੜਾ ਕਿਸਾਨ ਅੰਦੋਲਨ ਨੇ ਫੇਲ੍ਹ ਕਰ ਦਿੱਤਾ ਹੈ। ਅਜੇ ਤੱਕ ਇਸ ਅੰਦੋਲਨ ਦੀਆਂ ਨੈਤਿਕ ਪ੍ਰਾਪਤੀਆਂ ਨੂੰ ਸੱਤਾ ਦੀ ਸਿਉਂਕ ਜੇ ਨੁਕਸਾਨ ਨਹੀਂ ਪਹੁੰਚਾ ਸਕੀ ਤਾਂ ਸਾਨੂੰ ਨਫਰਤੀ ਰਾਜਨੀਤੀ ਰਾਹੀਂ ਸੱਤਾ ਦੇ ਹੱਕ ਵਿਚ ਨਹੀਂ

**(ਬਾਕੀ ਅਗਲੇ ਸਫੇ 'ਤੇ)**

# ਭੁੱਖ ਦਾ ਵਪਾਰ ਨਹੀਂ ਹੋਣਾ ਚਾਹੀਦਾ

ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਅੰਨ ਦੀ ਪੂਰਤੀ ਸਮੇਂ ਦੀ ਸਰਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ ਸੀ। ਕਿਸਾਨ ਭਾਰਤ ਦੇਸ਼ ਦੇ ਲੋਕਾਂ ਦਾ ਉਹ ਵਰਗ ਹੈ, ਜਿਸ ਨੇ ਭਾਰਤ ਦੇ ਅੰਨ ਦੇ ਭਾਂਡੇ ਦੇ ਮੋਰੀਆਂ ਵਾਲੇ ਥੱਲੇ ਦੇ ਛੇਕਾਂ ਨੂੰ ਹੀ ਬੰਦ ਨਹੀਂ ਕੀਤਾ, ਸਗੋਂ ਇਸ ਖਾਲੀ ਭਾਂਡੇ ਨੂੰ ਨੱਕੋ ਨੱਕ ਭਰ ਕੇ ਵੰਡ ਦੇਣ ਦੇ ਯੋਗ ਬਣਾਇਆ।

**ਸੁਖਵੀਰ ਸਿੰਘ ਕੰਗ**
**ਕੋਟਲਾ ਸ਼ਮਸ਼ਪੁਰ, ਲੁਧਿਆਣਾ**
**ਫੋਨ: 91-85678-72291**

ਇੱਥੇ ਇਹ ਗੱਲ ਸਪੱਸ਼ਟ ਕਰਨੀ ਪਵੇਗੀ ਕਿ ਜਦੋਂ ਆਜ਼ਾਦ ਹੋਣ ਤੋਂ ਬਾਅਦ ਭਾਰਤ ਕਿਸੇ ਦੇਸ਼ ਤੋਂ ਅੰਨ ਮੰਗਦਾ ਸੀ ਤਾਂ ਉਹ ਦੇਸ਼ ਮਖੌਲ ਕਰਦੇ ਸਨ ਕਿ ਕਿੰਨਾ ਅੰਨ ਮੰਗੋਗੇ, ਤੁਹਾਡੇ ਅੰਨ ਪਾਉਣ ਵਾਲੇ ਭਾਂਡੇ ਦਾ ਥੱਲਾ ਤਾਂ ਹੈ ਨਹੀਂ, ਕਿਉਂਕਿ ਦੇਸ਼ ਦੀ ਆਬਾਦੀ ਸਾਡੀ ਅਨਾਜ ਉਪਜ ਤੋਂ ਕਾਫੀ ਵੱਧ ਸੀ; ਪਰ ਦੇਸ਼ ਦੇ ਕਿਸਾਨਾਂ ਅਤੇ ਕਿਰਤੀਆਂ ਨੇ ਇਸ ਨੂੰ ਵੰਗਾਰ ਮੰਨ ਕੇ ਇੰਨੀ ਮਿਹਨਤ ਕੀਤੀ ਕਿ ਛੇਤੀ ਹੀ ਦੇਸ਼ ਨੂੰ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਬਣਾ ਦਿੱਤਾ ਤੇ ਕੁਝ ਦਹਾਕਿਆਂ ਵਿਚ ਹੀ ਦੇਸ਼ ਨੂੰ ਅੰਨ ਵੰਡਣ ਦੇ ਯੋਗ ਬਣਾ ਦਿੱਤਾ। ਇਸੇ ਕਰਕੇ ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਮੰਨਿਆ ਜਾਣ ਲੱਗਾ।

ਅੱਜ ਦੇ ਭਾਰਤ ਦੇਸ਼ ਨੂੰ ਪੈਰਾਂ 'ਤੇ ਖੜ੍ਹਾ ਕਰਨ ਵਿਚ ਕਿਸਾਨਾਂ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਕਰਕੇ ਮਨੁੱਖ ਤੇ ਦੇਸ਼ ਦੀ ਮੁੱਢਲੀ ਲੋੜ ਦੀ ਪੂਰਤੀ ਅਤੇ ਦਰਪੇਸ਼ ਸਭ ਤੋਂ ਵੱਡੀ ਚੁਣੌਤੀ ਦੇ ਹੱਲ ਵਿਚ ਦੇਸ਼ ਦੇ ਕਿਰਤੀ-ਕਿਸਾਨ ਦੀ ਮਿਹਨਤ, ਕੁਰਬਾਨੀ ਤੇ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾਣਾ ਚਾਹੀਦਾ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੂੰਜੀਪਤੀਆਂ ਹੱਥ ਚੜ੍ਹ ਕੇ ਮੌਜੂਦਾ ਸਰਕਾਰ ਕਿਸਾਨ ਦੇ ਇਸ ਬਲੀਦਾਨ ਨੂੰ ਭੁਲਾ ਕੇ ਕਿਸਾਨ ਦੀ ਉਪਜ ਅਤੇ ਜ਼ਮੀਨ ਨੂੰ ਇਸ ਤੋਂ ਖੋਹਣ 'ਤੇ ਉਤਾਰੂ ਹੋ ਗਈ ਹੈ। ਕਿਸੇ ਦੇਸ਼ ਦੀ ਹਕੂਮਤ ਨੂੰ ਆਰਥਿਕ ਜਾਂ ਸਿਆਸੀ ਲਾਭਾਂ ਖਾਤਰ ਏਨਾ ਅਕ੍ਰਿਤਘਣ ਨਹੀਂ ਹੋਣਾ ਚਾਹੀਦਾ। ਸਾਡੇ ਦੇਸ਼ ਵਿਚ ਰੁੱਖ, ਕੁੱਖ, ਦੁੱਖ, ਮਨੁੱਖ ਦਾ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਤੇ ਬੇਰਹਿਮੀ ਦੀ ਹੱਦ ਤੱਕ ਵਪਾਰੀਕਰਨ ਹੋ ਚੁਕਾ ਹੈ ਅਤੇ ਕਾਰਪੋਰੇਟ ਹੱਥ ਵਿਕ ਚੁੱਕੀ ਸਰਕਾਰ ਹੁਣ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਲਿਆ ਕੇ ਭੁੱਖ ਨੂੰ ਵੀ ਵਪਾਰ ਦੇ ਘੇਰੇ ਅੰਦਰ ਲਿਆਉਣ 'ਤੇ ਤੁਲੀ ਹੋਈ ਹੈ। ਆਵਾਜਾਈ, ਸਿੱਖਿਆ ਤੇ ਸਿਹਤ ਸਹੂਲਤਾਂ ਦੇ ਨਿੱਜੀਕਰਨ ਤੇ ਵਪਾਰੀਕਰਨ ਦੇ ਨਤੀਜੇ ਅਸੀਂ ਦੇਖ ਚੁਕੇ ਹਾਂ ਕਿ ਕਿਵੇਂ ਇਹ ਆਮ ਬੰਦੇ ਦਾ ਬੇਦਰਦੀ ਨਾਲ ਕਚੂੰਮਰ ਕੱਢ ਰਹੇ ਹਨ।

ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਤਹਿਤ ਜੇ ਕਾਰਪੋਰੇਟ ਹੱਥੋਂ ਖੇਤੀ ਦਾ ਵਪਾਰੀਕਰਨ ਹੋ ਜਾਂਦਾ ਹੈ ਤਾਂ ਆਮ ਲੋਕਾਂ ਵਲੋਂ ਦੜਿਆਂ, ਕੁਇੰਟਲਾਂ ਅਤੇ ਦਹਾਈਆਂ ਵਿਚ ਤੋਲ-ਮਾਪ ਕੇ ਖਰੀਦਿਆ ਜਾਣ ਵਾਲਾ ਅਨਾਜ, ਸਬਜੀ ਅਤੇ ਦੁੱਧ ਪਹਿਲਾਂ ਕਿੱਲੋਆਂ, ਲਿਟਰਾਂ ਅਤੇ ਗਰਾਮਾਂ ਵਿਚ ਅਤੇ ਫਿਰ ਸਮਾਂ ਪਾ ਕੇ ਦਾਣਿਆਂ, ਨਗਾਂ ਅਤੇ ਚਮਚਿਆਂ ਦੀ ਮਿਣਤੀ ਵਿਚ ਮਿਲਣ ਲੱਗੇਗਾ। ਇਟਰਨੈੱਟ ਅਤੇ ਹੋਰ ਪੈਕਿੰਗ ਵਾਲੀਆਂ ਵਸਤਾਂ ਦੀ ਤਰ੍ਹਾਂ ਰੇਟ ਚਾਹੇ ਉਹੀ ਰਹੇ, ਪਰ ਮਾਤਰਾ ਘਟਦੀ ਜਾਵੇਗੀ।

ਬਚਪਨ ਵਿਚ ਕਿਸੇ ਬਜ਼ੁਰਗ ਦੀ ਮਜ਼ਾਕ ਵਿਚ ਕਹੀ ਗੱਲ ਯਾਦ ਆ ਰਹੀ ਹੈ ਕਿ ਕਦੇ ਕਮਜ਼ੋਰੀ ਦੇ ਮਾਰੇ ਲੋਕਾਂ ਨੂੰ ਦੁੱਧ ਦੇ ਟੀਕੇ ਲਗਵਾਉਣੇ ਪਿਆ ਕਰਨਗੇ, ਜੇ ਸਰਕਾਰ ਖੇਤੀ ਨੂੰ ਪੂੰਜੀਵਾਦੀਆਂ ਦੇ ਹੱਥਾਂ ਵਿਚ ਦੇ ਦਿੰਦੀ ਹੈ ਤਾਂ ਇਹ ਦਿਨ ਵੀ ਦੂਰ ਨਹੀਂ ਰਹਿਣਗੇ, ਜਦੋਂ ਦੇਸ਼ ਦੀ ਗਰੀਬ ਜਨਤਾ ਭੁੱਖਮਰੀ ਦੀ ਸ਼ਿਕਾਰ ਹੋ ਜਾਵੇਗੀ। ਜਨਤਾ ਦੇ ਪੇਟੋਂ ਭੁੱਖੀ ਹੁੰਦਿਆਂ ਕੋਈ ਵੀ ਦੇਸ਼ ਤਰੱਕੀ ਤਾਂ ਕੀ, ਆਤਮ ਨਿਰਭਰ ਵੀ ਨਹੀਂ ਰਹਿ ਸਕਦਾ। ਭਾਰਤ ਵਰਗੇ ਕਿਸੇ ਵੀ ਖੇਤੀ ਪ੍ਰਧਾਨ ਦੇਸ਼ ਦੀ ਉਸਾਰੀ ਅਤੇ ਤਰੱਕੀ ਵਿਚ ਕਿਰਤੀਆਂ ਅਤੇ ਕਿਸਾਨਾਂ ਦਾ ਬਹੁਤ ਵਡਮੁੱਲਾ ਯੋਗਦਾਨ ਹੁੰਦਾ ਹੈ, ਇਸ ਆਧਾਰ ਨੂੰ ਠੇਸ ਪਹੁੰਚਾ ਕੇ ਅਜਿਹੇ ਦੇਸ਼ ਬਹੁਤੀ ਦੇਰ ਸਥਿਰ ਨਹੀਂ ਰਹਿ ਸਕਦੇ। ਖੇਤ, ਖੇਤੀ ਅਤੇ ਖੇਤੀ ਕਰਨ ਵਾਲਿਆਂ ਦਾ ਜਿੱਥੇ ਆਪਸ ਵਿਚ ਵੀ ਗੂੜ੍ਹਾ ਰਿਸ਼ਤਾ ਹੈ, ਉੱਥੇ ਇਹ ਕਾਦਰ, ਕੁਦਰਤ ਅਤੇ ਵਾਤਾਵਰਨ ਦੇ ਵੀ ਬਹੁਤ ਨੇੜੇ ਹੋ ਕੇ ਵਿਚਰਦੇ ਹਨ। ਪੈਸੇ, ਲਾਲਚ ਅਤੇ ਲਾਲਸਾ ਖਾਤਰ ਇਸ ਨੇੜਤਾ ਤੇ ਰਿਸ਼ਤੇ ਨੂੰ ਤੋੜਨਾ ਕਦੇ ਵੀ ਦੇਸ਼ ਅਤੇ ਮਨੁੱਖਤਾ ਦੇ ਹਿਤ ਵਿਚ ਨਹੀਂ ਹੋਵੇਗਾ।

ਦੇਸ਼ ਦੇ ਹੇਠਲੇ ਵਰਗ ਲਈ ਤਾਂ ਅੱਜ ਵੀ ਰੋਟੀ ਦਾ ਪ੍ਰਬੰਧ ਕਰਨਾ ਮੁਹਾਲ ਹੈ। ਜੇ ਖੇਤੀ ਅਤੇ ਉਪਜ ਪੂੰਜੀਵਾਦ ਦੇ ਸਿੱਧੀ ਹੱਥਾਂ ਵਿਚ ਚਲੀ ਗਈ ਤਾਂ ਮੱਧ ਅਤੇ ਉੱਪਰਲੇ ਵਰਗ ਲਈ ਵੀ ਰੋਟੀ ਚੁਣੌਤੀ ਬਣ ਜਾਵੇਗੀ। ਲੋਕਾਂ ਦੀ ਭੁੱਖ ਨੂੰ ਸਸਤੇ ਵਿਚ ਤ੍ਰਿਪਤ ਕਰਨ ਵਾਲੀ ਖੇਤੀ ਦਾ ਪੂੰਜੀਵਾਦੀਆਂ ਹੱਥ ਵਪਾਰੀਕਰਨ ਹੋ ਜਾਣ 'ਤੇ ਕਾਰਪੋਰੇਟ ਤਾਂ ਮਜ਼ਬੂਤ ਹੋ ਜਾਵੇਗਾ, ਪਰ ਦੇਸ਼ ਮਜ਼ਬੂਤ ਹਰਗਿਜ਼ ਨਹੀਂ ਹੋਵੇਗਾ; ਉਲਟਾ ਜਨਤਾ ਕਮਜ਼ੋਰ ਹੋ ਜਾਵੇਗੀ ਅਤੇ ਕਮਜ਼ੋਰ ਜਨਤਾ ਕਦੇ ਵੀ ਮਜ਼ਬੂਤ ਦੇਸ਼ ਜਾਂ ਹਕੂਮਤ ਨਹੀਂ ਸਿਰਜ ਸਕੇਗੀ। ਇਸ ਕਰਕੇ ਦੇਸ਼ ਦੀ ਖੇਤੀ ਨੂੰ ਕਿਸਾਨਾਂ ਅਤੇ ਕਿਰਤੀਆਂ ਦੇ ਹੱਥਾਂ 'ਚ ਰਹਿਣ ਦੇਣਾ ਹੀ ਦੇਸ਼, ਜਨਤਾ ਅਤੇ ਮਨੁੱਖਤਾ ਦੇ ਹਿਤ ਵਿਚ ਹੈ।

# ਕਿਸਾਨੀ ਸੰਘਰਸ਼ ਦੇ ਬਿਰਤਾਂਤਕ ਬਾਗ ਦਾ ਮਾਲੀ

***ਜਿਉਂ-ਜਿਉਂ ਕਿਸਾਨ ਅੰਦੋਲਨ ਅਗਾਂਹ ਵਧ ਰਿਹਾ ਹੈ, ਇਸ ਅੰਦਰ ਨਵੇਂ ਪੱਖ ਵੀ ਜੁੜ ਰਹੇ ਹਨ। ਕੇਂਦਰ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਇਸ ਅੰਦੋਲਨ ਨੂੰ ਲਮਕਾ ਕੇ ਕਿਸੇ ਨਾ ਕਿਸੇ ਢੰਗ-ਤਰੀਕੇ ਲੀਹ ਤੋਂ ਲਾਹ ਦਿੱਤਾ ਜਾਵੇ ਪਰ ਕਿਸਾਨ ਲੀਡਰਸ਼ਿਪ ਡਟੀ ਹੋਈ ਹੈ। ਇਸ ਦੌਰਾਨ ਕੁਝ ਅਜਿਹੀਆਂ ਧਿਰਾਂ ਵੀ ਲਗਾਤਾਰ ਸਾਹਮਣੇ ਆ ਰਹੀਆਂ ਹਨ ਜੋ ਲੀਡਰਸ਼ਿਪ ਉਤੇ ਸਵਾਲਾਂ ਦੀ ਵਾਛੜ ਕਰ ਕੇ ਆਪਣੀ ਸਿਆਸਤ ਲਈ ਕੋਈ ਰਾਹ ਬਣਾਉਣਾ ਚਾਹ ਰਹੀਆਂ ਹਨ। ਹਜ਼ਾਰਾ ਸਿੰਘ ਨੇ ਇਸ ਪੱਖ ਤੋਂ ਪੰਜਾਬ ਦੀ ਸਿਆਸਤ ਵਿਚ ਸਰਗਰਮ ਰਹੇ ਮਾਲਵਿੰਦਰ ਸਿੰਘ ਮਾਲੀ ਵਲੋਂ ਇਨ੍ਹਾਂ ਧਿਰਾਂ ਦੀਆਂ ਕਾਰਵਾਈਆਂ ਬਾਰੇ ਲੋਕਾਂ ਨੂੰ ਸੁਚੇਤ ਕੀਤੇ ਜਾਣ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਹਜ਼ਾਰਾ ਸਿੰਘ**
**ਮਿਸੀਸਾਗਾ (ਕੈਨੇਡਾ)**
**ਫੋਨ: 905-795-3428**

ਮਲਵਿੰਦਰ ਸਿੰਘ ਮਾਲੀ ਬਾਰੇ ਬਹੁਤ ਸਾਰੇ ਲੋਕ ਮੇਰੇ ਨਾਲੋਂ ਕਿਤੇ ਵੱਧ ਜਾਣਦੇ ਹਨ, ਇਹ ਮੇਰਾ ਯਕੀਨ ਹੈ। ਇਸ ਲਈ ਹਥਲੇ ਲੇਖ ਦਾ ਮਕਸਦ ਮਾਲੀ ਬਾਰੇ ਜਾਣਕਾਰੀ ਦੇਣਾ ਨਹੀਂ ਹੈ। ਇਹ ਲੇਖ ਮਾਲੀ ਦੇ ਉਸ ਯੋਗਦਾਨ ਦਾ ਮਾੜਾ ਮੋਟਾ ਚਰਚਾ ਕਰਨ ਦਾ ਯਤਨ ਹੈ ਜੋ ਉਸ ਨੇ ਮੌਜੂਦਾ ਕਿਸਾਨੀ ਸੰਘਰਸ਼ ਦੇ ਪ੍ਰਵਚਨ (ਬਿਰਤਾਂਤ) ਅਤੇ ਜੁੱਸੇ ਉਤੇ ਹੋ ਰਹੇ ਗੰਭੀਰ ਹਮਲਿਆਂ ਨੂੰ ਪਛਾੜਨ ਲਈ ਬਿਨ ਤਨਖਾਹੋਂ ਪਾਇਆ ਹੈ।

ਬੜੀ ਮਜ਼ਬੂਤੀ ਨਾਲ ਚੱਲ ਰਹੇ ਕਿਸਾਨ ਮੋਰਚੇ ਦੌਰਾਨ 26 ਜਨਵਰੀ ਦੀਆਂ ਘਟਨਾਵਾਂ ਇੱਕ ਅਹਿਮ ਪੜਾਅ ਸੀ। ਇਨ੍ਹਾਂ ਘਟਨਾਵਾਂ ਨੇ ਮੋਰਚੇ ਹੋਂਦ ਹੀ ਖਤਰੇ ਵਿਚ ਪਾ ਦਿੱਤੀ ਸੀ। ਆਮ ਲੋਕ ਹੈਰਾਨ ਸਨ ਕਿ ਅਚਾਨਕ ਐਸਾ ਕਿਵੇਂ ਹੋ ਗਿਆ? ਆਮ ਬੰਦੇ ਵਾਸਤੇ ਇਸ ਦਾ ਵਿਸ਼ਲੇਸ਼ਣ ਕਰਨਾ ਵੀ ਸੁਖਾਲਾ ਨਹੀ ਸੀ। ਕੋਈ ਇਸ ਨੂੰ ਲਾਲ ਕਿਲ੍ਹੇ 'ਤੇ ਕੇਸਰੀ ਝੰਡਾ ਝੁਲਾਉਣ ਵਾਲੀ ਘਟਨਾ ਨੂੰ ਲੈ ਕੇ ਗੋਦੀ ਮੀਡੀਏ ਵਿਚ ਉਠਾਲੇ ਤੂਫਾਨ ਦੇ ਸ਼ੀਸ਼ੇ ਵਿਚ ਦੀ ਦੇਖਦਾ ਸੀ, ਕੋਈ ਇਸ ਨੂੰ ਸਰਕਾਰ ਦੀ ਚਾਲ ਵਜੋਂ ਦੇਖਦਾ, ਕੋਈ ਇਸ ਨੂੰ ਕਿਸਾਨ ਜਥੇਬੰਦੀਆਂ ਦੀ ਕਮਜ਼ੋਰੀ ਵਜੋਂ ਦੇਖ ਰਿਹਾ ਸੀ, ਕੋਈ ਇਸ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਮੋਰਚੇ ਨੂੰ ਬਦਨਾਮ ਕਰਵਾ ਕੇ ਫੇਲ੍ਹ ਕਰਵਾਉਣ ਦਾ ਯਤਨ ਕਹਿ ਰਿਹਾ ਸੀ। ਦੁਨੀਆ ਦੇ ਕੋਨੇ-ਕੋਨੇ ਵਿਚ ਬੈਠੇ ਪੰਜਾਬੀ/ਸਿੱਖ ਆਪਣੇ ਆਪ ਨੂੰ ਉਸ ਦਿਨ ਕਿਸੇ ਅਣਕਿਆਸੇ/ਅਸਹਿ ਸਦਮੇ ਵਿਚ ਡੁਬੇ ਅਜਿਹੇ ਹੀ ਪ੍ਰਸ਼ਨ ਇਕ-ਦੂਜੇ ਨੂੰ ਕਰ ਰਹੇ ਸਨ। ਮੁੱਕਦੀ ਗੱਲ, ਇਨ੍ਹਾਂ ਵੱਡੇ ਅਸਰ ਵਾਲੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਹਰ ਕਿਸੇ ਦੇ ਵੱਸ ਦੀ ਗੱਲ ਨਹੀ ਸੀ।

ਅਸਲ ਵਿਚ 26 ਜਨਵਰੀ ਦੀਆਂ ਘਟਨਾਵਾਂ ਪ੍ਰਵਚਨ ਦੀ ਸਰਦਾਰੀ ਅਤੇ ਪੰਜਾਬ ਵਿਚੋਂ ਉਠਣ ਵਾਲੇ ਲੋਕ ਸੰਘਰਸ਼ ਦੀ ਅਗਵਾਈ ਦੀ ਦਾਅਵੇਦਾਰੀ ਨੂੰ ਲੈ ਕੇ ਚੱਲੇ ਆ ਰਹੇ ਭੇੜ ਦੀ ਇੱਕ ਕੜੀ ਸੀ। ਇਹ ਹੁਣ ਦੇ ਕਿਸਾਨ ਸੰਘਰਸ਼ ਦੇ ਪ੍ਰਵਚਨ ਨੂੰ ਬਦਲਣ ਅਤੇ ਸੰਘਰਸ਼ ਦੇ ਆਗੂਆਂ ਦੀ ਅਗਵਾਈ ਨੂੰ ਨਕਾਰਨ ਲਈ ਵਿਧੀਵਤ/ਸੁਚੇਤ ਹਮਲਾ ਸੀ। ਕਿਸਾਨੀ ਸੰਘਰਸ਼ ਉਪਰ ਹੋਏ ਇਸ ਹਮਲੇ ਦਾ ਵਿਸ਼ਲੇਸ਼ਣ ਤਾਂ ਕਈਆਂ ਵੱਲੋਂ ਕੀਤਾ ਗਿਆ ਪਰ ਜਿਸ ਬੇਬਾਕੀ ਅਤੇ ਹੌਸਲੇ ਨਾਲ ਇਸ ਵਰਤਾਰੇ 'ਤੇ ਰੌਸ਼ਨੀ ਮਾਲੀ ਨੇ ਪਾਈ ਉਹ ਬੇਮਿਸਾਲ ਹੈ। ਕਿਸਾਨੀ ਬਾਗ ਉਪਰ ਝੁੱਲੀ ਹਨੇਰੀ ਦਾ ਤਾਂ ਸਭ ਨੂੰ ਪਤਾ ਹੈ ਪਰ ਮਾਲੀ ਨੇ ਉਨ੍ਹਾਂ ਟਿੱਬਿਆਂ ਦੀ ਪਛਾਣ ਵੀ ਜੱਗ ਜ਼ਾਹਿਰ ਕੀਤੀ ਜਿਨ੍ਹਾਂ ਤੋਂ ਇਹ ਹਨੇਰੀ ਉਠੀ। ਆਪਣੀ ਸੂਝ-ਬੂਝ, ਜਾਣਕਾਰੀ ਅਤੇ ਦਲੇਰੀ ਨਾਲ ਮਾਲੀ ਨੇ ਕਿਸਾਨੀ ਬਾਗ ਦੇ ਫੁੱਲਾਂ 'ਤੇ ਮੰਡਰਾਉਂਦੇ ਭੂੰਡਾਂ ਅਤੇ ਭੌਰਿਆਂ ਦੀ ਸ਼ਨਾਖਤ ਕਰ ਕੇ ਕਿਸਾਨਾਂ ਨੂੰ ਲਗਾਤਾਰ ਸਾਵਧਾਨ ਕੀਤਾ। ਕਿਸਾਨੀ ਸੰਘਰਸ਼ ਦੇ ਬਾਗ ਵਿਚਲੇ ਫਲਾਂ ਨੂੰ ਟੁੱਕਣ ਦੀ ਨੀਤ ਨਾਲ ਉਲਰ-ਉਲਰ ਆਉਂਦੇ ਤੋਤਿਆਂ ਨੂੰ ਗੜ੍ਹਕਵੀਂ ਆਵਾਜ਼ ਵਿਚ ਹੋਕਰਾ ਮਾਰ ਕੇ ਮਾਲੀ ਸੱਚੀ-ਮੁੱਚੀ ਕਿਸਾਨ ਸੰਘਰਸ਼ ਦੇ ਬਾਗ ਦਾ ਮਾਲੀ ਹੀ ਤਾਂ ਹੋ ਨਿਬੜਿਆ ਹੈ।

ਮਾਲੀ ਨੇ ਆਪਣੀਆਂ ਲਿਖਤਾਂ ਅਤੇ ਟੀ.ਵੀ. ਮੁਲਾਕਾਤਾਂ ਵਿਚ ਬੇਬਾਕੀ ਨਾਲ ਸਪੱਸ਼ਟ ਕੀਤਾ ਕਿ ਕਿਸਾਨੀ ਸੰਘਰਸ਼ ਦੇ ਪ੍ਰਵਚਨ ਤੋਂ ਵੱਖਰਾ ਪ੍ਰਵਚਨ ਪ੍ਰਚਲਿਤ ਕਰਨ ਦੇ ਯਤਨ ਸ਼ੰਭੂ ਮੋਰਚੇ ਤੋਂ ਹੀ ਸ਼ੁਰੂ ਹੋ ਗਏ ਸਨ। ਕਿਸਾਨੀ ਸੰਘਰਸ਼ ਵਿਚ ਵਿਚ ਆਪਣਾ ਪ੍ਰਵਚਨ ਜੋੜਨ ਲਈ 'ਸਾਡੀ ਹੋਂਦ' ਦਾ ਸੰਘਰਸ਼ ਕਹਿ ਕੇ ਘਚੋਲੇ ਦੀ ਸ਼ੁਰੂਆਤ ਕੀਤੀ ਗਈ। ਇਹੋ ਘਚੋਲਾ ਦਿੱਲੀ ਆਣ ਕੇ ਵੀ ਜਾਰੀ ਰੱਖਿਆ ਗਿਆ। ਜਦ 'ਸੰਤ' ਅਜਮੇਰ ਸਿੰਘ ਨੇ ਦਿੱਲੀ ਆਣ ਕੇ ਮੋਰਚੇ ਨੂੰ 'ਵਾਹਿਗੁਰੂ ਵੱਲੋਂ ਵਰਤੀ ਕਲਾ' ਕਿਹਾ ਤਾਂ ਮਾਲੀ ਦੀ ਤਿੱਖੀ ਸੂਝ ਨੇ ਬੁੱਝ ਲਿਆ ਕਿ ਇਹ ਕਲਾਕਾਰੀ ਸੰਘਰਸ਼ ਦਾ ਸਿਹਰਾ ਕਿਸਾਨ ਆਗੂਆਂ ਸਿਰ ਬੱਝਣ ਤੋਂ ਰੋਕਣ ਦੀ ਕਵਾਇਦ ਦਾ ਹੀ ਹਿੱਸਾ ਹੈ। ਮਾਲੀ ਨੇ ਇਹ ਗੱਲ ਵੀ ਬੜੀ ਬਾਰੀਕੀ ਨਾਲ ਪਛਾਣੀ ਕਿ ਅਜਮੇਰ ਸਿੰਘ ਕਿਸਾਨ ਲੀਡਰਸ਼ਿਪ ਨੂੰ ਕਮਜ਼ੋਰ ਅਤੇ ਸੌਦਾ ਕਰਨ ਵਾਲੇ ਸ਼ੱਕੀ ਪ੍ਰਚਾਰ ਕੇ ਨਕਾਰ ਕਿਉਂ ਰਹੇ ਹਨ। ਕਿਸਾਨ ਲੀਡਰਸ਼ਿਪ ਦੀ ਮਜ਼ਬੂਤੀ ਅਸਲ ਵਿਚ ਉਸ ਧਿਰ ਦੀ ਹੋਂਦ ਨੂੰ ਖਤਰਾ ਖੜ੍ਹਾ ਕਰਦੀ ਹੈ ਜਿਹੜੀ ਪੰਥ ਦਾ ਨਾਂ ਲੈ ਕੇ ਸਜੀ ਰਹਿਣ ਦੀ ਆਦੀ ਹੋ ਚੁੱਕੀ ਹੈ। ਮਾਲੀ ਨੇ ਬੜੀ ਦਲੇਰੀ ਨਾਲ ਪੰਨੂ-ਪੰਧੇਰ ਦੀ ਕਿਸਾਨ ਜਥੇਬੰਦੀ ਵੱਲੋਂ ਵੱਖਰੇ ਪ੍ਰੋਗਰਾਮ ਦੇਣ ਦੀ ਵਾਦੀ ਨੂੰ ਕਿਸਾਨ ਸੰਘਰਸ਼ ਵਾਸਤੇ ਸਮੱਸਿਆਵਾਂ ਖੜ੍ਹੀਆਂ ਕਰਨ ਵਾਲੀ ਸਾਬਿਤ ਕਰ ਕੇ ਸਪੱਸ਼ਟ ਕੀਤਾ ਕਿ ਬਿਨ ਸੋਚੇ ਮਾਅਰਕੇਬਾਜ਼ੀ ਵਾਲੀ ਗੱਲ ਮੂਰਖਤਾ ਤੋਂ ਵੱਧ ਕੁਝ ਨਹੀਂ ਹੁੰਦੀ। ਪੰਨੂ-ਪੰਧੇਰ ਹੁਰਾਂ ਵੱਲੋਂ ਰਿੰਗ ਰੋਡ 'ਤੇ ਜਾਣ ਵਾਲੀ ਗੱਲ ਨੂੰ ਸ਼ਰਾਰਤੀ ਤੂਲ ਦੇਣ ਲਈ 'ਸਾਡਾ ਰੂਟ ਰਿੰਗ ਰੋਡ' ਦੀ ਤਖਤੀ ਨਾਲ ਫੋਟੋ ਪਾਉਣ ਵਾਲਾ ਸੁਖਪ੍ਰੀਤ ਸਿੰਘ ਉਦੋਕੇ ਵੀ ਆਪਣੀਆਂ ਸਾਜ਼ਿਸ਼ਾਂ ਮਾਲੀ ਦੀ ਸੂਝ ਵਾਲੀ ਅੱਖ ਤੋਂ ਬਚਾ ਨਾ ਸਕਿਆ। ਕਿਸਾਨ ਆਗੂਆਂ ਤੇ ਹਮਲੇ ਵਿੱਢੀ ਰੱਖਣ ਵਾਲੇ ਇਸ ਵਿਦਵਾਨ ਵੱਲੋਂ ਹਟਾਈਆਂ ਗਈਆਂ ਭੜਕਾਊ ਪੋਸਟਾਂ ਦਾ ਜਿਵੇਂ ਮਾਲੀ ਨੇ ਪਰਦਾਫਾਸ਼ ਕੀਤਾ, ਉਸ ਨੇ ਉਸ ਦੀ ਹਾਲਤ ਪਾਣੀਓਂ ਪਤਲੀ ਕਰ ਕੇ ਰੱਖ ਦਿੱਤੀ ਹੈ।



*ਮਾਲਵਿੰਦਰ ਸਿੰਘ ਮਾਲੀ*

ਇਸ ਬਹੁਪਰਤੀ ਵਰਤਾਰੇ ਦੀਆਂ ਪਰਤਾਂ ਦੇ ਆਰ ਪਾਰ ਦੇਖ ਸਕਣ ਦੀ ਸਮਰੱਥਾ ਰੱਖਣ ਵਾਲਾ ਮਾਲੀ ਜਿੱਥੇ ਅਜਮੇਰ ਸਿੰਘ ਵੱਲੋਂ ਕਿਸਾਨ ਸੰਘਰਸ਼ ਦੇ ਪ੍ਰਵਚਨ ਬਦਲਨ ਅਤੇ ਸੰਘਰਸ਼ ਦੀ ਅਗਵਾਈ ਉਧਾਲਣ ਦੇ ਯਤਨਾਂ ਦੀ ਦੱਸ ਪਾਉਂਦਾ ਹੈ, ਉਥੇ ਉਹ ਨਿਹੰਗ ਜਥੇਬੰਦੀਆਂ ਕਾਰਨ ਕਿਸਾਨ ਸੰਘਰਸ਼ ਨੂੰ ਵੱਜਣ ਵਾਲੀ ਸੰਭਾਵੀ ਸੱਟ ਬਾਰੇ ਵੀ ਵਾਰ-ਵਾਰ ਖਬਰਦਾਰ ਕਰਦਾ ਹੈ। ਨਿਹੰਗਾਂ ਦੇ ਰੋਲ ਬਾਰੇ ਜਾਣਦੇ ਹੋਏ ਵੀ ਕੋਈ ਬੁੱਧੀਜੀਵੀ ਇਨ੍ਹਾਂ ਨਾਲ ਉਲਝਣ ਦਾ ਹੀਆ ਨਹੀ ਕਰਦਾ। ਨਿਹੰਗਾਂ ਦੇ ਰੋਲ ਬਾਰੇ ਬੁੱਧੀਜਵੀਆਂ ਦੀ ਹਾਲਤ 'ਦੇਖ ਕੇ ਮਰਦ ਨੇ ਚੁੱਪ ਰਹਿੰਦੇ, ਭਾਵੇਂ ਚੋਰ ਹੀ ਝੁੱਗੜਾ ਲੁੱਟ ਜਾਏ' ਵਰਗੀ ਰਹੀ ਹੈ ਪਰ ਮਾਲੀ ਨੇ ਅਜਿਹਾ ਨਹੀਂ ਕੀਤਾ ਕਿਉਂਕਿ ਉਸ ਕੋਲ ਇਨ੍ਹਾਂ ਨਾਲ ਨਜਿੱਠਣ ਲਈ ਲੋੜੀਂਦੇ ਅਲਜਬਰੇ ਦੀ ਸਮਝ ਦੇ ਨਾਲ-ਨਾਲ ਦਿਲ ਗੁਰਦਾ ਵੀ ਹੈ। ਮਾਲੀ ਨਿਹੰਗਾਂ ਦੇ ਆਮ ਵਤੀਰੇ ਅਤੇ 84 ਤੋਂ ਬਾਅਦ ਨਿਭਾਏ ਰੋਲ ਬਾਰੇ ਗੱਲ ਕਰ ਕੇ ਸਭ ਦੀਆਂ ਅੱਖਾਂ ਖੋਲ੍ਹਦਾ ਹੋਇਆ ਕਿਸਾਨਾਂ ਨੂੰ ਨਿਹੰਗਾਂ ਵੱਲੋਂ ਪੈਦਾ ਕੀਤੇ ਜਾਣ ਵਾਲੀ ਆਪਹੁਦਰੀ ਭੜਕਾਹਟ ਕਾਰਨ ਪੈਦਾ ਹੋਣ ਵਾਲੀ ਮੁਸ਼ਕਿਲ ਤੋਂ ਵੀ ਸੁਚੇਤ ਕਰਦਾ ਹੈ। ਸਰਕਾਰ ਖਿਲਾਫ ਬਹਾਦਰੀ ਨਾਲ ਲੜ ਰਹੇ ਕਿਸਾਨ ਆਗੂ ਜਿਵੇਂ ਨਿਹੰਗ ਚੋਲੇ ਵਿਚਲੇ ਵਿਅਕਤੀਆਂ ਦੇ ਬੜਬੋਲੇ ਬੋਲਾਂ ਅੱਗੇ ਡਰਪੋਕ ਬਣ ਰਹੇ ਹਨ, ਮਾਲੀ ਨੇ ਇਸ ਕਾਰਨ ਪੈਦਾ ਹੋਣ ਵਾਲੀਆਂ ਉਲਝਣਾਂ ਤੋਂ ਕਿਸਾਨਾਂ ਨੂੰ ਜਾਣੂ ਕਰਵਾਉਣ ਦਾ ਕੰਮ ਵੀ ਢੋਲ ਦੇ ਡਗੇ ਤੇ ਨਿਝੱਕ ਹੋ ਕੇ ਕੀਤਾ ਹੈ।

ਮਾਲੀ ਕਿਸਾਨੀ ਸੰਘਰਸ਼ ਦੇ ਬਾਗ ਦੀ ਨਿਗਾਹਬਾਨੀ ਵੀ ਬਾਗ ਦੇ ਉਸ ਮਾਲੀ ਵਜੋਂ ਹੀ ਕਰਦਾ ਜਾਪਦਾ ਹੈ ਜੋ ਹਰ ਵਕਤ ਬਾਗ ਉਪਰ ਹਮਲਾ ਕਰਨ ਵਾਲੇ ਹਰ ਮੱਛੀ, ਮੱਛਰ 'ਤੇ ਨਜ਼ਰ ਰੱਖ ਕੇ ਮਿੱਤਰ ਅਤੇ ਦੁਸ਼ਮਣ ਕੀੜਿਆਂ ਦੀ ਪਛਾਣ ਕਰਨ ਦੇ ਆਹਰ ਦਿਨ ਰਾਤ ਲੱਗਾ ਰਹਿੰਦਾ ਹੈ। ਕਿਸੇ ਵਿਅਕਤੀ ਜਾਂ ਧਿਰ ਦੇ ਬੋਲਾਂ ਅਤੇ ਸਰਗਰਮੀਆਂ ਨੂੰ ਜਦ ਮਾਲੀ ਕਿਸਾਨ ਸੰਘਰਸ਼ ਦੇ ਪ੍ਰਵਚਨ ਅਤੇ ਹਮਾਇਤ ਦੀ ਕਸਵੱਟੀ 'ਤੇ ਪਰਖਦਾ ਹੈ ਤਾਂ ਐਸ. ਐਫ. ਐਸ. ਵਾਲੇ ਕਿਸਾਨੀ ਸੰਘਰਸ਼ ਦੇ ਪ੍ਰਵਚਨ 'ਤੇ ਹਮਲਾ ਕਰਨ ਵਾਲਿਆਂ ਦੀ ਹੀ ਇੱਕ ਕਿਸਮ ਨਿੱਕਲਦੇ ਹਨ ਅਤੇ ਮਾਲੀ ਬਿਨਾਂ ਝਿਜਕ ਉਨ੍ਹਾਂ ਨੂੰ ਖੌਰੂ ਪਾਊ ਟੋਲੇ ਵਿਚ ਸ਼ੁਮਾਰ ਕਰਨ ਦੀ ਦਲੇਰੀ ਦਿਖਾਉਂਦਾ ਹੈ। ਕਿਸਾਨੀ ਸੰਘਰਸ਼ ਦੇ ਬਾਗ 'ਤੇ ਹੋਣ ਵਾਲੇ ਹਮਲਿਆਂ ਦੀ ਸਾਰੇ ਪਾਸਿਆਂ ਤੋਂ ਚੌਕਸ ਨਿਗਰਾਨੀ ਕਰਦਾ ਮਾਲੀ ਜਦ ਪੱਤਰਕਾਰ ਕਰਮਜੀਤ ਸਿੰਘ ਨੂੰ ਕਿਸਾਨ ਲੀਡਰਸ਼ਿਪ ਨੂੰ ਛੁਟਿਆਉਂਦਾ ਦੇਖਦਾ ਹੈ ਤਾਂ ਉਹ ਪੁਰਾਣਾ ਭੇਤੀ ਹੋਣ ਕਰ ਕੇ ਕਰਮਜੀਤ ਨੂੰ ਪਿਛਲੇ ਵਕਤ ਦੀ ਤਰ੍ਹਾਂ ਪਖੰਡ ਕਰਨ ਤੋਂ ਵੀ ਵਰਜਦਾ ਹੈ। ਵਿਅਕਤੀ ਅਤੇ ਧਿਰਾਂ ਤੋਂ ਬਗੈਰ ਅਖਬਾਰਾਂ ਦੀਆਂ ਖਬਰਾਂ ਅਤੇ ਸੰਪਾਦਕੀਆਂ 'ਤੇ ਉਸ ਦੀ ਤਿੱਖੀ ਨਜ਼ਰ ਰਹਿੰਦੀ ਹੈ। ਉਹ ਸ਼ਬਦਾਂ ਦੇ ਅੰਤਰੀਵ ਭਾਵ ਸਮਝਦਾ ਹੋਣ ਕਾਰਨ ਪਹਿਰੇਦਾਰ ਦੀ ਸੰਪਾਦਕੀ ਦੇ ਲਫਜ਼ ਕਿ ਕਿਸਾਨਾਂ ਨੇ ਤਾਂ ਜੰਗ ਹਿੰਦ ਪੰਜਾਬ ਨੂੰ ਕਿਸਾਨਾਂ ਦੀ ਜੰਗ ਬਣਾ ਦਿੱਤਾ ਹੈ, ਵਿਚੋਂ ਕਿਸਾਨੀ ਸੰਘਰਸ਼ ਵਿਰੋਧੀ ਸੁਰ ਦੀ ਸ਼ਰਾਰਤ ਨੂੰ ਪਕੜ ਲੈਂਦਾ ਹੈ ਜੋ ਸ਼ੰਭੂ ਮੋਰਚੇ ਤੋਂ ਲੈ ਕੇ ਹੁਣ ਤੱਕ ਕਿਸਾਨੀ ਪ੍ਰਵਚਨ ਅਤੇ ਸੰਘਰਸ਼ 'ਤੇ ਹਮਲੇ ਕਰਨ ਵਾਲੀ ਧਿਰ ਕਰਦੀ ਆ ਰਹੀ ਹੈ।

ਕੇਸਰੀ ਨਿਸ਼ਾਨ ਨੂੰ ਢਾਲ ਬਣਾ ਕੇ ਕਿਸਾਨ ਆਗੂਆਂ ਨੂੰ ਨਕਾਰਨ ਅਤੇ ਤ੍ਰਿਸਕਾਰਨ ਵਾਲੀ ਧਿਰ ਨੂੰ ਆਖਿਰ ਹੇਰਵਾ ਕਿਸ ਗੱਲ ਦਾ ਹੈ? ਇਸ ਦੇ ਉਤਰ ਵਜੋਂ ਮਾਲੀ ਸਮਝਦਾ ਹੈ ਕਿ ਖਾਲਿਸਤਾਨ ਦੀ ਲੜਾਈ ਹਾਰ ਚੁੱਕੀਆਂ ਧਿਰਾਂ ਕਿਸਾਨ ਸੰਘਰਸ਼ ਦੀ ਕਾਮਯਾਬੀ ਨੂੰ ਆਪਣੀ ਹੋਂਦ ਲਈ ਖਤਰਾ ਸਮਝਦੀਆਂ ਹਨ। ਕਿਸਾਨ ਲੀਡਰਸ਼ਿਪ ਦੀ ਮਜ਼ਬੂਤੀ ਕਾਰਨ 'ਪੰਥਕ' ਧਿਰ ਦੀ ਸਿਆਸੀ ਜ਼ਮੀਨ ਖਤਰੇ ਵਿਚ ਹੈ। ਇਨ੍ਹਾਂ ਧਿਰਾਂ ਨੂੰ ਇਸ ਗੱਲ ਦਾ ਹੇਰਵਾ ਹੈ ਕਿ ਉਹ ਕਿਸਾਨ ਲੀਡਰਸ਼ਿਪ ਨੂੰ ਪਛਾੜ ਕੇ ਸੰਘਰਸ਼ ਤੇ ਕਬਜ਼ਾ ਕਿਉਂ ਨਹੀ ਕਰ ਸਕੇ।

ਕਿਸਾਨੀ ਸੰਘਰਸ਼ 'ਤੇ ਕੀਤੇ ਹਮਲਿਆਂ ਦੌਰਾਨ ਉਸਾਰੇ ਜਾ ਰਹੇ ਨਵੇਂ ਪ੍ਰਵਚਨਾਂ ਨੂੰ ਵੀ ਮਾਲੀ ਨੇ ਨੀਝ ਲਾ ਕੇ ਦੇਖਿਆ, ਪਰਖਿਆ ਅਤੇ ਨਿੱਸਲ ਕੀਤਾ ਹੈ; ਜਿਵੇਂ ਨੌਜੁਆਨਾਂ ਨੂੰ ਨਾਲ ਲੈ ਕੇ ਚੱਲਣ ਦਾ ਪ੍ਰਵਚਨ। ਨੌਜੁਆਨ ਕੋਈ ਵੱਖਰੀ ਧਿਰ ਨਹੀਂ ਪਰ ਇਹ ਪ੍ਰਵਚਨ ਉਸਾਰਨ ਵਾਲੇ ਨੌਜੁਆਨਾਂ ਦੇ ਨਾਂ 'ਤੇ ਆਪ ਧਿਰ ਬਣ ਕੇ ਕਿਸਾਨੀ ਸੰਘਰਸ਼ ਵਿਚ ਘੁਸ ਕੇ ਆਪਣਾ ਪ੍ਰਵਚਨ ਉਭਾਰਨ ਲਈ ਉਤਾਵਲੇ ਸਨ। ਮਾਲੀ ਨੇ ਠੀਕ ਬੁੱਝਿਆ ਕਿ ਜੇ ਇਹ ਲੋਕ ਨੌਜੁਆਨਾਂ ਦੇ ਨਾਂ ਹੇਠ ਦੁਬਾਰਾ ਮੋਰਚੇ ਵਿਚ ਜਾ ਵੜੇ ਤਾਂ ਉਹੋ ਕੰਮ 'ਖੇਤ ਵਿਗਾੜਿਆ ਖੜਤੂਆਂ, ਸਭਾ ਵਿਗਾੜੀ ਕੂੜ' ਕਰਨਗੇ ਜੋ ਇਹ 25 ਅਤੇ 26 ਜਨਵਰੀ ਨੂੰ ਚਿੱਟੇ ਦਿਨ ਦਨਦਨਾਉਂਦੇ ਹੋਏ ਕਰ ਹਟੇ ਹਨ ਤੇ ਹੁਣ ਆਪਣੀ ਉਸ ਗੁਸਤਾਖੀ ਨੂੰ ਸਾਰਾ ਭਾਂਡਾ ਕਿਸਾਨ ਆਗੂਆਂ ਸਿਰ ਭੰਨ ਕੇ ਜਾਇਜ਼ ਠਹਿਰਾ ਰਹੇ ਹਨ। ਮਾਨੋ, ਕਿਸਾਨ ਆਗੂਆਂ ਨੂੰ ਕਮਲੇ ਕਰ ਕੇ ਛਡਣ ਦਾ ਅਜਿਹੇ ਅਨਸਰਾਂ ਨੇ ਤਹੱਈਆ ਕਰ ਰਖਿਆ ਹੈ।

ਬਾਗ ਦੇ ਮਾਲੀ ਨੂੰ ਦੂਰ ਦੁਰੇਡਿਓਂ ਪੈਣ ਵਾਲੀ ਆਹਣ ਦਾ ਵੀ ਖਿਆਲ ਰੱਖਣਾ ਪੈਂਦਾ ਹੈ। 'ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਿਰ , ਸਦਾ ਰੱਖੀਏ ਵਿਚ ਧਿਆਨ ਦੇ ਜੀ' ਅਨੁਸਾਰ ਮਾਲੀ ਕਿਸਾਨੀ ਸੰਘਰਸ਼ ਦੀ 'ਘੇਰਾਬੰਦੀ' ਕਰਨ ਵਾਲੀਆਂ ਧਿਰਾਂ ਦੀ ਅਮਰੀਕਾ ਤੱਕ ਬਿੜਕ ਰੱਖਦਾ ਹੈ। ਜਦ ਅਜਮੇਰ ਸਿੰਘ ਦੇ ਵਿਦੇਸ਼ੀ ਸ਼ਰਧਾਲੂਆਂ ਨੇ ਕੈਲੀਫੋਰਨੀਆਂ ਵਿਚ ਕਿਸਾਨ ਪੰਚਾਇਤ ਦੇ ਪਰਪੰਚ ਵਿਚ ਰਕੇਸ਼ ਟਿਕੈਤ ਦੀ ਸ਼ਮੂਲੀਅਤ ਦਾ ਐਲਾਨ ਕੀਤਾ ਤਾਂ ਮਾਲੀ ਝੱਟ ਸਮਝ ਗਿਆ ਕਿ ਟਿਕੈਤ ਨੂੰ ਕਿਸ ਜਾਲ ਵਿਚ ਫਸਾਇਆ ਜਾ ਰਿਹਾ ਹੈ। ਸਮੇਂ ਸਿਰ ਕੀਤੀ ਹਿਲਜੁਲ ਕਾਰਨ ਟਿਕੈਤ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗ ਗਿਆ ਅਤੇ ਉਸ ਨੇ ਖਾਲਿਸਤਾਨੀ ਰੰਗ ਦੀ ਮਹਾ ਪੰਚਾਇਤ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ। ਜੇ ਟਿਕੈਤ ਇਸ ਮੀਟਿੰਗ ਵਿਚ ਚਾਰ ਸ਼ਬਦ ਬੋਲ ਬੈਠਦਾ ਤਾਂ ਦਿੱਲੀ ਦਰਬਾਰ ਵਲੋਂ ਅਗਲੇ ਹੀ ਪਲ ਰਵੀ ਦਿਸ਼ਾ ਵਾਂਗ ਖਾਲਿਸਤਾਨੀਆਂ ਨਾਲ ਨੱਥੀ ਕਰ ਦਿੱਤਾ ਗਿਆ ਹੁੰਦਾ ਜਿਸ ਦੀ ਸਭ ਤੋਂ ਖੁਸ਼ੀ 'ਘੇਰਾਬੰਦੀ' ਕਰਨ ਵਾਲੇ ਜਥੇ ਨੂੰ ਹੁੰਦੀ।

ਮਾਲੀ ਵੱਡੇ ਸੰਘਰਸ਼ ਵਿਚ ਛੋਟੀਆਂ-ਛੋਟੀਆਂ ਗੱਲਾਂ ਅਤੇ ਅਢੁਕਵੇਂ ਸ਼ਬਦਾਂ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੀਆਂ ਮੁਸੀਬਤਾਂ ਨੂੰ ਵੀ ਭਲੀਭਾਂਤ ਸਮਝਦਾ ਹੈ। ਇਸੇ ਕਰ ਕੇ ਹੀ ਪ੍ਰਚਾਰਕ ਹਰਪ੍ਰੀਤ ਸਿੰਘ ਮਖੂ ਵੱਲੋਂ ਕਿਸਾਨਾਂ ਦੀ ਸਟੇਜ ਤੋਂ ਹੀ ਖੌਰੂ ਪਾਊ ਟੋਲਿਆਂ ਨਾਲ ਏਕਤਾ ਅਤੇ ਕਿਸਾਨਾਂ ਦੀ ਆਲੋਚਨਾ ਕਰਨ ਵਾਲੀਆਂ ਗੱਲਾਂ ਨੂੰ ਉਹ ਠੀਕ ਨਹੀਂ ਸਮਝਦਾ। ਜਦ ਇਹ ਪ੍ਰਚਾਰਕ ਆਪਣੀਆਂ ਸੁਝਾਅ ਵਾਲੀਆਂ ਹੱਦਾਂ ਟੱਪ ਕੇ ਕਿਸੇ ਮੁੱਦੇ 'ਤੇ ਜੈਕਾਰੇ ਲਵਾਉਂਦਾ ਹੈ ਤਾਂ ਮਾਲੀ ਝੱਟ ਸਮਝ ਜਾਂਦਾ ਹੈ ਕਿ ਇੱਥੇ ਵੀ ਕਿਸਾਨ ਘੇਰੇ ਜਾ ਰਹੇ ਹਨ ਜਿਸ ਵਿਚੋਂ ਨਿਕਲਣ ਲਈ ਫਿਰ ਸਫਾਈਆਂ ਦੇਣੀਆਂ ਪੈਣਗੀਆਂ। ਇਸੇ ਦਿਨ ਮਾਲੀ ਆਪਣੇ ਫੇਸਬੁਕ ਪੇਜ 'ਤੇ ਰਵੀ ਸਿੰਘ ਖਾਲਸਾ ਦੀ ਪੰਜਾਬ ਖਾਲਸਾ ਨਿਊਜ ਚੈਨਲ 'ਤੇ 26 ਜਨਵਰੀ ਵਾਲੀ ਇੰਟਰਵਿਊ ਪਾਉਂਦਾ ਹੈ ਅਤੇ ਖਾਲਸਾ ਜੀ ਨੂੰ ਕਿਸਾਨ ਨੇਤਾਵਾਂ ਨੂੰ ਬੇਲੋੜੀਆਂ ਸਲਾਹਾਂ ਦੇਣ ਤੋਂ ਵਰਜਦਾ ਹੈ। ਇਸੇ ਦਿਨ ਮਾਲੀ 'ਸੁਰਖਾਬ ਟੀ.ਵੀ.' ਚੈਨਲ ਉਪਰ ਮਨਵਿੰਦਰ ਸਿੰਘ ਸੰਧੂ ਨਾਂ ਦੇ ਨੌਜਵਾਨ ਆਗੂ ਦੀ ਇੰਟਰਵਿਊ ਪਾਉਂਦਾ ਹੈ। ਉਹ ਸਵਾਲ ਕਰਦਾ ਹੈ ਕਿ ਤੇ ਵਿਦੇਸ਼ਾਂ ਅੰਦਰ ਤਾਂ ਕਿਸਾਨ ਅੰਦੋਲਨ ਤੇ ਲੀਡਰਸ਼ਿਪ ਦੀ ਪ੍ਰਸ਼ੰਸਾ ਹੋ ਰਹੀ ਹੈ ਪਰ ਆਹ ਪੰਜਾਬ ਅੰਦਰ 'ਕਦੇ ਕਲਾ ਵਰਤ ਗਈ', 'ਕਦੇ ਫੈਸਲੇ ਸੰਗਤ ਕਰੂ' ਤੇ ਹੁਣ ਨੌਜਵਾਨੀ ਦੇ ਨਾਮ 'ਤੇ ਮੁਠੀ ਭਰ ਲੋਕਾਂ ਵਲੋਂ ਮੁੜ ਪਹਿਲਾਂ ਵਰਗਾ ਹੀ ਉਧਮੂਲ ਖੜ੍ਹਾ ਕਰਨ ਦੀ ਚਾਲ ਚਲੀ ਜਾ ਰਹੀ ਹੈ। ਉਹ ਸਵਾਲ ਕਰਦਾ ਹੈ ਕਿ ਯਾਰੋ ਸਟੇਜ ਕੋਈ ਖੁਲ੍ਹਾ ਕਬੱਡੀ ਦਾ ਮੈਚ ਹੈ ਕਿ ਜਿਹੜਾ ਮਰਜ਼ੀ ਆਵੇ ਤੇ ਕਬੱਡੀਆਂ ਪਾ ਕੇ ਚਲਾ ਜਾਵੇ। ਸਿੰਘੂ ਬਾਰਡਰ ਧਰਨੇ ਵਿਚ ਨਵਰੀਤ ਦੀ ਸ਼ਰਧਾਂਜਲੀ ਦੌਰਾਨ ਐਸ.ਐਫ.ਐਸ. ਨਾਂ ਦੇ ਮਾਓਵਾਦੀ ਧੜੇ ਦੇ ਨੌਜਵਾਨ ਆਗੂ ਰਮਨਪ੍ਰੀਤ ਸਿੰਘ ਦੀ ਕਿਸਾਨ ਆਗੂਆਂ ਵਿਰੁਧ ਅੱਗ ਉਗਲਦੀ ਤਕਰੀਰ ਵੀ ਉਹਨੇ ਆਪਣੀ ਫੇਸਬੁਕ 'ਤੇ ਪਾਈ ਹੋਈ ਹੈ।

ਜੇ ਕਿਸਾਨ ਜਥੇਬੰਦੀਆਂ ਸਰਦਾਰ ਮਾਲੀ ਵੱਲੋਂ ਪਛਾਣੇ ਗਏ 'ਖੌਰੂ ਪਾਊ ਅਤੇ ਭੜਕਾਊ ਯੰਤਰਾਂ' ਬਾਰੇ ਸਾਵਧਾਨ ਹੋ ਜਾਣ ਤਾਂ ਕਈ ਸਮੱਸਿਆਵਾਂ ਤੋਂ ਬਚਾ ਹੋ ਸਕਦਾ ਹੈ। ਕੋਈ ਸੌ ਆਖੀ ਜਾਵੇ, ਅਜਮੇਰ ਸਿੰਘ ਦੇ ਪ੍ਰਵਚਨਾਂ/ਪੁਸਤਕਾਂ ਤੋਂ ਪ੍ਰੇਰਿਤ ਧਿਰ ਨੇ 26 ਜਨਵਰੀ ਨੂੰ ਪੰਜਾਬ ਦੇ ਕਿਸਾਨ ਨੇਤਾਵਾਂ ਲਈ ਜੋ ਕੰਢੇ ਬੀਜੇ ਹਨ, ਉਹ ਅਜੇ ਚੁਗੇ ਨਹੀਂ ਗਏ ਅਤੇ ਉਹ ਸ਼ਾਇਦ ਪੂਰੀ ਤਰ੍ਹਾਂ ਚੁਗੇ ਜਾਣੇ ਵੀ ਨਹੀਂ ਹਨ ਪਰ ਸੰਘਰਸ਼ ਦਾ ਪ੍ਰਵਚਨ ਬਦਲਣ ਦੀ ਜ਼ਿਦ ਕਰਨ ਵਾਲੀਆਂ ਜਿਨ੍ਹਾਂ ਧਿਰਾਂ ਦੀ ਮਾਲੀ ਵਲੋਂ ਨਿਸ਼ਾਨਦੇਹੀ ਕੀਤੀ ਗਈ ਹੈ, ਉਨ੍ਹਾਂ ਤੋਂ ਵੀ ਸਾਵਧਾਨ ਰਹਿਣਾ ਕਿਸਾਨੀ ਨੇਤਾਵਾਂ ਦਾ ਫਰਜ਼ ਵੀ ਹੈ ਅਤੇ ਸੰਘਰਸ਼ ਦੀ ਸਫਲਤਾ ਲਈ ਅਜਿਹਾ ਕਰਨ ਦੀ ਲੋੜ ਵੀ ਹੈ।

ਅੰਤ ਵਿਚ ਇਹ ਹੀ ਕਹਿਣਾ ਚਾਹਵਾਂਗਾ ਕਿ ਸਰਦਾਰ ਮਲਵਿੰਦਰ ਸਿੰਘ ਮਾਲੀ ਨੇ ਕਿਸਾਨੀ ਸੰਘਰਸ਼ 'ਤੇ ਹੋ ਰਹੇ ਹਮਲਿਆਂ ਬਾਰੇ ਜਿਸ ਸਪੱਸ਼ਟਤਾ, ਬੇਬਾਕੀ, ਦਲੇਰੀ, ਡੂੰਘੀ ਘੋਖ ਅਤੇ ਨਿਰਪੱਖਤਾ ਨਾਲ ਬੋਲਿਆ ਤੇ ਲਿਖਿਆ ਹੈ, ਉਹ ਸ਼ਲਾਘਾਯੋਗ ਹੈ। ਇਤਿਹਾਸਕ ਮੋਰਚੇ ਵਿਚ ਇਹ ਨਿਵੇਕਲਾ ਵਿਸ਼ਲੇਸ਼ਣ ਵੀ ਇਤਿਹਾਸਕ ਹੈ। ਇਹ ਕਿਸਾਨ ਮੋਰਚੇ ਦਾ ਇੱਕ ਪਾਸਾ ਸੰਭਾਲਣ ਬਰਾਬਰ ਹੈ। ਇਹ ਉਨ੍ਹਾਂ ਦੇ ਗਿਆਨ, ਜ਼ਿੰਦਗੀ ਦੇ ਤਜਰਬੇ, ਲੋਕ ਸੰਘਰਸ਼ਾਂ ਨੂੰ ਸਮਰਪਿਤ ਭਾਵਨਾ ਅਤੇ ਅਸੂਲਪ੍ਰਸਤ ਇਨਸਾਨ ਹੋਣ ਦੀ ਜੱਦੋਜਹਿਦ ਦਾ ਹਾਸਿਲ ਹੈ।

## ਸਿਆਸਤ ਵਿਚ ਘਿਰਿਆ ਕਿਸਾਨੀ ਅੰਦੋਲਨ, ਸਿੱਖ ਬੁੱਧੀਜੀਵੀ ਅਤੇ ਮਾਲਵਿੰਦਰ ਸਿੰਘ ਮਾਲੀ

*(ਪਿਛਲੇ ਸਫੇ ਦੀ ਬਾਕੀ)*

ਭੁਗਤਣਾ ਚਾਹੀਦਾ। ਲੋੜ ਸਿਆਸੀ ਪੈਂਤੜਿਆਂ ਵੱਲ ਜਾਂਦੇ ਪੈਰਾਂ ਨੂੰ ਰੋਕ ਕੇ ਇਹ ਸੋਚਣ ਦੀ ਹੈ ਕਿ ਇਸ ਨੂੰ ਸਰਕਾਰ ਦੇ ਅੰਧ ਵਰਤਾਰਿਆਂ ਤੋਂ ਕਿਵੇਂ ਬਚਾ ਕੇ ਰੱਖਿਆ ਜਾ ਸਕਦਾ ਹੈ? ਇਸ ਦੀ ਸ਼ੁਰੂਆਤ ਇਸ ਸਮਝ ਨਾਲ ਕੀਤੀ ਜਾ ਸਕਦੀ ਹੈ ਕਿ ਜਿਵੇਂ ਅੰਦੋਲਨ ਨੂੰ ਅੰਦਰੋਂ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ, ਉਸ ਤਰ੍ਹਾਂ ਬਾਹਰੋਂ ਨਹੀਂ ਪਹੁੰਚਾਇਆ ਜਾ ਸਕਦਾ। ਬਾਹਰ ਰਹਿ ਕੇ ਅੰਦਰਲੇ ਹੋਣ ਦੀ ਸਿਆਸਤ ਅੰਦੋਲਨ ਦੇ ਹੱਕ ਵਿਚ ਨਹੀਂ ਜਾ ਸਕਦੀ। ਪੰਜਾਬੀਆਂ ਵੱਲੋਂ ਗੱਡੀ ਇਸ ਮੋਹੜੀ ਦਾ ਨੁਕਸਾਨ ਪੰਜਾਬੀਆਂ ਦੇ ਪੈਰੋਂ ਨਹੀਂ ਹੋਣਾ ਚਾਹੀਦਾ। ਨਹੀਂ ਸਮਝਾਂਗੇ ਤਾਂ ਇਸ ਸਵਾਲ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਵਲੋਂ ਲਾਜ਼ਮੀ ਤੌਰ 'ਤੇ ਪੁੱਛੇ ਜਾਣੇ ਹਨ।

## ਨੀ ਸਰਕਾਰੇ...

ਆਹ ਹੱਥ ਉੱਠੇ ਨੇ ਹੱਕਾਂ ਲਈ, ਨਾ ਕੱਢਣ ਕਿਸੇ ਦੇ ਹਾੜੇ ਨੀ
ਇਹ ਫਸਲ ਖੇਤ ਨੇ ਜਾਨ ਸਾਡੀ, ਕਿਉਂ ਤੂੰ ਸਮਝੇ ਨਾ ਸਰਕਾਰੇ ਨੀ।

ਦੱਸ ਕੀਤਾ ਕੀ ਨੁਕਸਾਨ ਤੇਰਾ, ਅਸੀਂ ਠੰਡ ਦੇ ਵਿਚ ਵੀ ਠੰਡੇ ਰਹੇ
ਪਰ ਅਸੀਂ ਤਾਂ ਵੀ ਬਾਗੀ ਹੋਏ ਨਾ, ਨਾਲੇ ਖਾਂਦੇ ਤੇਰੇ ਹੱਥੋਂ ਡੰਡੇ ਰਹੇ
ਤੈਨੂੰ ਕਿਉਂ ਵੱਖਵਾਦੀ ਲੱਗਦੇ ਨੇ, ਸਾਡੇ ਬਾਪ ਖੁਰਪਿਆਂ ਵਾਲੇ ਨੀ...।

ਪਹਿਲਾਂ ਸੰਤ ਤੇ ਫਿਰ ਸਿਪਾਹੀ ਹਾਂ, ਕਦੇ ਹੋ ਕੇ ਵੇਖੀਂ ਆ ਨੇੜੇ ਨੀ
ਖੂਨ ਦੇ ਨਾਲ ਲੱਥਪੱਥ ਹੋਏ ਵੀ, ਸਾਡੇ ਹੱਸਦੇ ਰਹਿੰਦੇ ਚਿਹਰੇ ਨੀ
ਤੂੰ ਕਦੇ ਜ਼ਖਮੀ ਹੋਏ ਸ਼ੇਰਾਂ ਦੇ, ਸੁਣ ਕੇ ਵੇਖ ਜੈਕਾਰੇ ਨੀ...।

ਅਸੀਂ ਝੁਕਣਾ ਨਹੀਂ ਅਸੀਂ ਜਿੱਤਾਂਗੇ, ਇੱਕ ਗੱਲ ਦੱਸਾਂ ਤੈਨੂੰ ਅੰਦਰ ਦੀ
ਸੱਭੇ ਸ਼ਬਦ ਗੁਰੂ ਦੇ ਵਾਰਿਸ ਹਾਂ, ਤਾਂਹੀਓਂ ਲਿਖਦੀ ਕਲਮ 'ਸਿਕੰਦਰ' ਦੀ
ਬਹਿ ਜਾਣਗੇ ਤੈਨੂੰ ਲੈ ਕੇ ਨੀ, ਤੇਰੇ ਮਾੜੇ ਕੀਤੇ ਸਭ ਕਾਰੇ ਨੀ
ਆਹ ਹੱਥ ਉਠੇ ਨੇ ਹੱਕਾਂ ਲਈ, ਕਦੇ ਨਾ ਕੱਢਣ ਕਿਸੇ ਦੇ ਹਾੜੇ ਨੀ।
ਇਹ ਫਸਲ ਖੇਤ ਨੇ ਜਾਨ ਸਾਡੀ, ਕਿਉਂ ਤੂੰ ਸਮਝੇ ਨਾ ਸਰਕਾਰੇ ਨੀ

***-ਸਿਕੰਦਰ ਸਿੰਘ ਔਜਲਾ, ਫੋਨ: 269-744-6986***

# ਕਿਸਾਨੀ ਸੰਘਰਸ਼ ਨੂੰ 26 ਜਨਵਰੀ ਦੀਆਂ ਘਟਨਾਵਾਂ ਦੇ ਪ੍ਰਸੰਗ ਵਿਚ ਸਮਝਦਿਆਂ

**ਭਖਦੇ ਮਸਲੇ**

*ਦਿੱਲੀ ਦੇ ਬਾਰਡਰਾਂ 'ਤੇ ਚੱਲ ਰਿਹਾ ਕਿਸਾਨੀ ਘੋਲ ਮਿਸਾਲੀ ਹੋ ਨਿਬੜਿਆ ਹੈ। ਇਸ ਨੇ 26 ਜਨਵਰੀ ਵਾਲਾ ਵੱਡਾ ਝਟਕਾ ਵੀ ਸਹਿ ਲਿਆ ਹੈ ਜਿਸ ਦੇ ਪਿਛੋਕੜ ਬਾਰੇ ਚਰਚਾ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਵਿਸਥਾਰ ਸਹਿਤ ਆਪਣੇ ਇਸ ਲੇਖ ਵਿਚ ਕੀਤੀ ਹੈ। ਲੇਖ ਵਿਚ ਲੇਖਕ ਨੇ ਉਨ੍ਹਾਂ ਧਿਰਾਂ ਦੀ ਵੀ ਸਾਫ ਨਿਸ਼ਾਨਦੇਹੀ ਕੀਤੀ ਹੈ ਜੋ ਵਿੰਗੇ-ਟੇਢੇ ਢੰਗ ਨਾਲ ਇਸ ਅੰਦੋਲਨ ਨੂੰ ਸੱਟ ਮਾਰਨ ਲਈ ਕਾਹਲੇ ਹਨ। ਉਨ੍ਹਾਂ ਇਸ ਅੰਦੋਲਨ ਦੀ ਤਾਕਤ ਬਾਰੇ ਵੀ ਨਿੱਠ ਕੇ ਗੱਲਾਂ ਕੀਤੀਆਂ ਹਨ। -ਸੰਪਾਦਕ*

ਦਿੱਲੀ ਦੇ ਬਾਰਡਰਾਂ 'ਤੇ ਚੱਲ ਰਿਹਾ ਕਿਸਾਨੀ ਸੰਘਰਸ਼ ਭਾਰਤ ਦੇ ਆਮ ਲੋਕਾਂ ਦਾ ਵੱਡਾ ਇਤਿਹਾਸਕ ਸੰਘਰਸ਼ ਹੋ ਨਿਬੜਿਆ ਹੈ। ਪਿਛਲੇ ਸਾਲ ਭਾਰਤ ਸਰਕਾਰ ਬਣਾਏ ਤਿੰਨ ਖੇਤੀ ਸੁਧਾਰ ਕਾਨੂੰਨਾਂ ਵਿਰੁਧ ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਹਰਿਆਣੇ ਤੋਂ ਹੁੰਦਾ ਹੋਇਆ ਦਿੱਲੀ ਪਹੁੰਚਣ ਤੱਕ ਸਾਰੇ ਭਾਰਤ ਦੇ ਕਿਸਾਨਾਂ ਦਾ ਸੰਘਰਸ਼ ਬਣ ਚੁੱਕਾ ਹੈ। ਇਸ ਨੂੰ ਹੁਣ ਕਿਸਾਨੀ ਸੰਘਰਸ਼ ਕਹਿਣਾ ਵੀ ਇਸ ਨੂੰ ਛੋਟਾ ਕਰਨ ਵਾਲੀ ਗੱਲ ਹੋਵੇਗੀ, ਅਸਲ ਵਿਚ ਹੁਣ ਇਹ ਸੰਘਰਸ਼ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਸਮੇਤ ਸਾਰੇ ਵਰਗਾਂ, ਇਲਾਕਿਆਂ, ਧਰਮਾਂ, ਫਿਰਕਿਆਂ, ਕੌਮਾਂ,

**ਹਰਚਰਨ ਸਿੰਘ ਪਰਹਾਰ**
**ਐਡੀਟਰ-ਸਿੱਖ ਵਿਰਸਾ, ਮੈਗਜ਼ੀਨ**
**ਫੋਨ: 403-681-8689**

ਜਾਤਾਂ ਦਾ ਸਾਂਝਾ ਲੋਕ ਸੰਘਰਸ਼ ਬਣ ਚੁੱਕਾ ਹੈ। ਇਸ ਵਿਚ ਕਿਸ ਦਾ ਕਿਤਨਾ ਯੋਗਦਾਨ ਹੈ, ਦੀ ਗੱਲ ਛੱਡ ਵੀ ਦੇਈਏ ਤਾਂ ਭਾਰਤ ਸਰਕਾਰ ਸਮੇਤ ਸਮੁੱਚੇ ਭਾਰਤ ਦੇ ਲੋਕਾਂ ਨੇ ਪੰਜਾਬ ਦੇ ਇਸ ਸੰਘਰਸ਼ ਨੂੰ ਖੜ੍ਹਾ ਕਰਨ ਅਤੇ ਚੱਲਦਾ ਰੱਖਣ ਵਿਚ ਮੋਹਰੀ ਭੂਮਿਕਾ ਨੂੰ ਸਵੀਕਾਰ ਕੀਤਾ ਹੈ। ਪੰਜਾਬ ਤੋਂ ਦਿੱਲੀ ਜਾਣ ਦਾ ਫੈਸਲਾ ਭਾਵੇਂ ਭਾਰਤ ਦੀਆਂ 250 ਤੋਂ ਵੱਧ ਜਥੇਬੰਦੀਆਂ ਦੇ 'ਦਿੱਲੀ ਚੱਲੋ' ਦੇ ਸੱਦੇ ਅਨੁਸਾਰ ਸੀ ਪਰ ਸਾਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਦੀ ਵਾਗਡੋਰ ਪੰਜਾਬ ਦੇ ਹੱਥ ਵਿਚ ਹੀ ਰੱਖਣ ਦਾ ਫੈਸਲਾ ਕੀਤਾ ਤੇ ਭਾਰਤ ਸਰਕਾਰ ਵਲੋਂ ਵੀ 11 ਗੇੜ ਦੀਆਂ ਹੋਈਆਂ ਵਾਰਤਾਵਾਂ ਵਿਚ ਵੀ ਪੰਜਾਬ ਦੀਆਂ ਜਥੇਬੰਦੀਆਂ ਦੀ ਅਗਵਾਈ ਨੂੰ ਮੰਨਦੇ ਹੋਏ, ਉਨ੍ਹਾਂ ਨਾਲ ਹੀ ਮੁੱਖ ਰੂਪ ਵਿਚ ਮੀਟਿੰਗਾਂ ਕੀਤੀਆਂ। ਇਸ ਸੰਘਰਸ਼ ਵਿਚ ਪੰਜਾਬ ਵਲੋਂ ਨਿਭਾਈ ਜਾ ਰਹੀ ਮੋਹਰੀ ਭੂਮਿਕਾ ਨਾਲ ਪੰਜਾਬ ਦਾ ਹੀ ਨਹੀਂ ਸਗੋਂ ਪੰਜਾਬ ਵਿਚ ਵਸਦੇ ਸਿੱਖਾਂ ਦਾ ਨਾਮ, ਨਾ ਸਿਰਫ ਭਾਰਤ ਵਿਚ ਸਗੋਂ ਸਾਰੀ ਦੁਨੀਆਂ ਵਿਚ ਉਚਾ ਹੋਇਆ। ਪੰਜਾਬ ਵਿਚ 1978 ਤੋਂ 1994 ਤੱਕ ਚੱਲੇ ਸੰਘਰਸ਼ ਅਤੇ ਖੂਨੀ ਦੌਰ ਨਾਲ ਭਾਰਤ ਸਮੇਤ ਦੁਨੀਆਂ ਭਰ ਵਿਚ ਲੋਕ ਸਿੱਖਾਂ ਨੂੰ ਵੱਖਰੇ ਨਜ਼ਰੀਏ ਨਾਲ ਦੇਖਣ ਲੱਗੇ ਸਨ ਪਰ ਇਸ ਸੰਘਰਸ਼ ਦੌਰਾਨ ਆਮ ਸਿੱਖਾਂ ਵਲੋਂ ਲਗਾਏ ਵੰਨ-ਸਵੰਨੇ ਲੰਗਰਾਂ, ਹਰ ਇੱਕ ਦੀ ਬਿਨਾਂ ਭੇਦ-ਭਾਵ ਦੇ ਸੇਵਾ ਕਰਨ ਅਤੇ ਸੰਘਰਸ਼ਕਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਨਾਲ ਲੋਕਾਂ ਵਿਚ ਪੰਜਾਬੀਆਂ ਤੇ ਸਿੱਖਾਂ ਦੀ ਸ਼ਾਨ ਵਧੀ ਸੀ, ਸਿੱਖ ਧਰਮ ਦਾ ਸਾਂਝੀਵਾਲਤਾ ਵਾਲਾ ਪੱਖ ਉਜਾਗਰ ਹੋਇਆ ਸੀ। ਜਿਸ ਢੰਗ ਨਾਲ ਕਿਸਾਨ ਜਥੇਬੰਦੀਆਂ ਵਲੋਂ ਆਮ ਲੋਕਾਂ ਦੇ ਸਹਿਯੋਗ ਨਾਲ ਬੜੇ ਜ਼ਾਬਤੇ ਤੇ ਸ਼ਾਂਤਮਈ ਢੰਗ ਨਾਲ ਸੰਘਰਸ਼ ਚਲਾਇਆ ਜਾ ਰਿਹਾ ਹੈ, ਉਸ ਦੀ ਹਰ ਪੱਖੋਂ ਸ਼ਲਾਘਾ ਹੋਈ ਹੈ। ਕਿਸਾਨ ਜਥੇਬੰਦੀਆਂ ਨੇ 11 ਦੌਰ ਦੀ ਸਰਕਾਰ ਨਾਲ ਚੱਲੀ ਵਾਰਤਾ ਦੌਰਾਨ ਜਿਸ ਮਜ਼ਬੂਤੀ ਤੇ ਦ੍ਰਿੜਤਾ ਨਾਲ ਤਿੰਨੇ ਕਾਨੂੰਨ ਰੱਦ ਕਰਾਉਣ ਦਾ ਮੁੱਦਾ ਰੱਖਿਆ, ਉਸ ਨਾਲ ਜਿਹੜੀ ਸਰਕਾਰ ਕੁਝ ਮਹੀਨੇ ਪਹਿਲਾਂ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ, ਉਹੀ ਸਰਕਾਰ ਜਨਵਰੀ ਦੇ ਅੱਧ ਤੱਕ ਪਹੁੰਚਦਿਆਂ ਤਿੰਨੇ ਕਾਨੂੰਨ ਡੇਢ-ਦੋ ਸਾਲ ਲਈ ਮੁਲਤਵੀ ਕਰਨ ਅਤੇ ਕਿਸਾਨਾਂ ਤੇ ਖੇਤੀ ਮਾਹਿਰਾਂ ਦੀ ਕਮੇਟੀ ਬਣਾ ਕੇ ਉਨ੍ਹਾਂ ਦੀਆਂ ਸਿਫਾਰਸ਼ਾਂ ਅਨੁਸਾਰ ਕਾਨੂੰਨਾਂ ਵਿਚ ਸੋਧਾਂ ਕਰਨ ਲਈ ਰਾਜ਼ੀ ਹੋ ਗਈ ਸੀ ਅਤੇ ਭਾਰਤ ਦੀ ਸੁਪਰੀਮ ਕੋਰਟ ਨੇ ਤਾਂ ਕਾਨੂੰਨ ਮੁਲਤਵੀ ਵੀ ਕਰ ਦਿੱਤੇ ਸਨ। ਇਹ ਸਭ ਕੁਝ ਜਥੇਬੰਦੀਆਂ ਦੀ ਸੁਹਿਰਦ ਅਗਵਾਈ ਤੇ ਲੋਕਾਂ ਦੇ ਭਰਵੇਂ ਸਹਿਯੋਗ ਨਾਲ ਹੀ ਸੰਭਵ ਹੋਇਆ। ਇਸ ਸੰਘਰਸ਼ ਦੀ ਇੱਕ ਖਾਸੀਅਤ ਇਹ ਹੋਈ ਕਿ ਬੇਸ਼ਕ ਸੰਘਰਸ਼ ਕਿਸਾਨ ਜਥੇਬੰਦੀਆਂ ਨੇ ਕਿਸਾਨ ਮੰਗਾਂ ਲਈ ਸ਼ੁਰੂ ਕੀਤਾ ਸੀ ਪਰ ਅੱਜ ਇਹ ਸੰਘਰਸ਼ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੋਂ ਇਲਾਵਾ ਸਾਰੇ ਧਰਮਾਂ, ਜਾਤਾਂ, ਕੌਮਾਂ, ਇਲਾਕਿਆਂ ਦਾ ਸਾਂਝਾ ਲੋਕ ਸੰਘਰਸ਼ ਬਣ ਚੁੱਕਾ ਹੈ ਜੋ ਭਾਰਤ ਵਰਗੇ ਦੇਸ਼ ਵਿਚ ਹੋਣਾ ਅਸੰਭਵ ਜਿਹੀ ਗੱਲ ਲਗਦੀ ਸੀ। ਹੁਣ ਇਹ ਸੰਘਰਸ਼ ਕਿਸਾਨੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਲੋਕ ਵੱਡੇ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਵਲੋਂ ਸਰਕਾਰਾਂ ਨਾਲ ਰਲ ਕੇ ਬਣਾਈਆਂ ਲੋਕ ਮਾਰੂ ਆਰਥਿਕ ਨੀਤੀਆਂ ਪ੍ਰਤੀ ਵੀ ਜਾਗਰੂਕ ਹੋ ਰਹੇ ਹਨ ਤੇ ਸੰਘਰਸ਼ ਵੱਲ ਤੁਰ ਰਹੇ ਹਨ।

26 ਜਨਵਰੀ ਦੀਆਂ ਘਟਨਾਵਾਂ ਤੋਂ ਪਹਿਲਾਂ ਸਭ ਕੁਝ ਠੀਕ ਚੱਲ ਰਿਹਾ ਸੀ, ਸਰਕਾਰ ਵੀ ਬੈਕ-ਫੁੱਟ 'ਤੇ ਸੀ, ਸਾਰੀ ਦੁਨੀਆਂ ਵਿਚ ਸੰਘਰਸ਼ ਨੂੰ ਹਮਾਇਤ ਮਿਲ ਰਹੀ ਸੀ। ਸਰਕਾਰ ਕਿਸੇ ਵੀ ਢੰਗ ਨਾਲ ਸਮਝੌਤਾ ਕਰ ਕੇ ਸੰਘਰਸ਼ ਖਤਮ ਕਰਾਉਣ ਦੇ ਰੌਂਅ ਵਿਚ ਸੀ, ਕਿਸਾਨ ਜਥੇਬੰਦੀਆਂ ਦੀ ਸਥਿਤੀ ਬੜੀ ਮਜ਼ਬੂਤ ਸੀ, ਪੰਜਾਬੀਆਂ ਤੇ ਸਿੱਖਾਂ ਦੀ ਹਰ ਪਾਸੇ ਬੱਲੇ-ਬੱਲੇ ਸੀ, ਦੁਨੀਆਂ ਭਰ ਵਿਚ ਹਰ ਵਰਗ ਦੇ ਪੰਜਾਬੀ ਧਰਨਿਆਂ ਮੁਜ਼ਾਹਰਿਆਂ ਰਾਹੀਂ ਆਪਣਾ ਦਬਾਅ ਬਣਾ ਰਹੇ ਸਨ, ਵੱਖ-ਵੱਖ ਦੇਸ਼ਾਂ ਦੇ ਸਿਆਸੀ ਲੀਡਰ ਵੀ ਸੰਘਰਸ਼ ਦੇ ਹੱਕ ਵਿਚ ਬਿਆਨ ਦੇ ਰਹੇ ਸਨ, ਦੁਨੀਆਂ ਭਰ ਦਾ ਮੀਡੀਆ ਵੀ ਸੰਘਰਸ਼ ਨੂੰ ਬੜੇ ਵਧੀਆ ਢੰਗ ਨਾਲ ਕਵਰ ਕਰ ਰਿਹਾ ਸੀ ਪਰ 26 ਜਨਵਰੀ ਨੂੰ ਦਿੱਲੀ ਦੀਆਂ ਸੜਕਾਂ, ਖਾਸਕਰ ਲਾਲ ਕਿਲ੍ਹੇ 'ਤੇ ਜੋ ਕੁਝ ਵਾਪਰਿਆ, ਉਸ ਨੇ ਸੰਘਰਸ਼ ਦੀ ਦਸ਼ਾ ਤੇ ਦਿਸ਼ਾ ਹੀ ਬਦਲ ਦਿੱਤੀ। ਸਰਕਾਰ ਵੀ ਇਸੇ ਤਾਕ ਵਿਚ ਸੀ ਕਿ ਜੇ ਕਿਸਾਨ ਆਗੂ ਸਮਝੌਤੇ ਦਾ ਰਾਹ ਨਹੀਂ ਅਪਨਾਉਂਦੇ ਤਾਂ ਫਿਰ ਸਰਕਾਰ ਇਸ ਸੰਘਰਸ਼ ਨੂੰ ਖਦੇੜਨ ਦੇ ਮੂਡ ਵਿਚ ਸਪਸ਼ਟ ਦਿਸ ਰਹੀ ਸੀ। ਸਰਕਾਰੀ ਮੀਡੀਆ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਿਹਾ ਸੀ ਕਿ ਸੰਘਰਸ਼ ਵਿਚ ਖਾਲਿਸਤਾਨੀ ਘੁਸਪੈਠ ਹੋ ਗਈ ਹੈ, ਵੱਖਵਾਦੀ ਤਾਕਤਾਂ ਸਰਗਰਮ ਹੋ ਗਈਆਂ ਹਨ, ਦਿੱਲੀ ਵਿਚ ਹਿੰਸਾ ਹੋ ਸਕਦੀ ਹੈ? 26 ਦੀਆਂ ਘਟਨਾਵਾਂ ਨੇ ਸਰਕਾਰ ਨੂੰ ਅਜਿਹਾ ਕਰਨ ਦਾ ਮੌਕਾ ਦੇ ਦਿੱਤਾ।

ਬਹੁਤ ਲੋਕ ਬੇਸ਼ਕ ਅਜਿਹਾ ਕਹਿ ਰਹੇ ਹਨ ਕਿ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੇ 26 ਦੀਆਂ ਘਟਨਾਵਾਂ ਵਾਪਰਨ ਦਿੱਤੀਆਂ ਤੇ ਅਜਿਹਾ ਕਰਨ ਵਾਲਿਆਂ ਦਾ ਅਸਿੱਧੇ ਢੰਗ ਨਾਲ ਸਾਥ ਦਿੱਤਾ। ਇਸ ਵਿਚ ਬੇਸ਼ਕ ਕਾਫੀ ਹੱਦ ਤੱਕ ਸੱਚਾਈ ਹੈ ਪਰ ਇਹ ਅਧੂਰਾ ਸੱਚ ਹੈ। ਇਸ ਮੋਰਚੇ ਵਿਚ ਸ਼ਾਮਿਲ ਕੁਝ ਧਿਰਾਂ ਸ਼ੁਰੂ ਤੋਂ ਅਜਿਹੀਆਂ ਸਨ ਜੋ ਵੱਖਰੀ ਸੁਰ ਰੱਖ ਰਹੀਆਂ ਸਨ, ਜਥੇਬੰਦੀਆਂ ਦੇ ਨਾਲ ਨਹੀਂ ਚੱਲ ਰਹੀਆਂ ਸਨ। ਜਿਨ੍ਹਾਂ ਦਾ ਏਜੰਡਾ ਪਹਿਲੇ ਦਿਨ ਤੋਂ ਸਾਫ ਸੀ ਤੇ ਦਿੱਲੀ ਅੰਦਰ ਉਹ ਅਜਿਹਾ ਕਰਨ ਲਈ ਲਗਾਤਾਰ ਆਧਾਰ ਬਣਾ ਰਹੀਆਂ ਸਨ ਅਤੇ ਇਨ੍ਹਾਂ ਧਿਰਾਂ ਦੇ ਵਿਦੇਸ਼ੀਂ ਬੈਠੇ ਲੀਡਰਾਂ ਵਲੋਂ ਲਾਲ ਕਿਲ੍ਹੇ ਤੇ ਖਾਲਸਈ ਝੰਡੇ ਝੁਲਾਉਣ ਲਈ ਲੱਖਾਂ ਡਾਲਰਾਂ ਦੇ ਇਨਾਮਾਂ ਦੇ ਲਾਲਚ ਵੀ ਦਿੱਤੇ ਜਾ ਰਹੇ ਸਨ। ਉਹ ਲੋਕ ਲਾਲ ਕਿਲ੍ਹੇ 'ਤੇ ਖਾਲਸਈ ਝੰਡੇ ਝੁਲਾ ਕੇ 200 ਸਾਲ ਪੁਰਾਣਾ ਇਤਿਹਾਸ ਦੁਹਰਾ ਕੇ ਇਤਿਹਿਾਸ ਦੇ ਨਾਇਕ ਬਣਨਾ ਚਾਹੁੰਦੇ ਸਨ, ਇਸ ਤੱਥ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਦਿੱਲੀ ਵਿਚ ਉਸ ਦਿਨ ਜੋ ਕੁਝ ਵੀ ਹੋਇਆ, ਉਸ ਤੋਂ ਅਗਲੇ ਦਿਨ ਜਿਸ ਤਰ੍ਹਾਂ ਸਰਕਾਰ ਨੇ ਇੱਕ ਪਾਸੇ ਲਾਲ ਕਿਲ੍ਹੇ ਦੀਆਂ ਘਟਨਾਵਾਂ ਦੇ ਬਹਾਨੇ ਮੀਡੀਆ ਰਾਹੀਂ ਸੰਘਰਸ਼ 'ਤੇ ਹਮਲਾ ਬੋਲਿਆ, ਤੇ ਫਿਰ ਬਾਰਡਰਾਂ 'ਤੇ ਆ ਕੇ ਲੋਕਲ ਗੁੰਡਿਆਂ ਰਾਹੀਂ ਹਮਲਾ ਕਰ ਦਿੱਤਾ ਸੀ, ਉਸ ਨਾਲ ਇੱਕ ਵਾਰ ਤਾਂ ਸੰਘਰਸ਼ ਉਖਾੜ ਹੀ ਦਿੱਤਾ ਸੀ, ਜੇ ਕਿਸਾਨ ਲੀਡਰ ਰਾਕੇਸ਼ ਟਿਕੈਤ ਸਟੈਂਡ ਨਾ ਲੈਂਦਾ ਤਾਂ ਲੱਖਾਂ ਲੋਕ ਦੁਬਾਰਾ ਬਾਰਡਰਾਂ 'ਤੇ ਨਾ ਆਉਂਦੇ? ਹੁਣ ਇਹ ਸੰਘਰਸ਼ ਦੁਬਾਰਾ ਮੁੜ ਪਟੜੀ 'ਤੇ ਆ ਰਿਹਾ ਹੈ ਤੇ ਲੋਕ ਵੱਡੀ ਗਿਣਤੀ ਵਿਚ ਸੰਘਰਸ਼ ਨਾਲ ਜੁੜ ਰਹੇ ਹਨ।

26 ਜਨਵਰੀ ਦੀਆਂ ਘਟਨਾਵਾਂ ਨੂੰ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ ਸ਼ੰਭੂ ਮੋਰਚੇ ਦੀ ਸਿਆਸਤ ਨੂੰ ਸਮਝਣਾ ਪਵੇਗਾ। ਜਦੋਂ ਪੰਜਾਬ ਵਿਚ ਅਗਸਤ-ਸਤੰਬਰ ਵਿਚ ਮੋਰਚਾ ਭਖਣਾ ਸ਼ੁਰੂ ਹੋਇਆ ਤਾਂ ਉਨ੍ਹਾਂ ਦਿਨਾਂ ਵਿਚ ਹੀ ਫਿਲਮ ਐਕਟਰ ਦੀਪ ਸਿੱਧੂ ਅਤੇ ਉਸ ਦੇ ਕੁਝ ਸਾਥੀਆਂ ਨੇ ਵੱਖਰੀ ਲਾਈਨ ਲੈ ਕੇ ਸ਼ੰਭੂ ਬਾਰਡਰ 'ਤੇ ਮੋਰਚਾ ਲਗਾ ਲਿਆ ਸੀ ਕਿ ਕਿਸਾਨੀ ਦੀਆਂ ਆਰਥਿਕ ਮੰਗਾਂ ਮੰਨ ਵੀ ਲਈਆਂ ਜਾਣ ਤਾਂ ਵੀ ਇਸ ਨਾਲ ਪੰਜਾਬ ਦਾ ਭਲਾ ਨਹੀਂ ਹੋ ਸਕਦਾ। ਅਖੇ, ਸਾਡਾ ਸੰਘਰਸ਼ ਆਪਣੀ ਹੋਂਦ (ਸਿੱਖੀ ਦੀ) ਬਚਾਉਣ ਦਾ ਹੈ; ਅਸੀਂ ਫਸਲਾਂ ਲਈ ਨਹੀਂ, ਨਸਲਾਂ ਬਚਾਉਣ ਲਈ ਖੜ੍ਹੇ ਹਾਂ, ਇਤਿਆਦਿ। ਇਸ ਦੌਰਾਨ ਦਿੱਲੀ ਆਉਣ ਤੱਕ ਉਸ ਨੇ ਕਈ ਪੈਂਤੜੇ ਬਦਲੇ, ਕਦੇ ਇਹ ਸੰਘਰਸ਼ ਸਿੱਖੀ ਦੀ ਹੋਂਦ ਬਚਾਉਣ ਦਾ, ਕਦੇ ਪੰਜਾਬ ਦੀ ਹੋਂਦ ਬਚਾਉਣ ਦਾ, ਕਦੇ ਅਨੰਦਪੁਰ ਦੇ ਮਤੇ ਦੀਆਂ ਮੰਗਾਂ, ਕਦੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ, ਕਦੇ ਫੈਡਰਲ ਢਾਂਚੇ ਦੀ ਗੱਲ, ਕਦੇ ਪੰਜਾਬ ਦੀ ਖੁਦਮੁਖਤਾਰੀ ਦੀ ਮੰਗ, ਕਦੇ ਸਿੱਖ ਰਾਜ ਦੀ ਗੱਲ, ਕਦੇ ਸਿੱਖਾਂ ਗਲੋਂ ਗੁਲਾਮੀ ਲਾਉਣੀ ਆਦਿ; ਪਰ ਇਸ ਸਾਰੇ ਦੌਰਾਨ ਉਹ ਕਦੇ ਵੀ ਸਪਸ਼ਟ ਰੂਪ ਵਿਚ ਇਹ ਨਹੀਂ ਕਹਿ ਸਕਿਆ ਕਿ ਕਿਸਾਨ ਆਪਣਾ ਸੰਘਰਸ਼ ਲੜ ਰਹੇ ਹਨ, ਅਸੀਂ ਉਨ੍ਹਾਂ ਦੇ ਹੱਕ ਵਿਚ ਹਾਂ ਜਾਂ ਵਿਰੋਧ ਵਿਚ? ਨਾ ਹੀ ਉਹ ਕਦੇ ਖੁੱਲ੍ਹ ਕੇ ਸੰਘਰਸ਼ ਦੇ ਹੱਕ ਵਿਚ ਆਇਆ ਤੇ ਨਾ ਹੀ ਖੁੱਲ੍ਹ ਕੇ ਵਿਰੋਧ ਕਰ ਸਕਿਆ। ਲੱਖਾ ਸਿਧਾਣਾ ਬੇਸ਼ਕ ਦੀਪ ਸਿੱਧੂ ਵਾਂਗ ਸਿੱਧੇ ਵਿਰੋਧ ਵਿਚ ਤਾਂ ਨਹੀਂ ਰਿਹਾ ਪਰ ਆਪਣੀ ਵੱਖਰੀ ਪਛਾਣ ਬਣਾਉਣ ਲਈ, ਉਹ ਕਦੇ ਵੀ ਸੰਘਰਸ਼ ਦੇ ਨੇੜੇ ਨਹੀਂ ਗਿਆ। ਉਹ ਹਟਵੇਂ ਤੌਰ 'ਤੇ ਨੌਜਵਾਨਾਂ ਦੇ ਇੱਕ ਵਰਗ ਨੂੰ ਆਕਰਸ਼ਤ ਕਰਨ ਲਈ ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ, ਜਥੇਬੰਦੀਆਂ ਦਾ ਸਾਥ ਦਿਓ, ਅਸੀਂ ਇਹ ਸੰਘਰਸ਼ ਜਿੱਤ ਕੇ ਮੁੜਨਾ ਹੈ ਆਦਿ ਦੇ ਨਾਹਰੇ ਤਾਂ ਜ਼ਰੂਰ ਮਾਰਦਾ ਰਿਹਾ ਤੇ ਹੁਣ ਵੀ ਮਾਰਦਾ ਹੈ ਪਰ ਕਦੇ ਸਪਸ਼ਟ ਰੂਪ ਵਿਚ ਲਹਿਰ ਦਾ ਹਿੱਸਾ ਨਹੀਂ ਬਣਿਆ। ਇਹ ਲੋਕ ਨੌਜਵਾਨਾਂ ਦੀ ਆੜ ਵਿਚ ਸਿੱਧਾ ਲੀਡਰਸ਼ਿਪ ਵਿਚ ਵੜਨਾ ਚਾਹੁੰਦੇ ਸਨ ਪਰ ਇਨ੍ਹਾਂ ਕੋਲ ਜਾਂ ਕਿਸੇ ਵੀ ਪੰਥਕ ਧਿਰ ਕੋਲ ਕਿਸਾਨਾਂ ਨਾਲ ਸਬੰਧਤ ਕੋਈ ਜਥੇਬੰਦੀ ਨਾ ਹੋਣ ਕਰ ਕੇ ਉਨ੍ਹਾਂ ਨੂੰ ਜਥੇਬੰਦੀਆਂ ਨੇ ਲੀਡਰਸ਼ਿਪ ਵਿਚ ਨਹੀਂ ਵਾੜਿਆ। ਇਹ ਦੋਨੋਂ ਧਿਰਾਂ ਬੇਸ਼ਕ ਤਰਕ ਦਿੰਦੀਆਂ ਸਨ ਕਿ ਜੇ ਜੋਗਿੰਦਰ ਯਾਦਵ ਨੂੰ ਨਾਲ ਲਿਆ ਜਾ ਸਕਦਾ ਹੈ ਤਾਂ ਦੀਪ ਅਤੇ ਲੱਖੇ ਨੂੰ ਕਿਉਂ ਨਹੀਂ ਲਿਆ ਜਾ ਸਕਦਾ? ਜਦਕਿ ਉਨ੍ਹਾਂ ਨੂੰ ਪਤਾ ਸੀ ਕਿ ਯਾਦਵ ਦੀ ਕਿਸਾਨੀ ਸੰਘਰਸ਼ ਲਈ ਪਿਛਲੇ ਕਈ ਸਾਲਾਂ ਤੋਂ ਕੀ ਦੇਣ ਸੀ, ਪਰ ਆਮ ਲੋਕਾਂ ਨੂੰ ਗੁਮਰਾਹ ਕਰਨ ਲਈ ਉਹ ਅਜਿਹੇ ਪੈਂਤੜੇ ਲੈਂਦੇ ਰਹੇ ਅਤੇ ਲੀਡਰਸ਼ਿਪ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੋਏ ਜਿਸ ਕਰ ਕੇ ਉਨ੍ਹਾਂ ਆਪਣਾ ਵੀ ਤੇ ਸੰਘਰਸ਼ ਦਾ ਵੀ ਭਾਰੀ ਨੁਕਸਾਨ ਕੀਤਾ।

ਹੁਣ ਗੱਲ ਕਰਦੇ ਹਾਂ ਕਿ ਜੇ ਸ਼ੰਭੂ ਮੋਰਚੇ ਵਾਲੀ ਧਿਰ ਦਾ ਮਕਸਦ ਸਿੱਖੀ ਦੀ ਹੋਂਦ ਜਾਂ ਖਾਲਸਾ ਰਾਜ ਸੀ ਤਾਂ ਉਨ੍ਹਾਂ ਨੂੰ ਸਪਸ਼ਟ ਰੂਪ ਉਸ ਲਈ ਸ਼ੰਭੂ ਜਾਂ ਕਿਸੇ ਹੋਰ ਥਾਂ ਮੋਰਚਾ ਲਾਉਣਾ ਚਾਹੀਦਾ ਸੀ; ਨਾ ਕਿ ਕਿਸਾਨੀ ਸੰਘਰਸ਼ ਦੀ ਟੇਕ ਵਿਚ ਆਪਣਾ ਏਜੰਡਾ ਲਾਗੂ ਕਰਨਾ! ਜੇ 26 ਜਨਵਰੀ ਦੀਆਂ ਘਟਨਾਵਾਂ ਨੂੰ ਦੇਖੋ ਤਾਂ ਲੋਕਾਂ ਨੂੰ ਰਿੰਗ ਰੋਡ ਅਤੇ ਫਿਰ ਲਾਲ ਕਿਲ੍ਹੇ ਲਿਜਾਣ ਤੱਕ ਦੀਪ ਸਿੱਧੂ ਅਤੇ ਉਸ ਨਾਲ ਪੰਨੂੰ-ਪੰਧੇਰ ਵਾਲੀ ਕਿਸਾਨ ਯੂਨੀਅਨ ਸੀ। ਇਸ ਯੂਨੀਅਨ ਨੇ ਵੀ ਸ਼ੁਰੂ ਤੋਂ ਬਾਕੀ ਸੰਯੁਕਤ ਮੋਰਚੇ ਤੋਂ ਵੱਖਰੀ ਲਾਈਨ ਰੱਖੀ ਸੀ। ਆਖਰੀ ਮੌਕੇ ਤੱਕ ਸੰਯੁਕਤ ਕਿਸਾਨ ਮੋਰਚੇ ਵਲੋਂ ਪੰਨੂੰ-ਪੰਧੇਰ ਨੂੰ ਮਿਥੇ ਰੂਟ ਅਨੁਸਾਰ ਟਰੈਕਟਰ ਮਾਰਚ ਕਰਨ ਲਈ ਮਨਾਉਣ ਦੇ ਯਤਨ ਕੀਤੇ ਪਰ ਉਹ ਰਿੰਗ ਰੋਡ ਜਾਣ ਲਈ ਅੜੇ ਰਹੇ। ਜੇ ਸ਼ੰਭੂ ਮੋਰਚੇ ਦੀ ਸਾਰੀ ਸਿਆਸਤ ਨੂੰ ਦੇਖੋ ਤਾਂ ਉਹ ਸੰਯੁਕਤ ਕਿਸਾਨ ਮੋਰਚੇ ਦੇ ਮੁਕਾਬਲੇ ਵੱਖਰਾ ਬਿਰਤਾਂਤ ਅਤੇ ਵੱਖਰੀ ਲਾਈਨ ਨਾਲ ਹੀ ਚੱਲਦੇ ਰਹੇ। ਉਹ ਬੇਸ਼ਕ ਰੇਲਾਂ ਰੋਕੋ, ਪੈਟਰੋਲ ਪੰਪ , ਵੱਡੀਆਂ ਕੰਪਨੀਆਂ ਦੇ ਮਾਲਾਂ ਦਾ ਘਿਰਾਓ, ਟੌਲ ਪਲਾਜ਼ੇ ਫਰੀ ਕਰਨੇ ਆਦਿ ਕੋਈ ਵੀ ਐਕਸ਼ਨ ਸਨ, ਸ਼ੰਭੂ ਮੋਰਚੇ ਵਾਲਿਆਂ ਹਰ ਜਗ੍ਹਾ ਮੋਰਚਾ ਵਿਰੋਧੀ ਸੁਰ ਹੀ ਰੱਖੀ; ਇਥੋਂ ਤੱਕ ਕਿ ਸ਼ੁਰੂ ਵਿਚ ਦਿੱਲੀ ਜਾਣ ਦਾ ਵੀ ਵਿਰੋਧ ਕਰਦੇ ਸਨ, ਜਦੋਂ ਲੋਕ ਨਾਕੇ ਤੋੜ ਕੇ ਦਿੱਲੀ ਵੱਲ ਹੋ ਤੁਰੇ ਤਾਂ ਕਹਿਣ ਲੱਗ ਪਏ ਕਿ ਨਾਕੇ ਤਾਂ ਸਾਡੇ ਨੌਜਵਾਨਾਂ ਨੇ ਤੋੜੇ ਸਨ। ਅਖੇ, ਕਿਸਾਨ ਆਗੂਆਂ ਨੇ ਤਾਂ ਬਾਰਡਰਾਂ ਤੋਂ ਧਰਨੇ ਮਾਰ ਕੇ ਮੁੜ ਆਉਣਾ ਸੀ! ਇਸ ਦਾ ਇੱਕ ਸਬੂਤ ਇਹ ਹੈ ਕਿ ਸ਼ੰਭੂ ਮੋਰਚੇ ਦੇ ਸੰਚਾਲਕਾਂ ਦੀ ਬਣਾਈ 5 ਮੈਂਬਰੀ ਸ਼ੰਭੂ ਮੋਰਚਾ ਪੰਚਾਇਤ ਨੇ 20 ਅਕਤੂਬਰ ਨੂੰ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰ ਕੇ ਸਪਸ਼ਟ ਕਿਹਾ ਸੀ ਕਿ ਸਾਡੀ ਲੜਾਈ ਕਿਸਾਨੀ ਕਾਨੂੰਨ ਰੱਦ ਕਰਾਉਣੇ ਨਹੀਂ ਸਗੋਂ ਸਾਡੀ ਲੜਾਈ 'ਸਿੱਖੀ ਦੀ ਹੋਣੀ' ਤੇ 'ਪੰਜਾਬ ਦੀ ਖੁਦਮੁਖਤਾਰੀ' ਦੀ ਹੈ ਅਤੇ ਇਸ ਲਈ ਸਾਨੂੰ ਵੱਖਰੀ ਸੋਚ ਵਾਲੀ ਵੱਖਰੀ ਰਾਜਸੀ ਧਿਰ ਖੜ੍ਹੀ ਕਰਨ ਦੀ ਲੋੜ ਹੈ। ਇਸ ਬਾਰੇ ਇਨ੍ਹਾਂ ਦੀ ਸੁਖਪਾਲ ਖਹਿਰਾ, ਧਰਮਵੀਰ ਗਾਂਧੀ ਆਦਿ ਕਈ ਲੀਡਰਾਂ ਨਾਲ ਗੱਲਬਾਤ ਚੱਲ ਵੀ ਰਹੀ ਸੀ। ਜੇ ਮੋਰਚਾ ਦਿੱਲੀ ਨਾ ਆਉਂਦਾ ਤਾਂ ਇਸ ਧਿਰ ਨੇ ਕਿਸਾਨੀ ਮੋਰਚੇ ਦੀ ਓਟ ਵਿਚ ਸਿਰਫ ਰਾਜਸੀ ਪਾਰਟੀ ਹੀ ਖੜ੍ਹੀ ਕਰਨੀ ਸੀ, 26 ਦੀਆਂ ਘਟਨਾਵਾਂ ਕਾਰਨ ਇਨ੍ਹਾਂ ਦਾ ਇਹ ਸੁਪਨਾ ਵੀ ਬਿਖਰ ਗਿਆ।

ਹੁਣ ਜਦੋਂ 26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਕਿਸਾਨ ਆਗੂਆਂ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਜਾ ਰਹੇ ਹਨ ਤਾਂ ਦੇਖਣਾ ਬਣਦਾ ਹੈ ਕਿ ਕੀ ਵੱਖਰੀ ਲਾਈਨ ਲੈ ਕੇ ਚੱਲ ਰਹੀਆਂ ਧਿਰਾਂ ਨੇ ਕਦੇ ਵੀ ਸੁਹਿਰਦਤਾ ਨਾਲ ਸੰਘਰਸ਼ ਦੀ ਹਮਾਇਤ ਕੀਤੀ ਸੀ? ਜਦੋਂ ਸੰਘਰਸ਼ ਦਿੱਲੀ ਦੇ ਬਾਰਡਰਾਂ 'ਤੇ ਪਹੁੰਚਿਆ ਸੀ ਤਾਂ ਸਿੱਖ ਵਿਦਵਾਨ ਅਜਮੇਰ ਸਿੰਘ ਨੇ ਆਪਣੀ ਇੰਟਰਵਿਊ ਵਿਚ ਕਿਸਾਨ ਆਗੂਆਂ ਬਾਰੇ ਮਿਹਣਾ ਜਿਹਾ ਮਾਰਿਆ ਸੀ ਕਿ ਇਹ ਸੰਘਰਸ਼ ਬਹੁਤ ਵੱਡਾ ਹੈ ਤੇ ਕਿਸਾਨ ਜਥੇਬੰਦੀਆਂ ਛੋਟੇ-ਮੋਟੇ ਧਰਨੇ ਮੁਜ਼ਾਹਰੇ ਕਰਨ ਵਾਲੀਆਂ ਜਥੇਬੰਦੀਆਂ ਹਨ, ਇਸ ਲਈ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਸਵਾਲ ਹੈ ਕਿ ਜੇ 40-50 ਸਾਲ ਤੋਂ ਸੰਘਰਸ਼ ਕਰ ਰਹੇ ਲੀਡਰ ਤੇ ਜਥੇਬੰਦੀਆਂ ਵੱਡਾ ਸੰਘਰਸ਼ ਲੜਨ ਦੇ ਕਾਬਿਲ ਨਹੀਂ ਤਾਂ ਪੰਜਾਬ ਦੇ ਉਹ ਕਿਹੜੇ ਨੌਜਵਾਨ ਹਨ, ਜਿਹੜੇ ਅਜਿਹੇ ਵੱਡੇ ਲੋਕ ਸੰਘਰਸ਼ਾਂ ਦੀ ਅਗਵਾਈ ਕਰਨ ਦੇ ਸਮਰੱਥ ਸਨ? ਨਾ ਹੀ ਅਜਮੇਰ ਸਿੰਘ ਜਾਂ ਸ਼ੰਭੂ ਮੋਰਚੇ ਵਾਲੀਆਂ ਧਿਰਾਂ ਨੇ ਕਦੇ ਇਹ ਦੱਸਿਆ ਹੈ ਕਿ ਉਨ੍ਹਾਂ ਨੌਜਵਾਨਾਂ ਨੇ ਹੁਣ ਤੱਕ ਕਿਤਨੇ ਕੁ ਮੋਰਚੇ ਤੇ ਸੰਘਰਸ਼ ਜਿੱਤੇ ਹਨ ਕਿ ਇਤਨੇ ਵੱਡੇ ਮੋਰਚੇ ਦੀ ਅਗਵਾਈ ਉਨ੍ਹਾਂ ਨੂੰ ਸੰਭਾਲ ਦਿੱਤੀ ਜਾਵੇ? ਇਨ੍ਹਾਂ ਧਿਰਾਂ ਨੇ ਕਦੇ ਇਹ ਵੀ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਨੌਜਵਾਨਾਂ (?) ਕੋਲ਼ ਕਿਹੜੀ ਵੱਡੀ ਕਾਬਲੀਅਤ ਤੇ ਤਜਰਬਾ ਹੈ ਜੋ 32 ਜਥੇਬੰਦੀਆਂ ਅਤੇ ਪੰਜਾਬ ਦੀਆਂ ਹੋਰ ਸੈਂਕੜੇ ਵਿਦਿਆਰਥੀ, ਮੁਲਾਜ਼ਮ, ਮਜ਼ਦੂਰ ਤੇ ਨੌਜਵਾਨ ਜਥੇਬੰਦੀਆਂ ਕੋਲ ਨਹੀਂ ਹੈ, ਜੋ ਇਸ ਸੰਘਰਸ਼ ਵਿਚ ਪੂਰੀ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ? ਇਸ ਸਬੰਧੀ ਉਘੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਜੋ ਪਿਛਲੇ ਕਈ ਵਰ੍ਹਿਆਂ ਤੋਂ ਅਜਮੇਰ ਸਿੰਘ ਨਾਲ ਸੁਰ ਮਿਲਾ ਕੇ ਚੱਲ ਰਹੇ ਸਨ, ਵਲੋਂ ਬੜੀ ਤਸੱਲੀ ਦੀ ਗੱਲ ਕੀਤੀ ਹੈ ਕਿ ਉਸ ਨੇ ਅਜਮੇਰ ਸਿੰਘ ਦੇ ਧੜੇ ਵਲੋਂ ਕੀਤੀ ਜਾ ਰਹੀ ਮਾਅਰਕੇਬਾਜ਼ੀ ਦੇ ਖਤਰਿਆਂ ਨੂੰ ਪਛਾਣਿਆ ਹੈ ਤੇ ਇਨ੍ਹਾਂ ਨਾਲੋਂ ਸਪਸ਼ਟ ਰੂਪ ਵਿਚ ਵਿੱਥ ਸਥਾਪਿਤ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਧਿਰਾਂ ਨੂੰ ਸਿੱਧਾ ਸਵਾਲ ਕੀਤਾ ਹੈ ਕਿ ਅਜਮੇਰ ਸਿੰਘ, ਸੁਖਪ੍ਰੀਤ ਉਦੋਕੇ, ਅਜੈਪਾਲ ਸਿੰਘ ਬਰਾੜ ਆਦਿ ਵਿਦਵਾਨ ਇਹ ਦੱਸਣ ਕਿ 1995 ਤੋਂ ਹੁਣ ਤੱਕ ਛੋਟੇ-ਛੋਟੇ ਧਾਰਮਿਕ ਮੁੱਦਿਆਂ ਤੇ ਮੋਰਚੇ ਲਗਾਉਣ (ਜਿਸ ਦੀ ਵੀ ਕੋਈ ਪ੍ਰਾਪਤੀ ਨਹੀਂ) ਤੋਂ ਇਲਾਵਾ ਪੰਥਕ ਜਥੇਬੰਦੀਆਂ ਦੀ ਪੰਜਾਬ ਵਿਚ ਹੋਰ ਕੀ ਕਾਰਗੁਜ਼ਾਰੀ ਹੈ? ਕੀ ਉਨ੍ਹਾਂ ਕਦੇ ਕਿਸਾਨਾਂ, ਮਜਦੂਰਾਂ, ਦਲਿਤਾਂ ਜਾਂ ਹੋਰ ਵਰਗਾਂ ਦੇ ਲੋਕਾਂ ਵਿਚ ਜਾ ਕੇ ਕਦੇ ਕੋਈ ਕੰਮ ਕੀਤਾ ਹੈ, ਕੋਈ ਜਥੇਬੰਦੀ ਬਣਾਈ ਹੈ? ਧਰਮ ਨੇ ਰੋਟੀ ਤਾਂ ਨਹੀਂ ਦੇਣੀ, ਕੀ ਉਨ੍ਹਾਂ ਕਦੇ ਕਿਸੇ ਵਰਗ ਜਾਂ ਪੰਜਾਬ ਦੇ ਕਿਸੇ ਆਰਥਿਕ ਮੁੱਦੇ ਤੇ ਕੋਈ ਕੰਮ ਕੀਤਾ? ਅੱਜ ਜਦੋਂ ਲੋਕ ਇਨ੍ਹਾਂ ਜਥੇਬੰਦੀਆਂ ਦੀ ਅਗਵਾਈ ਵਿਚ ਸੰਘਰਸ਼ ਲੜਨ ਲੱਗੇ ਹਨ ਤੇ ਸੰਘਰਸ਼, ਲੋਕ ਅੰਦੋਲਨ ਬਣ ਰਿਹਾ ਹੈ ਤਾਂ ਇਸ ਨੂੰ ਧਾਰਮਿਕ ਜਾਂ ਕੋਈ ਵੱਖਰੀ ਰੰਗਤ ਦੇਣ ਲਈ ਇਹ ਧਿਰਾਂ ਪੂਰੀ ਤਰ੍ਹਾਂ ਸਰਗਰਮ ਸਨ, ਜਿਸ ਵਿਚੋਂ ਹੀ 26 ਦੀਆਂ ਘਟਨਾਵਾਂ ਨਿਕਲਣੀਆਂ ਹਨ। ਸ. ਅਜਮੇਰ ਸਿੰਘ ਦੂਜਿਆਂ 'ਤੇ ਤਾਂ ਸਵਾਲ ਉਠਾ ਰਹੇ ਹਨ ਪਰ 1992 ਦੀਆਂ ਚੋਣਾਂ ਦੇ ਉਨ੍ਹਾਂ ਦੀਆਂ ਧਿਰਾਂ ਵਲੋਂ ਕੀਤੇ ਬਾਈਕਾਟ ਦੇ ਫੈਸਲੇ ਨਾਲ ਖਾੜਕੂ ਸੰਘਰਸ਼ ਨੂੰ ਹੋਏ, ਨੁਕਸਾਨ ਦੀ ਨਾ ਕਦੇ ਜ਼ਿੰਮੇਵਾਰੀ ਲੈਂਦੇ ਹਨ ਤੇ ਨਾ ਹੀ ਕਦੇ ਉਸ ਬਾਰੇ ਗੱਲ ਕਰਦੇ ਹਨ। ਇਸ ਬਾਰੇ 1970ਵਿਆਂ ਤੋਂ ਪੰਜਾਬ ਦੀ ਰਾਜਨੀਤੀ ਤੇ ਸੰਘਰਸ਼ ਵਿਚ ਸਰਗਰਮ ਰਹੇ ਲੇਖਕ ਤੇ ਰਾਜਸੀ ਬੁੱਧੀਜੀਵੀ ਮਾਲਵਿੰਦਰ ਸਿੰਘ ਮਾਲੀ ਦੀਆਂ ਸੰਘਰਸ਼ ਬਾਰੇ ਤਾਜ਼ਾ ਟਿੱਪਣੀਆਂ ਬੜੀਆਂ ਅਹਿਮ ਹਨ, ਉਨ੍ਹਾਂ ਅਨੁਸਾਰ, 'ਸ਼ੰਭੂ ਮੋਰਚੇ ਦਾ ਕਿਸਾਨ ਮੋਰਚੇ ਤੋਂ ਵੱਖਰਾ




**(ਬਾਕੀ ਅਗਲੇ ਸਫੇ 'ਤੇ)**

# ਸਰਦਾਰ ਪਟੇਲ, ਸੁਭਾਸ਼, ਟੈਗੋਰ ਬਨਾਮ ਨਰਿੰਦਰ ਮੋਦੀ

**ਹਰਜਿੰਦਰ ਸਿੰਘ ਗੁਲਪੁਰ**
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਪਹਿਲਾਂ ਤਾਂ ਨਹੀਂ ਸੀ, ਪਰ ਹੁਣ ਇਹ ਆਮ ਹੈ। ਸਾਡੇ ਸਮਾਜ ਵਿਚ ਜਿਹੜਾ ਬੰਦਾ ਇਸ ਦੁਨੀਆਂ 'ਤੇ 'ਕੱਲਾ-ਕਹਿਰਾ ਰਹਿ ਜਾਂਦਾ ਹੈ, ਉਹ ਆਪਣੇ ਜਿਉਂਦੇ ਜੀਅ ਆਪਣੇ ਹੱਥੀਂ ਆਪਣੀਆਂ ਅੰਤਿਮ ਰਹੁ ਰੀਤਾਂ ਨਿਬੇੜ ਕੇ ਇੱਕ ਤਰ੍ਹਾਂ ਨਾਲ ਸੁਰਖਰੂ ਹੋਇਆ ਮਹਿਸੂਸ ਕਰਦਾ ਹੈ। ਇਹਦਾ ਕਾਰਨ ਇਹ ਹੈ ਕਿ ਉਸ ਦੇ ਭਰੋਸੇ ਦੀ ਡੋਰ ਟੁੱਟ ਚੁੱਕੀ ਹੁੰਦੀ ਹੈ। ਭਾਰਤ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਚੱਲ ਰਹੇ ਇਸ ਟਾਵੇਂ ਟੱਲੇ ਵਰਤਾਰੇ ਦੀ ਯਾਦ ਉਦੋਂ ਆਈ, ਜਦੋਂ ਇਹ ਪਤਾ ਲੱਗਾ ਕਿ ਗੁਜਰਾਤ ਦੇ ਅਹਿਮਦਾਬਾਦ ਵਿਚ ਸਰਦਾਰ ਵੱਲਭ ਭਾਈ ਪਟੇਲ ਦੇ ਨਾਮ ਉੱਤੇ ਬਣੇ ਮਟੇਰਾ ਸਟੇਡੀਅਮ ਦਾ ਵਿਸਥਾਰ ਕਰਕੇ ਬਣਾਏ ਵਿਸ਼ਵ ਦੇ ਸਭ ਤੋਂ ਵੱਡੇ ਸਟੇਡੀਅਮ ਦਾ ਨਾਮ ਨਰਿੰਦਰ ਮੋਦੀ ਦੇ ਨਾਮ 'ਤੇ ਰੱਖ ਦਿੱਤਾ ਗਿਆ ਹੈ। ਇਸ ਸਟੇਡੀਅਮ ਦਾ ਉਦਘਾਟਨ ਦੇਸ਼ ਦੇ ਉਸ ਰਾਸ਼ਟਰਪਤੀ ਨੇ ਕੀਤਾ ਹੈ, ਜਿਸ ਨੂੰ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਣ ਵੇਲੇ ਝੂਠਾ-ਸੱਚਾ ਸੱਦਾ ਪੱਤਰ ਵੀ ਨਹੀਂ ਦਿੱਤਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਇਹ ਸਟੇਡੀਅਮ ਹੁਣ ਤੱਕ ਦੇ ਸਭ ਤੋਂ ਵੱਡੇ ਮੈਲਬੌਰਨ ਸਟੇਡੀਅਮ ਨਾਲੋਂ ਵੀ ਵੱਡਾ ਹੈ। ਇਸ ਨਾਮਕਰਨ ਪਿੱਛੇ ਹੋਰ ਵੀ ਕਾਰਨ ਹੋਣਗੇ, ਪਰ ਮੈਂ ਇੱਥੇ ਕੇਵਲ ਇੱਕ ਦੋ ਮੋਟੇ ਮੋਟੇ ਕਾਰਨਾਂ ਦਾ ਜ਼ਿਕਰ ਕਰਾਂਗਾ। ਆਜ਼ਾਦ ਭਾਰਤ ਵਿਚ ਅੱਜ ਤੱਕ ਕਿਸੇ ਵੀ ਸਾਸ਼ਕ ਨੇ ਆਪਣੇ ਜਿਉਂਦੇ ਜੀਅ ਸਤਾ ਵਿਚ ਰਹਿੰਦਿਆਂ ਆਪਣੇ ਨਾਮ ਉੱਤੇ ਕੋਈ ਵੀ ਦੇਸ਼ ਪੱਧਰੀ ਨਿਰਮਾਣ ਨਹੀਂ ਕੀਤਾ। ਇਸ ਨੂੰ ਭਾਰਤੀ ਸ੍ਰਿਸ਼ਟਾਚਾਰ ਅਨੁਸਾਰ ਹੋਛੇਪਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅਜਿਹੇ ਕੰਮ ਕੁਝ ਤਾਨਾਸ਼ਾਹਾਂ ਨੇ ਜਰੂਰ ਕੀਤੇ ਹੋਣਗੇ, ਪਰ ਕਿਸੇ ਚੁਣੇ ਹੋਏ ਦੇਸ਼ ਮੁਖੀ ਨੇ ਅਜਿਹਾ ਅਨੈਤਿਕ ਕੰਮ ਨਹੀਂ ਕੀਤਾ ਹੈ। ਇਸ ਸਟੇਡੀਅਮ ਦਾ ਨਾਮ ਪ੍ਰਧਾਨ ਸੇਵਕ ਦੇ ਨਾਮ ਉੱਤੇ ਰੱਖੇ ਜਾਣ ਦਾ ਇੱਕੋ ਇੱਕ ਅਰਥ ਇਹ ਨਿਕਲਦਾ ਹੈ ਕਿ ਉਹ ਅੰਦਰਖਾਤੇ ਕਿੰਨਾ ਡਰਿਆ ਹੋਇਆ ਹੈ। ਐਨਾ ਤਾਕਤਵਰ ਹੋਣ ਦੇ ਬਾਵਜੂਦ ਉਸ ਨੂੰ ਲਗ ਰਿਹਾ ਹੈ ਕਿ ਲੋਕ ਉਸ ਤੋਂ ਬਹੁਤ ਨਾ-ਖੁਸ਼ ਹਨ। ਉਸ ਨੂੰ ਲੱਗਦਾ ਹੈ ਕਿ ਉਸ ਦੇ ਦੁਨੀਆਂ ਤੋਂ ਰੁਖਸਤ ਹੋ ਜਾਣ ਉਪਰੰਤ ਉਸ ਦੇ ਜਾਨਸ਼ੀਨ ਉਸ ਦੀ ਯਾਦ ਵਿਚ ਨਾ ਤਾਂ ਕਸੀਦੇ ਕੱਢਣਗੇ ਅਤੇ ਨਾ ਉਸ ਦੀ ਕੋਈ ਢੁਕਵੀਂ ਯਾਦਗਾਰ ਬਣਾਉਣਗੇ। ਉਸ ਨੂੰ ਆਪਣੇ ਵਿਸ਼ਵ ਭਰ 'ਚੋਂ ਵੱਡੇ ਕਹੇ ਜਾਂਦੇ ਸੰਗਠਨ ਉੱਤੇ ਵੀ ਭੋਰਾ ਭਰ ਯਕੀਨ ਨਹੀਂ ਹੈ। ਇਸ ਲਈ ਉਹ ਚਾਹੁੰਦੇ ਹਨ ਕਿ ਇਹ ਕੰਮ ਜਿਉਂਦੇ ਜੀਅ ਨਿਬੇੜ ਲਿਆ ਜਾਵੇ।

ਪਰੰਪਰਾਵਾਂ ਅਨੁਸਾਰ ਦੇਸ਼ ਦੇ ਸਾਸ਼ਕ ਆਪਣੇ ਭਵਿੱਖ ਦੀ ਹੋਣੀ ਆਪਣੇ ਵਾਰਸਾਂ ਦੇ ਹੱਥਾਂ ਵਿਚ ਸੌਂਪਦੇ ਆਏ ਹਨ, ਪਰ ਮੋਦੀ ਨੂੰ ਇਹ ਮਨਜ਼ੂਰ ਨਹੀਂ ਹੈ। ਨਰਿੰਦਰ ਮੋਦੀ ਨੇ ਸਟੇਡੀਅਮ ਦਾ ਨਾਮ ਆਪਣੇ ਨਾਮ ਨਾਲ ਜੋੜ ਕੇ ਇੱਕ ਨਵੀਂ ਤਰ੍ਹਾਂ ਦੀ ਪਿਰਤ ਪਾ ਦਿੱਤੀ ਹੈ। ਹਾਲਾਂ ਕਿ ਉਨ੍ਹਾਂ ਨੇ ਆਪਣੇ ਕਈ ਮੰਤਰੀਆਂ ਤੋਂ ਸਫਾਈ ਦਿਵਾਈ ਹੈ ਕਿ 'ਨਾਮ ਬਦਲਾ ਨਹੀਂ ਗਿਆ, ਸਪੋਰਟਸ ਕੰਪਲੈਕਸ ਦਾ ਨਾਮ ਅਭੀ ਵੀ ਸਰਦਾਰ ਪਟੇਲ ਦੇ ਨਾਮ ਪਰ ਹੀ ਹੈ।' ਪਰ ਸੱਚਾਈ ਇਹ ਹੈ ਕਿ ਸਟੇਡੀਅਮ ਪਹਿਲਾਂ ਪਟੇਲ ਨਾਮ ਨਾਲ ਜਾਣਿਆ ਜਾਂਦਾ ਸੀ, ਹੁਣ ਮੋਦੀ ਦੇ ਨਾਮ ਨਾਲ ਜਾਣਿਆ ਜਾਵੇਗਾ। ਜਿਸ ਸੰਘ ਦੀ ਪ੍ਰਤੀਨਿਧਤਾ ਮੋਦੀ ਕਰ ਰਹੇ ਹਨ, ਉਸ 'ਤੇ ਦੋਸ਼ ਲੱਗਦਾ ਰਿਹਾ ਹੈ ਕਿ ਉਹ ਬੜੇ ਸੂਖਮ ਤਰੀਕੇ ਨਾਲ ਘੱਟ ਗਿਣਤੀਆਂ ਨੂੰ ਆਪਣੇ ਅੰਦਰ ਜਜ਼ਬ ਕਰਨ ਦੀ ਨੀਤੀ ਉੱਤੇ ਚਲ ਰਿਹਾ ਹੈ। ਸੰਘ ਪਰਿਵਾਰ ਨੇ ਮੋਦੀ ਦੀ ਅਗਵਾਈ ਹੇਠ ਸੱਤਾ ਵਿਚ ਆ ਕੇ ਘੱਟ ਗਿਣਤੀਆਂ ਦੇ ਨਾਲ ਨਾਲ ਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਹੜੱਪਣਾ ਸ਼ੁਰੂ ਕਰ ਦਿਤਾ ਹੈ, ਜੋ ਇਸ ਜਹਾਨ ਵਿਚ ਨਹੀਂ ਹਨ।

ਕੁਝ ਸਾਲ ਪਹਿਲਾਂ ਹਜਾਰਾਂ ਕਰੋੜ ਰੁਪਏ ਖਰਚ ਕੇ ਸਰਦਾਰ ਪਟੇਲ ਦੀ ਮੂਰਤੀ ਬਣਾਈ ਗਈ ਸੀ। ਸਰਦਾਰ ਪਟੇਲ ਨੂੰ ਕਾਂਗਰਸ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਲਈ ਕੀਤੇ ਗਏ ਪ੍ਰਚਾਰ ਉੱਤੇ ਜਨਤਾ ਦਾ ਪੈਸਾ ਪਾਣੀ ਵਾਂਗ ਵਹਾਇਆ ਗਿਆ। ਇਸ ਤਰ੍ਹਾਂ ਲਗਦਾ ਹੈ ਕਿ ਸਰਦਾਰ ਪਟੇਲ ਦੇ ਨਾਮ ਦਾ ਜਿੰਨਾ ਰਾਜਨੀਤਕ ਫਾਇਦਾ ਲੈਣਾ ਸੀ ਲੈ ਲਿਆ ਗਿਆ ਹੈ। ਹੁਣ ਉਸ ਨੂੰ ਦਰਕਿਨਾਰ ਕਰਨ ਦਾ ਵਕਤ ਆ ਗਿਆ ਹੈ। ਕੁਝ ਵਿਦਵਾਨ ਇਸ ਨੂੰ ਇੱਕ ਹੋਰ ਦ੍ਰਿਸ਼ਟੀਕੋਣ ਤੋਂ ਦੇਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਸੰਘ ਨਾਲ ਜੁੜੇ ਨੱਥੂ ਰਾਮ ਗੌਡਸੇ ਨੇ ਮਹਾਤਮਾ ਗਾਂਧੀ ਦਾ ਕਤਲ ਕੀਤਾ ਸੀ, ਉਸ ਸਮੇਂ ਸਰਦਾਰ ਪਟੇਲ ਦੇਸ਼ ਦੇ ਗ੍ਰਹਿ ਮੰਤਰੀ ਸਨ। ਉਨ੍ਹਾਂ ਨੇ ਆਰ. ਐਸ. ਐਸ. ਉੱਤੇ ਪਾਬੰਦੀ ਲਾ ਦਿੱਤੀ ਸੀ। ਸੰਘ ਪਰਿਵਾਰ ਉਦੋਂ ਤੋਂ ਮੌਕੇ ਦੀ ਭਾਲ ਵਿਚ ਸੀ ਕਿ ਸਰਦਾਰ ਪਟੇਲ ਤੋਂ ਬਦਲਾ ਕਿਸ ਤਰ੍ਹਾਂ ਲਿਆ ਜਾਵੇ। ਮੌਕਾ ਮਿਲਦਿਆਂ ਹੀ ਉਸ ਨੇ ਪਟੇਲ ਨਾਲ ਹਿਸਾਬ-ਕਿਤਾਬ ਬਰਾਬਰ ਕਰਨ ਦਾ ਫੈਸਲਾ ਕਰ ਲਿਆ ਹੈ। ਹਾਲਾਂ ਕਿ ਇਸ ਦਾ ਕੋਈ ਪ੍ਰਮਾਣ ਨਹੀਂ ਹੈ। ਇਸੇ ਤਰ੍ਹਾਂ ਅੱਜ ਕੱਲ੍ਹ ਭਾਜਪਾ ਨੂੰ ਰਾਬਿੰਦਰ ਨਾਥ ਟੈਗੋਰ ਅਤੇ ਸੁਭਾਸ਼ ਚੰਦਰ ਬੋਸ ਦੀ ਯਾਦ ਬਹੁਤ ਸਤਾ ਰਹੀ ਹੈ ਕਿਉਂਕਿ ਬੰਗਾਲ ਦੀਆਂ ਚੋਣਾਂ ਸਿਰ 'ਤੇ ਹਨ। ਮੋਦੀ ਆਪਣੀ ਸ਼ਕਲੋ ਸੂਰਤ ਵੀ ਮਹਾਂ ਕਵੀ ਵਰਗੀ ਬਣਾਉਣ ਦਾ ਯਤਨ ਕਰ ਰਹੇ ਹਨ।




ਹੁਣ ਮੋਦੀ ਕਦੋਂ ਦੋਹਾਂ ਬੰਗਾਲੀ ਚਿਹਰਿਆਂ ਦਾ 'ਕਿਰਿਆ ਕਰਮ' ਕਰਨਗੇ, ਕਿਹਾ ਨਹੀਂ ਜਾ ਸਕਦਾ। ਘੱਟੋ ਘੱਟ ਆਪਣੇ ਤੰਗ ਮਨਸੂਬੇ ਪੂਰੇ ਕਰਨ ਤੱਕ ਦੋਹਾਂ ਸ਼ਖਸੀਅਤਾਂ ਦੀ ਬੱਲੇ ਬੱਲੇ ਹੁੰਦੀ ਰਹੇਗੀ।

ਇਨ੍ਹਾਂ ਪਹਿਲੂਆਂ ਨੂੰ ਦੇਖ ਕੇ ਨਰਿੰਦਰ ਮੋਦੀ ਨੂੰ ਘਾਗ ਸਿਆਸਤ ਦਾਨ ਵੀ ਕਿਹਾ ਜਾ ਸਕਦਾ ਹੈ ਅਤੇ ਘਟੀਆ ਸਿਆਸਤਦਾਨ ਵੀ। ਪੰਜਾਬ ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਪ੍ਰਕਾਸ਼ ਸਿੰਘ ਬਾਦਲ ਵੀ ਇਸੇ ਨੀਤੀ ਦੇ ਵਾਹਕ ਰਹੇ ਹਨ। ਹੁਣ ਪਤਾ ਨਹੀਂ ਲਗਦਾ ਕਿ ਇਨ੍ਹਾਂ ਦੋਹਾਂ ਵਿਚੋਂ ਗੁਰੂ ਕੌਣ ਹੈ ਅਤੇ ਚੇਲਾ ਕੌਣ ਹੈ! ਇੱਥੇ ਹਿੰਦੂ ਮਿਥਿਹਾਸ ਦੀ ਇੱਕ ਸੁਣੀ ਸੁਣਾਈ ਸਾਖੀ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਇਸ ਝੂਠੀ ਸੱਚੀ ਸਾਖੀ ਅਨੁਸਾਰ ਦੱਸਿਆ ਜਾਂਦਾ ਹੈ ਕਿ ਇੱਕ ਗੁਰੂ ਆਪਣੇ ਚੇਲਿਆਂ ਨਾਲ ਆਪਣੇ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਹਰ ਰੋਜ ਆਪਣੇ ਆਸ਼ਰਮ ਤੋਂ ਨਿਕਲਦੇ ਸਨ। ਰਸਤੇ ਵਿਚ ਉਨ੍ਹਾਂ ਨੂੰ ਕੁਝ ਝਾੜੀਆਂ ਵਿਚੋਂ ਗੁਜਰਨਾ ਪੈਂਦਾ ਸੀ। ਉਹ ਝਾੜੀਆਂ ਗੁਰੂ ਅਤੇ ਉਨ੍ਹਾਂ ਦੇ ਚੇਲਿਆਂ ਲਈ ਰੁਕਾਵਟ ਬਣਦੀਆਂ ਸਨ। ਕਈ ਵਾਰ ਉਨ੍ਹਾਂ ਦੇ ਬਸਤਰ ਪਾਟ ਜਾਂਦੇ ਸਨ। ਚੇਲਿਆਂ ਨੇ ਕਈ ਵਾਰ ਬੇਨਤੀ ਕੀਤੀ ਕਿ ਇਨ੍ਹਾਂ ਝਾੜੀਆਂ ਨੂੰ ਕੱਟ ਦਿੱਤਾ ਜਾਵੇ। ਗੁਰੂ ਨੇ ਹਰ ਵਾਰ ਮਨ੍ਹਾਂ ਕਰ ਦਿੱਤਾ। ਇੱਕ ਦਿਨ ਗੁਰੂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਹਰ ਰੋਜ ਸਾਰੇ ਜਣੇ ਇੱਕ ਇੱਕ ਲੋਟਾ ਪਾਣੀ ਦਾ ਲੈ ਕੇ ਆਇਆ ਕਰਨ। ਗੁਰੂ ਦੇ ਹੁਕਮ 'ਤੇ ਇਹ ਪਾਣੀ ਦੇ ਲੋਟੇ ਹਰ ਰੋਜ ਝਾੜੀਆਂ ਦੀਆਂ ਜੜ੍ਹਾਂ ਵਿਚ ਡੋਲ੍ਹੇ ਜਾਣ ਲੱਗ ਪਏ। ਚੇਲੇ ਹੈਰਾਨ ਸਨ ਕਿ ਸਾਨੂੰ ਦੁਖੀ ਕਰਨ ਵਾਲੀਆਂ ਝਾੜੀਆਂ ਦੀ 'ਸੇਵਾ' ਕਿਉਂ ਕੀਤੀ ਜਾ ਰਹੀ ਹੈ। ਕਈ ਦਿਨਾਂ ਬਾਅਦ ਗੁਰੂ ਨੇ ਚੇਲਿਆਂ ਨੂੰ ਹੁਕਮ ਦਿੱਤਾ ਕਿ ਸਾਰੇ ਜਣੇ ਜੋਰ ਲਾ ਕੇ ਇਨ੍ਹਾਂ ਝਾੜੀਆਂ ਨੂੰ ਜੜਾਂ ਤੋਂ ਪੁੱਟ ਦੇਣ, ਕਿਉਂਕਿ ਇਨ੍ਹਾਂ ਦੀਆਂ ਜੜਾਂ ਪੋਲੀਆਂ ਹੋ ਚੁੱਕੀਆਂ ਹਨ।

ਇਹ ਨਿੱਕੀ ਜਿਹੀ ਸਾਖੀ ਬਹੁਤ ਸਾਰੇ ਸੰਦੇਸ਼ ਦਿੰਦੀ ਹੈ। ਬਲੀ ਦੇ ਬੱਕਰੇ ਵੀ ਇਸੇ ਤਰ੍ਹਾਂ ਖੁਆ ਪਿਆ ਕੇ ਹੀ ਝਟਕਾਏ ਜਾਂਦੇ ਹਨ। ਪ੍ਰਸਿੱਧ ਵਿਦਵਾਨ ਪ੍ਰੋ. ਮੁਕੇਸ਼ ਕੁਮਾਰ ਨੇ ਵਿਅੰਗ ਕੱਸਦਿਆਂ ਕਿਹਾ ਹੈ ਕਿ ਪ੍ਰਧਾਨ ਸੇਵਕ ਆਪਣੇ ਕਾਰਜ ਕਾਲ ਦੌਰਾਨ ਆਪਣੇ ਆਪ ਨੂੰ ਭਾਰਤ ਰਤਨ ਸਮੇਤ ਆਸਕਰ ਐਵਾਰਡ, ਦਰੋਣਾਚਾਰੀਆ ਅਤੇ ਅਰਜਨਾ ਐਵਾਰਡ ਨਾਲ ਵੀ ਨਿਵਾਜ ਸਕਦੇ ਹਨ। ਸਵਾਲਾਂ ਦਾ ਸਵਾਲ ਇਹ ਹੈ ਕਿ ਜਿਹੜੀ ਮੋਦੀ ਸਰਕਾਰ ਦੇਸ਼ ਦੀਆਂ ਮਰਹੂਮ ਅਜ਼ੀਮ ਤਰੀਮ ਸ਼ਖਸੀਅਤਾਂ ਦੀ ਪਿੱਠ ਪਿੱਛੇ ਇਹ ਸਭ ਕੁਝ ਕਰ ਰਹੀ ਹੈ, ਉਹਦੇ ਲਈ ਆਮ ਲੋਕ ਕੀ ਮਾਅਨੇ ਰੱਖਦੇ ਹਨ?

# ਕਿਸਾਨੀ ਸੰਘਰਸ਼ ਨੂੰ 26 ਜਨਵਰੀ ਦੀਆਂ ਘਟਨਾਵਾਂ ਦੇ ਪ੍ਰਸੰਗ ਵਿਚ ਸਮਝਦਿਆਂ

*(ਪਿਛਲੇ ਸਫੇ ਦੀ ਬਾਕੀ)*

ਬਿਰਤਾਂਤ ਸੀ ਤੇ ਇਹ ਮੋਰਚੇ ਦੇ ਅੰਦਰ ਇੱਕ ਵੱਖਰੀ ਸੁਰ ਵਾਲ਼ਾ ਮੋਰਚਾ ਸੀ ਜੋ ਸ਼ੰਭੂ ਤੋਂ ਸ਼ੁਰੂ ਹੋ ਕੇ ਲਾਲ ਕਿਲ੍ਹੇ ਜਾ ਕੇ ਸਮਾਪਤ ਹੋਇਆ? ਜਿਸ ਬਾਰੇ ਦੀਪ ਸਿੱਧੂ ਕਹਿੰਦਾ ਸੀ ਕਿ ਮੈਂ ਤਾਂ ਮੋਰਚੇ ਦੌਰਾਨ ਵਿਰੋਧੀ ਧਿਰ ਵਾਲਾ ਰੋਲ ਨਿਭਾਅ ਰਿਹਾਂ? ਜਿਸ ਦਾ ਮਕਸਦ ਪੰਜਾਬ ਲਈ ਇੱਕ ਵੱਖਰੇ ਰਾਜ ਜਾਂ ਖੁਦਮੁਖਤਾਰੀ ਲਈ ਸੰਘਰਸ਼ ਕਰਨ ਵਾਲੀ ਧਿਰ ਉਸਾਰਨਾ ਸੀ?' ਸ. ਮਾਲੀ ਇਹ ਵੀ ਕਹਿੰਦੇ ਹਨ ਕਿ ਸ਼ੰਭੂ ਮੋਰਚੇ ਦਾ ਬਿਰਤਾਂਤ ਕਿਸਾਨ ਵਿਰੋਧੀ ਸੀ, ਇਹ ਲੋਕ ਕਿਸਾਨੀ ਮੋਰਚੇ ਤੇ ਆਪਣੇ ਏਜੰਡੇ ਦੀ ਚਾਦਰ ਪਾਉਣੀ ਚਾਹੁੰਦੇ ਸਨ, ਇਹ ਚਾਹੁੰਦੇ ਸਨ ਕਿ ਮੋਰਚਾ ਕਿਸਾਨ ਲੜਨ ਤੇ ਬਿਰਤਾਂਤ ਸਾਡਾ ਹੋਵੇ? ਜਦੋਂ ਇਹ ਸਫਲ ਨਹੀਂ ਹੋਇਆ ਤਾਂ ਜਦੋਂ ਲੋਕ ਨਾਕੇ ਤੋੜ ਕੇ ਦਿੱਲੀ ਪਹੁੰਚੇ ਤਾਂ ਉਸ ਨੂੰ ਆਪਣੇ ਖਾਤੇ ਪਾ ਲਿਆ ਕਿ ਸਾਡੇ ਨੌਜਵਾਨਾਂ ਨੇ ਨਾਕੇ ਤੋੜੇ ਹਨ, ਨਹੀਂ ਤਾਂ ਕਿਸਾਨਾਂ ਨੇ ਤਾਂ ਬਾਰਡਰ ਤੇ ਦੋ ਚਾਰ ਦਿਨ ਧਰਨੇ ਮਾਰ ਕੇ ਮੁੜ ਜਾਣਾ ਸੀ ਅਤੇ ਜਦੋਂ ਦਿੱਲੀ ਬਰਾੜੀ ਮੈਦਾਨ ਜਾਣ ਦੀ ਥਾਂ ਸਭ ਨੇ ਬਾਰਡਰਾਂ ਤੇ ਰੁਕਣ ਦਾ ਫੈਸਲਾ ਕੀਤਾ ਤਾਂ ਉਸਨੂੰ ਲੱਖੇ ਦੇ ਖਾਤੇ ਪਾ ਲਿਆ ਕਿ ਉਨ੍ਹਾਂ ਦੇ ਦਬਾਅ ਕਾਰਨ ਜਥੇਬੰਦੀਆਂ ਬਾਰਡਰਾਂ ਤੇ ਬੈਠੀਆਂ ਹਨ, ਨਹੀਂ ਤਾਂ ਸਰਕਾਰ ਨੇ ਇਨ੍ਹਾਂ ਨੂੰ ਖੁੱਲ੍ਹੀ ਜੇਲ੍ਹ ਵਿਚ ਬੰਦ ਕਰ ਦੇਣਾ ਸੀ। ਜਿਹੜੀ ਗੱਲ ਤਾਂ ਠੀਕ ਹੋ ਗਈ, ਉਹ ਤਾਂ ਸਾਡੇ ਕਰ ਕੇ ਹੋਈ ਅਤੇ ਜਿਹੜੀ ਉਲਟ ਪੈ ਗਈ, ਉਹ ਕਿਸਾਨ ਆਗੂਆਂ ਦੀ ਗਲਤੀ ਨਾਲ ਹੋਈ? ਸ. ਮਾਲੀ ਦੀ ਇੱਕ ਗੱਲ ਹੋਰ ਬੜੀ ਨੁਕਤੇ ਦੀ ਹੈ ਕਿ ਜਦੋਂ 26 ਨੂੰ ਝੰਡੇ ਝੁਲਾ ਦਿੱਤੇ, ਉਸ ਵਕਤ ਪੁਲਿਸ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੀ ਸੀ ਤਾਂ ਦੀਪ ਸਿੱਧੂ ਝੰਡਾ ਹੱਥ ਵਿਚ ਫੜ ਕੇ ਟਰੈਕਟਰ ਤੇ ਖੜ ਕੇ ਲਾਈਵ ਹੋ ਕਿ ਕਹਿੰਦਾ ਹੈ: 'ਇਸ ਨੂੰ ਅਸੀਂ ਕਹਿੰਦੇ ਸੀ, ਗੁਰੂ ਦੀ ਕਲਾ ਵਰਤਣੀ, ਕਲਾ ਵਰਤ ਗਈ ਤੇ ਸਿੰਘਾਂ ਨੇ 18ਵੀਂ ਸਦੀ ਦਾ ਸ. ਬਘੇਲ ਸਿੰਘ ਦਾ ਇਤਿਹਾਸ ਦੁਹਰਾ ਦਿੱਤਾ'। ਪਰ ਕੁਝ ਘੰਟਿਆਂ ਬਾਅਦ ਹੀ ਜਦੋਂ ਸਰਕਾਰ, ਪੁਲਿਸ ਤੇ ਮੀਡੀਆ ਨੇ ਆਪਣਾ ਅਸਲੀ ਚਿਹਰਾ ਦਿਖਾਇਆ ਤਾਂ ਸਭ ਕੁਝ ਬਦਲ ਗਿਆ। ਫਿਰ ਪੰਨੂੰ-ਪੰਧੇਰ, ਦੀਪ, ਲੱਖੇ ਸਮੇਤ ਸਭ ਮੁੱਕਰ ਗਏ। ਹੁਣ ਤਾਂ ਸੁਣਿਆ ਦੀਪ ਨੇ ਕੋਰਟ ਵਿਚ ਪਟੀਸ਼ਨ ਵੀ ਫਾਈਲ ਕੀਤੀ ਹੈ ਕਿ ਉਸ ਨੂੰ ਲਾਲ ਕਿਲ੍ਹਾ ਕਾਂਡ ਵਿਚ ਫਸਾਇਆ ਗਿਆ ਹੈ, ਉਹ ਤਾਂ ਝੰਡਾ ਝੁਲਣ ਤੋਂ ਬਾਅਦ 'ਭੀੜ' (ਜਿਸ ਨੂੰ ਪਹਿਲਾਂ ਉਹ ਗੁਰੂ ਦੀ ਕਲਾ ਵਰਤੀ ਸੰਗਤ ਕਹਿ ਰਿਹਾ ਸੀ) ਨੂੰ ਸ਼ਾਂਤ ਕਰਨ ਗਿਆ ਸੀ। ਕੁਝ ਘੰਟਿਆਂ ਬਾਅਦ ਉਸ ਦੀ ਵੀਡੀਓ ਸੀ ਕਿ ਇਹ ਪੁਲਿਸ 'ਟਰੈਪ' ਸੀ? ਜਿਹੜੇ ਪੰਨੂੰ-ਪੰਧੇਰ ਉਸ ਦਿਨ ਕਹਿੰਦੇ ਸਨ ਕਿ ਲਾਲ ਕਿਲ੍ਹੇ 'ਤੇ ਕਬਜ਼ੇ ਤੋਂ ਬਾਅਦ ਹੁਣ ਸਰਕਾਰ ਸੰਗਤ ਕੋਲ ਲਾਲ ਕਿਲ੍ਹੇ ਚੱਲ ਕੇ ਆਵੇਗੀ? ਕੁਝ ਘੰਟਿਆਂ ਬਾਅਦ ਕਹਿ ਰਹੇ ਸਨ ਕਿ ਦੀਪ ਸਿੱਧੂ ਹੋਰੀਂ ਸਾਡਾ ਮੋਢਾ ਵਰਤ ਗਏ, ਅਸੀਂ ਤਾਂ ਰਿੰਗ ਰੋਡ ਜਾਣਾ ਸੀ, ਉਹ ਸਭ ਨੂੰ ਭੁਚਲਾ ਕੇ 'ਲਾਲ ਕਿਲ੍ਹੇ' ਲੈ ਗਏ?

ਜੇ 26 ਜਨਵਰੀ ਦੇ ਸਾਰੇ ਘਟਨਾਕ੍ਰਮ ਤੇ ਸਮੁੱਚੇ ਕਿਸਾਨ ਮੋਰਚੇ ਨੂੰ ਨਿਰਪੱਖਤਾ ਨਾਲ ਪੜਚੋਲੀਏ ਤਾਂ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਜਮੇਰ ਸਿੰਘ, ਡਾ. ਸੁਖਪ੍ਰੀਤ ਸਿੰਘ ਉਧੋਕੇ, ਅਜੈਪਾਲ ਸਿੰਘ ਬਰਾੜ ਆਦਿ ਸਿੱਖ ਚਿੰਤਕਾਂ ਨੇ ਕਿਸਾਨੀ ਮੋਰਚੇ ਵਿਚੋਂ ਆਪਣਾ ਸਿੱਖ ਏਜੰਡਾ ਕੱਢਣਾ ਚਾਹਿਆ ਸੀ, ਉਹ ਨਹੀਂ ਚਾਹੁੰਦੇ ਸਨ ਕਿ ਕਿਸਾਨੀ ਮੋਰਚੇ ਦੀ ਜਿੱਤ ਦਾ ਸਿਹਰਾ 'ਕਮਿਊਨਿਸਟ ਜਾਂ ਸੈਕੂਲਰ ਧਿਰਾਂ' ਸਿਰ ਬੱਝੇ, ਉਹ ਨਹੀਂ ਚਾਹੁੰਦੇ ਸਨ ਕਿ ਸਰਕਾਰ ਨਾਲ ਕੋਈ ਸਮਝੌਤਾ ਹੋਵੇ, ਨਹੀਂ ਤਾਂ ਦੁਨੀਆਂ ਵਿਚ ਕੋਈ ਅਜਿਹੀ ਲੜਾਈ ਨਹੀਂ ਹੁੰਦੀ, ਜਿਸ ਵਿਚ ਜਿੱਤ ਸਿਰਫ ਇੱਕ ਧਿਰ ਦੀ ਹੋਵੇ? ਉਹ ਸਮਾਂ 18-19 ਵੀਂ ਸਦੀ ਵਿਚ ਹੀ ਖਤਮ ਹੋ ਗਿਆ, ਜਦੋਂ ਤਾਕਤ ਦੇ ਜ਼ੋਰ ਨਾਲ ਜਿਸ ਨੇ ਦੂਜੇ ਨੂੰ ਹਰਾ ਦਿੱਤਾ ਤੇ ਉਸ ਦਾ ਕਬਜ਼ਾ ਹੋ ਗਿਆ। ਅੱਜ ਹਰ ਲੜਾਈ ਜਾਂ ਸੰਘਰਸ਼ ਦਾ ਹੱਲ ਟੇਬਲ ਟਾਕ ਰਾਹੀਂ ਹੀ ਹੁੰਦਾ ਹੈ ਪਰ ਇਸ ਧਿਰ ਨੇ ਸੋਸ਼ਲ ਮੀਡੀਆ ਤੇ ਹੋਰ ਸਾਧਨਾਂ ਨਾਲ ਅਜਿਹੇ ਹਾਲਾਤ ਬਣਾ ਦਿੱਤੇ ਸਨ/ਹਨ ਕਿ ਕੋਈ ਸਮਝੌਤਾ ਨਾ ਹੋਵੇ ਤਾਂ ਕਿ ਸੰਘਰਸ਼ਸ਼ੀਲ ਲੋਕ ਕਰੈਡਿਟ ਨਾ ਲੈ ਜਾਣ? ਅੱਜ ਦੇ ਮਾਡਰਨ ਵਰਲਡ ਵਿਚ ਹਰ ਇੱਕ ਇਨਸਾਨ, ਕੌਮ, ਫਿਰਕੇ, ਜਥੇਬੰਦੀ ਨੂੰ ਆਪਣੀ ਗੱਲ ਆਜ਼ਾਦੀ ਨਾਲ ਤੇ ਲੋਕਤੰਤਰੀ ਢੰਗਾਂ ਨਾਲ ਕਹਿਣ ਦਾ ਹੱਕ ਹੈ, ਉਸ ਦਾ ਪ੍ਰਚਾਰ ਕਰਨ ਦਾ ਹੱਕ ਹੈ, ਉਸ ਲਈ ਸੰਘਰਸ਼ ਕਰਨ ਦਾ ਹੱਕ ਹੈ। ਇਸ ਲਈ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿ ਸਿੱਖ ਜਥੇਬੰਦੀਆਂ ਤੇ ਵਿਦਵਾਨ ਆਪਣੀ ਸਮਝ ਤੇ ਏਜੰਡੇ ਮੁਤਾਬਿਕ ਸਿੱਖ ਰਾਜ, ਵੱਖਰੇ ਰਾਜ, ਵੱਧ ਅਧਿਕਾਰਾਂ, ਖੁਦਮੁਖਤਾਰੀ, ਖਾਲਿਸਤਾਨ ਆਦਿ ਕਿਸੇ ਵੀ ਮੰਗ ਲਈ ਪ੍ਰਚਾਰ ਕਰਨ ਜਾਂ ਸੰਘਰਸ਼ ਕਰਨ ਪਰ ਇਤਰਾਜ਼ ਸਿਰਫ ਇਸ ਗੱਲ ਦਾ ਹੈ ਕਿ ਉਹ ਆਪਣਾ ਸੰਘਰਸ਼ ਆਪ ਲੜਨ ਦੀ ਥਾਂ ਕਿਸਾਨੀ ਸੰਘਰਸ਼ ਤੇ ਆਪਣਾ ਗਲਬਾ ਪਾ ਕੇ ਲੜਨਾ ਚਾਹੁੰਦੀਆਂ ਹਨ? ਉਹ ਚਾਹੁੰਦੀਆਂ ਹਨ ਕਿ ਸੰਘਰਸ਼ ਕਿਸਾਨ ਜਾਂ ਆਮ ਲੋਕ ਲੜਨ ਤੇ ਏਜੰਡਾ ਸਾਡਾ ਚੱਲੇ? ਸੰਘਰਸ਼ ਦੇ ਫੈਸਲੇ ਅਸੀਂ ਕਰੀਏ ਤੇ ਲਾਗੂ ਜਥੇਬੰਦੀਆਂ ਦੇ ਆਗੂ ਕਰਨ? ਜੇ ਇਸ ਵਿਚੋਂ ਕੁਝ ਠੀਕ ਨਿਕਲੇ ਤਾਂ ਉਹ ਅਸੀਂ ਕੀਤਾ ਅਤੇ ਜੇ ਕੁਝ ਗਲਤ ਹੋ ਗਿਆ ਤਾਂ ਉਹ ਜਥੇਬੰਦੀਆਂ ਦੀ ਗਲਤੀ ਨਾਲ ਹੋਇਆ? ਅਜਿਹਾ ਸੰਭਵ ਨਹੀਂ? ਜੇ ਕਿਸਾਨੀ ਕਾਨੂੰਨ ਰੱਦ ਕਰਾਉਣੇ, ਉਨ੍ਹਾਂ ਦੇ ਮੁੱਦੇ ਨਹੀਂ ਤਾਂ ਉਹ ਇਸ ਸੰਘਰਸ਼ ਤੋਂ ਲਾਂਭੇ ਹੋ ਕੇ ਕਿਸਾਨਾਂ ਨੂੰ ਆਪਣੀਆਂ ਮੰਗਾਂ ਲਈ ਲੜਨ ਦੇਣ ਅਤੇ ਆਪਣੀਆਂ ਖੁਦਮੁਖਤਾਰੀ, ਸਿੱਖ ਰਾਜ ਜਾਂ ਕੋਈ ਹੋਰ ਧਾਰਮਿਕ ਮੰਗਾਂ ਆਧਾਰਿਤ ਵੱਖਰੀ ਜਗ੍ਹਾ ਤੇ ਵੱਖਰਾ ਮੋਰਚਾ ਲਗਾਉਣ ਤੇ ਆਪਣੀ ਸਮਝ ਅਨੁਸਾਰ, ਜਿਸ ਤਰ੍ਹਾਂ ਮਰਜ਼ੀ, ਉਸ ਨੂੰ ਸ਼ਾਂਤਮਈ ਜਾਂ ਹਥਿਆਰਬੰਦ ਚਲਾਉਣ? ਉਥੇ ਨਾ ਉਨ੍ਹਾਂ ਦੇ ਨਿਸ਼ਾਨਾਂ ਤੇ ਕੋਈ ਇਤਰਾਜ਼ ਕਰੇ, ਨਾ ਉਨ੍ਹਾਂ ਦੀ ਸੋਚ ਤੇ, ਨਾ ਕੰਮ ਕਰਨ ਦੇ ਢੰਗ ਤੇ? ਦੂਜੀ ਗੱਲ ਇਹ ਹੈ ਕਿ ਜੇ 26 ਜਨਵਰੀ ਦੀਆਂ ਘਟਨਾਵਾਂ ਉਨ੍ਹਾਂ ਦੀ ਪਹਿਲਾਂ ਤੋਂ ਬਣੀ ਪਲਾਨ ਦਾ ਹਿੱਸਾ ਸਨ ਤਾਂ ਉਨ੍ਹਾਂ ਨੂੰ ਇਸ ਲਈ ਡਟ ਕੇ ਖੜ੍ਹਨਾ ਚਾਹੀਦਾ ਹੈ, ਜਿਹੜਾ ਖਾਲਸਈ ਨਿਸ਼ਾਨ, ਉਨ੍ਹਾਂ ਝੁਲਾਇਆ ਸੀ, ਉਸ ਨੂੰ ਸਰਕਾਰ ਜਾਂ ਪੁਲਿਸ ਵਲੋਂ ਕੁਝ ਘੰਟਿਆਂ ਵਿਚ ਉਤਾਰ ਕੇ ਬੇਅਦਬੀ ਕੀਤੀ, ਉਸ ਲਈ ਸਰਕਾਰ ਤੋਂ ਮੁਆਫੀ ਮੰਗਵਾਉਣੀ ਚਾਹੀਦੀ ਹੈ? ਪਰ ਹਾਲਾਤ ਇਹ ਹਨ ਕਿ ਇੱਕ ਮਹੀਨਾ ਬੀਤਣ ਤੋਂ ਬਾਅਦ ਕਿਸੇ ਇੱਕ ਵੀ ਸਿੱਖ ਲੀਡਰ, ਵਿਦਵਾਨ, ਜਥੇਬੰਦੀ ਨੇ ਇਹ ਫਖਰ ਨਾਲ ਨਹੀਂ ਕਿਹਾ ਕਿ ਅਸੀਂ ਖਾਲਸਈ ਨਿਸ਼ਾਨ ਝੁਲ਼ਾ ਕੇ ਕੁਝ ਗਲਤ ਨਹੀਂ ਕੀਤਾ? ਅਸੀਂ ਖਾਲਸਾ ਰਾਜ ਲੈਣਾ ਹੈ, ਉਸ ਲਈ ਅਸੀਂ ਸੰਘਰਸ਼ ਕਰਦੇ ਰਹਾਂਗੇ, ਸਗੋਂ ਇਸ ਤੋਂ ਉਲਟ ਬਹੁਤੇ ਵਿਦਵਾਨ, ਲੀਡਰ, ਜਥੇਬੰਦੀਆਂ ਚੁੱਪ ਹੋ ਗਈਆਂ ਤੇ ਜਦੋਂ ਦਿੱਲੀ ਪੁਲਿਸ ਨੇ ਕੇਸ ਪਾਉਣੇ ਸ਼ੁਰੂ ਕੀਤੇ ਤਾਂ ਸੋਸ਼ਲ ਮੀਡੀਆ ਤੋਂ ਆਪਣੀਆਂ ਪੋਸਟਾਂ ਤੇ ਵੀਡੀਓ ਡਿਲੀਟ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁਝ ਨੇ ਵੱਖਰਾ ਪੈਂਤੜਾ ਲੈਂਦੇ ਹੋਏ, ਸੋਸ਼ਲ ਮੀਡੀਆ ਤੇ ਇਹ ਪ੍ਰਚਾਰ ਆਰੰਭ ਦਿੱਤਾ ਕਿ ਕਿਸਾਨ ਆਗੂਆਂ ਨੇ ਪਹਿਲਾਂ ਲਾਲ ਕਿਲ੍ਹੇ ਅਤੇ ਰਿੰਗ ਰੋਡ ਜਾਣ ਲਈ ਲੋਕਾਂ ਨੂੰ ਦਿੱਲੀ ਸੱਦਿਆ ਸੀ, ਲੋਕਾਂ ਨੂੰ ਗਰਮ ਤਕਰੀਰਾਂ ਨਾਲ ਭੜਕਾਇਆ ਸੀ, ਇਸ ਕਰਕੇ ਨੌਜਵਾਨ ਭੜਕਾਹਟ ਵਿਚ ਆ ਕੇ ਉਨ੍ਹਾਂ ਦੇ ਪਹਿਲੇ ਫੈਸਲੇ ਅਨੁਸਾਰ ਲਾਲ ਕਿਲ੍ਹੇ ਪਹੁੰਚੇ ਸਨ?

ਸਾਡਾ ਇਹ ਮੰਨਣਾ ਹੈ ਕਿ ਸਿਰਫ ਕਿਸਾਨ ਜਾਂ ਕਾਮਰੇਡ ਜਥੇਬੰਦੀਆਂ ਹੀ ਕਿਸਾਨੀ ਲਈ ਸੰਘਰਸ਼ ਨਹੀਂ ਲੜ ਸਕਦੀਆਂ, ਸਿੱਖ ਜਥੇਬੰਦੀਆਂ ਵੀ ਆਪਣੀਆਂ ਕਿਸਾਨ ਜਥੇਬੰਦੀਆਂ ਬਣਾ ਕੇ ਆਪਣਾ ਵੱਖਰਾ, ਆਪਣੇ ਅਨੁਸਾਰ ਲੜ ਸਕਦੀਆਂ ਹਨ, ਉਹ ਵੱਖਰਾ ਮੋਰਚਾ ਲਗਾ ਸਕਦੀਆਂ ਹਨ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਵੈਸੇ ਵੀ ਸਿੱਖ ਜਥੇਬੰਦੀਆਂ ਤਾਂ ਪਹਿਲੇ ਦਿਨ ਤੋਂ ਕਹਿ ਰਹੀਆਂ ਹਨ ਕਿ ਕਾਮਰੇਡ ਜਥੇਬੰਦੀਆਂ ਕੋਲ ਇਸ ਤਰ੍ਹਾਂ ਦੇ ਵੱਡੇ ਸੰਘਰਸ਼ ਲੜਨ ਦਾ ਨਾ ਤਜਰਬਾ ਹੈ ਤੇ ਨਾ ਹੀ ਸੂਝ ਹੈ? ਜਿਤਨਾ ਕੁ ਸੰਘਰਸ਼ ਕਾਮਯਾਬ ਹੋਇਆ ਹੈ, ਉਹ ਸਿਰਫ ਸਿੰਘਾਂ ਦੇ ਜੋਸ਼ ਅਤੇ ਸਿੱਖੀ ਦੇ ਜਜ਼ਬੇ ਨਾਲ ਹੋਇਆ ਹੈ। ਹੁਣ ਉਨ੍ਹਾਂ ਕੋਲ਼ ਸੁਨਹਿਰੀ ਮੌਕਾ ਹੈ ਕਿ ਉਹ ਆਪਣੀ ਤਾਕਤ ਤੇ ਸਿਆਣਪ ਦਿਖਾਉਣ ਤੇ ਮੋਰਚਾ ਲਾਉਣ? ਇਕ ਗੱਲ ਹੋਰ ਵੀ ਵਿਚਾਰਨਯੋਗ ਹੈ ਕਿ ਸਿੱਖ ਜਥੇਬੰਦੀਆਂ ਵਾਰ-ਵਾਰ ਕਹਿ ਰਹੀਆਂ ਹਨ ਕਿ ਨੌਜਵਾਨ ਜਾਂ ਆਮ ਲੋਕ ਉਨ੍ਹਾਂ ਦੀ ਅਗਵਾਈ ਵਿਚ ਤਾਂ, ਦਿੱਲੀ ਰਿੰਗ ਰੋਡ ਜਾਂ ਲਾਲ ਕਿਲ੍ਹੇ ਗਏ ਸਨ ਕਿਉਂਕਿ ਕਿਸਾਨ ਜਥੇਬੰਦੀਆਂ ਨੇ ਸਰਕਾਰ ਤੇ ਪੁਲਿਸ ਦੇ ਦਬਾਅ ਅਧੀਨ ਆਪਣੇ ਪਹਿਲੇ ਫੈਸਲੇ ਤੋਂ ਪੈਰ ਪਿਛੇ ਖਿੱਚ ਲਏ ਸਨ। ਹਾਲਾਂਕਿ ਜਥੇਬੰਦੀਆਂ ਨੇ ਦੋ ਤਿੰਨ ਦਿਨ ਪਹਿਲਾਂ ਹੀ ਪੁਲਿਸ ਨਾਲ ਤੈਅ ਰੂਟ ਦੱਸ ਦਿੱਤਾ ਸੀ ਤੇ ਇਸ ਵਿਚ ਕੁਝ ਵੀ ਲੁਕੋਅ ਨਹੀਂ ਸੀ, ਪਰ ਫਿਰ ਵੀ ਜੇ ਇਨ੍ਹਾਂ ਦੀ ਗੱਲ ਮੰਨ ਲਈਏ ਕਿ ਉਹ ਕਿਸਾਨ ਜਥੇਬੰਦੀਆਂ ਤੋਂ ਖਫਾ ਹੋ ਕੇ ਗਏ ਸਨ ਤਾਂ ਕਿਸਾਨ ਜਥੇਬੰਦੀਆਂ ਨੇ ਤਾਂ 26 ਜਨਵਰੀ ਤੋਂ ਬਾਅਦ 2 ਮਾਰਚ ਨੂੰ ਦਿੱਲੀ ਪਾਰਲੀਮੈਂਟ ਵੱਲ ਮਾਰਚ ਕਰਨ ਜਾਂ ਘਿਰਾਓ ਦਾ ਪ੍ਰੋਗਰਾਮ ਉਲੀਕਿਆ ਸੀ ਤੇ 26 ਦੀਆਂ ਘਟਨਾਵਾਂ ਤੋਂ ਬਾਅਦ ਬਦਲੇ ਹਾਲਾਤਾਂ ਵਿਚ ਕੈਂਸਲ ਕਰ ਦਿੱਤਾ ਸੀ, ਫਿਰ ਤਾਂ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਕਿਸਾਨਾਂ ਵਲੋਂ ਦਿਖਾਈ ਕਾਇਰਤਾ ਕਾਰਨ, ਉਨ੍ਹਾਂ ਦੇ ਪਹਿਲੇ ਹੁਕਮਾਂ ਤੇ ਫੁੱਲ ਚੜ੍ਹਾਉਂਦੇ ਹੋਏ, ਦਿੱਲੀ ਪਾਰਲੀਮੈਂਟ ਘੇਰਨੀ ਚਾਹੀਦੀ ਸੀ। ਇਸ ਤੋਂ ਸੁਨਹਿਰੀ ਮੌਕਾ ਹੋਰ ਕੀ ਹੋਣਾ ਸੀ ਕਿ ਹਫਤਾ ਪਹਿਲਾਂ ਸਿੰਘਾਂ ਨੇ ਲਾਲ ਕਿਲ੍ਹੇ ਝੰਡੇ ਝੁਲਾਏ ਤੇ ਅਗਲੇ ਹਫਤੇ ਦਿੱਲੀ ਜਾ ਘੇਰੀ?

ਅਜੇ ਵੀ ਮੌਕਾ ਹੈ ਕਿ ਕਿਸਾਨੀ ਮੁੱਦਿਆਂ ਦੇ ਆਧਾਰ ਤੇ ਸ਼ੁਰੂ ਹੋਏ ਅਤੇ ਚੱਲ ਰਹੇ ਸੰਘਰਸ਼ ਨੂੰ ਜੇ ਜਿੱਤਣਾ ਹੈ ਤਾਂ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੀ ਬਿਨਾਂ ਸ਼ਰਤ ਅਗਵਾਈ ਕਬੂਲ ਕਰਕੇ ਸੰਘਰਸ਼ ਦਾ ਸਾਥ ਦਿੱਤਾ ਜਾਣਾ ਚਾਹੀਦਾ ਹੈ? ਜੇ ਸਾਥ ਨਹੀਂ ਦੇ ਸਕਦੇ ਤਾਂ ਆਪਣੀ ਸਮਝ ਅਨੁਸਾਰ ਵੱਖਰਾ ਮੋਰਚਾ ਲਗਾ ਲਉ, ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ? ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੀ ਪਹਿਲੇ ਦਿਨ ਤੋਂ ਸੰਯੁਕਤ ਮੋਰਚੇ ਤੋਂ ਵੱਖਰਾ ਚੱਲ ਰਹੀ ਹੈ, ਬੇਸ਼ਕ ਉਹ ਆਮ ਤੌਰ ਤੇ ਉਨ੍ਹਾਂ ਨਾਲ ਸਹਿਮਤੀ ਰੱਖਦੀ ਹੈ, ਪਰ ਪਿਛਲੇ ਸਮੇਂ ਵਿਚ ਉਨ੍ਹਾਂ ਅਨੇਕਾਂ ਵੱਖਰੇ ਪ੍ਰੋਗਰਾਮ ਵੀ ਦਿੱਤੇ ਹਨ। ਪਿਛਲੇ 6 ਮਹੀਨਿਆਂ ਤੋਂ ਸੜਕਾਂ ਤੇ ਰੁਲ ਰਹੇ ਲੱਖਾਂ ਲੋਕਾਂ ਅਤੇ ਸੈਂਕੜੇ ਸ਼ਹੀਦੀਆਂ ਪਾ ਗਏ ਲੋਕਾਂ ਦੇ ਪਰਿਵਾਰਾਂ ਤੇ ਤਰਸ ਖਾ ਕੇ ਸੰਘਰਸ਼ ਨੂੰ ਚੱਲਣ ਦਿਓ ਤਾਂ ਕਿ ਲੋਕ ਸੰਘਰਸ਼ ਜਿੱਤ ਕੇ ਘਰਾਂ ਨੂੰ ਜਾਣ। ਜਥੇਬੰਦੀਆਂ ਨਾਲ ਟਕਰਾਅ ਵਾਲੀ ਸਥਿਤੀ ਬਣਾ ਕੇ ਸਰਕਾਰ ਦੀ ਹੀ ਮੱਦਦ ਹੋ ਸਕਦੀ ਹੈ, ਸੰਘਰਸ਼ ਦੀ ਨਹੀਂ?

###

# ਮੰਜ਼ਿਲ ਦੇ ਮੱਥੇ ਉੱਤੇ ਤਖਤੀ ਲੱਗਣੀ ਉਨ੍ਹਾਂ ਦੀ...

## 26 ਜਨਵਰੀ ਵਾਲੇ ਦੁਖਾਂਤ ਤੋਂ ਬਾਅਦ ਦਾ ਬਿਰਤਾਂਤ

***26 ਜਨਵਰੀ ਵਾਲੀਆਂ ਘਟਨਾਵਾਂ ਦੀ ਚਰਚਾ ਮੁੜ-ਮੁੜ ਹੋ ਰਹੀ ਹੈ ਅਤੇ ਵੱਖ-ਵੱਖ ਨੁਕਤਿਆਂ ਤੋਂ ਹੋ ਰਹੀ ਹੈ ਪਰ ਸਵਾਲ ਇਕ ਹੀ ਨੁਕਤੇ ਉਤੇ ਕੇਂਦਰਤ ਹੈ ਕਿ ਉਸ ਦਿਨ ਵਾਲੀਆਂ ਘਟਨਾਵਾਂ ਨਾਲ ਕਿਸਾਨ ਅੰਦੋਲਨ ਅੱਗੇ ਵਧਿਆ ਜਾਂ ਇਸ ਨੂੰ ਪਛਾੜ ਪਈ ਹੈ। ਸਰਬਜੀਤ ਧਾਲੀਵਾਲ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਘਟਨਾਵਾਂ ਤੋਂ ਬਾਅਦ ਦੇ ਹਾਲਾਤ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ***

ਕਦੇ-ਕਦੇ ਪਤਾ ਨਹੀਂ ਉਹਨੂੰ ਕੀ ਦੌਰਾ ਪੈਂਦਾ, ਉਹ ਕੋਠੇ 'ਤੇ ਚੜ੍ਹ ਕੇ ਅਸਮਾਨ ਪਾੜਵੀਆਂ ਕੂਕਾਂ ਮਾਰਦਾ, ਚੀਕਾਂ ਛੱਡਦਾ, ਵਿਰਲਾਪ ਕਰਦਾ, ਲਲਕਾਰੇ ਮਾਰਦਾ। ਵਾਰ-ਵਾਰ ਇੱਕੋ ਸਾਹ ਕਹਿੰਦਾ, "ਧੋਖੇਬਾਜ਼ ਮਿੱਤਰਾਂ ਨੇ, ਗੁੱਡੀ ਚੜ੍ਹੀ ਅਸਮਾਨੀਂ ਕੱਟ'ਤੀ।... ਚੜ੍ਹੀ ਅਸਮਾਨੀਂ ਗੁੱਡੀ ਕੱਟ'ਤੀ, ਚੜ੍ਹੀ ਅਸਮਾਨੀ ਕੱਟ'ਤੀ।" ਕਿਸੇ ਸਮੇਂ ਉਹ ਇਲਾਕੇ ਦਾ ਮੋਹਤਬਰ ਬੰਦਾ ਸੀ। ਉਸ ਨੇ ਆਪਣੀ ਮਿਹਨਤ ਤੇ ਨੇਕ ਕਮਾਈ ਨਾਲ ਬੜਾ ਨਾਮਣਾ ਖੱਟਿਆ ਸੀ। ਲੋਕ ਪੁੱਛ ਕੇ ਗੱਲ ਕਰਦੇ ਸਨ। ਰੋਹਬ-ਦਾਬ ਸੀ। ਦੂਰ-ਦੂਰ ਤੱਕ ਉਹਦੀ ਪੈਂਠ ਸੀ। ਉਸ ਦੀ ਚੜ੍ਹਤ ਸਮੇਂ ਉਹਦੀ ਪਿੱਠ ਪਿੱਛੇ ਕੁਝ ਉਹਦੇ ਆਪਣੇ ਹੀ ਉਹਦੀਆਂ ਜੜ੍ਹਾਂ 'ਚ ਤੇਲ ਦਿੰਦੇ ਰਹੇ। ਪੁੱਛ-ਦੱਸ ਘਟਣੀ ਸ਼ੁਰੂ ਹੋ ਗਈ। ਉਹਦੀ ਚੜ੍ਹਤ ਦਾ ਤਾਰਾ ਡੁਬ ਗਿਆ। ਜਦੋਂ

**ਸਰਬਜੀਤ ਧਾਲੀਵਾਲ**

ਉਸ ਨੂੰ ਗੁੱਡੀ ਚੜ੍ਹੀ ਵਾਲੇ ਦਿਨ ਯਾਦ ਆਉਂਦੇ ਤਾਂ ਕੋਠੇ ਚੜ੍ਹ ਕੇ ਕੂਕਾਂ ਮਾਰਦਾ, 'ਗੁੱਡੀ ਚੜ੍ਹੀ ਅਸਮਾਨੀਂ ਕੱਟ'ਤੀ' ਕਹਿ ਕਹਿ ਭੜਾਸ ਕੱਢਦਾ ਤੇ ਥੱਕ-ਟੁੱਟ ਕੇ ਡਿੱਗ ਪੈਂਦਾ।

ਪਤਾ ਨਹੀਂ, ਮੈਨੂੰ ਪੰਜਾਬ ਦੀ ਹੋਣੀ ਉਸ ਆਦਮੀ ਨਾਲ ਮੇਲ ਖਾਂਦੀ ਕਿਉਂ ਲੱਗਦੀ ਹੈ। ਇਹਦੇ ਬਾਸ਼ਿੰਦਿਆਂ ਨੇ ਮਿਹਨਤ ਕਰ ਕੇ ਇਹਦਾ ਨਾਂ ਸਿਖਰੀਂ ਪਹੁੰਚਾਇਆ। ਇਥੇ ਪੈਦਾ ਹੋਏ ਯੋਧਿਆਂ ਨੇ ਨਵਾਂ ਇਤਿਹਾਸ ਰਚਿਆ। ਸੂਫੀਆਂ ਨੇ ਇਹਦੇ ਰੋਮ-ਰੋਮ ਨੂੰ ਰੂਹਾਨੀਅਤ ਨਾਲ ਰੰਗਿਆ। ਵੱਡੇ ਬਾਬੇ ਗੁਰੂ ਨਾਨਕ ਨੇ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਦੇ ਫਲਸਫੇ ਰਾਹੀਂ ਇਸ ਦੇ ਸਮਾਜਿਕ ਪ੍ਰਬੰਧ 'ਚ ਨਵੀਂ ਰੂਹ ਫੂਕੀ। ਜਾਤ-ਪਾਤ, ਊਚ-ਨੀਚ ਤੋਂ ਮੁਕਤ, ਨਿਆਂ ਆਧਾਰਿਤ ਸਰਬ ਸਾਂਝੀਵਾਲਤਾ ਵਾਲੇ ਕਰਤਾਰਪੁਰੀ ਮਾਡਲ ਦੀ ਬੁਨਿਆਦ ਰੱਖੀ। ਬਾਬੇ ਨਾਨਕ ਨੇ ਲੋਕਾਈ ਨੂੰ ਰਾਜ ਭੈਅ ਤੋਂ ਮੁਕਤੀ ਦਿਵਾਉਣ ਲਈ ਸਮੇਂ ਦੇ ਰਾਜ ਪ੍ਰਬੰਧ ਨਾਲ ਟੱਕਰ ਲਈ ਅਤੇ ਬੇਈਮਾਨ, ਹੰਕਾਰੀ, ਵਹਿਸ਼ੀ ਰਾਜੇ ਵਿਰੁੱਧ ਆਵਾਜ਼ ਬੁਲੰਦ ਕਰ ਕੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ।

ਅਗਲੇ ਨੌਂ ਗੁਰੂ ਸਾਹਿਬਾਨ ਨੇ ਜਿਥੇ ਗੁਰੂ ਨਾਨਕ ਸਾਹਿਬ ਦੀ ਧਾਰਾ ਨੂੰ ਅੱਗੇ ਵਧਾਇਆ, ਉਸ ਦੇ ਨਾਲ-ਨਾਲ ਜ਼ੁਲਮ ਖਿਲਾਫ ਲੜਾਈ ਲੜਦਿਆਂ ਆਪਣਾ ਸਭ ਕੁਝ ਲੋਕਾਂ ਲਈ ਵਾਰ ਦੇਣ ਦਾ ਸੰਦੇਸ਼ ਵਿਹਾਰਕ ਰੂਪ ਵਿਚ ਦਿੱਤਾ। ਆਪਣੇ ਵਲੋਂ ਸਿਰਜੇ ਸਮਾਜਿਕ ਪ੍ਰਬੰਧ ਦੀ ਧਾਰਾ ਨੂੰ ਵਹਿੰਦੀ ਰੱਖਣ ਲਈ ਪਰਮ ਮਨੁੱਖ ਦੀ ਸਿਰਜਣਾ ਕੀਤੀ। ਉਹ ਪਰਮ ਮਨੁੱਖ ਜਿਸ ਨੇ ਪੰਜਾਬ ਨੂੰ ਗੁਰੂ ਦੇ ਨਾਮ 'ਤੇ ਜਿਊਂਦਾ ਰੱਖਿਆ ਹੋਇਆ; ਜਿਸ ਕਰ ਕੇ ਹੀ ਪੰਜਾਬ ਦਾ ਰੋਹਬ-ਦਾਬ ਬਣਿਆ। ਇਹਦਾ ਨਾਮ ਵੀ ਦੁਨੀਆ ਭਰ 'ਚ ਚਮਕਿਆ। ਲੋਕਾਂ ਦੀ ਬਹਾਦਰੀ, ਮਿਹਨਤ ਤੇ ਕੁਰਬਾਨੀ ਦੇ ਜਜ਼ਬੇ ਦੇ ਅਲੌਕਿਕ ਕਰਤੱਬਾਂ ਜ਼ਰੀਏ ਹੀ ਪੰਜਾਬ ਨੇ ਆਪਣੀ ਵਿਲੱਖਣ ਤੇ ਨਿਵੇਕਲੀ ਪਛਾਣ ਬਣਾਈ। ਸਾਮਰਾਜੀ ਤੇ ਪੂੰਜੀਵਾਦੀ ਨਿਜ਼ਾਮ ਚੜ੍ਹਤ ਸਮੇਂ ਵੀ ਪੰਜਾਬ ਗੁਰੂਆਂ ਦੇ ਮਾਰਗ ਦਾ ਪਾਂਧੀ ਬਣਿਆ ਰਿਹਾ। ਇਹ ਜ਼ੁਲਮ ਤੇ ਜ਼ਾਲਮ ਦੇ ਖਿਲਾਫ ਲੜਨ 'ਚ ਮੋਹਰੀ ਰਿਹਾ। ਇਸ ਦੀ ਰੂਹ ਵਿਚ ਸਮਾਇਆ ਸਰਬਤ ਦਾ ਭਲਾ ਇਸ ਨੂੰ ਬਲ ਬਖਸ਼ਦਾ ਰਿਹਾ। ਆਪਣੇ ਲੋਕਾਂ ਦਾ ਆਤਮਿਕ ਬਲ ਪੰਜਾਬ ਨੂੰ ਕਈ ਵਾਰ ਸਿਖਰਾਂ 'ਤੇ ਲੈ ਕੇ ਗਿਆ ਹੈ ਪਰ ਇਹ ਵੀ ਜੱਗ ਜ਼ਾਹਰ ਹੈ ਕਿ ਪੰਜਾਬ ਦੀ ਸਿਖਰ ਤੇ ਅਸਮਾਨੀਂ ਚੜ੍ਹੀ ਗੁੱਡੀ ਕਈ ਵਾਰ ਇਹਦੇ ਆਪਣਿਆਂ ਨੇ ਹੀ ਕੱਟੀ ਹੈ। ਸਦੀਆਂ ਤੋਂ ਇਸ ਨਾਲ ਇਸ ਤਰ੍ਹਾਂ ਹੀ ਹੁੰਦਾ ਆ ਰਿਹਾ ਹੈ। ਇਸ ਦੇ ਬਹੁਤ ਪ੍ਰਮਾਣ ਮਿਲਦੇ ਨੇ।

ਕਿਸਾਨ ਅੰਦੋਲਨ ਨਾਲ ਜੁੜੇ ਤਾਜ਼ਾ ਘਟਨਾਕ੍ਰਮ ਵਿਚ ਵੀ ਇਸ ਦੀ ਝਲਕ ਮਿਲਦੀ ਹੈ। ਪੰਜਾਬ ਤੋਂ ਕਿਸਾਨਾਂ ਦੇ ਕਾਫਲੇ ਚੱਲੇ। ਉਹ ਹਰ ਕਿਸਮ ਦੀਆਂ ਰੋਕਾਂ ਉਪਰ ਫਤਿਹ ਪਾਉਂਦੇ ਦਿੱਲੀ ਦੇ ਸਿੰਘੂ, ਟਿਕਰੀ ਤੇ ਕੁੰਡਲੀ ਬਾਰਡਰ 'ਤੇ ਜਾ ਟਿਕੇ। ਇਸ ਨਾਲ ਹੀ ਪੰਜਾਬ ਦੀ ਜੈ-ਜੈ ਕਾਰ ਦੇ ਢੋਲ ਵੱਜਣੇ ਸ਼ੁਰੂ ਹੋ ਗਏ। ਪੰਜਾਬ ਦੀ ਮਹਿਮਾ ਤੇ ਇਥੋਂ ਦੇ ਕਿਸਾਨਾਂ ਦੇ ਦਲੇਰੀ ਦੇ ਚਰਚੇ ਦੇਸ਼ ਵਿਚ ਗਲੀ-ਗਲੀ ਹੋਣ ਲੱਗੇ। ਗੁਰੂ ਦੇ ਲੰਗਰਾਂ ਦੀ ਸੋਭਾ ਘਰ-ਘਰ ਫੈਲ ਗਈ। ਲੋਕ ਦੂਰੋਂ-ਦੂਰੋਂ ਕਿਸਾਨ ਮੋਰਚੇ ਦੀ ਅਲੌਕਿਕਤਾ ਨੂੰ ਦੇਖਣ ਤੇ ਮਾਣਨ ਲਈ ਪਹੁੰਚਣੇ ਸ਼ੁਰੂ ਹੋ ਗਏ। ਇਹ ਮੋਰਚਾ ਰੱਬੀ ਭਰਮ ਜਾਲ ਨਹੀਂ ਹੈ। ਇਹ ਆਦਮਜਾਤ ਵੱਲੋਂ ਅਮਲੀ ਪੱਧਰ 'ਤੇ ਲੜੀ ਜਾ ਰਹੀ ਆਪਣੇ ਆਰਥਿਕ ਹੱਕਾਂ ਦੀ ਲੜਾਈ ਹੈ, ਜਿਥੇ ਕਿਸਾਨ ਤੇ ਮਜ਼ਦੂਰ ਪੇਂਡੂ ਅਰਥਚਾਰੇ ਦੀ ਤਬਾਹੀ ਕਰਨ ਵਾਲੇ ਤਿੰਨ ਖੇਤੀ ਸਬੰਧੀ ਕਾਨੂੰਨਾਂ ਖਿਲਾਫ ਲੜਾਈ ਲੜ ਰਹੇ ਹਨ; ਨਾਲ-ਨਾਲ ਉਹ ਨਿਜ਼ਾਮੀ ਦਹਿਸ਼ਤ ਤੇ ਵਹਿਸ਼ਤ ਦੇ ਖਿਲਾਫ ਵੀ ਯੁੱਧ ਕਰ ਰਹੇ ਹਨ।

ਅੰਦੋਲਨ ਦੀ ਚੜ੍ਹਤ ਦੇ ਨਾਲ-ਨਾਲ ਪੰਜਾਬ ਤੇ ਹਰਿਆਣੇ ਦੇ ਲੋਕਾਂ ਦੇ ਭਾਈਚਾਰੇ ਦੀ ਗੂੰਜ ਪੈਣੀ ਸ਼ੁਰੂ ਹੋ ਗਈ। ਹਰਿਆਣੇ ਦੇ ਲੋਕਾਂ ਨੇ ਪੰਜਾਬ ਨੂੰ ਮਾਣ ਦਿੰਦਿਆਂ ਪੰਜਾਬੀਆਂ ਨੂੰ ਆਪਣੇ ਵੱਡੇ ਭਾਈ ਤਸਲੀਮ ਕਰ ਲਿਆ। ਚਿਰਾਂ ਤੋਂ ਸੇਹ ਦਾ ਤੱਕਲਾ ਬਣੀ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ.) ਨਹਿਰ ਨੂੰ ਦਰਕਿਨਾਰ ਕਰਦਿਆਂ ਹਰਿਆਣਵੀਂ ਕਹਿਣ ਲੱਗੇ, ਇਹ ਮਸਲੇ ਅਸੀਂ ਆਪੇ ਮਿਲ-ਬੈਠ ਕੇ ਸੁਲਝਾ ਲਾਵਾਂਗੇ। ਫਿਰ ਉੱਤਰ ਪ੍ਰਦੇਸ਼, ਉੱਤਰਾਖੰਡ ਨਾਲ ਆ ਜੁੜਿਆ। ਇਸ ਅੰਦੋਲਨ ਰਾਹੀਂ ਪੰਜਾਬ ਤੋਂ ਸ਼ੁਰੂ ਹੋ ਕੇ ਦੇਸ਼ ਭਰ ਦੀ ਕਿਸਾਨੀ ਤੇ ਕਿਰਤੀਆਂ ਵਿਚ ਨਵੇਂ ਰਿਸ਼ਤੇ ਦੀ ਉਸਾਰੀ ਸ਼ੁਰੂ ਹੋਈ। ਕਰਤਾਰਪੁਰੀ ਮਾਡਲ ਦੀ ਗੱਲ ਦੇਸ਼-ਵਿਦੇਸ਼ ਹੋਣ ਲੱਗੀ। ਮਨੁੱਖੀ ਸੁਰਿਤ ਵਿਚ ਕਿਰਤ ਨਾਲ ਜੁੜੇ ਲੋਕਾਂ ਦੇ ਸਬਰ, ਸੰਤੋਖ, ਸਹਿਜ, ਦ੍ਰਿੜਤਾ ਤੇ ਸਰਲਤਾ ਦਾ ਪਸਾਰਾ ਤੇ ਮਹਿਮਾ ਹੋਣ ਲੱਗੀ।

ਦੇਸ਼ ਦੇ ਬੜੇ ਹਿੱਸੇ ਦੇ ਲੋਕਾਂ ਨੂੰ ਆਸ ਬੱਝਣੀ ਸ਼ੁਰੂ ਹੋ ਗਈ ਕਿ ਉਨ੍ਹਾਂ ਦੇ ਹੱਕਾਂ ਲਈ ਲੜਾਈ ਲੜਨ ਹੁਣ ਪੰਜਾਬ ਉੱਠ ਖੜ੍ਹਿਆ ਹੈ। ਮਰਦ ਅਗੰਮੜੇ ਦੇ ਵਾਰਿਸ ਦਿੱਲੀ ਦੇ ਬਾਰਡਰ 'ਤੇ ਪਹੁੰਚ ਗਏ ਹਨ। ਸਾਰੇ ਦੇਸ਼ ਦੇ ਕਿਸਾਨ, ਮਜ਼ਦੂਰ, ਗਰੀਬ ਦਿੱਲੀ ਦੇ ਬਾਰਡਰ 'ਤੇ ਬੈਠੇ 'ਮੁਕਤੀ ਦਾਤਿਆਂ' ਵੱਲ ਦੇਖਣ ਲੱਗੇ। ਦੇਸ਼ ਦੀ ਨਵੀਂ ਪੀੜ੍ਹੀ ਪੰਜਾਬ ਦੇ ਲੋਕਾਂ, ਖਾਸ ਕਰ ਕੇ ਇਸ ਦੇ ਕਿਸਾਨਾਂ ਦੇ ਕਰਤਾਰੀ ਜਲੌਅ ਦੇ, ਪਹਿਲੀ ਵਾਰ ਦੀਦਾਰੇ ਕਰ ਰਹੇ ਸਨ। ਦੇਸ਼ ਦੇ ਨੌਜਵਾਨਾਂ ਨੂੰ ਪੰਜਾਬ ਦੀ ਦੇਸ਼ ਅੰਦਰ ਭੂਮਿਕਾ ਤੇ ਮਹੱਤਵ ਸਮਝ ਆਉਣ ਲੱਗਿਆ। ਦੇਸ਼ ਦਾ ਜਨ ਸਾਧਾਰਨ ਪੰਜਾਬ ਦੇ ਸੋਹਲੇ ਗਾਉਣ ਲੱਗ ਪਿਆ। ਕਿਸਾਨ ਅੰਦੋਲਨ ਦੀ ਚਰਚਾ ਦੇਸ਼-ਵਿਦੇਸ਼ ਦੇ ਮੀਡੀਏ ਵਿਚ ਹੋਣ ਲੱਗੀ। ਪੰਜਾਬ ਦੇ ਕਿਸਾਨਾਂ ਤੇ ਕਿਰਤੀਆਂ ਵੱਲੋਂ ਲਾਏ ਜਾਗ ਨੇ ਦੇਸ਼ ਦੇ ਦੂਸਰੇ ਲੋਕਾਂ ਵਿਚ ਵੀ ਜੋਸ਼ ਭਰ ਦਿੱਤਾ। ਆਪਣੇ ਵਿੱਤ ਮੂਜਬ ਦੱਖਣੀ ਭਾਰਤ ਦੇ ਕਿਸਾਨ, ਜੋ ਦਿੱਲੀ ਨਹੀਂ ਪਹੁੰਚ ਸਕੇ, ਮੁਜ਼ਾਹਰੇ ਕਰਨ ਲੱਗੇ। ਪੰਜਾਬ ਦੇਸ਼ ਦੇ ਲੋਕਾਂ ਲਈ ਚੌਮੁਖੀਆ ਦੀਵਾ ਬਣ ਕੇ ਜਗ ਪਿਆ। ਸੁੱਚੇ ਅਰਥਾਂ ਵਿਚ ਧਰਮ ਯੁਧ ਦਾ ਅਨੋਖਾ ਚਾਅ, ਸਿੰਘੂ ਅਤੇ ਟੀਕਰੀ ਬਾਰਡਰਾਂ 'ਤੇ ਬੈਠੇ ਨੇਤਾਵਾਂ ਦੇ ਚਿਹਰਿਆਂ 'ਤੇ ਆਤਮ ਵਿਸ਼ਵਾਸ ਅਤੇ ਕੁਰਬਾਨੀਆਂ ਦਾ ਜਜ਼ਬਾ ਹਰ ਦੇਖਣ ਵਾਲੇ ਨੂੰ ਸਾਫ ਨਜ਼ਰ ਆ ਰਿਹਾ ਸੀ। ਸਮਝੋ, ਨਾਨਕ ਬਾਣੀ ਦਾ ਸੰਦੇਸ਼ ਚਹੁੰ ਕੂਟਾਂ ਅੰਦਰ ਗੂੰਜਿਆ ਹੋਇਆ ਸੀ। ਮੋਰਚੇ ਅੰਦਰ ਮੈਨੂੰ ਮਿਲਿਆ ਮੇਰਾ ਨੌਜਵਾਨ ਰਿਸ਼ਤੇਦਾਰ ਡਾ. ਸਵੈਮਾਨ ਸਿੰਘ ਅਮਰੀਕਾ ਤੋਂ ਆ ਕੇ ਜਿਸ ਨਿਰਮਲ ਅਤੇ ਨਿਰਛਲ ਭਾਵਨਾ ਨਾਲ ਆਪਣੇ ਕਿਸਾਨਾਂ ਦੀ ਸੇਵਾ ਵਿਚ ਰੁਝਿਆ ਹੋਇਆ ਸੀ, ਉਹ ਕੋਈ ਵੱਖਰਾ ਹੀ ਅਨੁਭਵ ਸੀ।

ਇਹ ਵਡੀ ਤਸੱਲੀ ਵਾਲੀ ਗੱਲ ਸੀ ਕਿ ਜਿੱਥੇ ਕਿਸਾਨ ਨੇਤਾਵਾਂ ਨੇ ਆਪਣੀ ਸੁਲਝੀ ਰਣਨੀਤੀ ਦੇ ਸਿਰ 'ਤੇ ਸਮੇਂ ਦੀ ਸਰਕਾਰ ਨੂੰ ਗੱਲਬਾਤ ਦੇ ਮੇਜ਼ 'ਤੇ ਲਗਾਤਾਰ ਮਾਤ ਦਿੱਤੀ, ਉੱਥੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਨੌਜਵਾਨ ਪੀੜ੍ਹੀ ਨੇ ਆਪਣੇ ਉੱਚੇ ਤੇ ਸੁੱਚੇ ਵਰਤਾਓ, ਚਰਿੱਤਰ ਸਦਕਾ ਸਭ ਦਾ ਦਿਲ ਜਿੱਤ ਲਿਆ। ਨੌਜਵਾਨਾਂ ਵਲੋਂ ਇਸ ਅੰਦੋਲਨ 'ਚ ਨਿਭਾਇਆ ਗਿਆ ਰੋਲ ਵੀ ਆਪਣੇ ਆਪ 'ਚ ਮਿਸਾਲ ਬਣ ਗਿਆ ਹੈ। ਔਰਤਾਂ, ਲੜਕੀਆਂ ਦੀ ਇਸ ਅੰਦੋਲਨ ਨੂੰ ਖੜ੍ਹਾ ਰੱਖਣ ਲਈ ਬੜੀ ਵੱਡੀ ਭੂਮਿਕਾ ਰਹੀ। ਇਸ ਅੰਦੋਲਨ ਦੀ ਖੂਬਸੂਰਤੀ ਇਹ ਹੈ ਕਿ ਜ਼ਮੀਨ ਨਾਲ ਜੁੜਿਆ ਹਰ ਸ਼ਖਸ ਇਸ ਵਿਚ ਡੂੰਘਾ ਖੁੱਭਿਆ ਹੋਇਆ। ਦਿੱਲੀ ਦੇ ਲੋਕਾਂ ਨੇ ਜਿਸ ਤਰ੍ਹਾਂ ਕਿਸਾਨਾਂ ਦੀ ਮਦਦ ਕੀਤੀ ਹੈ, ਉਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਲੋਕ ਲਹਿਰ ਬਾਰੇ ਪੜ੍ਹਿਆ ਤਾਂ ਲਗਭਗ ਸਭ ਨੇ ਹੋਣੈ ਪਰ ਉਹ ਵਿਹਾਰਕ ਰੂਪ ਵਿਚ ਕਿਸ ਤਰ੍ਹਾਂ ਵਿਚਰਦੀ ਹੁੰਦੀ ਹੈ, ਇਸ ਦੀ ਮਿਸਾਲ ਮੌਜੂਦਾ ਕਿਸਾਨ ਅੰਦੋਲਨ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

ਕਿਸਾਨਾਂ ਵਲੋਂ ਟਰੈਕਟਰ ਪਰੇਡ ਦਾ ਐਲਾਨ ਹੋ ਗਿਆ। ਹਜ਼ਾਰਾਂ ਟਰੈਕਟਰ ਪੰਜਾਬ, ਹਰਿਆਣੇ, ਉੱਤਰ ਪ੍ਰਦੇਸ਼, ਉਤਰਾਖੰਡ ਤੋਂ ਦਿੱਲੀ ਪਹੁੰਚ ਗਏ। 26 ਜਨਵਰੀ ਦੀ ਉਡੀਕ ਵਿਚ ਲੋਕਾਂ ਦੇ ਦਿਲ ਕਾਹਲੇ ਪੈਣੇ ਸ਼ੁਰੂ ਹੋ ਗਏ ਸਨ। ਇਕ-ਇਕ ਦਿਨ ਸਾਲ ਵਾਂਗ ਲੱਗਣ ਲੱਗਿਆ। ਲੋਕ ਇਕ ਨਵੇਂ ਇਤਿਹਾਸ ਦੀ ਰਚਨਾ ਹੁੰਦੀ ਦੇਖਣ ਲਈ ਕਾਹਲੇ ਪਏ ਹੋਏ ਸਨ।



ਡਾ. ਸਵੈਮਾਨ ਸਿੰਘ ਜੋ ਅਮਰੀਕਾ ਤੋਂ ਜਾ ਕੇ ਦਿੱਲੀ ਬਾਰਡਰਾਂ 'ਤੇ ਸੇਵਾ ਨਿਭਾਅ ਰਿਹਾ ਹੈ।



ਕਿਸਾਨ ਆਗੂ ਰਾਕੇਸ਼ ਟਿਕੈਤ ਜਿਸ ਦੇ ਕੋਸੇ ਹੰਝੂਆਂ ਨੇ ਅੰਦੋਲਨ ਅੰਦਰ ਨਵੀਂ ਰੂਹ ਫੂਕੀ।

ਪਰ 26 ਜਨਵਰੀ ਵਾਲੇ ਦਿਨ ਭਾਣਾ ਕੋਈ ਹੋਰ ਹੀ ਵਾਪਰ ਗਿਆ। ਖੇਡ ਖੇਡਣ ਵਾਲੇ ਆਪਣੀ ਖੇਡ-ਖੇਡ ਗਏ। ਮਨਚਲੇ ਮਾਅਰਕੇਬਾਜ਼ਾਂ ਦੀਆਂ ਇਕ ਵਾਰੀ ਮੁੜ ਪੌਂ-ਬਾਰਾਂ ਹੋ ਗਈਆਂ। ਦਿੱਲੀ ਦੇ ਅੰਦਰ ਘਮਸਾਣ ਮੱਚ ਗਿਆ। ਟਰੈਕਟਰ ਪਰੇਡ ਦੀ ਥਾਂ ਲੋਕ ਅੱਥਰੂ ਗੈਸ ਦੇ ਗੋਲੇ ਵਰ੍ਹਦੇ ਦੇਖ ਰਹੇ ਸਨ। ਕਿਤੇ ਲਾਠੀਚਾਰਜ ਹੋ ਰਿਹਾ ਸੀ। ਕਿਤੇ ਬੈਰੀਕੇਡ ਪੁੱਟੇ ਜਾ ਰਹੇ ਸਨ। ਜੰਗ ਚੱਲ ਰਹੀ ਸੀ। ਲਾਲ ਕਿਲ੍ਹੇ 'ਤੇ ਨਾਅਰੇ ਵੱਜ ਰਹੇ ਸਨ। ਕੇਸਰੀ ਨਿਸ਼ਾਨ ਝੁਲਾਇਆ ਜਾ ਰਿਹਾ ਸੀ। ਇਹ ਘਟਨਾਵਾਂ ਮੀਡੀਆ ਦਾ ਕੇਂਦਰ ਬਿੰਦੂ ਬਣੀਆਂ ਹੋਈਆਂ ਸਨ। ਟਰੈਕਟਰ ਪਰੇਡ ਕੋਈ ਨਹੀਂ ਦਿਖਾ ਰਿਹਾ ਸੀ। ਪਿਛਲੇ ਲਗਭਗ ਦੋ ਮਹੀਨਿਆਂ ਤੋਂ ਸ਼ਾਂਤਮਈ ਚੱਲ ਰਹੇ ਅੰਦੋਲਨ 'ਤੇ ਪਾਣੀ ਫਿਰ ਗਿਆ ਸੀ। ਸਭ ਕੁਝ ਦੇਖ ਕੇ ਲੋਕਾਂ ਦੀਆਂ ਜੀਭਾਂ ਤਾਲੂਏ ਜਾ ਲੱਗੀਆਂ ਸਨ। ਪੰਜਾਬ ਤੋਂ ਬਾਹਰ ਬੈਠੇ ਸਿੱਖ ਭਾਈਚਾਰੇ ਦੇ ਮਨਾਂ 'ਤੇ ਕਾਲੇ ਸਾਏ ਭਾਰੂ ਪੈਣ ਲੱਗ ਪਏ ਸਨ। ਉਨ੍ਹਾਂ ਨੂੰ ਲੱਗਿਆ ਕੇ ਉਨ੍ਹਾਂ ਦੇ ਆਪਣੇ ਹੀ ਉਨ੍ਹਾਂ ਨਾਲ ਦਗਾ ਕਮਾ ਰਹੇ ਹਨ। ਉਹ ਉਨ੍ਹਾਂ ਲਈ ਨਹੀਂ, ਆਪਣੇ ਵਾਸਤੇ ਜਿਉਂ ਰਹੇ ਹਨ। ਉਹ ਆਪਣੇ ਏਜੰਡੇ ਦੀ ਪੂਰਤੀ ਲਈ ਉਨ੍ਹਾਂ ਦਾ ਘਾਣ ਕਰਵਾਉਣ ਦਾ ਬੀੜਾ ਚੁੱਕੀ ਫਿਰਦੇ ਹਨ।

26 ਜਨਵਰੀ ਤੱਕ ਪੰਜਾਬ ਦੇ ਕਿਸਾਨ ਇਸ ਅੰਦੋਲਨ ਵਿਚ ਨਾਇਕ ਦੀ ਭੂਮਿਕਾ ਨਿਭਾ ਰਹੇ ਸਨ ਪਰ ਉਸ ਦਿਨ ਦੀ ਸ਼ਾਮ ਹੁੰਦੇ ਤਕ ਇਹ ਭੂਮਿਕਾ ਉਨ੍ਹਾਂ ਤੋਂ ਖੁੱਸ ਗਈ ਸੀ। ਖੁਆਈ ਕਿਸ ਨੇ, ਇਹ ਸਭ ਨੂੰ ਪਤੈ! ਕਿਸਾਨਾਂ ਨੇ ਇਹ ਅੰਦੋਲਨ ਆਪਣੀ ਫਸਲ ਵਾਂਗ ਪਾਲਿਆ ਸੀ ਪਰ ਜਦੋਂ ਵੱਢਣ ਦਾ ਵੇਲਾ ਆਇਆ ਤਾਂ ਅਜਿਹੀ ਪਰਲੋ ਆਈ ਕਿ ਸਭ ਕੁਝ ਤਹਿਸ-ਨਹਿਸ ਹੋ ਗਿਆ।

ਸਮੁੱਚੇ ਪੰਜਾਬ ਵਿਚ ਚੁੱਪ ਵਰਤ ਗਈ। ਚਾਰ ਚੁਫੇਰੇ ਉਦਾਸੀ ਛਾ ਗਈ ਸੀ। ਅਜੀਬ ਸਦਮਾ ਲੱਗਾ। ਲੋਕ ਰੋ ਰਹੇ ਸਨ। ਬਹੁਤ ਸਾਰੇ ਘਰਾਂ 'ਚ ਉਸ ਦਿਨ ਰੋਟੀ ਨਹੀਂ ਸੀ ਪੱਕੀ। ਪਿਛਲੇ ਦੋ ਮਹੀਨਿਆਂ ਤੋਂ ਜੋ ਦਿਨ-ਰਾਤ ਮੋਰਚੇ ਦੀ ਕਾਮਯਾਬੀ ਲਈ ਅਰਦਾਸਾਂ ਕਰ ਰਹੇ ਸਨ, ਮਿਹਨਤ ਕਰ ਰਹੇ ਸਨ, ਉਨ੍ਹਾਂ ਦੇ ਹੌਸਲੇ ਢਹਿ-ਢੇਰੀ ਹੋ ਗਏ। ਏਨੀ ਨਿਰਾਸ਼ਾ ਕਦੇ ਪਹਿਲਾਂ ਪੰਜਾਬ 'ਚ ਦੇਖਣ ਨੂੰ ਨਹੀਂ ਮਿਲੀ। ਹਾਂ, ਗੁੱਸਾ ਜ਼ਰੂਰ ਪਹਿਲਾਂ ਕਈਂ ਵਾਰ ਦੇਖਣ ਨੂੰ ਮਿਲਿਆ ਸੀ। ਲੋਕਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਸੀ। ਹਰ ਕੋਈ ਮੋਰਚੇ ਬਾਰੇ ਦੂਜੇ ਤੋਂ ਧਰਵਾਸ ਦੇਣ ਵਾਲੀ ਗੱਲ ਸੁਣਨੀ ਚਾਹੁੰਦਾ ਸੀ ਪਰ ਧਰਵਾਸ ਬੱਝ ਨਹੀਂ ਸੀ ਰਿਹਾ।

ਪੰਜਾਬ ਦੀ ਅਸਮਾਨੀਂ ਚੜ੍ਹੀ ਗੁੱਡੀ ਅਗਲਿਆਂ ਨੇ ਇਕ ਵਾਰ ਸਿਰੇ ਤੋਂ ਕੱਟ ਦਿਤੀ ਸੀ। ਇਹ ਖੇਡ ਕਿਸ ਨੇ ਖੇਡੀ? ਇਸ ਦੀ ਨਿਸ਼ਾਨਦੇਹੀ ਕਰਨੀ ਮੁਸ਼ਕਿਲ ਨਹੀਂ ਹੈ। ਇਹ ਖਿਡਾਰੀ ਆਪਣੇ ਪੰਜਾਬ ਦੇ ਹੀ ਸਨ/ਹਨ ਅਤੇ 25 ਜਨਵਰੀ ਦੀ ਰਾਤ ਨੂੰ ਸੰਯੁਕਤ ਮੋਰਚੇ ਦੀ ਸਟੇਜ 'ਤੇ ਕਬਜ਼ਾ ਕਰ ਕੇ ਉਨ੍ਹਾਂ ਜੋ ਕੁਝ ਕੀਤਾ, ਉਹ ਸੋਸ਼ਲ ਮੀਡੀਆ ਦੀ ਬਦੌਲਤ ਕੁਲ ਦੁਨੀਆਂ ਵਿਚ ਬੈਠੇ ਪੰਜਾਬੀਆਂ ਨੇ ਤਕਿਆ ਹੈ ਅਤੇ ਅਮੋਲਕ ਸਿੰਘ ਫਰਿਜ਼ਨੋ ਵਰਗੇ ਅਨੇਕਾਂ ਸੱਜਣਾਂ ਨੇ ਖ਼ੂਨ ਦੇ ਹੰਝੂ ਵੀ ਕੇਰੇ ਹਨ। ਸ. ਹਜ਼ਾਰਾ ਸਿੰਘ ਮਿਸੀਸਾਗਾ ਨੇ ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਉਸ ਡਰਾਮੇ ਦੇ ਸੂਤਰਧਾਰਾਂ ਦੀ ਠੀਕ ਨਿਸ਼ਾਨਦੇਹੀ ਕੀਤੀ ਹੈ ਅਤੇ ਅਜਿਹੀਆਂ ਕੋਸ਼ਿਸ਼ਾਂ ਅਗੋਂ ਵੀ ਜਾਰੀ ਰਹਿਣੀਆਂ ਚਾਹੀਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਜੁੱਗਾਂ-ਜੁਗਾਂਤਰਾਂ ਤੋਂ ਸਰਕਾਰੀ ਤੰਤਰ ਦਾ ਖਾਸਾ ਸਾਜ਼ਿਸ਼ੀ ਰਿਹਾ ਹੀ ਹੈ। ਭਾਵੇਂ ਰਾਜਾਸ਼ਾਹੀ ਹੋਵੇ, ਡਿਕਟੇਟਰਸ਼ਿਪ ਹੋਵੇ ਜਾਂ ਲੋਕਤੰਤਰ, ਆਪਣੇ 'ਤੇ ਸੰਕਟ ਸਮੇਂ ਉਸ ਦੀ ਕਹਿਣੀ ਤੇ ਕਥਨੀ 'ਚ ਦਿਨ ਰਾਤ ਦਾ ਫਰਕ ਹੁੰਦੈ। ਇਹ ਤੰਤਰ ਵੱਡਿਆਂ ਵੱਡਿਆਂ ਨੂੰ ਆਪਣੇ ਲਪੇਟੇ 'ਚ ਲੈ ਲੈਂਦਾ। ਸਵੈ-ਹੋਂਦ ਨੂੰ ਬਣਾਈ ਰੱਖਣ ਲਈ ਰਾਜ ਸ਼ਕਤੀ ਲਈ ਕੁਝ ਵੀ ਗੈਰ-ਪ੍ਰਸੰਗਿਕ ਤੇ ਅਨੈਤਿਕ ਨਹੀਂ ਹੁੰਦਾ। ਅਫਸੋਸ ਤੰਤਰ ਦੀਆਂ ਚਾਲਾਂ ਦਾ ਨਹੀਂ, ਅਫਸੋਸ ਤਾਂ ਆਪਣੇ ਤੱਤ-ਭੜੱਤੇ ਚਿੰਤਕਾਂ 'ਤੇ ਹੈ, ਜਿਨ੍ਹਾਂ ਨੇ ਆਪਣਾ ਏਜੰਡਾ ਠੋਸਣ ਦੀ ਧੁਸ ਵਿਚ ਤੰਤਰ ਨੂੰ ਸਾਜ਼ਿਸ਼ ਰਚਣ ਦਾ ਮੌਕਾ ਦਿਤਾ।

ਫਿਰ ਸਦਕੇ ਜਾਈਏ ਰਾਕੇਸ਼ ਟਿਕੈਤ ਦੇ, ਉਸ ਦੇ ਜੁਝਾਰੂਪਨ ਦੇ, ਉਸ ਦੀਆਂ ਅੱਖਾਂ 'ਚੋਂ ਵਗੇ ਨੀਰ ਦੇ, ਜੋ ਮੋਰਚੇ ਲਈ ਸੰਜੀਵਨੀ ਬੂਟੀ ਸਾਬਿਤ ਹੋਏ ਹਨ। ਉਸ ਦੇ ਹੌਸਲੇ ਅਤੇ ਹੰਝੂਆਂ ਦੀ ਕਰਾਮਾਤ ਨੇ ਮਿੰਟਾਂ-ਸਕਿੰਟਾਂ 'ਚ ਮੋਰਚੇ ਦੀ ਦਸ਼ਾ ਤੇ ਦਿਸ਼ਾ ਦਾ ਰੁਖ ਬਦਲ ਦਿੱਤਾ। ਉਸ ਦੇ ਅਥਰੂਆਂ ਨੇ ਉੱਤਰੀ ਭਾਰਤ 'ਚ ਇਕ ਤਰ੍ਹਾਂ ਨਾਲ ਭੂਚਾਲ ਲਿਆ ਦਿੱਤਾ। ਜਿਹੜਾ ਮੋਰਚਾ ਕੁਝ ਪਲਾਂ ਘੜੀਆਂ 'ਚ ਖਿੱਲਰ-ਪੁਲਰ ਗਿਆ ਸੀ, ਉਹ ਮੁੜ ਪੈਰਾਂ ਸਿਰ ਹੋ ਗਿਆ। ਰਾਤੋ-ਰਾਤ ਹਰਿਆਣਾ, ਉੱਤਰ ਪ੍ਰਦੇਸ਼ ਤੇ ਪੰਜਾਬ ਤੋਂ ਲੋਕ ਦਿੱਲੀ ਨੂੰ ਚਲ ਪਏ ਅਤੇ ਅਗਲੇ 72 ਘੰਟਿਆਂ 'ਚ ਮੋਰਚਾ ਪਹਿਲਾਂ ਨਾਲੋਂ ਵੀ ਸ਼ਕਤੀਸ਼ਾਲੀ ਬਣ ਕੇ ਉਭਰ ਆਇਆ।

ਮੋਰਚਾ ਹੁਣ ਫਿਰ ਸੁਰ ਵਿਚ ਆ ਗਿਆ ਹੈ। ਜੋ ਰਾਕੇਸ਼ ਟਿਕੈਤ ਨੇ ਪੰਜਾਬੀਆਂ ਲਈ ਕਰ ਦਿਖਾਇਆ ਹੈ, ਉਹ ਬਹੁਤ ਹੀ ਸਨਮਾਨ ਤੇ ਸਿਫਤ ਦੇ ਕਾਬਿਲ ਹੈ। ਉਹ ਵਾਰ-ਵਾਰ ਕਹਿ ਰਿਹਾ ਹੈ, 'ਪੰਜਾਬ ਹਮੇਂ ਪਹਿਲੀ ਵਾਰ ਮਿਲਾ ਹੈ, ਹਮ ਇਸੇ ਜਾਨੇ ਨਹੀਂ ਦੇਂਗੇ।' ਟਿਕੈਤ ਨੂੰ ਪੰਜਾਬ ਬਾਰੇ ਪੂਰੀ ਸੋਝੀ ਹੈ। ਇਸ ਦੀ ਭੂਮਿਕਾ ਦੇ ਮਹਤੱਵ ਨੂੰ ਸਮਝਦਾ ਹੈ। ਇਸ ਲਈ ਅਜੇ ਵੀ ਉਹ ਕਿਸਾਨ ਘੋਲ 'ਚ ਪੰਜਾਬ ਦੀ ਸ਼ਮੂਲੀਅਤ ਨੂੰ ਪ੍ਰਮੁੱਖ ਸਮਝਦਾ ਹੈ। ਉਹ ਕਿਸਾਨ ਮੋਰਚੇ ਨੂੰ ਪੰਜਾਬ ਨੂੰ ਮਨਫੀ ਕਰ ਕੇ ਨਹੀਂ ਦੇਖਦਾ। ਜਦੋਂ ਲੋੜ ਸੀ, ਉਹ ਪੰਜਾਬ ਨਾਲ ਪੈਰ ਗੱਡ ਕੇ ਖੜ੍ਹ ਗਿਆ ਤੇ ਉਸ ਨੇ ਉਨ੍ਹਾਂ ਬਿਰਤਾਂਤਾਂ ਨੂੰ ਬੜੀ ਸਿਆਣਪ ਨਾਲ ਨਕਾਰਿਆ, ਜਿਨ੍ਹਾਂ ਨੂੰ ਉਸਾਰ ਕੇ ਗੋਦੀ ਮੀਡੀਆ ਕਿਸਾਨ ਅੰਦੋਲਨ ਦੇ ਪੈਰ ਉਖੇੜਨ ਲਈ ਸਿਰਤੋੜ ਯਤਨ ਕਰ ਰਿਹਾ ਸੀ ਤੇ ਅੰਦੋਲਨ ਦੇਸ਼ ਵਿਰੋਧੀ ਸਾਜ਼ਿਸ਼ ਗਰਦਾਨਣ ਲੱਗਿਆ ਹੋਇਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਕਿਸਾਨ ਮੋਰਚਾ ਲੋਕ ਅੰਦੋਲਨ ਬਣ ਗਿਆ ਹੈ। ਦੁਨੀਆ ਭਰ ਦੇ ਸਮਾਜਿਕ ਤੇ ਰਾਜਨੀਤਕ ਸਰੋਕਾਰ ਰੱਖਣ ਵਾਲੇ ਲੋਕਾਂ ਦੀਆਂ ਨਜ਼ਰਾਂ ਇਸ 'ਤੇ ਟਿਕੀਆਂ ਹੋਈਆਂ ਹਨ। ਵੱਡੇ ਲੋਕਤੰਤਰੀ ਦੇਸ਼ਾਂ ਦੇ ਸੱਤਾਧਾਰੀ ਲੋਕਾਂ ਨੇ ਇਸ ਦੀ ਹਮਾਇਤ 'ਚ ਟਿੱਪਣੀਆਂ ਕੀਤੀਆਂ ਹਨ ਤੇ ਇਸ ਦੇ ਸ਼ਾਂਤਮਈ ਖਾਸੇ ਦੀ ਪ੍ਰਸ਼ੰਸਾ ਕੀਤੀ ਹੈ। ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਦੁਨੀਆ ਦੀਆਂ ਸੰਸਥਾਵਾਂ ਨੇ ਇਸ ਬਾਰੇ ਆਪਣੇ ਬਿਆਨ ਜਾਰੀ ਕੀਤੇ ਹਨ।

ਸਮਝਣ ਵਾਲੀ ਗੱਲ ਹੈ ਕਿ ਹਰ ਅੰਦੋਲਨ ਦਾ ਆਪਣਾ ਦਾਇਰਾ ਹੁੰਦਾ ਹੈ। ਉਸ ਦਾਇਰੇ ਅੰਦਰ ਉਸ ਅੰਦੋਲਨ ਦਾ ਫੈਲਾਅ ਹੁੰਦਾ ਹੈ। ਜਦੋਂ ਕੋਈ ਅੰਦੋਲਨ ਆਪਣੇ ਚੌਖਟੇ 'ਚੋਂ ਬਾਹਰ ਜਾਂਦਾ ਹੈ ਤਾਂ ਉਸ ਦੀ ਸਫਲਤਾ ਦੀ ਉਮੀਦ ਮੱਧਮ ਪੈ ਜਾਂਦੀ ਹੈ। ਕਿਸਾਨ ਅੰਦੋਲਨ ਦਾ ਦਾਇਰਾ ਰਾਸ਼ਟਰ ਵਿਆਪੀ ਬੜੀ ਸੂਝ-ਬੂਝ ਨਾਲ ਤਿਆਰ ਕੀਤਾ ਗਿਆ ਸੀ ਪਰ ਇਸ ਦੇ ਨਾਲ ਹੀ ਇਸ ਦੀ ਹੱਦ ਵੀ ਤੈਅ ਕੀਤੀ ਗਈ ਸੀ ਤਾਂ ਜੋ ਸੁਭਾਵਿਕ ਖਿਲਾਰੇ ਤੋਂ ਬਚਿਆ ਜਾ ਸਕੇ। ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਦਾ ਘਟਨਾਕ੍ਰਮ ਇਸ ਗੱਲ ਨੂੰ ਸਪਸ਼ਟ ਕਰਦਾ ਹੈ। ਪੰਜਾਬ ਦੀਆਂ 30 ਤੋਂ ਵੱਧ ਕਿਸਾਨ ਜਥੇਬੰਦੀਆਂ ਦਾ ਇਕ ਮੰਚ 'ਤੇ ਬੜੇ ਤਿੱਖੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਇਕੱਠਾ ਹੋਣਾ, ਮੰਗਾਂ ਦੀ ਸਪਸ਼ਟ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਮੰਨਵਾਉਣ ਲਈ ਘੱਟੋ-ਘੱਟ ਪ੍ਰੋਗਰਾਮ ਤੈਅ ਕਰਨਾ, ਅੰਦੋਲਨ ਦੀ ਪੜਾਅ ਵਾਰ ਵਿਉਂਤਬੰਦੀ ਕਰਨਾ, ਕਿਸਾਨਾਂ ਨੂੰ ਜਾਗਰੂਕ ਕਰ ਕੇ ਅੰਦੋਲਨ ਲਈ ਪ੍ਰੇਰਨਾ, ਪੰਜਾਬ ਸਰਕਾਰ ਤੇ ਦੂਸਰੀਆਂ ਰਾਜਨੀਤਕ ਧਿਰਾਂ 'ਤੇ ਲਗਾਤਾਰ ਦਬਾਅ ਬਣਾਉਣਾ, ਸਰਬ ਪਾਰਟੀ ਮੀਟਿੰਗ ਦਾ ਹੋਣਾ; ਪੰਜਾਬ ਸਰਕਾਰ ਤੇ ਰਾਜਸੀ ਪਾਰਟੀਆਂ 'ਤੇ ਵਿਧਾਨ ਸਭਾ ਤੋਂ ਕੇਂਦਰੀ ਕਾਨੂੰਨਾਂ ਦੇ ਮੁਕਬਾਲੇ ਕਾਨੂੰਨ ਬਣਾਉਣ ਲਈ ਦਬਾਅ ਪਾ ਕੇ ਸਹਿਮਤ ਕਰਨਾ; ਦੇਸ਼ ਵਿਚ ਕਾਨੂੰਨਾਂ ਵਿਰੁਧ ਆਮ ਲੋਕ ਰਾਏ ਤਿਆਰ ਕਰਨਾ, ਹਰਿਆਣਾ ਤੇ ਦੂਸਰੇ ਰਾਜਾਂ ਨੂੰ ਸਮਝਾ ਕੇ ਇਸ ਅੰਦੋਲਨ 'ਚ ਬਰਾਬਰ ਦੇ ਭਾਗੀਦਾਰ ਬਣਾਉਣਾ ਤੇ ਕਿਸਾਨਾਂ ਵੱਲੋਂ ਦਿੱਲੀ ਜਾਣ ਦਾ ਫੈਸਲਾ ਉਨ੍ਹਾਂ ਦੀ ਰਾਜਸੀ ਸੂਝ ਤੇ ਅੰਦੋਲਨ ਲੜਨ ਦੇ ਅਨੁਭਵ ਦੀ ਪੈਦਾਵਾਰ ਸੀ। ਇਹ ਅਚਾਨਕ ਵਾਪਰਿਆ ਘਟਨਾਕ੍ਰਮ ਨਹੀਂ ਸੀ। ਇਸ ਪਿੱਛੇ ਕਿਸਾਨ ਨੇਤਾਵਾਂ ਦੀ ਪਕਰੋੜ ਪਹੁੰਚ ਤੇ ਮਜ਼ਬੂਤ ਇਰਾਦੇ ਸਨ। ਇਹ ਮੰਨਣਾ ਪੈਣਾ ਹੈ ਕਿ ਇਸ ਰਾਸ਼ਟਰ ਵਿਆਪੀ ਅੰਦੋਲਨ ਨੇ ਕੌਮਾਂਤਰੀ ਪੱਧਰ 'ਤੇ ਪ੍ਰਭਾਵ ਛੱਡਿਆ ਹੈ। ਸਰਕਾਰੀ ਤੰਤਰ ਦੇ ਹਰ ਹੀਲੇ ਦੇ ਬਾਵਜੂਦ ਕਿਸਾਨ ਨੇਤਾਵਾਂ ਦੀ ਰਣਨੀਤੀ ਸਰਕਾਰ ਨੂੰ ਹਰ ਕਦਮ 'ਤੇ ਪਛਾੜਨ ਲਈ ਹੁਣ ਤੱਕ ਸਫਲ ਰਹੀ ਹੈ।

ਪੰਜਾਬ ਦੀ ਕਿਸਾਨੀ ਆਪਣੀ ਹੋਂਦ ਤੇ ਵਜੂਦ ਨੂੰ ਬਚਾਉਣ ਲਈ ਲੜ ਰਹੀ ਹੈ। ਉਸ ਨੂੰ ਇਹ ਸਮਝ ਸੀ ਕਿ ਇਸ ਲੜਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਦੇਸ਼ ਭਰ ਦੀ ਕਿਸਾਨੀ ਨੂੰ ਸ਼ਾਮਿਲ ਕਰਨਾ ਜ਼ਰੂਰੀ ਹੈ। ਉਸ ਨੂੰ ਦੇਸ਼ ਦੇ ਪੇਂਡੂ ਵਰਗ 'ਚ ਫੈਲੀ ਬੇਚੈਨੀ ਦੀ ਪੂਰਨ ਸੋਝੀ ਸੀ। ਇਸ ਸਮਝ ਕਾਰਨ ਹੀ ਇਸ ਅੰਦੋਲਨ ਦੀ ਸੀਮਾ ਬੜੀ ਅਕਲਮੰਦੀ ਨਾਲ ਤੈਅ ਕਰ ਲਈ ਗਈ ਸੀ। ਕਿਸਾਨ ਅੰਦੋਲਨ ਦੇ ਹੱਕ ਵਿਚ ਸਾਰੇ ਦੇਸ਼ ਵਿਚ ਮੁਜ਼ਾਹਰੇ ਤੇ ਟਰੈਕਟਰ ਮਾਰਚ ਹੋਏ ਹਨ, ਕਿਉਂਕਿ ਕਿਸੇ ਨਾ ਕਿਸੇ ਤਰ੍ਹਾਂ ਦੇਸ਼ ਦਾ ਹਰ ਕਿਸਾਨ

***(ਬਾਕੀ ਅਗਲੇ ਸਫੇ 'ਤੇ)***

# ਸੁਚੇਤ ਰਹਿਣਾ ਵੀ ਜਰੂਰੀ ਏ

ਰਾਜੇ ਦੇ ਦਰ 'ਤੇ ਬੈਠੇ ਹੋਏ ਲੋਕ, ਧਰਤੀ ਦੇ ਪੁੱਤ। ਮਿੱਟੀ ਵਿਚੋਂ ਸੋਨਾ ਉਗਾਉਣ ਵਾਲੇ। ਸੂਰਜਾਂ ਦੇ ਕਾਫਲੇ। ਹਨੇਰ-ਯੁੱਗ ਵਿਚ ਤਾਰਿਆਂ ਦੀ ਰੁਸ਼ਨਾਈ। ਸੂਹੀਆਂ ਸੋਚਾਂ ਦੇ ਪੈਗਾਮ। ਹੱਕਾਂ ਲਈ ਜੋਰਦਾਰ ਆਵਾਜ਼ਾਂ। ਜ਼ਮੀਨੀ ਵਿਰਾਸਤ ਬਚਾਉਣ ਲਈ ਲਾਈ ਜਾ ਰਹੀ ਜ਼ੁਅਰਤ ਦੀ ਬਾਜ਼ੀ। ਸਿੱਦਕ ਦੀ ਲੋਅ। ਸ਼ਾਂਤੀ ਤੇ ਸਬਰ ਦਾ ਮੁਜੱਸਮਾ। ਗਾਂਧੀ-ਵਾਦੀ ਸਤਿਆਗ੍ਰਹਿ। ਮੌਜੂਦਾ ਦੌਰ ਵਿਚ ਅਹਿੰਸਾ ਦਾ ਪ੍ਰਮਾਣ। ਹਾਕਮ ਦੀ ਸੁੱਤੀ ਹੋਈ ਆਤਮਾ ਨੂੰ ਜਗਾਉਣ ਲਈ ਨਾਨਕ-ਹੋਕਰਾ। ਰੱਬ ਦੇ ਭਾਣੇ ਵਿਚ ਕੱਕਰਾਲੀਆਂ ਰਾਤਾਂ, ਬਾਰਸ਼ ਅਤੇ ਧੁੰਦ ਦੌਰਾਨ ਮੱਥੇ 'ਤੇ ਸ਼ਿਕਨ ਨਾ ਲਿਆਉਣਾ, ਜਾਗਦੀ ਜ਼ਮੀਰ ਦਾ ਪ੍ਰਮਾਣ। ਉਹ ਜਾਣਦੇ ਕਿ ਵਰਕਿਆਂ 'ਤੇ ਸਿਰੜ, ਹਿੰਮਤ ਅਤੇ ਹੌਸਲੇ ਨਾਲ ਲਿਖੀ ਤਵਾਰੀਖ ਦੇ ਅੱਖਰ ਸਦਾ ਜਗਦੇ ਰਹਿਣਗੇ।

ਪਰ ਅਜਿਹੇ ਸਮਿਆਂ ਵਿਚ ਕੁਝ ਕੁ ਉਹ ਲੋਕ ਵੀ ਸ਼ਾਮਲ ਹੋ ਸਕਦੇ, ਜੋ ਸੁਹਿਰਦ ਨਹੀਂ ਹੁੰਦੇ। ਉਨ੍ਹਾਂ ਦੀ ਸੁਹਿਰਦਤਾ ਸਿਰਫ ਨਿੱਜੀ ਮੁਫਾਦ, ਰਾਜਸੀ ਆਕਿਆਂ ਜਾਂ ਧਾਰਮਿਕ ਕੱਟੜਤਾ ਨਾਲ ਹੁੰਦੀ। ਅਜਿਹੇ ਲੋਕਾਂ ਦੀ ਪਛਾਣ ਕਰਨੀ ਅਤੇ ਇਨ੍ਹਾਂ ਤੋਂ ਵਿੱਥ ਬਣਾਉਣਾ, ਬਹੁਤ ਜਰੂਰੀ।



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਇਨ੍ਹਾਂ ਵਿਚ ਕੁਝ ਉਹ ਵੀ ਬੈਠੇ ਹੋ ਸਕਦੇ, ਇਨ੍ਹਾਂ ਦੀ ਜ਼ਮੀਰ ਤੇ ਜ਼ਹਿਨੀਅਤ ਵਿਕਾਊ। ਚੌਰਾਹੇ ਵਿਚ ਆਪਣੀ ਬੋਲੀ ਲਾਉਣ ਨੂੰ ਤਿਆਰ। ਜਿਉਂਦੀਆਂ ਲਾਸ਼ਾਂ। ਮੋਢੇ 'ਤੇ ਚੁੱਕੀਆਂ, ਸਿਵਾ ਸੇਕਣ ਲਈ ਲੱਕੜਾਂ। ਆਪਣੀ ਅਰਥੀ ਕਬਰਾਂ ਵੱਲ ਲਈ ਜਾਂਦੇ। ਖੁਦ ਦਾ ਮਰਸੀਆ ਹੋਠਾਂ 'ਤੇ।

ਇਹ ਵੀ ਜੋ ਕੁਝ ਕੁ ਘਰਾਂ 'ਚ ਬੈਠੇ ਹੋ ਸਕਦੇ, ਇਹ ਤਾਂ ਉਹ ਨੇ ਜੋ ਵਕਤ ਦੀ ਕੰਧ 'ਤੇ ਲਿਖਿਆ ਪੜ੍ਹਨ ਤੋਂ ਇਨਕਾਰੀ। ਪਤਾ ਨਹੀਂ ਕਿਉਂ ਏ ਮੱਤ ਮਾਰੀ ਕਿ ਆਪਣੀ ਤੇ ਆਪਣੀ ਕੁੱਲ ਦੀ ਕਰ ਰਹੇ ਖੱਜਲ-ਖੁਆਰੀ। ਇਨ੍ਹਾਂ ਨੇ ਕਦੇ ਨਹੀਂ ਉਠਣਾ। ਇਨ੍ਹਾਂ 'ਤੇ ਮਾਤਮੀ ਮਦਹੋਸ਼ੀ ਦਾ ਆਲਮ ਤਾਰੀ। ਇਨ੍ਹਾਂ ਦੀ ਜਾਗ ਨਹੀਂ ਕਦੇ ਖੁੱਲ੍ਹਣੀ। ਨਾ ਹੀ ਇਨ੍ਹਾਂ ਦੇ ਪੈਰਾਂ ਵਿਚ ਕਦੇ ਸਫਰ ਉਗਣਾ। ਨਾ ਹੀ ਉਨ੍ਹਾਂ ਦੇ ਮਸਤਕ 'ਤੇ ਸੂਹੀ ਸੋਚ ਨੇ ਦਸਤਕ ਦੇਣੀ ਅਤੇ ਨਾ ਹੀ ਉਨ੍ਹਾਂ ਦੀਦਿਆਂ ਵਿਚ ਸੁਪਨਿਆਂ ਨੇ ਅੰਗੜਾਈ ਭਰਨੀ। ਉਹ ਤਾਂ ਸੁਪਨਿਆਂ ਦਾ ਸੋਗ ਮਨਾਉਣ ਅਤੇ ਸਿਆਪਿਆਂ ਭਰੀ ਜ਼ਿੰਦਗੀ ਦੀ ਮੁਕਾਣੇ ਆਏ ਨੇ।

ਕੁਝ ਅਜਿਹੇ ਵੀ ਹੋ ਸਕਦੇ, ਜਿਨ੍ਹਾਂ ਨੂੰ ਕਦੇ ਹੋਸ਼ ਨਹੀਂ ਆਉਣੀ ਕਿ ਗਵਾਚੀਆਂ ਪੈੜਾਂ ਮੁੜ ਨਹੀਂ ਥਿਆਉਂਦੀਆਂ। ਬੀਤੇ ਵਕਤ ਨੂੰ ਪੁੱਠਾ ਗੇੜਾ ਨਹੀਂ ਦਿਤਾ ਜਾ ਸਕਦਾ। ਨਾ ਹੀ ਅਗਾਂਹ ਨੂੰ ਵਧੇ ਪੈਰ ਪਿਛਾਂਹ ਨੂੰ ਪਰਤਦੇ। ਇਹ ਆਪਣੇ ਬੱਚਿਆਂ ਦੇ ਸੁਪਨਿਆਂ ਦਾ ਸੰਤਾਪ ਹੰਢਾਉਣ ਤੇ ਜੀਵਨ ਨੂੰ ਸਰਾਪਿਆ ਬਣਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ।

ਇਨ੍ਹਾਂ ਬੈਠਿਆਂ 'ਚ ਕੁਝ ਕੁ ਚੰਦੂ ਦੀ ਔਲਾਦ ਵੀ ਹੋ ਸਕਦੇ, ਜਿਨ੍ਹਾਂ ਪਰਿਵਾਰਕ ਕਿੱੜਾਂ ਕੱਢਣ ਲਈ, ਜਹਾਂਗੀਰ ਰਾਹੀਂ ਗੁਰੂ ਅਰਜਨ ਦੇਵ ਵਰਗੇ ਧਰਮੀ ਲੋਕਾਂ ਨੂੰ ਤੱਤੀ ਤਵੀ 'ਤੇ ਬਿਠਾਉਣ, ਤਸੀਹੇ ਦੇਣ ਅਤੇ ਸ਼ਹੀਦ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ; ਪਰ ਸ਼ਾਂਤੀ ਦੇ ਪੁੰਜ ਕਦ ਡੋਲਦੇ ਨੇ? ਸਗੋਂ ਰੱਬ ਦੀ ਰਜ਼ਾ ਵਿਚ ਰਹਿ ਕੇ ਇਤਿਹਾਸ ਦਾ ਸੂਰਜੀ ਪੰਨਾ ਬਣਦੇ। ਚੰਦੂ ਵਰਗੇ ਲੋਕ ਹਰ ਸਮੇਂ ਹੀ ਹੁੰਦੇ। ਸਿਰਫ ਲਿਬਾਸ ਬਦਲਦੇ, ਕੁਕਰਮ ਸ਼ੈਲੀ ਉਹੀ ਅਤੇ ਨਵੇਂ ਮਖੌਟੇ ਪਹਿਨ ਕੇ, ਆਪਣੀਆਂ ਘੁਣਤਰਾਂ, ਘਤਿੱਤਾਂ, ਘ੍ਰਿਣਾ ਅਤੇ ਘੁੰਡੀਆਂ ਰਾਹੀਂ ਸਿਖਰ ਦੁਪਹਿਰਾਂ ਵਰਗੀਆਂ ਸੋਚਾਂ 'ਤੇ ਤਿੱਤਰਖੰਭੀ ਫੈਲਾਉਣ ਦੀ ਨਾਕਾਮ ਕੋਸ਼ਿਸ਼ ਕਰਦੇ।

ਇਨ੍ਹਾਂ ਬੈਠਿਆਂ ਵਿਚ ਕੁਝ ਕੁ ਤਾਂ ਗੰਗੂ ਬ੍ਰਾਹਮਣ ਦੇ ਵਾਰਸ ਵੀ ਹੋ ਸਕਦੇ, ਜੋ ਨਵਾਬ ਤੋਂ ਇਨਾਮ ਲੈਣ ਲਈ ਕਾਹਲੇ। ਕੁਝ ਨਨਕਾਣੇ ਦੇ ਮਹੰਤ ਜਿਹੇ ਵੀ, ਜੋ ਹੱਕਦਾਰਾਂ ਦੀ ਸੱਚੀ-ਸੋਚ ਨੂੰ ਸੂਲੀ 'ਤੇ ਟੰਗਣ ਲਈ ਬੇਸਬਰੇ। ਇਨ੍ਹਾਂ ਵਿਚ ਕੁਝ ਪ੍ਰਿਥੀ ਚੰਦ ਵੀ ਹੋ ਸਕਦੇ, ਜੋ ਤਖਤ ਨੂੰ ਹਾਸਲ ਕਰਨ ਲਈ ਕੁਝ ਵੀ ਕਰ ਸਕਦੇ।

ਇਨ੍ਹਾਂ ਬੈਠਿਆਂ ਵਿਚ ਕੁਝ ਸੁੱਚਾ ਨੰਦ ਦੇ ਵਾਰਸ ਵੀ ਹੋ ਸਕਦੇ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦੀ ਰੋਹ ਭਰੀ ਆਵਾਜ਼ ਨੂੰ ਦਬਾਉਣ ਲਈ ਹਰ ਚੁਆਤੀ ਲਾਈ। ਜੋ ਉਗਦੀ ਸਰਘੀ ਨੂੰ ਧੁੰਦਲੀ ਸ਼ਾਮ ਬਣਾਉਣ ਲਈ ਉਤਾਵਲੇ। ਤਿਤਲੀਆਂ ਅਤੇ ਭੌਰਿਆਂ ਦੇ ਖੰਭਾਂ ਨੂੰ ਸੂਲਾਂ ਵਿਚ ਪਰੋਂਦੇ। ਇਹ ਫੁੱਲਾਂ ਦੀਆਂ ਕਬਰਾਂ 'ਤੇ ਆਪਣੀਆਂ ਸੂਬੇਦਾਰੀਆਂ ਦੀ ਤਾਮੀਰਦਾਰੀ ਕਰਦੇ; ਪਰ ਸਮਾਂ ਅਜਿਹੇ ਸੁੱਚਾ ਨੰਦਾਂ ਨੂੰ ਅਜਿਹੀ ਸਜ਼ਾ ਦਿੰਦਾ ਕਿ ਆਉਣ ਵਾਲੀਆਂ ਨਸਲਾਂ ਸੁੱਚਾ ਨੰਦ ਜਿਹਾ ਨਾਮ ਰੱਖਣ ਤੋਂ ਤ੍ਰਭਕਣ ਲੱਗ ਪੈਂਦੀਆਂ।

ਇਨ੍ਹਾਂ ਬੈਠਿਆਂ ਵਿਚ ਕੁਝ ਕੁ ਡੋਗਰਿਆਂ ਦੀ ਸੰਭਾਵਨਾ ਵੀ ਹੋ ਸਕਦੀ, ਜਿਨ੍ਹਾਂ ਨੇ ਲੜ ਰਹੀਆਂ ਫੌਜਾਂ ਨਾਲ ਦਗਾ ਕਮਾਉਣ ਲਈ ਸਾਜਿਸ਼ਾਂ ਰਚਣੀਆਂ। ਸੰਘਰਸ਼ ਦੇ ਮੈਦਾਨ ਵਿਚ ਨਿੱਤਰੇ ਯੋਧਿਆਂ ਦੇ ਉਦਮ ਨੂੰ ਠੇਡਾ ਲਾਉਣ ਅਤੇ ਉਨ੍ਹਾਂ ਦੀ ਪਿੱਠ 'ਤੇ ਛੁਰਾ ਮਾਰਨ ਲਈ ਹਰ ਰਹਬਾ ਵਰਤਣਗੇ। ਇਨ੍ਹਾਂ ਡੋਗਰਿਆਂ ਨੇ ਰਾਜਸੀ ਸੱਤਾ ਤੋਂ ਨਿੱਜੀ ਫਾਇਦੇ ਪ੍ਰਾਪਤ ਲਈ ਬਹੁਤ ਕੁਝ ਨੂੰ ਨਾਸ਼ ਕਰਨ ਦਾ ਤਹੱਈਆ ਕੀਤਾ ਹੋਇਆ ਏ।

ਇਨ੍ਹਾਂ ਬੈਠਿਆਂ ਵਿਚ ਕੁਝ ਕੁ ਉਹ ਵੀ ਹੋ ਸਕਦੇ ਆ, ਜੋ ਅੰਗਰੇਜ਼ ਪਿੱਠੂਆਂ ਦੀ ਔਲਾਦ। ਸਫੈਦਪੋਸ਼, ਸਰਦਾਰ-ਬਹਾਦਰ, ਸਰ, ਜ਼ੈਲਦਾਰ, ਚੌਧਰੀ ਆਦਿ ਖਿਤਾਬਾਂ ਵਾਲੇ ਵੀ ਕੁਝ ਕੁ ਨੇ, ਜਿਹੜੇ ਕਰਤਾਰ ਸਿੰਘ ਸਰਾਭਾ ਲਈ ਫਾਂਸੀ, ਕੂਕਿਆਂ ਦੀ ਹਿੱਕ ਵਿਚੋਂ ਲੰਘਦੀਆਂ ਗੋਲੀਆਂ ਤੇ ਗਦਰੀ ਬਾਬਿਆਂ ਦੀ ਕਾਲੇ ਪਾਣੀ ਦੀ ਸਜ਼ਾ ਬਣੇ। ਆਜ਼ਾਦੀ ਦੇ ਪ੍ਰਵਾਨਿਆਂ ਨੂੰ ਫੜਾਉਣ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਫੇਲ੍ਹ ਕਰਨ ਵਿਚ ਮੋਹਰੀ ਸਨ।

ਇਹ ਜੋ ਘੁਰਨਿਆਂ ਵਿਚ ਛੁਪੇ ਤੇ ਸਾਜਿਸ਼ੀ ਚੁੱਪ ਵਿਚ ਗਲਤਾਨ ਕੁਝ ਲੋਕ ਨੇ, ਹੋ ਸਕਦੈ ਇਹ ਟੁੱਕ ਦੀ ਆਸ ਵਿਚ ਛਹਿ ਲਾ ਕੇ ਬੈਠੇ ਹੋਣ। ਇਨ੍ਹਾਂ ਦੇ ਮੂੰਹ ਨੂੰ ਲਹੂ ਲੱਗ ਚੁੱਕਾ। ਉਹ ਰੋਟੀ ਮੰਗਦੇ ਹਰ ਪੇਟ ਨੂੰ ਲੱਤ ਮਾਰਨ ਅਤੇ ਰਿਜ਼ਕ 'ਤੇ ਕਾਬਜ ਹੋਣ ਲਈ ਉਤਾਵਲੇ। ਉਨ੍ਹਾਂ ਵਿਚ ਹਮੇਸ਼ਾ ਕਮੀਨਗੀ ਪਨਪਦੀ। ਉਹ ਪਾਪ ਦੀ ਖੇਤੀ ਵਿਚੋਂ ਵਿਨਾਸ਼, ਵਿਕਾਰ ਅਤੇ ਵਿਡੰਬਨਾਵਾਂ ਨੂੰ ਹੀ ਪ੍ਰਾਪਤੀ ਸਮਝਦੇ।

ਰੰਗ-ਬਿਰੰਗੇ ਤੇ ਰਾਜਸੀ ਸਤਾ ਨੂੰ ਭੋਗ ਰਹੇ ਕੁਝ ਉਹ ਲੋਕ ਵੀ ਹੋ ਸਕਦੇ, ਜੋ ਬਦਲਦੇ ਮੌਸਮਾਂ ਵਿਚ ਆਪਣੀ ਤਾਸੀਰ, ਤਹਿਰੀਕ, ਤਸਵੀਰ ਤੇ ਤਬੀਅਤ ਬਦਲਦੇ। ਪਹਿਲਾਂ ਅਤੇ ਪਹੁੰਚਾਂ ਨੂੰ ਨਿੱਜ ਵੰਨੀਂ ਸੇਧਤ ਕਰਦੇ। ਉਨ੍ਹਾਂ ਦੇ ਮੁਫਾਦ ਵਿਚੋਂ ਕੁਰਸੀਆਂ ਦੀ ਝਾਕ, ਆਰਥਿਕ ਲਾਭ ਜਾਂ ਰੁਤਬੇ ਨੂੰ ਹਥਿਆਉਣਾ ਹੁੰਦਾ। ਅਜਿਹੇ ਲੋਕ ਰਾਜਸੀ ਗਲਿਆਰਿਆਂ ਦੇ ਮੋਹਰੇ। ਇਸ਼ਾਰਿਆਂ 'ਤੇ ਨੱਚਦੀਆਂ ਕਠਪੁਤਲੀਆਂ। ਮਰੀ ਆਤਮਾ ਨੂੰ ਕੋਂਹਦੇ। ਰੂਹ ਨੂੰ ਸੂਲੀ 'ਤੇ ਟੰਗਦੇ। ਦਿਲ ਦੀਆਂ ਬਰੂਹਾਂ ਵਿਚ ਹੌਕੇ ਕੇਰਦੇ। ਕਿਸੇ ਦੇ ਹਾਸਿਆਂ ਵਿਚੋਂ ਹਾਵਿਆਂ ਦੀ ਆਵਾਜ਼ ਸੁਣ ਕੇ ਖੁਦ ਨੂੰ ਮਾਣਮੱਤਾ ਮਹਿਸੂਸਦੇ, ਪਰ ਇਹ ਲੋਕ ਭੁੱਲ ਜਾਂਦੇ ਕਿ ਵਕਤੀ ਫਾਇਦਿਆਂ ਦੀ ਝਾਕ ਵਿਚ, ਖੁਦ ਦਾ ਸਿਵਾ ਸੇਕਣ ਵਾਲਿਆਂ ਦੇ ਪੱਲੇ ਵਿਚ ਜੱਗ ਦੀ ਸਵਾਹ, ਗਰੀਬਾਂ ਦੀ ਆਹ ਅਤੇ ਨਿਤਾਣਿਆਂ ਦਾ ਬਦਦੁਆ ਲੱਗਦੀ। ਕੋਈ ਨਹੀਂ ਉਨ੍ਹਾਂ ਨੂੰ ਭਾਵੀ ਤ੍ਰਾਸਦੀ ਤੋਂ ਬਚਾ ਸਕਦਾ?

ਕੁਝ ਕੁ ਤਾਂ ਤਖਤ 'ਤੇ ਬਿਰਾਜਮਾਨ ਉਹ ਵੀ ਹੋ ਸਕਦੇ, ਜਿਨ੍ਹਾਂ ਲਈ ਲੋਕ, ਸਿਰਫ ਕੁਰਸੀ ਦੇ ਪਾਵੇ। ਪਰਜਾ, ਸਿਰਫ ਵੋਟਾਂ। ਬੰਦੇ, ਨੋਟਾਂ ਦੀ ਗਿਣਤੀ। ਲਾਸ਼ਾਂ ਦੀ ਗਿਣਤੀ ਵਿਚੋਂ ਕਰਦੇ ਵੋਟਾਂ ਦੀ ਗਿਣਤੀ। ਕਿਸੇ ਦੀਆਂ ਭਾਵਨਾਵਾਂ ਨੂੰ ਵਰਗਲਾ, ਸਿਰ ਦਾ ਤਾਜ ਸਜਾਉਣ ਲਈ ਕਾਹਲੇ। ਜਦ ਕੁਰਸੀ ਵਿਕਣ ਲੱਗ ਪਏ, ਵੋਟਾਂ ਦੀ ਬੋਲੀ ਲੱਗਦੀ ਹੋਵੇ, ਧਰਮ ਦੇ ਨਾਮ 'ਤੇ ਲੋਕਾਂ ਵਿਚ ਵੰਡੀਆਂ ਪਾਉਣ ਦੀ ਬਿਰਤੀ ਭਾਰੂ ਹੋ ਜਾਵੇ ਤਾਂ ਇਨ੍ਹਾਂ ਕੁਝ ਕੁ ਬੈਠਿਆਂ ਵਿਚੋਂ ਕਿਵੇਂ ਆਸ ਰੱਖੀ ਜਾ ਸਕਦੀ ਕਿ ਇਨ੍ਹਾਂ ਕਦੇ ਉਠਣਾ? ਇਨ੍ਹਾਂ ਨੇ ਕੋਈ ਨਿੱਗਰ ਕਦਮ ਉਠਾਉਣ ਜਾਂ ਹੱਲਾਸ਼ੇਰੀ ਬਣਨ ਲਈ ਹਾਮੀ ਨਹੀਂ ਭਰਨੀ।

ਘਰੀਂ ਬੈਠਿਆਂ ਵਿਚ ਕੁਝ ਉਹ ਵੀ ਹੋ ਸਕਦੇ, ਜਿਨ੍ਹਾਂ ਦੇ ਜੋੜਾਂ ਵਿਚ ਬਹਿ ਗਈ ਏ ਬਦਨੀਤੀ, ਬੇਅਦਬੀ, ਬੇਈਮਾਨੀ, ਬਦਕਾਰੀ, ਬਦਇੰਤਜਾਮੀ, ਬੇਗਾਨਗੀ, ਬਦਹੋਸ਼ੀ ਅਤੇ ਬਲਹੀਣਤਾ। ਇਹ ਤਾਂ ਜਾਗਦੇ ਵੀ ਸੁੱਤੇ ਹੋਏ। ਇਹ ਖੁੱਲ੍ਹੀਆਂ ਅੱਖਾਂ ਵਾਲੇ, ਜਿਨ੍ਹਾਂ ਨੂੰ ਕੁਝ ਨਹੀਂ ਦਿੱਸਦਾ। ਉਹ ਤੁਰਨ ਦੀ ਆਹਟ ਪੈਦਾ ਕਰਨ ਦੇ ਕਾਬਲ ਨਹੀਂ। ਇਨ੍ਹਾਂ ਦੇ ਪੈਰਾਂ ਵਿਚ ਉਗ ਆਈਆਂ ਨੇ ਫਿਰਕੂ ਨਫਰਤ ਦੀਆਂ ਸੂਲਾਂ। ਇਨ੍ਹਾਂ ਦੇ ਦਿਸਹੱਦਿਆਂ 'ਤੇ ਲਟਕਦੇ ਨੇ ਜੰਗਾਲੇ ਜੰਦਰੇ, ਜਿਨ੍ਹਾਂ ਦੀ ਗਵਾਚੀ ਚਾਬੀ ਨੂੰ ਲੱਭਣ ਲਈ ਉਹ ਕੋਈ ਵੀ ਯਤਨ ਨਹੀਂ ਕਰਨਗੇ।

ਇਨ੍ਹਾਂ ਵਿਚ ਕੁਝ ਕੁ ਸਰਕਾਰੀ ਤੰਤਰ ਦੇ ਉਹ ਘੁਸਪੈਠੀਏ ਵੀ ਸੰਭਵ ਨੇ, ਜਿਨ੍ਹਾਂ ਦੀ ਜ਼ਹਿਨੀਅਤ ਸਿਰਫ ਰੁਕਾਵਟਾਂ ਖੜ੍ਹੀਆਂ ਕਰਨਾ, ਵਲਗਣਾਂ ਦਾ ਘੇਰਾ ਵਧਾਉਣ, ਬੈਰੀਕੇਡ ਖੜ੍ਹੇ ਕਰਨ, ਕੰਡਿਆਲੀਆਂ ਤਾਰਾਂ ਲਾਉਣ ਤੇ ਕਿੱਲ ਬੀਜਣ ਤੀਕ ਸੀਮਤ। ਇਨ੍ਹਾਂ ਦਾ ਕਿਸਬ ਹੈ ਭੋਲੇ-ਭਾਲੇ ਲੋਕਾਂ ਨੂੰ ਗਲਤ ਜਾਣਕਾਰੀ ਦੇਣਾ, ਨਫਰਤ ਅਤੇ ਈਰਖਾ ਦੇ ਤਕਾਜ਼ਿਆਂ ਰਾਹੀਂ ਲੋਕ-ਲਹਿਰ ਨੂੰ ਬਦਰੰਗ ਕਰਨਾ। ਆਪਣੇ ਆਕਿਆਂ ਨੂੰ ਖੁਸ਼ ਕਰਨ ਲਈ ਆਪਣੀਆਂ ਰੂਹਾਂ ਨੂੰ ਛਾਲੋ-ਛਾਲੀ ਕਰ ਲੈਣਾ। ਪਤਾ ਨਹੀਂ ਚੀਸਾਂ ਵੰਡਣ ਵਾਲੇ ਅਜਿਹੇ ਲੋਕਾਂ ਨੂੰ, ਕੁਦਰਤ ਸਾਹ ਲੈਣ ਦੀ ਆਗਿਆ ਕਿਉਂ ਦਿੰਦੀ ਆ? ਇਨ੍ਹਾਂ ਨੇ ਕਦੋਂ ਕਿੱਲ ਗੱਡਣ ਦੀ ਥਾਂਵੇਂ ਫੁੱਲ ਬੀਜਣ ਦੀ ਹਿੰਮਤ ਕਰਨੀ?

ਚਾਰ-ਦੀਵਾਰੀ ਦੀ ਮਹਿਫੂਜ਼ੀ ਵਿਚ ਬੈਠਿਆਂ ਵਿਚ, ਖੁਦ ਨੂੰ ਜ਼ਿਆਦਾ ਅਕਲਮੰਦ ਸਮਝਣ ਵਾਲੇ ਲੋਕ ਉਹ ਵੀ ਸ਼ਾਮਲ ਹੋ ਸਕਦੇ, ਜਿਨ੍ਹਾਂ ਦੀ ਸੋਚ ਤੇ ਸਮਝ ਸਿਰਫ ਤਖਤ ਦੀ ਸਲਾਮਤੀ। ਉਹ ਤਖਤ ਦੇ ਹਰ ਫੈਸਲੇ ਨੂੰ ਜਾਇਜ਼ ਠਹਿਰਾਉਂਦੇ, ਹਾਕਮ ਦੀਆਂ ਸਿਫਤਾਂ ਕਰਦੇ। ਹੱਕਾਂ ਲਈ ਜੂਝਦਿਆਂ ਨੂੰ ਵੱਖੋ-ਵੱਖ ਤਖੱਲਸਾਂ ਨਾਲ ਸੰਬੋਧਿਤ ਕਰਦੇ। ਉਨ੍ਹਾਂ ਲਈ ਤਖਤ ਦੀ ਹਰ ਚਾਲ ਜਾਇਜ਼ ਅਤੇ ਚਾਲ ਨੂੰ ਲੋਕਾਂ ਵਲੋਂ ਨਕਾਰਨਾ, ਲੋਕਾਈ ਦੀ ਮੂਰਖਤਾ ਅਤੇ ਨਾ-ਸਮਝੀ। ਇਨ੍ਹਾਂ ਦੀ ਸਾਜਿਸ਼ੀ ਸਮਝ ਤੇ ਸਿਆਣਪ ਨੇ ਤਖਤ ਨੂੰ ਤੁਗਲਕੀ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਹਿੰਮਤ ਤੇ ਹੱਲਾਸ਼ੇਰੀ ਦਿਤੀ ਏ।

ਕੈਮਰਿਆਂ, ਮਾਇਕਾਂ, ਟੀਵੀ ਦੇ ਸਕਰੀਨਾਂ ਜਾਂ ਰੇਡੀਓ ਤੇ ਸੁਣਾਈ ਦਿੰਦੇ ਕੁਝ ਕੁ ਉਹ ਵੀ ਹੋ ਸਕਦੇ ਜਿਨ੍ਹਾਂ ਦਾ ਧਰਮ ਤਾਂ ਸੀ ਸੱਚ-ਝੂਠ ਨੂੰ ਨਿਤਾਰਨਾ, ਮਨੁੱਖੀ ਹੱਕਾਂ ਦੀ ਪੈਰਵਾਈ ਕਰਨਾ, ਲੋਕਾਈ ਦੇ ਦੁੱਖਾਂ ਲਈ ਆਹ ਭਰਨਾ, ਪਰਜਾ ਦੀਆਂ ਲੋੜਾਂ-ਥੋੜ੍ਹਾਂ, ਸਹੂਲਤਾਂ ਤੇ ਨਿੱਤਾਪ੍ਰਤੀ ਦੀਆਂ ਸਮੱਸਿਆਵਾਂ ਦੱਸਣਾ ਅਤੇ ਸਰਕਾਰੀ ਤੰਤਰ ਵਿਚਲੀ ਅਰਾਜਕਤਾ ਨੂੰ ਤਖਤ ਦੇ ਸਨਮੁੱਖ ਕਰਨਾ। ਤਖਤ ਨੂੰ ਸਹੀ ਫੈਸਲੇ ਲੈਣ ਅਤੇ ਪਰਜਾ ਪ੍ਰਤੀ ਪ੍ਰਤੀਬੱਧਤਾ ਲਈ ਮਜਬੂਰ ਕਰਨਾ ਹੁੰਦਾ, ਪਰ ਇਹ ਵਿੱਕੇ ਹੋਏ, ਸੱਚ ਨੂੰ ਛੁਪਾਉਣ ਵਾਲੇ ਅਤੇ ਝੂਠ ਦਾ ਪ੍ਰਚਾਰ ਤੇ ਪਸਾਰ ਦਾ ਹੋਕਰਾ ਲਾਉਣ ਵਾਲੇ, ਜਿਨ੍ਹਾਂ ਦਾ ਮੂੰਹ ਖਾਂਦਾ ਤੇ ਅੱਖਾਂ ਸ਼ਰਮਾਉਂਦੀਆਂ। ਸੁੱਟੀ ਹੋਈ ਬੁਰਕੀ 'ਤੇ ਪਲਣ ਵਾਲੇ ਇਨ੍ਹਾਂ ਲੋਕਾਂ ਤੋਂ ਲੋਕਾਈ ਦੀ ਆਵਾਜ਼ ਬਣਨ ਦੀ ਆਸ ਕਿਵੇਂ ਰੱਖੋਗੇ? ਨਾ ਹੀ ਇਨ੍ਹਾਂ ਨੇ ਹੁਣ ਉਠਣਾ? ਇਹ ਤਾਂ ਸਿਰਫ ਅੱਖਾਂ ਮੀਟ ਕੇ ਹਰ ਚੁਣੌਤੀ ਨੂੰ ਦਰ-ਕਿਨਾਰ ਕਰਨ ਦੇ ਆਦੀ।

ਇਨਸਾਫ ਦੇ ਮੰਦਿਰ ਵਿਚ ਬੈਠਿਆਂ ਵਿਚੋਂ ਕੁਝ ਕੁ ਉਹ ਵੀ ਹੋ ਸਕਦੇ, ਜਿਨ੍ਹਾਂ ਦੀ ਚੁੱਪ ਸਭ ਤੋਂ ਜ਼ਿਆਦਾ ਅੱਖਰਦੀ। ਨਿਆਂ ਦੇ ਤਰਾਜੂ 'ਚ ਪਾਸਕੂੰ ਪਾਉਣ ਲਈ ਹਰ ਦਮ ਉਤਾਵਲੇ। ਜਦ ਰਾਜੇ ਦੀ ਕਚਹਿਰੀ ਵਿਚ ਨਿਆਂ ਦੀ ਗੁਹਾਰ ਹੀ ਖਾਮੋਸ਼ ਕਰ ਦਿਤੀ ਜਾਵੇ, ਪੀੜਤ ਨੂੰ ਦਬਕਾਇਆ ਜਾਵੇ, ਅਪੀਲ, ਦਲੀਲ ਤੇ ਵਕੀਲ ਦਰਕਿਨਾਰ ਹੋ ਜਾਵੇ, ਇਨਸਾਫ ਦੀ ਤਵੱਕੋਂ ਵਿਚ ਹੀ ਕੁੱਕਰੇ ਪੈ ਜਾਣ ਤਾਂ ਬੇਇਨਸਾਫੀ ਦਾ ਯੁੱਗ ਸ਼ੁਰੂ ਹੁੰਦਾ। ਕਿਰਦਾਰ ਦੀ ਖੁਦਕੁਸ਼ੀ ਸਿਰ 'ਤੇ ਸਜਾਈ ਅਤੇ ਲੰਗੜੇ ਵਿਅਕਤੀਤਵ ਦੀ ਵਹਿੰਗੀ ਢੋਣ ਲਈ ਮਜਬੂਰ, ਇਨ੍ਹਾਂ ਤੋਂ ਕਿਸੇ ਨਿਆਂ ਦੀ ਆਸ ਕਿਵੇਂ ਰੱਖੋਗੇ? ਇਨ੍ਹਾਂ ਬੈਠਿਆਂ ਨੇ ਤਾਂ ਸਿਰਫ ਰਾਜਸੀ ਸਲਾਮਤੀ ਵਿਚੋਂ ਆਪਣੀ ਕੁਰਸੀ ਦੀ ਬਿਹਤਰੀ ਨੂੰ ਅਕੀਦਾ ਬਣਾ ਲਿਆ ਏ। ਇਨ੍ਹਾਂ ਦੀ ਦਿਆਨਤਦਾਰੀ ਹੀ ਜਦ ਦਾਗੀ ਹੋ ਜਾਵੇ ਤਾਂ ਇਨ੍ਹਾਂ ਬੈਠਿਆਂ ਵਿਚੋਂ ਕੁਝ ਚੰਗੇ ਦੀ ਆਸ ਰੱਖਣਾ, ਖੁਦ ਨੂੰ ਧੋਖਾ ਦੇਣਾ ਹੁੰਦਾ।

ਧਾਰਮਿਕ ਡੇਰੇਦਾਰਾਂ ਦੇ ਅਡੰਬਰੀ ਲੋਕਾਂ ਵਿਚ ਕੁਝ ਕੁ ਅਜਿਹੇ ਵੀ ਸੰਭਵ ਨੇ, ਜਿਨ੍ਹਾਂ ਲਈ ਅਜ਼ਾਨ, ਅਰਦਾਸ ਅਤੇ ਆਰਤੀ ਦੀ ਆਪਸੀ ਖਹਿਬਾਜੀ ਹੀ ਵਰਦਾਨ। ਖੁਦ ਨੂੰ ਵਡੇਰਾ ਸਾਬਤ ਕਰਨ ਅਤੇ ਮਾਨਵਤਾ ਨੂੰ ਫਿਰਕੂ ਰੰਗਤ ਦੇਣ ਵਿਚ ਕੋਈ ਕਸਰ ਨਹੀਂ ਛੱਡਦੇ। ਚਿੱਟੇ, ਨੀਲੇ ਜਾਂ ਭਗਵੇਂ ਬਾਣਿਆਂ ਵਾਲੇ ਅਜਿਹੇ ਕੁਝ ਲੋਕ ਨੇ, ਜਿਨ੍ਹਾਂ ਦੇ ਚੱਟੇ ਹੋਏ ਕਦੇ ਹਰੇ ਨਹੀਂ ਹੁੰਦੇ। ਇਹ ਬਹੁਤ ਹੀ ਸ਼ਾਤਰ ਰੂਪ ਵਿਚ ਖੌਫਨਾਕ ਖਾਮੋਸ਼ੀ ਧਾਰੀ ਬੈਠੇ ਨੇ। ਇਨ੍ਹਾਂ ਨੂੰ ਸਮਝਣਾ ਬਹੁਤ ਔਖਾ, ਜਿਸ ਵਿਚੋਂ ਕੁਰੱਖਤ, ਕਾਲਖੀ ਅਤੇ ਕੁਰਹਿਤਾਂ ਭਰੇ ਸਮੇਂ ਨੂੰ ਹੀ ਕਿਆਸਿਆ ਜਾ ਸਕਦਾ ਹੈ। ਇਹ ਲੋਕ ਆਪਣੀ ਡੇਰੇਦਾਰੀ ਤੇ ਗੱਦੀਨਸ਼ੀਨੀ ਰਾਹੀਂ ਰਾਜਸੀ ਤੱਪਤੇਜ ਨੂੰ ਹੋਰ ਪ੍ਰਚੰਡ ਕਰਨ ਅਤੇ ਫਿਰ ਇਸ ਨੂੰ ਹਉਮੈ ਦੀ ਪੂਰਤੀ ਲਈ ਵਰਤਣ ਤੋਂ ਕਦੇ ਗੁਰੇਜ਼ ਨਹੀਂ ਕਰਦੇ। ਜਦ ਧਾਰਮਿਕ ਲੋਕ ਰਾਜਸੱਤਾ ਦੇ ਭਾਈਵਾਲ ਬਣਦੇ ਤਾਂ ਧਰਮ, ਰਾਜਨੀਤੀ ਦਾ ਗੁਲਾਮ ਹੋ ਜਾਂਦਾ। ਕਦਰਾਂ-ਕੀਮਤਾਂ ਹੌਕੇ ਭਰਦੀਆਂ ਅਤੇ ਜੀਵਨ-ਮੁੱਲਾਂ ਨੂੰ ਖੋਰਾ ਲੱਗਦਾ। ਧਾਰਮਿਕ ਰੰਗਤ ਵਾਲੇ ਇਨ੍ਹਾਂ ਰਾਜਸੀ ਲੋਕਾਂ ਨੇ ਆਪਣੀਆਂ ਰੋਟੀਆਂ ਸੇਕਣ ਲਈ ਲੋਕਾਂ ਨੂੰ ਵਰਗਲਾਉਣ ਅਤੇ ਕੋਈ ਵੀ ਕੋਝੀ ਚਾਲ ਚੱਲਣ ਤੋਂ ਗੁਰੇਜ਼ ਨਹੀਂ ਕਰਨਾ। ਇਹ ਲੋਕ-ਮਾਨਸਿਕਤਾ ਨੂੰ ਆਪਣੇ ਨਿੱਜੀ ਮੁਫਾਦ ਲਈ ਵਰਤਣ ਦੇ ਮਾਹਰ। ਪਲ ਪਲ ਰੰਗ ਬਦਲਣ ਵਾਲਿਆਂ ਦੀਆਂ ਲੂੰਬੜ ਚਾਲਾਂ, ਸਮੇਂ ਦੀ ਤ੍ਰਾਸਦੀ ਸਿਰਜਣ ਲਈ ਕਾਹਲੀਆਂ।

ਪਰ ਸਭ ਤੋਂ ਭਿਆਨਕ ਹੋ ਸਕਦੀ ਹੈ ਦੁੱਬਕ ਕੇ ਬੈਠੀ ਹੋਈਆਂ ਕੁਝ ਕੁ ਕਲਮਾਂ ਦੀਆਂ ਭੁਰੀਆਂ ਹੋਈਆਂ ਨੋਕਾਂ ਤੇ ਇਨ੍ਹਾਂ ਦੀ ਖਾਮੋਸ਼ੀ। ਹਰਫਾਂ ਨੂੰ ਸੂਲੀ 'ਤੇ ਟੰਗ ਦਿਤਾ ਏ। ਵਰਕਿਆਂ 'ਤੇ ਵੈਣ ਲਿਖਣ ਲਈ ਕਾਹਲੇ। ਇਨ੍ਹਾਂ ਦੀ ਇਬਾਰਤ ਤੇ ਅਦਾਇਗੀ ਵਿਚ ਹਾਕਮਾਂ ਦੀਆਂ ਸਿਫਤਾਂ ਦੇ ਪੁਲ। ਇਨ੍ਹਾਂ ਦੀ ਕਲਾ ਵਿਚ ਕਾਲਖਾਂ ਦੀ ਖੇਤੀ ਅਤੇ ਕਿਰਤਾਂ ਵਿਚ ਕੁਲਹਿਣੇ ਪਲਾਂ ਨੂੰ ਨਿਉਂਦਾ। ਇਹ ਕਲਮਾਂ ਗੁਲਾਮ ਜ਼ਹਿਨੀਅਤ ਦਾ ਪ੍ਰਗਟਾਵਾ ਕਰਨ ਵਿਚ ਕਾਹਲੀਆਂ। ਝੋਲੀ ਚੁੱਕ ਬਣੀਆਂ ਇਹ ਕਲਮਾਂ, ਬਿਮਾਰ-ਮਾਨਸਿਕਤਾ ਦਾ ਪੈਮਾਨਾ। ਹਰ ਦਰ, ਘਰ ਤੇ ਵਿਹੜੇ ਵਿਚ ਹੌਕਿਆਂ ਦੀ ਫਸਲ ਬੀਜਣ ਲਈ ਬੇਕਰਾਰ। ਅਜਿਹੀਆਂ ਕਲਮਾਂ, ਜੋ ਕਰਦੀਆਂ ਕੂੜ ਦਾ ਵਪਾਰ, ਡਿੱਗ ਚੁੱਕਾ ਮਿਆਰ, ਗਰਕ ਚੁੱਕਾ ਕਿਰਦਾਰ ਅਤੇ ਇਨ੍ਹਾਂ ਦੀ ਗੁਫਤਾਰ ਵਿਚ ਏ ਜ਼ਹਿਰ ਦਾ ਵਪਾਰ। ਵਿਹਾਰ ਵਿਚੋਂ ਗੁੰਮ ਏ ਜੀਵਨੀ ਅਚਾਰ। ਇਹ ਤਾਂ ਕਬਰਾਂ, ਕੁਕਰਮਾਂ, ਕਰਤੂਤਾਂ, ਕਮੀਨਗੀਆਂ ਤੇ ਕੀਰਨਿਆਂ ਵਿਚੋਂ ਹੀ ਆਪਣੀ ਕਰਮਹੀਣਤਾ ਨੂੰ ਵਰਕਿਆਂ ਦੇ ਨਾਮ ਕਰਨ ਲਈ ਰੁਚਿਤ। ਜਦ ਕਲਮ ਮਰਦੀ ਤਾਂ ਵਰਕਿਆਂ ਦੇ ਨਾਮ ਮਨੁੱਖਤਾ ਦਾ ਸੰਤਾਪ ਕਰਦੀ। ਬੰਦਿਆਈ ਤੇ ਭਲਿਆਈ ਨੂੰ ਕੰਗਾਲ ਕਰਦੀ ਅਤੇ ਜ਼ਿੰਦਗੀ ਦੇ ਸੁਹਾਵਣੇ ਪਲਾਂ ਨੂੰ ਸੋਗ, ਸੁੰਨਤਾ ਤੇ ਸਰਾਪ ਨਾਲ ਵਰਦੀ।

ਆਪਣੇ ਆਪ ਵਿਚ ਮਸ਼ਰੂਫ ਕੁਝ ਕੁ ਉਹ ਵੀ ਹੋ ਸਕਦੇ ਨੇ, ਜਿਨ੍ਹਾਂ ਦੀ ਫਿਤਰਤ ਵਿਚ 'ਮੈਨੂੰ ਕੀ' ਦਾ ਬਿਰਤਾਂਤ। ਉਹ ਖੁਦ ਤੀਕ ਸੀਮਤ। ਉਨ੍ਹਾਂ ਨੂੰ ਸਮਾਜ ਦੀ ਕੋਈ ਨਹੀਂ ਚਿੰਤਾ। ਸ਼ਾਇਦ ਉਹ ਭੁੱਲ ਬੈਠੇ ਕਿ ਪੱਥਰਾਂ ਦੇ ਗਵਾਂਢ ਵਿਚ ਹੁੰਦਿਆਂ, ਕੱਚ ਦੇ ਘਰਾਂ ਵਿਚ ਰਹਿਣ ਵਾਲੇ ਕਦੇ ਵੀ ਸੁਰੱਖਿਅਤ ਨਹੀਂ ਹੁੰਦੇ। ਧੂੰਏਂ ਨੂੰ ਬਸੰਤਰ ਸਮਝਣ ਵਾਲੇ। ਕੰਧ 'ਤੇ ਬਹਿ ਕੇ ਤਮਾਸ਼ਾ ਦੇਖਣ ਵਾਲੇ। ਇਨ੍ਹਾਂ ਨੂੰ ਯਾਦ ਹੀ ਨਹੀਂ ਕਿ ਕਣਕ ਦੇ ਨਾਲ ਸੁੱਸਰੀ ਵੀ ਪੀਸੀ ਜਾਂਦੀ ਏ।

ਅਜਿਹੇ ਸਿਰਫ ਕੁਝ ਕੁ ਹੀ ਲੋਕ ਹੋ ਸਕਦੇ। ਜਰੂਰਤ ਹੈ ਕਿ ਇਨ੍ਹਾਂ ਦੇ ਕਿਰਦਾਰ, ਗੁਫਤਾਰ, ਵਿਹਾਰ ਤੇ ਅਚਾਰ ਨੂੰ ਘੋਖਵੀਂ ਨਜ਼ਰ ਨਾਲ ਦੇਖਿਆ ਜਾਵੇ। ਇਨ੍ਹਾਂ ਦੀਆਂ ਸਾਜਿਸ਼ੀ ਚਾਲਾਂ, ਭਰਾ-ਮਾਰੂ ਵਰਤਾਰਿਆਂ ਅਤੇ ਹੋਛੀਆਂ ਹਰਕਤਾਂ ਦੀਆਂ ਪਰਤਾਂ ਨੂੰ ਬਾਰੀਕ-ਬੀਨੀ ਨਾਲ ਸਮਝਿਆ ਜਾਵੇ। ਇਨ੍ਹਾਂ ਤੋਂ ਸੁਚੇਤ ਰਿਹਾ ਜਾਵੇ। ਇਹ ਕੁਝ ਕੁ ਜੋ ਕੁਰਸੀਆਂ ਖਾਤਰ ਆਪਣਿਆਂ ਦਾ ਖੂਨ ਕਰ ਸਕਦੇ, ਜਾਇਦਾਦ ਦੇ ਲਾਲਚ ਵਿਚ ਭਰਾਵਾਂ ਨੂੰ ਖੇਤਾਂ ਵਿਚ ਦਫਨਾ ਸਕਦੇ ਅਤੇ ਚੌਧਰ ਲਈ ਆਪਣਿਆਂ ਦਾ ਹੀ ਕੱਫਣ ਸਿਉਂਦੇ। ਇਨ੍ਹਾਂ ਤੋਂ ਸਾਵਧਾਨ ਰਹਿਣਾ, ਸਮੇਂ ਦੀ ਸਭ ਤੋਂ ਵੱਡੀ ਲੋੜ। ਇਸ ਨੂੰ ਤਰਜ਼ੀਹ ਬਣਾਉਣਾ, ਹਰ ਸੂਝਵਾਨ ਸੰਗਰਾਮੀ ਦਾ ਪਲੇਠਾ ਫਰਜ਼ ਤਾਂ ਕਿ ਤਦਬੀਰ ਨੂੰ ਸਮਿਆਂ ਦੀ ਤਕਦੀਰ ਤੇ ਤਵਾਰੀਖ ਬਣਾਇਆ ਜਾ ਸਕੇ।

ਸੱਚ ਤਾਂ ਇਹ ਵੀ ਹੈ ਕਿ ਤਿੱਤਰਖੰਭੀਆਂ ਕਦੇ ਵੀ ਸੂਰਜ ਦੇ ਪ੍ਰਤਾਪ ਨੂੰ ਰੋਕ ਨਹੀਂ ਸਕਦੀਆਂ।

## *ਮੰਜ਼ਿਲ ਦੇ ਮੱਥੇ ਉੱਤੇ ਤਖਤੀ ਲੱਗਣੀ ਉਨ੍ਹਾਂ ਦੀ...*

*(ਪਿਛਲੇ ਸਫੇ ਦੀ ਬਾਕੀ)*

ਆਪਣੀ ਹੋਂਦ ਤੇ ਵਜੂਦ ਨੂੰ ਖਤਰਾ ਸਮਝਦਾ ਹੈ। ਉਸ ਨੂੰ ਇਹ ਸਮਝ ਪੈਂਦੀ ਜਾ ਰਹੀ ਹੈ ਕਿ ਜਲਦ ਹੀ ਸਾਮਰਾਜੀ ਸਰਮਾਏਦਾਰੀ ਵਿਕਾਸ ਮਾਡਲ ਉਸ ਨੂੰ ਵੀ ਛਕ ਜਾਵੇਗਾ। ਹਰ ਕਿਸਮ ਦੀਆਂ ਮਨੁੱਖੀ ਤੇ ਸਮਾਜੀ ਕਦਰਾਂ ਕੀਮਤਾਂ ਤੋਂ ਰਹਿਤ ਸਿਰਫ ਤੇ ਸਿਰਫ ਮੁਨਾਫਾਖੋਰੀ ਤੇ ਏਕਾ ਅਧਿਕਾਰ (ਮਨੋਪਲੀ) ਦੇ ਪੂਜਕ ਨਵ ਉਧਾਰਵਾਦੀ ਆਰਥਿਕ ਮਾਡਲ ਨੂੰ ਠੱਲ੍ਹ ਪਾਉਣ ਲਈ ਕਿਸਾਨਾਂ ਵੱਲੋਂ ਸਮੂਹਿਕ ਤਾਕਤ ਨੂੰ ਝੋਕਣਾ ਸਮੇਂ ਦੀ ਲੋੜ ਸੀ। ਇਹ ਇਸ ਅੰਦੋਲਨ ਨੂੰ ਰਾਜਨੀਤੀ ਤੋਂ ਮੁਕਤ ਰੱਖ ਕੇ ਹੀ ਸੰਭਵ ਹੋ ਸਕਦਾ ਸੀ। ਕਿਸਾਨ ਆਗੂਆਂ ਨੇ ਇਸ ਅੰਦੋਲਨ ਨੂੰ ਰਾਜਨੀਤਕ ਲੋਕਾਂ ਤੋਂ ਦੂਰੀ ਬਣਾ ਕੇ ਹੀ ਚਲਾਇਆ। ਕਿਸਾਨਾਂ ਵੱਲੋਂ ਤਪਾਏ ਤੰਦੂਰ 'ਤੇ ਕੁਝ ਧਿਰਾਂ ਆਪਣੀਆਂ ਰਾਜਨੀਤਕ ਰੋਟੀਆਂ ਲਾਹੁਣ ਲਈ ਵੀ ਕਿਸਾਨ ਮੋਰਚੇ 'ਚ ਸ਼ਾਮਿਲ ਹੋਈਆਂ ਸਨ। ਉਨ੍ਹਾਂ ਕੋਸ਼ਿਸ਼ ਵੀ ਕੀਤੀ ਪਰ ਕਿਸੇ ਹੋਰ ਦੇ ਸਹਾਰੇ ਕਿੰਨਾ ਚਿਰ ਗੱਡੀ ਚਲਦੀ ਹੈ? ਕਿਸੇ ਵੀ ਜਦੋ-ਜਹਿਦ ਦੀ ਆਪਣੀ ਮੌਲਿਕਤਾ ਹੁੰਦੀ ਹੈ।

ਅਜੇ ਕਿਸਾਨਾਂ ਨੇ ਭਾਵੇਂ ਆਪਣਾ ਅਸਲੀ ਨਿਸ਼ਾਨਾ ਹਾਸਿਲ ਕਰਨਾ ਹੈ ਪਰ ਕਿਸਾਨ ਸੰਘਰਸ਼ ਦੀਆਂ ਹੁਣ ਤੱਕ ਦੀਆਂ ਕਈ ਪ੍ਰਾਪਤੀਆਂ ਵੀ ਹਨ। ਕਿਸਾਨ ਮਾਰਚ ਦੇਸ਼ ਦੇ ਲੋਕਾਂ ਲਈ ਆਪਣੇ ਹੱਕਾਂ ਲਈ ਲੜਨ ਵਾਸਤੇ ਮਿਸਾਲ ਤੇ ਮਾਰਗ ਦਰਸ਼ਕ ਬਣ ਗਿਆ ਹੈ। ਇਸ ਨੇ ਘੋਰ ਪੂੰਜੀਵਾਦ ਦੀ ਉਸਾਰੀ ਲਈ ਸਰਕਾਰੀ ਨੀਤੀਆਂ ਦੇ ਖਿਲਾਫ ਮਾਹੌਲ ਤਿਆਰ ਕੀਤਾ ਹੈ। ਸਰਕਾਰ ਦੀਆਂ ਤਾਨਾਸ਼ਾਹੀ ਪ੍ਰਵਿਰਤੀਆਂ ਨੂੰ ਰੋਕਣ ਲਈ ਲੋਕ ਘੋਲ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਘੋਲ ਦੀ ਉਸਾਰੀ ਵਿਚ ਜਮਾਤੀ ਇੱਕਮੁੱਠਤਾ ਦੇ ਮਹੱਤਵ ਨੂੰ ਲੋਕਾਂ ਸਾਹਮਣੇ ਦਰਸਾਇਆ ਹੈ।

ਇਕ ਵੱਡੀ ਉਮੀਦ ਤੇ ਧਰਵਾਸ ਬੱਝਿਆ ਹੈ ਕਿ ਮੁਕਤੀ ਦੇ ਦੁਆਰ ਖੁੱਲ੍ਹ ਗਏ ਹਨ। ਦੇਸ਼ ਵਿਚ ਵੱਖ-ਵੱਖ ਤੌਰ 'ਤੇ ਆਪਣੇ ਹੱਕਾਂ ਲਈ ਲੜਾਈਆਂ ਲੜ ਰਹੇ ਲੋਕਾਂ ਨੂੰ ਹੌਸਲਾ ਮਿਲਿਆ। ਨਫਰਤ ਦੀ ਰਾਜਨੀਤੀ ਦੇ ਖਿਲਾਫ ਲੋਕ ਰੋਹ ਦਾ ਪਿੜ ਬੱਝਣਾ ਸ਼ੁਰੂ ਹੋ ਗਿਆ ਹੈ। ਲੋਕਾਂ 'ਚ ਮਿਲਾਪ ਵਧਣ ਲੱਗਿਆ ਹੈ। ਪਾੜੋ ਤੇ ਰਾਜ ਕਰੋ ਦੀ ਖੇਡ ਲੋਕਾਂ ਨੂੰ ਸਮਝ ਆਉਣ ਲੱਗੀ ਹੈ। ਲੋਕਾਂ ਨੇ ਨਕਸਲੀ, ਖਾਲਿਸਤਾਨੀ, ਦੇਸ਼-ਧ੍ਰੋਹੀ, ਪਾਕਿਸਤਾਨੀ ਜਿਹੇ ਸਰਕਾਰੀ ਬਿਰਤਾਂਤਾਂ ਨੂੰ ਨਕਾਰਨਾ ਸ਼ੁਰੂ ਕਰ ਦਿੱਤਾ ਹੈ। ਸੰਘੀ ਢਾਂਚੇ ਦੀ ਮੁੜ ਸੁਰਜੀਤੀ ਲਈ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋਈ ਹੈ। ਬਲਹੀਣ ਤੇ ਬੇਵੱਸ ਮਹਿਸੂਸ ਕਰ ਰਹੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਦੀ ਸੋਝੀ ਆਉਣ ਲੱਗੀ ਹੈ। ਨਿਮਾਣਿਆਂ, ਨਿਤਾਣਿਆਂ ਦਾ ਭਰੋਸਾ ਬਣਿਆ ਹੈ ਕਿ ਉਨ੍ਹਾਂ ਦੇ ਹੱਕ ਲਈ ਲੜਨ ਵਾਲੇ ਅਜੇ ਜਿਊਂਦੇ ਹਨ। ਦੇਸ਼ ਵਿਚ ਇਕ ਨਵੀਂ ਰਾਜਨੀਤਕ ਬਹਿਸ ਸ਼ੁਰੂ ਹੋਈ ਹੈ। ਰਾਜਨੀਤੀ ਨੂੰ ਨਿਰਮਲ ਕਰਨ ਦੀਆਂ ਵਿਉਂਤਾਂ ਬਣਨੀਆ ਸ਼ੁਰੂ ਹੋਈਆਂ ਹਨ। ਕਿਸਾਨ ਮੋਰਚੇ ਦੀਆਂ ਇੰਨੀਆਂ ਬਰਕਤਾਂ ਹਨ ਕਿ ਉਨ੍ਹਾਂ ਦੀ ਗਿਣਤੀ ਕਰਨੀ ਮੁਸ਼ਕਿਲ ਹੈ।

ਇਤਿਹਾਸਕਾਰ ਇਸ ਵਰਤਾਰੇ ਨੂੰ ਇਤਿਹਾਸਕ ਪ੍ਰਸੰਗ ਵਿਚ ਦੇਖਣ ਲੱਗੇ ਹਨ। ਅਖ਼ਬਾਰਾਂ ਦੇ ਸੰਪਾਦਕਾਂ ਨੇ ਪੁਰਾਣੇ ਕਿਸਾਨੀ ਸੰਘਰਸ਼ਾਂ ਦੇ ਹਵਾਲੇ ਦੇ ਕੇ ਅਜੋਕੇ ਕਿਸਾਨੀ ਸੰਘਰਸ਼ ਦੀ ਵਡਿਆਈ 'ਚ ਕਾਲਮ ਲਿਖਣੇ ਸ਼ੁਰੂ ਕਰ ਦਿੱਤੇ ਹਨ। ਭਾਵੇਂ ਗੋਦੀ ਮੀਡੀਏ ਨੇ ਇਸ ਸੰਘਰਸ਼ ਉਪਰ ਕਾਲਖ ਮਲਣ ਲਈ ਕੋਈ ਕਸਰ ਨਹੀਂ ਛੱਡੀ ਪਰ ਗੋਦੀ ਮੀਡੀਆ ਵੀ ਕਿਸਾਨ ਸੰਘਰਸ਼ ਦੀ ਚਾਲ, ਢਾਲ, ਰਹਿਤ ਤੇ ਮਰਿਆਦਾ ਸਾਹਮਣੇ ਬੇਵੱਸ ਹੁੰਦਾ ਨਜ਼ਰ ਆਇਆ ਹੈ। ਗੋਦੀ ਮੀਡੀਏ ਨੂੰ ਪਹਿਲੀ ਵਾਰ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਆਪਣੀ ਔਕਾਤ ਦਾ ਅਹਿਸਾਸ ਹੋਣ ਲੱਗਾ ਹੈ।

ਅਨੇਕਤਾ 'ਚ ਏਕਤਾ ਦਾ ਪਰਚਮ ਝੁੱਲਣ ਲੱਗਿਆ ਹੈ। ਪਹਿਲਾਂ ਸੰਸਾਰ 'ਚ ਕਦੇ ਵੀ ਸਵੈ-ਨਿਰਭਰ ਅਜਿਹਾ ਮੋਰਚਾ ਨਹੀਂ ਲੱਗਿਆ। ਇਹ ਸਾਬਿਤ ਹੋ ਗਿਆ ਹੈ ਕਿ ਇਸ ਦੀ ਧੁੰਮ ਦੇਸ਼-ਵਿਦੇਸ਼ 'ਚ ਪੈ ਗਈ ਹੈ। ਸਰਕਾਰਾਂ ਇਹਦੇ ਜਲੌਅ ਸਾਹਮਣੇ ਫਿਕੀਆਂ ਪੈਂਦੀਆਂ ਨਜ਼ਰ ਆਈਆਂ ਹਨ। ਸਿਸਟਮ ਨੂੰ ਕੰਬਣੀਆਂ ਛਿੜ ਗਈਆਂ। ਰਾਜਨੀਤਕ ਲੋਕਾਂ ਨੂੰ ਆਪਣੇ ਪਰਛਾਵੇਂ ਧੁੰਦਲੇ ਨਜ਼ਰ ਆਉਣ ਲੱਗ ਪਏ ਹਨ।

ਬਾਬਾ ਨਜਮੀ ਦਾ ਕਹਿਣਾ ਹੈ:

ਬੇਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਨਾਲ,
ਉਗਣ ਵਾਲੇ ਉੱਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ।

ਮੰਜ਼ਿਲ ਦੇ ਮੱਥੇ ਉੱਤੇ
ਤਖਤੀ ਲੱਗਣੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਤੁਰਦੇ
ਨਕਸ਼ਾ ਆਪਣੇ ਸਫਰਾਂ ਦਾ।

# ਸੁਰਾਂ ਦਾ ਸਿਕੰਦਰ



ਸੁਰਾਂ ਦੇ ਸ਼ਾਹ ਅਸਵਾਰ ਸਰਦੂਲ ਸਿਕੰਦਰ ਦਾ ਵਿਛੋੜਾ ਸੰਗੀਤ ਜਗਤ ਨੂੰ ਸਾਹ ਹੀਣ ਤੇ ਸੁਰ ਹੀਣ ਕਰ ਗਿਆ। ਸਰਦੂਲ ਦੇ ਸਦੀਵੀਂ ਵਿਛੋੜੇ 'ਤੇ ਸੰਗੀਤ ਜਗਤ ਤੋਂ ਵੀ ਪਰ੍ਹੇ ਹਰ ਅੱਖ ਨਮ ਹੋਈ। ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜਿਹੜਾ ਗਮਗੀਨ ਨਾ ਹੋਇਆ ਹੋਵੇ। ਇਹੋ ਸਰਦੂਲ ਦੀ ਮਕਬੂਲੀਅਤ ਸੀ। ਸਰਦੂਲ ਦੇ ਤੁਰ ਜਾਣ ਨਾਲ ਇਕੱਲੀ ਉਸ ਦੀ ਸ਼ਰੀਕ-ਏ-ਹਯਾਤ ਅਮਰ ਨੂਰੀ ਨੇ ਹੀ ਵਿਰਲਾਪ ਨਹੀਂ ਕੀਤਾ ਸਗੋਂ ਉਸ ਨਾਲ ਜੁੜਿਆ ਹਰ ਫਨਕਾਰ, ਦੋਸਤ ਤੇ ਪ੍ਰਸ਼ੰਸਕ ਵੀ ਰੋਇਆ। ਸਾਦ-ਮੁਰਾਦੀ ਜ਼ਿੰਦਗੀ ਜਿਊਣ ਵਾਲਾ ਵੱਡਾ ਫਨਕਾਰ ਜਿੰਨਾ ਦੇਖਣ ਨੂੰ ਸਾਧਾਰਨ ਲੱਗਦਾ ਸੀ, ਪ੍ਰਾਪਤੀਆਂ

**ਨਵਦੀਪ ਸਿੰਘ ਗਿੱਲ**
**ਫੋਨ: +91-97800-36216**

ਤੇ ਕਲਾ ਉਸ ਵਿਚ ਅਸਾਧਾਰਨ ਸਨ। ਇਸ ਸਭ ਦੀ ਗਵਾਹੀ ਉਸ ਦੀ ਅੰਤਿਮ ਯਾਤਰਾ ਨੇ ਵੀ ਦਿੱਤੀ। ਖੰਨਾ ਵਿਚਲੇ ਉਸ ਦੇ ਘਰ ਤੋਂ ਜੱਦੀ ਪਿੰਡ ਖੇੜੀ ਨੌਧ ਸਿੰਘ ਤਕ ਚੱਲੀ ਇਸ ਯਾਤਰਾ ਨੂੰ ਮਿੰਟਾਂ ਦਾ ਵਕਫਾ ਤੈਅ ਕਰਨ ਲਈ ਚਾਰ-ਪੰਜ ਘੰਟੇ ਲੱਗ ਗਏ। ਕੁੱਲ ਦੁਨੀਆ ਵਿਚ ਖੇੜੀ ਨੌਧ ਸਿੰਘ ਦਾ ਨਾਂ ਚਮਕਾਉਣ ਵਾਲੇ ਆਲਮੀ ਪ੍ਰਸਿੱਧੀ ਵਾਲੇ ਇਸ ਫਨਕਾਰ ਨੂੰ ਦਫਨਾਉਣ ਲਈ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ ਰਮਲਾ ਨੇ ਨਾ ਸਿਰਫ ਆਪਣੀ ਖੜ੍ਹੀ ਫਸਲ ਹੀ ਕਟਵਾਈ, ਬਲਕਿ ਆਪਣੇ ਖੇਤ ਵਿਚ ਜਗ੍ਹਾ ਵੀ ਦਿੱਤੀ। ਖੇੜੀ ਨੌਧ ਸਿੰਘ ਦੀ ਮਿੱਟੀ ਦਾ ਜਾਇਆ ਅੰਤ ਉਸੇ ਪਿੰਡ ਦੀ ਮਿੱਟੀ ਵਿਚ ਸਪੁਰਦ-ਏ-ਖਾਕ ਹੋ ਗਿਆ ਤੇ ਪਿੱਛੇ ਛੱਡ ਗਿਆ ਆਪਣੇ ਲੱਖਾਂ ਪ੍ਰਸ਼ੰਸਕ ਅਤੇ ਤੀਹ ਦਹਾਕਿਆਂ ਦੇ ਕਰੀਅਰ ਵਿਚ ਗਾਏ ਅਣਗਿਣਤ ਨਗਮੇ।

ਸਰਦੂਲ ਸਿਕੰਦਰ ਦਾ ਜਨਮ 15 ਜਨਵਰੀ 1961 ਨੂੰ ਪਟਿਆਲਾ ਘਰਾਣੇ ਨਾਲ ਸਬੰਧਤ 'ਮੀਰ ਆਲਮਾਂ' ਦੇ ਪਰਿਵਾਰ ਵਿਚ ਪ੍ਰਸਿੱਧ ਤਬਲਾ ਮਾਸਟਰ ਸਾਗਰ ਮਸਤਾਨਾ ਅਤੇ ਮਾਂ ਲੀਲਾਵਤੀ ਦੇ ਘਰ ਹੋਇਆ। ਛੇ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟੇ ਸਰਦੂਲ ਦੇ ਦੋ ਹੋਰ ਭਰਾ ਗਮਦੂਰ ਸਿੰਘ ਗਮਦੂਰ ਤੇ ਭਰਪੂਰ ਸਿੰਘ ਭਰਪੂਰ ਵੀ ਚੰਗੇ ਤਬਲਾ ਤੇ ਸਾਰੰਗੀ ਵਾਦਕ ਸਨ। ਇਸ ਪਰਿਵਾਰ ਨੂੰ ਛਟੀ ਨਾਲ ਤਬਲਾ ਵਜਾਉਣ ਦੀ ਮੁਹਾਰਤ ਹਾਸਲ ਸੀ। ਸਰਦੂਲ ਦੇ ਦਾਦਾ ਰਲੇ ਰਾਮ ਉਘੇ ਸਾਰੰਗੀ ਵਾਦਕ ਸਨ ਜਦੋਂ ਕਿ ਉਨ੍ਹਾਂ ਦੇ ਪੜਦਾਦਾ ਕਰਮ ਬਖਸ਼ ਪਟਿਆਲਾ ਸ਼ਾਹੀ ਪਰਿਵਾਰ ਦੇ ਦਰਬਾਰੀ ਗਵੱਈਏ ਸਨ। ਵਿਰਸੇ ਵਿਚ ਮਿਲੀ ਵਿਰਾਸਤ ਨੂੰ ਸਰਦੂਲ ਹੁਰੀਂ ਤਿੰਨੇ ਭਰਾਵਾਂ ਨੇ ਅੱਗੇ ਤੋਰਿਆ। ਸ਼ੁਰੂਆਤੀ ਦੌਰ ਵਿਚ ਤਿੰਨੇ ਭਰਾ ਧਾਰਮਿਕ ਪ੍ਰੋਗਰਾਮ ਵੀ ਕਰਦੇ ਸਨ। ਸੰਗੀਤ ਜਗਤ ਦੇ ਵੱਡੇ ਗੁਰੂ ਜਸਵੰਤ ਭੰਵਰਾ ਨਾਲ ਪਰਿਵਾਰਕ ਨੇੜਤਾ ਸੀ ਪਰ ਸਰਦੂਲ ਨੇ ਸੰਗੀਤ ਸਮਰਾਟ ਚਰਨਜੀਤ ਆਹੂਜਾ ਨੂੰ ਆਪਣਾ ਗੁਰੂ ਧਾਰਿਆ। ਸਰਦੂਲ ਤਾਂ ਪਹਿਲਾ ਹੀ ਹੀਰਾ ਸੀ ਪਰ ਚਰਨਜੀਤ ਆਹੂਜਾ ਦੀ ਛੋਹ ਨੇ ਉਸ ਨੂੰ ਹੋਰ ਤਰਾਸ਼ ਦਿੱਤਾ ਕਿ ਫੇਰ ਉਸ ਦੇ ਗੁਰੂ ਦੀ ਪਛਾਣ ਸ਼ਾਗਿਰਦ ਕਾਰਨ ਹੋਣ ਲੱਗੀ।

**ਕਲਾ ਪਰਿਕਰਮਾ**



ਸਰਦੂਲ ਸਿਕੰਦਰ



ਸਰਦੂਲ ਸਿਕੰਦਰ ਆਪਣੀ ਪਤਨੀ ਅਮਰ ਨੂਰੀ ਨਾਲ।

ਸਰਦੂਲ ਨੇ ਸੰਗੀਤ ਜਗਤ ਵਿਚ ਪੱਕੇ ਪੈਰੀਂ ਪੈਰ 1980 ਵਿਚ ਧਰਿਆ ਜਦੋਂ ਉਸ ਨੇ ਦੂਰਦਰਸ਼ਨ 'ਤੇ 'ਰੋਡਵੇਜ਼ ਦੀ ਲਾਰੀ' ਗੀਤ ਗਾਇਆ। ਇਹੋ ਗੀਤ ਉਸ ਦੀ ਗਾਇਕੀ ਦੀ ਉਮਰ ਭਰ ਦੀ ਪਛਾਣ ਬਣ ਗਿਆ। ਸਰਦੂਲ ਹਰਫਨਮੌਲਾ ਕਲਾਕਾਰ ਸੀ। ਮਮਿੱਕਰੀ ਵੀ ਉਸ ਦੀ ਬਹੁਤ ਜਾਨਦਾਰ ਸੀ। 'ਰੋਡਵੇਜ਼ ਦੀ ਲਾਰੀ' ਨੂੰ ਉਸ ਨੇ ਵੱਖ-ਵੱਖ ਵੱਡੇ ਕਲਾਕਾਰਾਂ ਜਿਵੇਂ ਉਸਤਾਦ ਲਾਲ ਚੰਦ ਯਮਲਾ ਜੱਟ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਮੁਹੰਮਦ ਸਦੀਕ, ਗੁਰਦਾਸ ਮਾਨ ਆਦਿ ਦੀ ਆਵਾਜ਼ ਵਿਚ ਗਾਇਆ ਤਾਂ ਸਰੋਤਿਆਂ ਨੂੰ ਭੁਲੇਖਾ ਪਿਆ ਕਿ ਸ਼ਾਇਦ ਇਨ੍ਹਾਂ ਗਾਇਕਾਂ ਨੇ ਖੁਦ ਹੀ 'ਰੋਡਵੇਜ਼ ਦੀ ਲਾਰੀ' ਗੀਤ ਗਾਇਆ ਹੈ। 1982 ਵਿਚ ਐਚ.ਐਮ.ਵੀ. ਕੰਪਨੀ ਨੇ ਸਰਦੂਲ ਦੀ ਪਹਿਲੀ ਐਲਬਮ 'ਮਿਰਜ਼ਾ' ਰਿਕਾਰਡ ਕੀਤੀ। ਇਸ ਦੀ ਮਕਬੂਲੀਅਤ ਦੀਆਂ ਸਿਖਰਾਂ ਨੂੰ ਦੇਖਦਿਆਂ ਕੰਪਨੀ ਨੇ ਸਰਦੂਲ ਨੂੰ ਗੀਤਾਂ ਦਾ ਸਿਕੰਦਰ ਖਿਤਾਬ ਅਜਿਹਾ ਦਿੱਤਾ ਕਿ ਸਰਦੂਲ ਸਿੰਘ ਸਰਦੂਲ ਤੋਂ ਸਰਦੂਲ ਸਿਕੰਦਰ ਬਣ ਗਿਆ। ਅਜਿਹਾ ਸਿਕੰਦਰ ਜਿਸ ਨੇ ਸੁਰਾਂ ਦੇ ਖੇਤਰ ਵਿਚ ਆਪਣੀ ਬਾਦਸ਼ਾਹਤ ਕਾਇਮ ਕੀਤੀ।

ਸਰਦੂਲ ਗਾਇਕੀ ਦਾ ਉਹ ਥੰਮ੍ਹ ਸੀ ਜਿਸ ਨੂੰ ਸੱਚਮੁੱਚ ਸੰਗੀਤ ਦੀ ਸਮਝ ਸੀ ਤੇ ਗਾਉਣਾ ਵੀ ਆਉਂਦਾ ਸੀ। ਅਕਸਰ ਕੱਚ-ਘਰੜ ਗਾਉਣ ਵਾਲੇ ਗਾਇਕਾਂ ਨੂੰ ਇਹੋ ਨਿਹੋਰਾ ਮਾਰਿਆ ਜਾਂਦਾ ਸੀ, "ਆਇਆ ਵੱਡਾ ਸਰਦੂਲ ਸਿਕੰਦਰ"। ਸਰਦੂਲ ਦੀ ਮਕਬੂਲੀਅਤ ਨਾ ਸਿਰਫ ਪ੍ਰਸ਼ੰਸਕਾਂ ਵਿਚ ਸੀ ਸਗੋਂ ਸੰਗੀਤ ਜਗਤ ਦਾ ਹਰ ਕਲਾਕਾਰ ਉਸ ਦੀ ਗਾਇਕੀ ਦਾ ਦੀਵਾਨਾ ਸੀ। ਕੁਝ ਸਮਾਂ ਪਹਿਲਾਂ ਗਾਇਕ ਜਸਬੀਰ ਜੱਸੀ ਉਸ ਦੇ ਘਰ ਇਕਦਮ ਪੁੱਜ ਗਿਆ ਜਿੱਥੇ ਉਸ ਨੇ ਫੇਸਬੁੱਕ ਉਤੇ ਲਾਈਵ ਹੋ ਕੇ ਸਰਦੂਲ ਤੇ ਅਮਰ ਨੂਰੀ ਨੂੰ ਰਿਕਾਰਡ ਕਰਦਿਆਂ ਕਿਹਾ ਕਿ ਇਹ ਹੈ ਅਸਲ ਗਾਇਕੀ। ਇਸੇ ਤਰ੍ਹਾਂ ਉਸਤਾਦ ਪੂਰਨ ਸ਼ਾਹਕੋਟੀ ਦੇ ਪੁੱਤਰ ਅਤੇ ਨਾਮੀਂ ਗਾਇਕ ਮਾਸਟਰ ਸਲੀਮ ਨੇ ਭਰੇ ਪ੍ਰੋਗਰਾਮ ਦੌਰਾਨ ਸਟੇਜ ਉਪਰ ਸਰਦੂਲ ਸਿਕੰਦਰ ਦੇ ਸੋਹਲੇ ਗਾਉਂਦਿਆਂ ਕਿਹਾ ਸੀ ਕਿ ਪੰਜਾਬੀ ਸੰਗੀਤ ਜਗਤ ਕੋਲ ਇਸ ਤੋਂ ਵੱਡਾ ਕੋਈ ਫਨਕਾਰ ਨਹੀਂ ਜਿਸ ਨੂੰ ਰਹਿੰਦੀ ਦੁਨੀਆ ਤਕ ਯਾਦ ਕੀਤਾ ਜਾਂਦਾ ਰਹੇਗਾ। ਸਰਦੂਲ ਦੇ ਗਲੇ 'ਤੇ ਮਾਂ ਸਰਸਵਤੀ ਵਾਸ ਕਰਦੀ ਸੀ ਅਤੇ ਜਦੋਂ ਉਹ ਮੁਰਕੀਆਂ/ਗਰਾਰੀਆਂ ਲਾਉਂਦਾ ਤਾਂ ਸਰੋਤੇ ਪੂਰੀ ਤਰ੍ਹਾਂ ਕੀਲੇ ਜਾਂਦੇ।

ਉਸ ਨੇ ਸਭਿਆਚਾਰਕ, ਪਰਿਵਾਰਕ ਗੀਤਾਂ ਦੇ ਨਾਲ ਵਿਛੋੜੇ ਦੇ ਉਦਾਸ ਗੀਤ ਵੀ ਗਾਏ। ਆਸ਼ਕੀ ਦੇ ਗਾਣੇ ਵੀ ਗਾਏ ਪਰ ਕਿਤੇ ਵੀ ਸ਼ਬਦਾਂ ਨਾਲ ਸਮਝੌਤਾ ਨਹੀਂ ਕੀਤਾ। ਕਿਤੇ ਵੀ ਹਲਕੀ ਭਾਸ਼ਾ ਨਹੀਂ ਵਰਤੀ। ਉਸ ਨੇ ਜਦੋਂ 'ਚਰਖਾ ਗਲੀ ਦੇ ਵਿਚ', 'ਇਸ਼ਕ ਬਰਾਂਡੀ', 'ਇਕ ਕੁੜੀ' ਜਿਹੇ ਗੀਤ ਗਾਏ ਤਾਂ ਡੀ.ਜੇ. ਫਲੋਰ 'ਤੇ ਵੀ ਉਸ ਦੇ ਗਾਣੇ ਵੱਜਣ ਲੱਗੇ। ਸ਼ੁਰੂਆਤੀ ਦੌਰ ਵਿਚ ਆਈ ਉਸ ਦੀ ਐਲਬਮ 'ਹੁਸਨਾਂ ਦੇ ਮਾਲਕੋ' ਨੇ ਤਾਂ 50 ਲੱਖ ਤੋਂ ਵੱਧ ਕੈਸੇਟਾਂ ਦੀ ਵਿਕਰੀ ਦਾ ਰਿਕਾਰਡ ਹੀ ਤੋੜ ਦਿੱਤਾ। ਉਸ ਨੇ ਜਿੱਥੇ ਜਾਗਰਨ ਦੌਰਾਨ ਮਾਂ ਦੀਆਂ ਭੇਟਾਂ ਗਾਉਣੀਆਂ, ਉਥੇ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲ ਤੋਂ ਲੈ ਕੇ ਧਾਰਮਿਕ ਸਮਾਗਮਾਂ ਵਿਚ ਸਿੱਖ ਧਰਮ ਦੇ ਗੀਤ ਵੀ ਗਾਉਣੇ। ਪਿਛਲੇ ਦਿਨੀਂ ਕਾਮੇਡੀਅਨ ਕਪਿਲ ਸ਼ਰਮਾ ਦੀ ਧੀ ਨੂੰ ਮਿਲਣ ਗਏ ਸਰਦੂਲ ਨੇ ਸ਼ਬਦ ਗਾਇਆ ਤਾਂ ਵੀਡਿਓ ਬਹੁਤ ਵਾਇਰਲ ਹੋਈ। ਦੋਗਾਣਿਆਂ ਵਿਚ ਪਤਨੀ ਅਮਰ ਨੂਰੀ ਨਾਲ ਗਾਏ ਗੀਤ ਵੀ ਖੂਬ ਹਿੱਟ ਹੋਏ। 'ਤੇਰਾ ਲਿਖ ਦੂੰ ਸਫੇਦਿਆਂ 'ਤੇ ਨਾਂ ਜਿੰਨੇ ਨੇ ਜੀ.ਟੀ.ਰੋਡ ਦੇ ਉਤੇ' ਗਾਣਾ ਸਰਦੂਲ ਦੀ 'ਰੋਡਵੇਜ਼ ਦੀ ਲਾਰੀ' ਤੋਂ ਬਾਅਦ ਸਭ ਤੋਂ ਵੱਧ ਮਕਬੂਲ ਹੋਇਆ।

30 ਜਨਵਰੀ 1993 ਨੂੰ ਰੌਸ਼ਨ ਸਾਗਰ ਦੀ ਬੇਟੀ ਅਮਰ ਨੂਰੀ ਨਾਲ ਨਿਕਾਹ ਤੋਂ ਬਾਅਦ ਸਰਦੂਲ ਸਿਕੰਦਰ ਤੇ ਨੂਰੀ ਦੀ ਜੋੜੀ ਮਕਬੂਲ ਜੋੜੀਆਂ ਵਿਚ ਸ਼ੁਮਾਰ ਹੋ ਗਈ। ਸਰਦੂਲ ਤੇ ਨੂਰੀ ਦੋਵਾਂ ਦੇ ਪਰਿਵਾਰ ਦੀ ਵਿਰਾਸਤ ਨੂੰ ਅੱਗੇ ਉਨ੍ਹਾਂ ਦੇ ਪੁੱਤਰ ਸਾਰੰਗ ਅਤੇ ਅਲਾਪ ਤੋਰ ਰਹੇ ਹਨ। ਸਰਦੂਲ ਦੇ ਤੁਰ ਜਾਣ ਤੋਂ ਬਾਅਦ ਸੰਗੀਤ ਜਗਤ ਉਸ ਦੇ ਦੋਵੇਂ ਪੁੱਤਰਾਂ ਵਿਚ ਸਰਦੂਲ ਦੀ ਗਾਇਕੀ ਨੂੰ ਸੁਣਨਾ ਚਾਹੁੰਦੇ ਹਨ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਾਰਚ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-472



*ਸੇਵਾ ਦੀ ਲਗਨ ਜਿਨ੍ਹਾਂ ਅੰਦਰ; ਉਹ ਨਾ ਵੇਖਣ ਕਿਸਮ, ਨਾ ਵੇਖਣ ਥਾਂ।*
*ਲੰਗਰ ਦੀ ਉਥੇ ਕਰ ਰਹੇ ਤਿਆਰੀ, ਕਿਸਾਨੀ ਦਾ ਜਿੱਥੇ ਵੱਸਿਆ ਗਰਾਂ।*

### ਕੈਪਸ਼ਨ ਮੁਕਾਬਲਾ-470



ਸਰ੍ਹਵਾਂ ਖਿੜੀਆਂ ਖੇਤਾਂ ਦੇ ਵਿਚ
ਪਾਣੀ ਲਾਉਣ ਦੀ ਤਿਆਰੀ।
ਦਮ ਲੈਂਦੇ ਖਾਲੇ ਦੀ ਵੱਟ ਉੱਤੇ
ਫਸਲ ਪੁੱਤਰਾਂ ਵਾਂਗੂੰ ਪਿਆਰੀ।
ਸੀਰੀ ਦੀ ਰੋਟੀ ਲਿਆਇਆ
ਨਾਲੇ ਕੰਮ ਲਈ ਕਰੇ ਸਲਾਹ,
ਨੀਲੀ ਛੱਤ ਵਾਲਾ ਗੁੱਸੇ ਜਾਪੇ
ਆਪਾਂ ਕੱਲ੍ਹ ਪਾਣੀ ਦੇਈਏ ਲਾ।

**-ਸੇਵਾ ਸਿੰਘ ਨੂਰਪੁਰੀ**

---

ਧਰਨੇ ਉਤੋਂ ਹੋ ਕੇ ਵਿਹਲਾ
ਰੋਟੀ ਲੈ ਜੱਟ ਖੇਤ ਨੂੰ ਆਇਆ।
ਨਾਲ ਸੀਰੀ ਦੇ ਕਰੇ ਸਲਾਹਾਂ
ਸਰਕਾਰ ਨੇ ਪੁੱਠਾ ਪੰਗਾ ਪਾਇਆ।
ਆਪਾਂ ਵੀ ਚੱਲ ਦਿੱਲੀ ਚੱਲੀਏ
ਦੋਹਾਂ ਰਲ ਮਿਲ ਮਤਾ ਪਕਾਇਆ।

**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਹਰੇ-ਭਰੇ ਖੇਤ ਦੀ ਵੱਟ 'ਤੇ ਬੈਠੇ
ਚਿਤੋਂ ਉਦਾਸ, ਕਰਨ ਲੇਖਾ-ਜੋਖਾ।
ਕਰਜੇ ਸਿਰ 'ਤੇ ਦੂਣ ਸਵਾਏ
ਰਲ ਕੇ ਲੁੱਟਣ, ਦੇ ਕੇ ਧੋਖਾ।

**-ਦਵਿੰਦਰ ਕੌਰ**

---

ਖੇਤੀ ਕੰਮਾਂ ਦਾ ਕੋਈ ਸਮਾਂ ਨਹੀਂ
ਚਾਹ-ਰੋਟੀ ਵੀ ਖੇਤ 'ਚ ਆਉਂਦੀ।
ਮਸੀਂ ਮਸੀਂ ਵਲਵਲੇ ਮਨੋਂ ਨਿਕਲਣ
ਹਾਕਮਾਂ ਨੂੰ ਸਮਝ ਨਹੀਂ ਆਉਂਦੀ।
ਚਾਲਾਂ ਨਾਲ ਸਾਰੀ ਜਾਇਦਾਦ ਵੇਚ'ਤੀ
ਹੁਣ ਕਿਸਾਨਾਂ ਦੀ ਜ਼ਮੀਨ ਹਥਿਆਉਣੀ।
ਅਮੀਰਾਂ ਨੂੰ ਹੋਰ ਅਮੀਰ ਬਣਾਈ ਜਾਂਦੇ
ਹੁਣ ਕਿਸਾਨੀ ਨੂੰ ਹੈ ਠਿੱਬੀ ਲਾਉਣੀ।

**-ਅਮਰਜੀਤ ਸਿੰਘ ਤੂਰ**
**ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਥੱਕ-ਟੁੱਕ ਖੇਤਾਂ 'ਚ, ਮਿੱਟੀ ਨਾਲ ਮਿੱਟੀ ਹੋ
ਨਾਲ ਲਗਦੇ ਕਿਸਾਨ ਨਾਲ ਬਹਿ ਵੱਟ 'ਤੇ
ਇਕ ਦੂਜੇ ਦੇ ਦੁੱਖ ਸਾਂਝੇ ਕਰਦੇ।
ਪੋਰਿਆ ਪੋਰਿਆ ਕਰ ਅਸੀਂ ਰਿਜ਼ਕ ਕਰਦੇ।
ਗਿਣ-ਵੱਟ ਕੇ ਪੱਲੇ ਕੁਝ ਨਹੀਂ ਪੈਂਦਾ।
ਸੱਪ ਦੇ ਮੂੰਹ ਕੋਹੜ ਕਿਰਲੀ ਵਾਲਾ ਹਾਲ ਹੈ
"ਖਸਮਾਂ ਖਾਣੀ, ਖੇਤੀ ਸੇਤੀ
ਕਦੇ ਨਾ ਹੋਏ ਬੱਤੀਆਂ ਤੋਂ ਤੇਤੀ।"

**-ਦਰਸ਼ਨਪਾਲ ਦੋਸਾਂਝ**

---

ਖਾਲ ਘੜਦੇ ਬਿਸ਼ਨੇ ਨੇ
ਕੋਲ ਬਿਠਾਇਆ ਆਪਣਾ ਯਾਰ,
ਦੁੱਖ-ਸੁੱਖ ਦੋਵੇਂ ਯਾਰ ਫੋਲਦੇ
ਖਾਲ 'ਤੇ ਬੈਠੇ ਗੱਲਾਂ ਕਰਨ ਚਾਰ।
ਕੁਝ ਨਹੀਂ ਖੇਤੀ 'ਚੋਂ ਬਚਦਾ
ਬੁਰਾ ਕਿਸਾਨੀ ਦਾ ਹਾਲ।
ਆੜ੍ਹਤ ਪਿਛਲੀ ਖੜ੍ਹੀ ਹੈ
ਵਿਆਜ ਵੀ ਖੜ੍ਹਾ ਹੈ ਨਾਲ।
ਸਰਕਾਰ ਲੈ ਕੇ ਆਈ ਕਾਲੇ ਕਾਨੂੰਨ
ਹੁਣ ਕਰਨਗੇ ਸਾਡਾ ਬੁਰਾ ਹਾਲ।
ਸਰਕਾਰਾਂ ਕਰਨਗੀਆਂ ਕਰਜੇ ਮੁਆਫ
ਝੂਠਾ ਵਹਿਮ ਲਿਆ ਅਸੀਂ ਪਾਲ।
ਵਾਹਿਗੁਰੂ ਕਰੇ ਮਿਹਰ ਸਭ 'ਤੇ
ਓਹੀ ਹੁਣ ਸਾਡਾ ਰੱਖੂ ਖਿਆਲ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-640-6660**

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:www.punjabtimesusa.com*

# ਦੇਸ਼ ਭਗਤੀ ਦੀ ਬਲਦੀ ਮਸ਼ਾਲ ਸਰਦਾਰ ਅਜੀਤ ਸਿੰਘ

## ਸਾਰੀ ਉਮਰ ਆਜ਼ਾਦੀ ਦੀ ਲੜਾਈ ਦੇ ਲੇਖੇ ਲਾਈ

***ਭਾਰਤ ਦੀ ਆਜ਼ਾਦੀ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਇਨਕਲਾਬੀ ਸਰਦਾਰ ਅਜੀਤ ਸਿੰਘ (23 ਫਰਵਰੀ 1881-15 ਅਗਸਤ 1947) ਦਾ 140ਵਾਂ ਜਨਮ ਦਿਨ ਐਤਕੀਂ ਦਿੱਲੀ ਬਾਰਡਰਾਂ ਉਤੇ ਡਟੇ ਬੈਠੇ ਕਿਸਾਨਾਂ ਨੇ ਵੱਡੇ ਪੱਧਰ 'ਤੇ ਮਨਾਇਆ। ਕਿਸਾਨਾਂ ਨੇ ਉਨ੍ਹਾਂ ਨੂੰ ਇਸ ਕਰ ਕੇ ਵੀ ਯਾਦ ਕੀਤਾ ਕਿਉਂਕਿ ਸਰਦਾਰ ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ 20ਵੀਂ ਸਦੀ ਦੇ ਮੁੱਢ ਵਿਚ ਅੰਗਰੇਜ਼ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਲੜਿਆ ਸੀ। ਇਹ ਤਿੰਨੇ ਕਾਨੂੰਨ ਨੌਂ ਮਹੀਨਿਆਂ ਦੀ ਲੰਮੀ ਲੜਾਈ ਮਗਰੋਂ ਰੱਦ ਕਰਵਾਏ ਗਏ ਸਨ। ਡਾਕਟਰ ਚਮਨ ਲਾਲ ਨੇ ਇਸ ਲੇਖ ਵਿਚ ਸਰਦਾਰ ਅਜੀਤ ਸਿੰਘ ਦੇ ਜੀਵਨ ਉਤੇ ਵਿਸਥਾਰ ਸਹਿਤ ਝਾਤ ਪਾਈ ਹੈ। -ਸੰਪਾਦਕ***

ਹਿੰਦੋਸਤਾਨ ਦੇ ਸਭ ਤੋਂ ਵੱਧ ਮਕਬੂਲ ਇਨਕਲਾਬੀ ਨਾਇਕ ਭਗਤ ਸਿੰਘ ਦੇ ਚਾਚਾ ਅਤੇ ਆਦਰਸ਼ ਸਰਦਾਰ ਅਜੀਤ ਸਿੰਘ ਦਾ ਜਨਮ 23 ਫਰਵਰੀ 1881 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਖਟਕੜ ਕਲਾਂ ਵਿਚ ਹੋਇਆ ਸੀ। ਅਜੀਤ ਸਿੰਘ ਦੇ ਪੁਰਖੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨਾਰਲੀ ਤੋਂ ਇਥੇ ਆ ਕੇ ਵਸੇ ਸਨ ਜਿਸ ਦੀ ਆਪਣੀ ਦਿਲਚਸਪ ਕਹਾਣੀ ਹੈ। ਉਨ੍ਹਾਂ ਦੇ ਪੁਰਖਿਆਂ ਵਿਚੋਂ ਇੱਕ ਜਵਾਨ ਮੁੰਡਾ ਆਪਣੇ ਸਵਰਗੀ ਰਿਸ਼ਤੇਦਾਰ ਦੇ ਫੁੱਲ ਪਾਉਣ ਲਈ ਪਿੰਡ ਤੋਂ ਪੈਦਲ ਹਰਿਦਵਾਰ ਜਾ ਰਿਹਾ ਸੀ। ਰਸਤੇ ਵਿਚ ਜਦੋਂ ਸ਼ਾਮ ਹੋਈ ਤਾਂ ਇੱਕ ਹਵੇਲੀ ਸਾਹਮਣੇ ਰੁਕ ਕੇ ਉਸ ਨੇ ਕਿਸੇ ਵਿਅਕਤੀ ਨੂੰ ਪੁੱਛਿਆ ਕਿ ਉਸ ਨੂੰ ਰਾਤ ਰੁਕਣ ਦੀ ਜਗ੍ਹਾ ਮਿਲ ਸਕਦੀ ਹੈ? ਵਿਅਕਤੀ ਨੇ ਹਵੇਲੀ ਦੇ ਮਾਲਿਕ ਤੋਂ ਪੁੱਛ ਕੇ ਉਸ ਜਵਾਨ ਨੂੰ ਅੰਦਰ ਸੱਦ ਲਿਆ। ਹਵੇਲੀ ਦੇ ਮਾਲਿਕ ਨੇ ਉਸ ਨੂੰ ਦੇਖ ਕੇ ਚੰਗੀ ਮਹਿਮਾਨ ਨਿਵਾਜ਼ੀ ਕੀਤੀ, ਉਨ੍ਹਾਂ ਦੀ ਇੱਕੋ ਇੱਕ ਧੀ ਨੂੰ ਇਹ ਜਵਾਨ ਚੰਗਾ ਲੱਗਿਆ। ਹਵੇਲੀ ਵਾਲਿਆਂ ਪੁੱਛਿਆ ਕਿ ਉਹ ਵਿਆਹਿਆ ਹੋਇਆ ਹੈ? ਜਵਾਨ ਦੇ ਇਨਕਾਰ ਕਰਨ 'ਤੇ ਹਵੇਲੀ ਵਾਲਿਆਂ ਉਸ ਨੂੰ ਵਾਪਸੀ ਤੇ ਵੀ ਰੁਕਣ ਦਾ ਸੱਦਾ ਦਿੱਤਾ ਅਤੇ ਵਾਪਸੀ ਤੇ ਜਵਾਨ ਨੂੰ ਆਪਣੀ ਧੀ ਵਿਆਹੁਣ ਦੀ ਪੇਸ਼ਕਸ਼ ਕੀਤੀ ਪਰ ਇਸ ਸ਼ਰਤ 'ਤੇ ਕਿ ਵਿਆਹ ਬਾਅਦ ਇਸੇ ਪਿੰਡ ਦੀ ਹਵੇਲੀ ਜਿਸ ਨੂੰ ਗੜ੍ਹ (ਕਿਲ੍ਹਾ) ਕਲਾਂ ਕਿਹਾ ਜਾਂਦਾ ਸੀ, ਆ ਕੇ ਰਹੇ। ਜਵਾਨ ਨੇ ਸ਼ਰਤ ਮਨਜ਼ੂਰ ਕੀਤੀ ਅਤੇ ਉਸ ਨੂੰ ਰਿਵਾਜ ਮੁਤਾਬਕ ਖੱਟ ਯਾਨੀ ਦਾਜ ਵਿਚ ਹਵੇਲੀ ਦਿੱਤੀ ਗਈ ਜਿਸ ਤੋਂ ਬਾਅਦ



**ਚਮਨ ਲਾਲ**
**ਫੋਨ: +91-98687-74820**

ਪਿੰਡ ਦਾ ਨਾਂ ਹੀ ਖੱਟ ਗੜ੍ਹ ਤੇ ਫਿਰ ਪੱਕ ਕੇ ਖਟਕੜ ਕਲਾਂ ਪੈ ਗਿਆ। ਇਹ ਵੇਰਵੇ ਅਜੀਤ ਸਿੰਘ ਨੇ ਆਪਣੀ ਸਵੈ-ਜੀਵਨੀ 'ਜ਼ਿੰਦਾ ਦਫਨ' (ਬਰੀਡ ਅਲਾਈਵ) ਵਿਚ ਦਿੱਤੇ ਹਨ।

ਅਜੀਤ ਸਿੰਘ ਦੇ ਪੁਰਖਿਆਂ ਨੇ ਖਾਲਸਾ ਰਾਜ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਸੇਵਾ ਨਿਭਾਈ ਅਤੇ ਉਨ੍ਹਾਂ ਦੇ ਖੁੱਲ੍ਹੇ ਵਿਹੜੇ ਵਿਚ ਸਿੱਖ ਕੌਮੀ ਝੰਡਾ ਝੂਲਦਾ ਸੀ, ਉਸ ਜਗ੍ਹਾ ਨੂੰ ਹੀ ਝੰਡਾ ਜੀ ਕਿਹਾ ਜਾਂਦਾ ਸੀ। ਕੁਝ ਪੀੜ੍ਹੀਆਂ ਮਗਰੋਂ ਜਦ ਨਾਰਲੀ ਪਿੰਡ ਵਾਲਿਆਂ ਮੁੜ ਪਿੰਡ ਆਉਣ ਲਈ ਗੁਜ਼ਾਰਿਸ਼ ਕੀਤੀ ਤਾਂ ਪੁਰਖਿਆਂ ਨੇ ਝੰਡਾ ਜੀ ਸਥਾਪਤ ਕਰਨ ਕਰ ਕੇ ਮਨਾ ਕਰ ਦਿੱਤਾ। ਅਜੀਤ ਸਿੰਘ ਦੇ ਪਿਤਾ ਅਰਜਨ ਸਿੰਘ ਅਤੇ ਉਨ੍ਹਾਂ ਤੋਂ ਵੱਡੇ ਭਰਾ ਕਿਸ਼ਨ ਸਿੰਘ ਅਤੇ ਸਵਰਨ ਸਿੰਘ ਪੱਕੇ ਕੌਮ ਪ੍ਰਸਤ ਸਨ।

ਤਿੰਨਾਂ ਭਰਾਵਾਂ ਨੇ ਸਾਈਂ ਦਾਸ ਏਂਗਲੋ ਸਕੂਲ ਜਲੰਧਰ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਅਜੀਤ ਸਿੰਘ ਨੇ ਲਾਹੌਰ ਦੇ ਡੀ.ਏ.ਵੀ. ਕਾਲਜ ਅਤੇ ਉਸ ਤੋਂ ਬਾਅਦ ਬਰੇਲੀ ਕਾਲਜ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਇਥੇ ਰਹਿੰਦੇ ਹੀ ਉਹ ਤੇ ਕਿਸ਼ਨ ਸਿੰਘ 1903 ਵਿਚ ਲਾਰਡ ਕਰਜ਼ਨ ਦੇ ਬੁਲਾਏ ਦਿੱਲੀ ਦਰਬਾਰ ਵਿਚ ਭਾਰਤੀ ਰਾਜਿਆਂ ਨੂੰ ਮਿਲਣ ਗਏ ਅਤੇ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਖਿਲਾਫ ਹੋਣ ਲਈ ਪ੍ਰੇਰਿਆ। 1903 ਵਿਚ ਹੀ ਉਨ੍ਹਾਂ ਕਸੂਰ ਦੇ ਸੂਫੀ ਮਤ ਧਾਰਨੀ ਧਨਪਤ ਰਾਇ ਦੀ ਪਾਲੀ ਹੋਈ ਧੀ ਹਰਨਾਮ ਕੌਰ ਨਾਲ ਸ਼ਾਦੀ ਕੀਤੀ।

1906 ਵਿਚ ਦੋਵਾਂ ਭਰਾਵਾਂ ਨੇ ਕਲਕੱਤਾ ਕਾਂਗਰਸ ਵਿਚ ਹਾਜ਼ਰੀ ਭਰੀ ਜਿਸ ਦੀ ਪ੍ਰਧਾਨਗੀ ਦਾਦਾ ਭਾਈ ਨਾਰੋਜੀ ਨੇ ਕੀਤੀ ਸੀ। ਉਹ ਕਾਂਗਰਸੀ ਆਗੂਆਂ ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਤੋਂ ਪ੍ਰਭਾਵਿਤ ਹੋਏ। ਬਿਪਨ ਚੰਦਰ ਪਾਲ ਬਾਰੇ ਅਜੀਤ ਸਿੰਘ ਨੇ ਬੜਾ ਭਾਵੁਕ ਲੇਖ ਲਿਖਿਆ ਸੀ। 1907 ਵਿਚ ਅੰਗਰੇਜ਼ ਸਰਕਾਰ ਨੇ ਤਿੰਨ ਕਿਸਾਨ ਵਿਰੋਧੀ ਕਾਨੂੰਨ ਬਣਾਏ, ਜਿਨ੍ਹਾਂ ਨੂੰ ਕਿਸਾਨਾਂ ਨੇ ਕਾਲੇ ਕਾਨੂੰਨ ਗਰਦਾਨਿਆ।

ਤਿੰਨ ਕਾਲੇ ਕਾਨੂੰਨਾਂ ਵਿਚ 1906 ਦਾ ਪੰਜਾਬ ਲੈਂਡ ਕਾਲੋਨਾਇਜੇਸ਼ਨ ਬਿੱਲ, ਜਿਸ ਰਾਹੀਂ ਕਿਸਾਨਾਂ ਦੀ ਜ਼ਮੀਨ ਤੱਕ ਜ਼ਬਤ ਕੀਤੀ ਜਾ ਸਕਦੀ ਸੀ, 25% ਮਾਲੀਆ ਵਧਾਉਣਾ ਅਤੇ ਬਾਰੀ ਦੁਆਬ ਨਹਿਰ ਦੇ ਪਾਣੀ ਦੀਆਂ ਦਰਾਂ ਵਧਾਉਣਾ ਸ਼ਾਮਿਲ ਸਨ। ਅਜੀਤ ਸਿੰਘ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ, ਜਿਸ ਨੂੰ ਲੋਕਾਂ ਦਾ ਜ਼ਬਰਦਸਤ ਹੁੰਗਾਰਾ ਮਿਲਿਆ। ਲਾਲਾ ਲਾਜਪਤ ਰਾਇ ਨੂੰ ਵੀ ਇਨ੍ਹਾਂ ਮੀਟਿੰਗਾਂ ਵਿਚ ਬੁਲਾਰੇ ਵਜੋਂ ਸੱਦਿਆ ਗਿਆ ਅਤੇ 22 ਮਾਰਚ ਦੀ ਲਾਇਲਪੁਰ ਦੀ ਭਰਵੀਂ ਮੀਟਿੰਗ ਵਿਚ ਝੰਗ ਸਿਆਲ ਦੇ ਸੰਪਾਦਕ ਲਾਲਾ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ' ਨਾਂ ਦੀ ਕਵਿਤਾ ਪੜ੍ਹੀ ਜਿਸ ਦਾ ਇੰਨਾ ਜ਼ਬਰਦਸਤ ਅਸਰ ਹੋਇਆ ਕਿ ਲਹਿਰ ਦਾ ਨਾਂ ਹੀ 'ਪਗੜੀ ਸੰਭਾਲ ਜੱਟਾ ਲਹਿਰ' ਪੈ ਗਿਆ। ਇਸ ਲਹਿਰ ਨੇ ਅੰਗਰੇਜ਼ ਹਾਕਮਾਂ ਵਿਚ ਖਲਬਲੀ ਮਚਾ ਦਿੱਤੀ ਅਤੇ ਅੰਗਰੇਜ਼ ਫੌਜ ਦੇ ਮੁਖੀ ਲਾਰਡ ਕਿਚਨਰ ਨੂੰ ਇਹ ਡਰ ਹੋ ਗਿਆ ਕਿ ਇਸ ਲਹਿਰ ਦਾ ਅਸਰ ਫੌਜ ਤੇ ਪੁਲਿਸ ਦੇ ਜਵਾਨਾਂ ਤੇ ਹੋ ਸਕਦਾ ਹੈ ਅਤੇ ਉਹ 1857 ਵਾਂਗ ਬਗਾਵਤ ਵੀ ਕਰ ਸਕਦੇ ਹਨ। ਭਾਰਤੀ ਮਾਮਲਿਆਂ ਦੇ ਮੰਤਰੀ ਲਾਰਡ ਜੌਹਨ ਮਾਰਲੇ ਨੇ ਬਰਤਾਨਵੀ ਪਾਰਲੀਮੈਂਟ ਵਿਚ ਦੱਸਿਆ ਕਿ ਇਸ ਦੌਰਾਨ ਪੰਜਾਬ ਵਿਚ ਵੱਖ ਵੱਖ ਸ਼ਹਿਰਾਂ ਵਿਚ ਕੁਲ 33 ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚੋਂ 19 ਵਿਚ ਅਜੀਤ ਸਿੰਘ ਹੀ ਮੁੱਖ ਬੁਲਾਰਾ ਸੀ। ਅਜੀਤ ਸਿੰਘ ਦੀ ਤਕਰੀਰ ਜ਼ਬਰਦਸਤ ਜੋਸ਼ ਪੈਦਾ ਕਰਨ ਵਾਲੀ ਹੁੰਦੀ ਸੀ ਅਤੇ 21 ਅਪਰੈਲ 1907 ਨੂੰ ਰਾਵਲਪਿੰਡੀ ਦੀ ਉਸ ਦੀ ਤਕਰੀਰ ਨੂੰ ਬੇਹੱਦ ਬਾਗੀ ਜਾਂ ਦੇਸ਼-ਧ੍ਰੋਹੀ ਕਰਾਰ ਦੇ ਕੇ ਉਸ ਤੇ ਅੱਜ ਵਾਂਗ ਦਫਾ 124 ਏ ਵਿਚ ਮੁਲਕ ਤੋਂ ਬਾਹਰ ਜਾਣ ਬਾਅਦ ਵੀ ਕੇਸ ਦਰਜ ਕੀਤਾ ਗਿਆ। ਅੰਗਰੇਜ਼ ਸਰਕਾਰ ਨੇ ਕਿਸਾਨ ਲਹਿਰ ਦੇ ਲੋਕ ਲਹਿਰ ਵਿਚ ਬਦਲਣ ਦੇ ਡਰੋਂ ਤਿੰਨੇ ਕਾਨੂੰਨ ਮਈ ਵਿਚ ਹੀ ਵਾਪਿਸ ਲੈ ਲਏ ਪਰ ਲਾਲਾ ਲਾਜਪਤ ਰਾਇ ਨੂੰ 9 ਮਈ ਅਤੇ ਅਜੀਤ ਸਿੰਘ ਨੂੰ 2 ਜੂਨ ਨੂੰ ਗ੍ਰਿਫਤਾਰ ਕਰ ਕੇ ਰੈਗੂਲੇਸ਼ਨ 1818 ਤਹਿਤ ਛੇ ਮਹੀਨੇ ਲਈ ਬਰਮਾ ਦੀ ਮਾਂਡਲੇ ਜੇਲ੍ਹ ਭੇਜ ਦਿੱਤਾ ਜਿਥੋਂ 11 ਨਵੰਬਰ 1907 ਨੂੰ ਦੋਵਾਂ ਨੂੰ ਰਿਹਾਅ ਕੀਤਾ ਗਿਆ। ਲਾਲਾ ਲਾਜਪਤ ਰਾਇ ਨੇ ਅੰਗਰੇਜ਼ ਸਰਕਾਰ ਨੂੰ ਪਟੀਸ਼ਨ ਦੇ ਕੇ ਕਿਹਾ ਕਿ ਉਸ ਨੇ ਕੋਈ ਗੈਰ-ਕਾਨੂੰਨੀ ਜਾਂ ਹਿੰਸਕ ਕਾਰਵਾਈ ਨਹੀਂ ਕੀਤੀ ਪਰ ਅਜੀਤ ਸਿੰਘ ਨੇ ਕੋਈ ਪਟੀਸ਼ਨ ਨਹੀਂ ਦਿੱਤੀ। ਕਿਸ਼ਨ ਸਿੰਘ ਅਤੇ ਸਵਰਨ ਸਿੰਘ ਨੂੰ ਵੀ ਸਜ਼ਾਵਾਂ ਦੇ ਕੇ ਜੇਲ੍ਹ ਭੇਜਿਆ ਗਿਆ।



ਜਵਾਨੀ ਵੇਲੇ ਸਰਦਾਰ ਅਜੀਤ ਸਿੰਘ

***ਅਜੀਤ ਸਿੰਘ ਦੇ ਪੁਰਖਿਆਂ ਨੇ ਖਾਲਸਾ ਰਾਜ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਸੇਵਾ ਨਿਭਾਈ ਅਤੇ ਉਨ੍ਹਾਂ ਦੇ ਖੁੱਲ੍ਹੇ ਵਿਹੜੇ ਵਿਚ ਸਿੱਖ ਕੌਮੀ ਝੰਡਾ ਝੂਲਦਾ ਸੀ, ਉਸ ਜਗ੍ਹਾ ਨੂੰ ਹੀ ਝੰਡਾ ਜੀ ਕਿਹਾ ਜਾਂਦਾ ਸੀ। ਕੁਝ ਪੀੜ੍ਹੀਆਂ ਮਗਰੋਂ ਜਦ ਨਾਰਲੀ ਪਿੰਡ ਵਾਲਿਆਂ ਮੁੜ ਪਿੰਡ ਆਉਣ ਲਈ ਗੁਜ਼ਾਰਿਸ਼ ਕੀਤੀ ਤਾਂ ਪੁਰਖਿਆਂ ਨੇ ਝੰਡਾ ਜੀ ਸਥਾਪਤ ਕਰਨ ਕਰ ਕੇ ਮਨਾ ਕਰ ਦਿੱਤਾ। ਅਜੀਤ ਸਿੰਘ ਦੇ ਪਿਤਾ ਅਰਜਨ ਸਿੰਘ ਅਤੇ ਉਨ੍ਹਾਂ ਤੋਂ ਵੱਡੇ ਭਰਾ ਕਿਸ਼ਨ ਸਿੰਘ ਅਤੇ ਸਵਰਨ ਸਿੰਘ ਪੱਕੇ ਕੌਮ ਪ੍ਰਸਤ ਸਨ।***



ਪਿਛਲੀ ਉਮਰੇ ਸਰਦਾਰ ਅਜੀਤ ਸਿੰਘ

ਇਸੇ ਦੌਰਾਨ 28 ਸਤੰਬਰ 1907 ਨੂੰ ਚੱਕ ਨੰਬਰ 105, ਬੰਗੇ ਭਗਤ ਸਿੰਘ ਦਾ ਜਨਮ ਹੋਇਆ। ਇਸ ਤਾਰੀਖ ਦੇ ਨੇੜੇ ਤੇੜੇ ਤਿੰਨੇ ਭਰਾ ਜੇਲ੍ਹੋਂ ਬਾਹਰ ਆਏ, ਇਸ ਲਈ ਦਾਦੀ ਨੇ ਨਵਜੰਮੇ ਬੱਚੇ ਨੂੰ ਭਾਗਾਂ ਵਾਲਾਂ ਕਹਿ ਕੇ ਉਸ ਦਾ ਨਾਂ ਭਗਤ ਸਿੰਘ ਰੱਖਿਆ।

ਦਸੰਬਰ 1907 ਵਿਚ ਕਾਂਗਰਸ ਦਾ ਇਜਲਾਸ ਸੂਰਤ ਵਿਚ ਹੋਇਆ, ਉਥੇ ਅਜੀਤ ਸਿੰਘ ਗਏ ਤਾਂ ਤਿਲਕ ਨੇ ਉਨ੍ਹਾਂ ਨੂੰ 'ਕਿਸਾਨਾਂ ਦਾ ਰਾਜਾ' ਕਹਿ ਕੇ ਤਾਜ ਪਹਿਨਾਇਆ ਜੋ ਅੱਜ ਵੀ ਸੰਭਾਲਿਆ ਹੋਇਆ ਹੈ। ਪੰਜਾਬ ਵਾਪਿਸ ਆ ਕੇ ਉਨ੍ਹਾਂ ਤਿਲਕ ਆਸ਼ਰਮ ਦੀ ਸਥਾਪਨਾ ਕੀਤੀ। ਲਾਹੌਰ ਅਤੇ ਲਾਇਲਪੁਰ ਵਿਚ ਮਾਰਚ 1908 ਤੋਂ ਜੁਲਾਈ 1909 ਦੌਰਾਨ ਉਨ੍ਹਾਂ ਕਈ ਭਾਸ਼ਣ ਦਿੱਤੇ, ਜਿਨ੍ਹਾਂ ਵਿਚ ਜਾਤ ਪਾਤ ਆਦਿ ਬੁਰਾਈਆਂ ਦੀ ਆਲੋਚਨਾ ਕੀਤੀ, ਭਗਤ ਸਿੰਘ ਦੇ ਲੇਖ ਅਛੂਤ ਸਮੱਸਿਆ ਦੇ ਤਰਕ ਇਸ ਮਸਲੇ ਬਾਰੇ ਆਪਣੇ ਚਾਚਾ ਅਜੀਤ ਸਿੰਘ ਤੋਂ ਪ੍ਰਭਾਵਿਤ ਹਨ। ਅਲਾਹਾਬਾਦ ਤੋਂ ਉਨ੍ਹਾਂ ਸਵਰਾਜ ਨਾਂ ਦਾ ਪਰਚਾ ਵੀ ਸ਼ੁਰੂ ਕੀਤਾ ਜਿਸ ਦੇ 9 ਸੰਪਾਦਕਾਂ ਤੇ ਮੁਕੱਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਪੰਜ ਪੰਜਾਬੀ ਸਨ।

ਅੰਗਰੇਜ਼ ਸਰਕਾਰ ਦਾ ਦਬਾਅ ਵਧਣ ਕਾਰਨ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ ਅਤੇ ਕੁਝ ਹੋਰ ਸਾਥੀਆਂ ਨਾਲ ਅਗਸਤ-ਸਤੰਬਰ 1909 ਵਿਚ ਕਰਾਚੀ ਤੋਂ ਸਮੁੰਦਰੀ ਜਹਾਜ਼ ਰਾਹੀਂ ਇਰਾਨ ਚਲੇ ਗਏ। ਹੁਣ ਉਨ੍ਹਾਂ ਆਪਣਾ ਨਾਂ ਮਿਰਜ਼ਾ ਹਸਨ ਖਾਨ ਰੱਖ ਲਿਆ ਸੀ ਜਿਸ ਨਾਂ ਨਾਲ ਉਨ੍ਹਾਂ ਬ੍ਰਾਜ਼ੀਲ ਦਾ ਪਾਸਪੋਰਟ ਵੀ ਬਣਾ ਲਿਆ ਸੀ। (ਪਰਿਵਾਰ ਨੂੰ ਉਨ੍ਹਾਂ ਦੀ ਪਹਿਲੀ ਖਬਰ 1912 ਵਿਚ ਅਜੀਤ ਸਿੰਘ ਵੱਲੋਂ ਆਪਣੇ ਸਹੁਰੇ ਧਨਪਤ ਰਾਇ ਨੂੰ ਲਿਖੀ ਚਿੱਠੀ ਤੋਂ ਮਿਲੀ, ਜਾਂ ਫਿਰ ਭਗਤ ਸਿੰਘ ਦੀਆਂ ਉਨ੍ਹਾਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਵਜੋਂ 1928 ਵਿਚ ਪ੍ਰਸਿੱਧ ਲੇਖਕਾ ਅਤੇ ਭਾਰਤੀ ਤੇ ਚੀਨੀ ਇਨਕਲਾਬੀਆਂ ਦੀ ਹਮਦਰਦ ਅਗਨੇਸ ਸਮੇਡਲੇ ਵੱਲੋਂ ਭਗਤ ਸਿੰਘ ਨੂੰ ਭੇਜੇ ਉਨ੍ਹਾਂ ਦੇ ਬ੍ਰਾਜ਼ੀਲ ਦੇ ਪਤੇ ਤੋਂ। ਭਗਤ ਸਿੰਘ ਅਤੇ ਅਜੀਤ ਸਿੰਘ ਇੱਕ ਦੂਜੇ ਬਾਰੇ ਹਮੇਸ਼ਾ ਫਿਕਰਮੰਦ ਰਹੇ ਅਤੇ ਅਜੀਤ ਸਿੰਘ ਨੇ ਭਗਤ ਸਿੰਘ ਨੂੰ ਭਾਰਤ ਤੋਂ ਆਪਣੇ ਕੋਲ ਬੁਲਾਉਣ ਦੀ ਕੋਸ਼ਿਸ਼ ਵੀ ਕੀਤੀ)।

ਇਰਾਨ ਤੋਂ ਉਹ ਤੁਰਕੀ ਗਏ ਜਿਥੇ ਉਨ੍ਹਾਂ ਪ੍ਰਗਤੀਸ਼ੀਲ ਤੁਰਕੀ ਆਗੂ ਕਮਾਲ ਪਾਸ਼ਾ ਨਾਲ ਮੁਲਾਕਾਤ ਕੀਤੀ। ਤੁਰਕੀ ਤੋਂ ਅਜੀਤ ਸਿੰਘ ਪੈਰਿਸ ਆਏ ਜਿਥੇ ਇਨ੍ਹੀਂ ਦਿਨੀਂ ਰਹਿ ਰਹੇ ਭਾਰਤੀ ਇਨਕਲਾਬੀਆਂ- ਮਦਾਮ ਕਾਮਾ, ਸ਼ਿਆਮਜੀ ਕ੍ਰਿਸ਼ਨ ਵਰਮਾ, ਵੀਰੇਂਦਰ ਨਾਥ ਚਟੋਪਾਧਿਆਏ ਆਦਿ ਨਾਲ ਮੁਲਾਕਾਤ ਕੀਤੀ। ਪੈਰਿਸ ਤੋਂ ਉਹ ਸਵਿਟਜ਼ਰਲੈਂਡ ਚਲੇ ਗਏ ਜਿਥੇ ਉਨ੍ਹਾਂ ਨੂੰ ਲਾਲਾ ਹਰਦਿਆਲ ਅਤੇ ਚੰਪਕ ਰਮਨ ਪਿੱਲੇ ਵਰਗੇ ਗਦਰੀ ਇਨਕਲਾਬੀ ਮਿਲੇ। ਇਥੇ ਹੀ ਉਨ੍ਹਾਂ ਦੀ ਮੁਲਾਕਾਤ ਲੈਨਿਨ ਅਤੇ ਟਰਾਟਸਕੀ ਨਾਲ ਹੋਈ ਅਤੇ ਮੁਸੋਲਿਨੀ ਨਾਲ ਵੀ। ਸਵਿਟਜ਼ਰਲੈਂਡ ਵਿਚ ਦੁਨੀਆ ਭਰ ਦੇ ਫਰਾਰ ਇਨਕਲਾਬੀ ਰਹਿੰਦੇ ਸਨ। 1914 ਤੋਂ ਉਹ ਲੰਮੇ ਸਮੇਂ, 18 ਸਾਲ ਲਈ ਬ੍ਰਾਜ਼ੀਲ ਚਲੇ ਗਏ ਜਿਥੇ ਉਨ੍ਹਾਂ ਨਾਲ ਗਦਰੀ ਰਤਨ ਸਿੰਘ ਅਤੇ ਭਗਤ ਸਿੰਘ ਬਿਲਗਾ ਸੰਪਰਕ ਵਿਚ ਰਹੇ। ਖਰਾਬ ਸਿਹਤ ਕਰਨ ਕੁਝ ਸਮਾਂ ਉਨ੍ਹਾਂ ਨੂੰ ਅਰਜਨਟੀਨਾ ਵਿਚ ਵੀ ਰਹਿਣਾ ਪਿਆ। 1932 ਤੋਂ 1938 ਤੱਕ ਅਜੀਤ ਸਿੰਘ ਨੇ ਯੂਰੋਪ ਦੇ ਦੇਸ਼ਾਂ- ਜਰਮਨੀ, ਫਰਾਂਸ ਤੇ ਸਵਿਟਜ਼ਰਲੈਂਡ ਵਿਚ ਕੰਮ ਕੀਤਾ। ਇਸੇ ਸਮੇਂ ਦੌਰਾਨ ਉਨ੍ਹਾਂ ਭਾਰਤ ਮੁੜਨ ਦੇ ਯਤਨ ਸ਼ੁਰੂ ਕੀਤੇ। ਭਾਰਤ ਮੁੜਨ ਦੀ ਇੱਕ ਅਰਜ਼ੀ ਪੰਡਿਤ ਨਹਿਰੂ ਦੀ ਸਿਫਾਰਿਸ਼ ਲਾ ਕੇ 1938 ਵਿਚ ਭੇਜੀ। ਦੂਜੀ ਸੰਸਾਰ ਜੰਗ ਸਮੇਂ ਉਹ ਇਟਲੀ ਆ ਗਏ। ਇਥੇ ਉਹ ਨੇਤਾਜੀ ਸੁਭਾਸ਼ ਬੋਸ ਨੂੰ ਵੀ ਮਿਲੇ ਅਤੇ ਰੋਮ ਰੇਡਿਓ ਤੋਂ ਉਰਦੂ ਵਿਚ ਹਿੰਦੋਸਤਾਨੀਆਂ ਨੂੰ ਸੰਬੋਧਿਤ ਹੁੰਦੇ ਰਹੇ। 11000 ਫੌਜੀਆਂ ਤੇ ਆਧਾਰਿਤ ਉਨ੍ਹਾਂ ਆਜ਼ਾਦ ਹਿੰਦ ਲਸ਼ਕਰ ਵੀ ਬਣਾਇਆ ਸੀ ਪਰ ਇਟਲੀ ਵਾਲੇ ਨਾ ਕਰ ਸਕੇ।

ਜੰਗ ਖਤਮ ਹੋਣ ਤੇ ਅਜੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਜਰਮਨੀ ਦੀ ਕੈਂਪ ਜੇਲ੍ਹ ਵਿਚ ਰੱਖਿਆ ਗਿਆ ਜਿਥੋਂ ਦੇ ਸਖਤ ਹਾਲਾਤ ਵਿਚ ਉਨ੍ਹਾਂ ਦੀ ਸਿਹਤ ਇੰਨੀ ਖਰਾਬ ਹੋਈ ਕਿ ਉਨ੍ਹਾਂ ਨੂੰ ਜਿਉਂਦੇ ਜੀ ਭਾਰਤ ਮੁੜਨ ਦਾ ਵੀ ਭਰੋਸਾ ਨਹੀਂ ਸੀ। ਅਖੀਰ ਪੰਡਿਤ ਨਹਿਰੂ ਜੋ ਉਦੋਂ ਤੱਕ ਭਾਰਤ ਦੇ ਅੰਤਰਿਮ ਪ੍ਰਧਾਨ ਮੰਤਰੀ ਬਣ ਚੁਕੇ ਸਨ, ਦੇ ਦਖਲ ਨਾਲ ਉਨ੍ਹਾਂ ਦੀ ਰਿਹਾਈ ਹੋਈ ਅਤੇ ਉਹ ਦੋ ਮਹੀਨੇ ਲੰਡਨ ਵਿਚ ਭਾਰਤੀ ਕਾਰਕੁਨਾਂ ਕੋਲ ਰਹੇ ਅਤੇ ਸਿਹਤ ਕੁਝ ਠੀਕ ਕਰ ਕੇ ਮਾਰਚ 1947 ਵਿਚ ਭਾਰਤ ਮੁੜੇ। ਦਿੱਲੀ ਵਿਚ ਉਹ ਜਵਾਹਰ ਲਾਲ ਨਹਿਰੂ ਦੇ ਨਿਜੀ ਮਹਿਮਾਨ ਰਹੇ।


ਨਹਿਰੂ ਨੇ ਉਨ੍ਹਾਂ ਨੂੰ ਏਸ਼ਿਆਈ ਦੇਸ਼ਾਂ ਦੀ ਕਾਨਫਰੰਸ ਵਿਚ ਵੀ ਸ਼ਾਮਿਲ ਕੀਤਾ ਜਿਸ ਤੋਂ ਬਾਅਦ ਉਹ 9 ਅਪਰੈਲ ਨੂੰ ਲਾਹੌਰ ਪਹੁੰਚੇ ਜਿਥੇ ਉਨ੍ਹਾਂ ਦਾ ਜ਼ਬਰਦਸਤ ਸਵਾਗਤ ਹੋਇਆ। ਉਨ੍ਹਾਂ ਦੀ ਪੋਤੀ ਵੀਰੇਂਦਰ ਸੰਧੂ ਅਨੁਸਾਰ 38 ਸਾਲਾਂ ਬਾਅਦ ਦੇਸ਼ ਪਰਤਣ ਤੇ ਉਨ੍ਹਾਂ ਦੀ ਪਤਨੀ ਹਰਨਾਮ ਕੌਰ ਨੂੰ ਸ਼ੱਕ ਸੀ ਕਿ ਕੋਈ ਹੋਰ ਬੰਦਾ ਹੀ ਅਜੀਤ ਸਿੰਘ ਬਣ ਕੇ ਨਾ ਆ ਗਿਆ ਹੋਵੇ। ਸੋ ਉਸ ਨੇ ਅਜੀਤ ਸਿੰਘ ਤੋਂ ਕਈ ਪਛਾਣ ਚਿੰਨ੍ਹ ਪੁੱਛ ਕੇ ਹੀ ਯਕੀਨ ਕੀਤਾ। ਸਿਹਤ ਦੀ ਖਰਾਬੀ ਕਰ ਕੇ ਉਹ ਪਿੰਡ ਤੱਕ ਨਹੀਂ ਜਾ ਸਕੇ ਅਤੇ ਜੁਲਾਈ 1947 ਵਿਚ ਪਤਨੀ ਹਰਨਾਮ ਕੌਰ ਅਤੇ ਭਤੀਜਿਆਂ ਕੁਲਬੀਰ ਤੇ ਕੁਲਤਾਰ ਨਾਲ ਡਲਹੌਜ਼ੀ ਆ ਗਏ ਜਿਥੇ ਉਨ੍ਹਾਂ ਸਤੰਬਰ ਤੱਕ ਠਹਿਰ ਕੇ ਵਾਪਿਸ ਮੁੜਨਾ ਸੀ ਪਰ 14 ਅਗਸਤ ਦੀ ਅੱਧੀ ਰਾਤ ਪੰਡਿਤ ਨਹਿਰੂ ਦਾ ਆਜ਼ਾਦੀ ਮਿਲਣ ਦਾ ਭਾਸ਼ਣ ਸੁਣ ਕੇ ਉਨ੍ਹਾਂ 15 ਅਗਸਤ ਨੂੰ ਸਵੇਰੇ ਕਰੀਬ 3.30 ਵਜੇ ਜੈ ਹਿੰਦ ਕਹਿ ਕੇ ਸਦਾ ਲਈ ਅੱਖਾਂ ਮੀਟ ਲਈਆਂ। ਡਲਹੌਜ਼ੀ ਵਿਚ ਹੀ ਪੰਜਪੁਲਾ ਵਿਖੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਜਿਥੇ ਅੱਜ ਉਨ੍ਹਾਂ ਦੀ ਯਾਦਗਾਰ ਤੇ ਹਜ਼ਾਰਾਂ ਲੋਕ ਜਾਂਦੇ ਹਨ। ਇੰਜ ਦੇਸ਼ ਭਗਤੀ ਦੀ ਬਲਦੀ ਮਸ਼ਾਲ ਆਜ਼ਾਦੀ ਦੀ ਤਾਜ਼ੀ ਹਵਾ ਦੇ ਝੌਂਕੇ ਨਾਲ ਅੰਤ ਨੂੰ ਪ੍ਰਾਪਤ ਹੋਈ।

## ਕੌਮੀ ਸਪਿਰਟ ਨੂੰ ਮਹਿਫੂਜ਼ ਕਰੋ

### 18 ਦਸੰਬਰ 1907 ਨੂੰ ਕਾਂਗਰਸ ਦੇ ਸੂਰਤ ਕੌਮੀ ਸੰਮੇਲਨ 'ਚ ਸਨਮਾਨ ਸਮਾਰੋਹ ਮੌਕੇ ਕੀਤੀ ਤਕਰੀਰ

ਮਾਨਯੋਗ ਦੇਸ਼ ਵਾਸੀਓ!

ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਇਸ ਸਨਮਾਨ ਦਾ ਹੱਕਦਾਰ ਨਹੀਂ ਹਾਂ ਜੋ ਮੈਨੂੰ ਦਿੱਤਾ ਗਿਆ ਹੈ ਪਰ ਜਨਤਾ ਵਿਚ ਰੱਬ ਵਸਦਾ ਹੈ ਅਤੇ ਰੱਬ ਜਨਤਾ ਦੀ ਇੱਛਾ ਦਾ ਹੀ ਦੂਸਰਾ ਰੂਪ ਹੈ। ਇਸ ਲਈ ਜੋ ਵੀ ਤੁਸੀਂ ਕਰੋ, ਮੇਰੇ ਲਈ ਰੱਬ ਦੀ ਦੇਣ ਹੈ। ਇਸ ਕਰ ਕੇ ਵਫਾਦਾਰ ਵਾਂਗ ਤੁਹਾਡੇ ਅੱਗੇ ਸਿਰ ਝੁਕਾਉਂਦਾ ਹਾਂ। ਮੇਰੇ ਲਈ ਇਹ ਤਾਜ ਨਹੀਂ ਹੈ, ਇਹ ਤਾਂ ਮੇਰੇ ਸਿਰ ਦੀ ਅਗਾਊਂ ਕੀਮਤ ਹੈ, ਉਸ ਸਿਰ ਦੀ ਜੋ ਪਹਿਲਾਂ ਹੀ ਕੌਮ ਦੀ ਅਮਾਨਤ ਹੈ। ਤਾਜ 'ਤੇ ਪੈਸੇ ਖਰਚਣੇ ਫਜ਼ੂਲ ਸਨ, ਇਹ ਕਿਸੇ ਹੋਰ ਲੋੜਵੰਦ ਨੂੰ ਦੇਣੇ ਚਾਹੀਦੇ ਸਨ। ਖੈਰ, ਮੈਂ ਤਹਿ ਦਿਲੋਂ ਤੁਹਾਡੇ ਪਿਆਰ ਤੇ ਸੱਚੇ ਦਿਲ ਦੀ ਕਦਰ ਕਰਦਾ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੈਨੂੰ



ਕਹਿਣਾ ਚਾਹੁੰਦੇ ਹੋ ਕਿ ਅਸੀਂ ਆਪਣੇ ਦਿਮਾਗ ਨੂੰ ਸੰਭਾਲ ਕੇ ਰੱਖੀਏ ਕਿਉਂਕਿ ਤਾਜ ਜਾਂ ਟੋਪੀ ਸਿਰ ਸੰਭਾਲਣ ਲਈ ਹੁੰਦੀ ਹੈ। ਸਾਡੇ ਦੇਸ਼ ਵਿਚ ਹੁੱਕੇ ਦੀ ਚਿਲਮ ਨੂੰ ਵੀ ਟੋਪੀ ਕਿਹਾ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਉਹ ਅੱਗ ਨੂੰ ਆਪਣੇ ਅੰਦਰ ਸੰਭਾਲਦੀ ਹੈ। ਇਸ ਕਰ ਕੇ ਸਾਨੂੰ ਕੌਮੀ ਅੱਗ (ਸਪਿਰਟ) ਨੂੰ ਸੰਭਾਲ ਕੇ ਰੱਖਣਾ ਹੈ, ਭੜਕਣ ਤੋਂ ਬਚਾਉਣਾ ਹੈ। ਟੋਪੀ ਰਾਇਫਲ ਨਾਲ ਵੀ ਸਬੰਧਤ ਹੈ ਜਿਸ ਰਾਹੀਂ ਰਾਇਫਲ ਦੀ ਤਾਕਤ ਮਹਿਫੂਜ਼ ਹੁੰਦੀ ਹੈ ਤੇ ਵਕਤ ਪੈਣ 'ਤੇ ਉਸ ਤਾਕਤ ਦੀ ਵਰਤੋਂ ਵਿਚ ਮਦਦਗਾਰ ਹੁੰਦੀ ਹੈ। ਇਸ ਕਰਕੇ ਕੌਮੀ ਤਾਕਤ ਨੂੰ ਪੂਰੀ ਦ੍ਰਿਸ਼ਟੀ ਨਾਲ ਸੰਭਾਲਿਆ ਜਾਣਾ ਚਾਹੀਦਾ ਹੈ ਤਾਂ ਕਿ ਵਿਦੇਸ਼ੀ ਸਲ੍ਹਾਬਾ ਇਸ ਵਿਚ ਆਲਸ ਨਾ ਪੈਦਾ ਕਰ ਸਕੇ ਅਤੇ ਵਕਤ ਪੈਣ 'ਤੇ ਵਰਤੋਂ ਲਈ ਤਿਆਰ ਰਹੇ। ਟੋਪੀਆਂ ਦਾ ਅਸਲ ਕੰਮ, ਸਾਡੇ ਦਿਮਾਗ, ਸਾਡੀ ਕੌਮੀ ਸਪਿਰਟ, ਕੌਮੀ ਤਾਕਤ ਨੂੰ ਸੰਭਾਲਣਾ ਹੋਣਾ ਚਾਹੀਦਾ ਹੈ ਤਾਂ ਕਿ ਵਕਤ ਪੈਣ 'ਤੇ ਇਸਤੇਮਾਲ ਕੀਤਾ ਜਾ ਸਕੇ। ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ।

***-ਅਜੀਤ ਸਿੰਘ***

# ਗੁਰਮਤਿ ਅਤੇ ਮਨੂੰਵਾਦ (ਬ੍ਰਾਹਮਣਵਾਦ) ਵਿਚਕਾਰ ਨਿਖੇੜਾ

## ਸਭੁ ਨਾਨਕ ਬ੍ਰਹਮ ਪਸਾਰੋ

**ਗੁਰਬਚਨ ਸਿੰਘ**
ਫੋਨ: 91-98156-98451

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਅਕਾਲ ਪੁਰਖ ਦਾ ਧੰਨਵਾਦ ਕਰਨ ਤੋਂ ਪਹਿਲਾਂ ਇਹ ਸਬਦੁ ਦਰਜ ਕੀਤਾ ਹੈ,

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ॥੧॥
(ਪੰਨਾ 1427)

ਭਾਵ ਗੁਰੂ ਗ੍ਰੰਥ ਸਾਹਿਬ (ਥਾਲ) ਵਿਚ ਤਿੰਨ ਵਸਤੂਆਂ ਮੌਜੂਦ ਹਨ। ਮਨੁੱਖੀ ਜ਼ਿੰਦਗੀ ਦੇ ਤਿੰਨ ਮੂਲ ਸਿਧਾਂਤ ਦਰਜ ਹਨ-ਸਤਿ ਭਾਵ ਸਚ (ਯਥਾਰਥ) ਦਾ ਗਿਆਨ, ਜਿਸ ਤੋਂ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਹੁੰਦਾ ਹੈ; ਸੰਤੋਖ ਭਾਵ ਵੰਡ ਕੇ ਛਕਣ ਦਾ ਜਜ਼ਬਾ ਅਤੇ ਵੀਚਾਰ ਭਾਵ ਸਚ ਜਾਣਨ ਦੀ ਜਗਿਆਸਾ। ਗੁਰੂ ਸਾਹਿਬ ਮੁਤਾਬਿਕ ਇਸ ਥਾਲ ਵਿਚ ਉਸ ਮਾਲਕ ਦਾ ਅੰਮ੍ਰਿਤ ਰੂਪੀ ਸਦੀਵੀ ਗਿਆਨ ਮੌਜੂਦ ਹੈ, ਜਿਹੜਾ ਸਾਰੇ ਪ੍ਰਾਣੀਆਂ ਦੇ ਜੀਵਨ ਦਾ ਮੂਲ ਆਧਾਰ ਹੈ। ਜੇ ਕੋਈ ਮਨੁੱਖ ਇਸ ਗਿਆਨ ਨੂੰ ਖਾ ਕੇ ਉਸ ਨੂੰ ਪਚਾਉਂਦਾ ਹੈ, ਭਾਵ ਉਸ ਨੂੰ ਆਪਣੀ ਚੇਤਨਾ ਅਤੇ ਆਪਣੇ ਮਨ ਵਿਚ ਵਸਾਉਂਦਾ ਹੈ, ਉਸ ਨੂੰ ਆਪਣੇ ਹਿਰਦੇ ਭਾਵ ਆਪਣੇ ਆਤਮ ਵਿਚ ਥਾਂ ਦਿੰਦਾ ਹੈ, ਤਾਂ ਉਸ ਮਨੁੱਖ ਦਾ ਕਲਿਆਣ ਹੁੰਦਾ ਹੈ। ਇਹ ਵਸਤੂਆਂ ਤਜਣ ਭਾਵ ਤਿਆਗਣ ਵਾਲੀਆਂ ਨਹੀਂ ਬਲਕਿ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਕੇ ਰੱਖਣ ਵਾਲੀਆਂ ਹਨ। (ਗੁਰੂ) ਨਾਨਕ (ਸਾਹਿਬ) ਦੇ ਭਾਵਾਂ ਅਨੁਸਾਰ ਇਸ ਹਨੇਰੇ ਸੰਸਾਰ ਵਿਚ ਚਾਰ-ਚੁਫੇਰੇ ਪਸਰੇ ਬ੍ਰਹਮ ਦੀ ਸ਼ਰਨ ਪਿਆਂ ਹੀ ਜੀਵਨ ਦਾ ਇਹ ਭਵਜਲ ਸਾਗਰ ਤਰਿਆ ਜਾ ਸਕਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਬ੍ਰਹਮ ਕੌਣ ਹੈ?

ਬ੍ਰਹਮ ਦੇ ਸੰਕਲਪ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਂ ਸਪਸ਼ਟ ਕੀਤਾ ਗਿਆ ਹੈ,

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ
ਸਭੁ ਬ੍ਰਹਮੁ ਦ੍ਰਿਸਟੀ ਆਇਆ॥
(ਪੰਨਾ 792)

ਯਥਾ ਸਾਡੇ ਚਾਰ-ਚੁਫੇਰੇ ਫੈਲਿਆ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ। ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ। ਗੁਰੂ ਅਰਜਨ ਦੇਵ ਜੀ 'ਸੁਖਮਨੀ' 'ਚ ਬ੍ਰਹਮ ਗਿਆਨੀ ਦੀ ਵਿਆਖਿਆ ਕਰਦਿਆਂ ਬ੍ਰਹਮ ਦੇ ਸੰਕਲਪ ਨੂੰ ਹੋਰ ਸਪਸ਼ਟ ਕਰਦੇ ਹਨ,

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥
(ਪੰਨਾ 272)

ਯਥਾ ਜਿਸ ਮਨੁੱਖ ਦਾ ਮਨ ਸਚਾ ਹੈ, ਭਾਵ ਮਨ ਵਿਚ ਕਿਸੇ ਕਿਸਮ ਦਾ ਕੋਈ ਭਰਮ ਅਤੇ ਫਰੇਬ ਨਹੀਂ; ਜਿਸ ਦਾ ਮੁਖ ਵੀ ਸਚਾ ਹੈ, ਭਾਵ ਜੋ ਕੁਝ ਉਸ ਦੇ ਮਨ ਵਿਚ ਹੈ, ਓਹੀ ਕੁਝ ਉਹ ਆਪਣੇ ਮੂੰਹੋਂ ਉਚਾਰਦਾ ਹੈ ਅਤੇ ਆਪਣੇ ਚਾਰ-ਚੁਫੇਰੇ ਪਸਰੇ ਏਕਸ ਤੋਂ ਬਗੈਰ ਕਿਸੇ ਹੋਰ ਨੂੰ ਨਹੀਂ ਵੇਖਦਾ ਭਾਵ ਆਪਣੇ ਆਤਮ ਵਿਚ ਕਿਸੇ ਹੋਰ ਦੂਜੇ (ਮਨ-ਕਲਪਿਤ ਰੱਬ) ਨੂੰ ਨਹੀਂ ਚਿਤਾਰਦਾ, ਉਹ ਮਨੁੱਖ ਬ੍ਰਹਮ ਗਿਆਨੀ ਭਾਵ ਬ੍ਰਹਮ ਦਾ ਗਿਆਨ ਰੱਖਣ ਵਾਲਾ ਹੈ।

ਫਿਰ ਸੁਆਲ ਪੈਦਾ ਹੁੰਦਾ ਹੈ ਕਿ ਇਸ ਬ੍ਰਹਮ ਗਿਆਨ ਦਾ ਸ੍ਰੋਤ ਕਿਹੜਾ ਹੈ?

ਇਸ ਸੁਆਲ ਦਾ ਜੁਆਬ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ,

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥
(ਪੰਨਾ 1226)

ਯਥਾ ਇਹ ਪੋਥੀ (ਗੁਰੂ ਗ੍ਰੰਥ ਸਾਹਿਬ) ਪਰਮੇਸਰ (ਸਿਰਜਣਹਾਰ ਰੱਬੀ ਹਸਤੀ) ਦੇ ਮਿਲਣ ਦੀ ਥਾਂ ਹੈ। ਸਾਧ ਸੰਗਤ ਦੇ ਰੂਪ ਵਿਚ ਰਲ-ਮਿਲ ਕੇ ਗੋਬਿੰਦ ਦੇ ਗੁਣ ਗਾਉਣਾ ਹੀ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ।

ਇਥੇ ਸੋਚਣ ਦਾ ਇਕ ਅਹਿਮ ਨੁਕਤਾ ਇਹ ਹੈ ਕਿ ਮਨੁੱਖ ਨੂੰ ਬ੍ਰਹਮ ਗਿਆਨ ਦੀ ਲੋੜ ਕਿਉਂ ਹੈ? ਕਿਉਂਕਿ ਇਸ ਗਿਆਨ ਨਾਲ ਬ੍ਰਾਹਮਣਵਾਦ ਦੇ ਮੂਲ ਆਧਾਰ ਮਨੂੰਵਾਦੀ ਬ੍ਰਹਮਾ ਦੀ ਉਤਪਤੀ ਦੀ ਜਾਣਕਾਰੀ ਮਿਲਦੀ ਹੈ। ਬ੍ਰਾਹਮਣਵਾਦ ਦੇ ਤਤ ਦਾ ਭੇਦ ਪਤਾ ਲਗਦਾ ਹੈ।

ਮਨੂੰ ਸਿਮ੍ਰਿਤੀ ਦੇ ਐਨ ਮੁਢ ਵਿਚ ਬ੍ਰਹਮਾ ਦੇ ਪੈਦਾ ਹੋਣ ਬਾਰੇ ਇਹ ਜਾਣਕਾਰੀ ਦਿੱਤੀ ਗਈ ਹੈ,

"ਆਦਿ ਕਾਲ ਦਾ ਸਮਾਂ ਹੈ। ਇਕ ਸਥਾਨ ਉਤੇ ਮਹਾਂਰਿਸ਼ੀ ਲੋਗ ਇਕਾਗਰ-ਚਿਤ ਅਤੇ ਸੁਖੀ ਆਸਣ ਵਿਚ ਬੈਠੇ ਭਗਵਾਨ ਮਨੂੰ ਦੇ ਕੋਲ ਪੂਰੀ ਸ਼ਰਧਾ ਭਗਤੀ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ 'ਹੇ ਭਗਵਨ! ਸਾਰੇ ਵਰਣਾਂ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਅਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ ਦੀ ਮਾਤਾ ਦੇ ਸੰਜੋਗ ਭਾਵ ਉਚ ਵਰਣ ਦੇ ਪਿਤਾ ਅਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਅਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕ੍ਰਮਵਾਰ ਨਿਭਾਏ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਹ ਕਹੋ।

ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਸੱਪ, ਮੱਛੀ, ਪੰਛੀ ਆਦਿ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਮਨੁੱਖ, ਪਸ਼ੂ ਆਦਿ), ਸੇਤਜ (ਮੈਲ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਖਟਮਲ, ਜੂੰਆਂ ਆਦਿ), ਉਤਭੁਜ (ਭਾਵ ਬੀਜ ਤੋਂ ਪੈਦਾ ਹੋਣ ਵਾਲੀ ਬਨਸਪਤੀ) ਸਾਰੇ ਜੀਵ ਸਮੂਹਾਂ ਦੇ ਜਨਮ ਅਤੇ ਮੌਤ, ਉਨ੍ਹਾਂ ਦੇ ਕਰਨ ਵਾਲੇ ਅਤੇ ਨਾ ਕਰਨ ਵਾਲੇ ਕੰਮਾਂ, ਉਨ੍ਹਾਂ ਦੇ ਵਿਸ਼ਵਾਸਾਂ ਅਤੇ ਉਨ੍ਹਾਂ ਦੇ ਆਚਾਰ ਨੂੰ ਯਥਾਯੋਗ ਅਤੇ ਇੱਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ, ਕਿਉਂਕਿ ਹੇ ਪ੍ਰਭੂ! ਸਿਰਫ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁੱਖੀ ਸੋਚ ਤੋਂ ਪਾਰ ਤਥਾ ਵੇਦ ਦੇ ਅਮਿਤ ਸਦੀਵੀ ਗਿਆਨ ਦੇ ਜਾਣਨਹਾਰ, ਯਗ ਕਰਤਾ ਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ।

ਫਿਰ ਮਹਾਂਰਿਸ਼ੀਆਂ ਵਲੋਂ ਇਸ ਤਰ੍ਹਾਂ ਦੇ ਪੁਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂੰ ਉਨ੍ਹਾਂ ਸਾਰੇ ਮਹਾਂਰਿਸ਼ੀਆਂ ਦਾ ਉਚਿਤ ਸਤਿਕਾਰ ਕਰ ਕੇ ਬੋਲੇ, 'ਸੁਣੋ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ, ਤਾਂ ਫਿਰ ਆਪਣੀ ਇਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁੱਖੀ ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ, ਸਰਬਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ ਆਕਾਸ਼ ਆਦਿ ਮੂਲ ਤੱਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਅਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖੁਦ ਪ੍ਰਗਟ ਹੋਏ। ਫਿਰ ਉਸ ਪਰਮਾਤਮਾ ਨੇ ਅਨੇਕ ਤਰ੍ਹਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇੱਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਅਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁਧ ਆਂਡੇ ਦਾ ਰੂਪ ਧਾਰਨ ਕਰ ਲਿਆ ਅਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।"

ਮਨੂੰ ਸਿਮ੍ਰਿਤੀ ਦੇ ਐਨ ਮੁਢ ਵਿਚ ਹੀ ਇਹ ਜਾਣਕਾਰੀ ਵੀ ਦਿਤੀ ਗਈ ਹੈ, "ਮਨੂੰ ਸਿਮ੍ਰਿਤੀ ਸੰਸਾਰ ਦਾ ਸਭ ਤੋਂ ਪੁਰਾਣਾ ਕਾਨੂੰਨੀ ਅਤੇ ਸਮਾਜੀ ਪ੍ਰਬੰਧ ਹੈ। ਇਹ ਏਨਾ ਠੋਸ ਹੈ ਕਿ ਭਾਰਤੀ ਸੰਵਿਧਾਨ ਅਤੇ ਭਾਰਤ ਦਾ ਸਮਾਜੀ ਪ੍ਰਬੰਧ ਅੱਜ ਵੀ ਇਸੇ ਮਨੂੰ ਸਿਮ੍ਰਿਤੀ ਉਤੇ ਆਧਾਰਿਤ ਹੈ। ਇਸ ਦੀ ਸਿਰਜਣਾ ਬ੍ਰਹਮਾ ਨੇ ਕੀਤੀ। ਬ੍ਰਹਮਾ ਨੇ ਮਨੂੰ ਨੂੰ ਪੜ੍ਹਾਇਆ ਅਤੇ ਫਿਰ ਮਨੂੰ ਨੇ ਇਸ ਦਾ ਗਿਆਨ ਭ੍ਰਿਗੂ ਨੂੰ ਦਿਤਾ। ਮਹਾਂਰਿਸ਼ੀ ਭ੍ਰਿਗੂ ਨੇ ਇਹ ਗਿਆਨ ਬਾਕੀ ਰਿਸ਼ੀਆਂ ਨੂੰ ਦਸਿਆ। ਇਸ ਤਰ੍ਹਾਂ ਇਹ ਸੰਸਕ੍ਰਿਤ ਸਾਹਿਤ ਦਾ ਹੈਰਾਨੀਜਨਕ ਅਤੇ ਅਣਮੋਲ ਖਜਾਨਾ ਸਾਹਮਣੇ ਆਇਆ।"

ਮਨੂੰ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰਖਿਆ ਲਈ ਆਪਣੇ ਮੂੰਹ ਬਾਹਾਂ ਜੰਘਾ ਅਤੇ ਪੈਰਾਂ ਵਿਚੋਂ ਕ੍ਰਮਵਾਰ ਚਹੁੰਆਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨ੍ਹਾਂ ਦੇ ਕੰਮ ਅਡ-ਅਡ ਨਿਸ਼ਚਿਤ ਕਰ ਦਿਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਨ੍ਹਾਂ ਲਈ ਨਿਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਜੇ ਉਹ ਆਪਣੇ ਨਿਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।"

ਗੁਰਮਤਿ ਨੇ ਮਨੂੰ ਦੇ ਇਸ ਮਨ-ਕਲਪਿਤ 'ਰਬ' ਬ੍ਰਹਮਾ ਦੀ ਕਰਤਾਰੀ ਹੋਂਦ ਨੂੰ ਮੂਲੋਂ ਹੀ ਨਕਾਰ ਦਿਤਾ ਹੈ।

ਗੁਰਮਤਿ ਇਹ ਜਾਣਕਾਰੀ ਦਿੰਦੀ ਹੈ,

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
(ਪੰਨਾ 1035)

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559)

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮ ਸੋਹੈ ਦਰ ਸਾਚੈ ਆਕੀ ਮਰਹਿ ਅਫਾਰੀ॥ (ਪੰਨਾ 991)

ਯਥਾ ਬ੍ਰਹਮਾ ਬਿਸਨ ਮਹੇਸ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਬ੍ਰਹਮਾ ਬਿਸਨ ਅਤੇ ਸਾਰੇ ਰਿਖੀ ਮੁਨੀ ਸ਼ੰਕਰ (ਸ਼ਿਵਜੀ) ਇੰਦਰ ਤੇ ਹੋਰ ਵੀ ਸਾਰੇ ਤਪੇ ਭਾਵ ਤਪ ਕਰਨ ਵਾਲੇ ਉਸ ਸਚੇ ਮਾਲਕ ਸਿਰਜਣਹਾਰ ਦੇ ਦਰਬਾਰ ਵਿਚ ਮੰਗਤੇ ਹਨ। ਜੋ ਉਸ ਦੇ ਹੁਕਮ ਵਿਚ ਚਲਦੇ ਹਨ, ਸਿਰਫ ਓਹੀ ਉਸ ਦੇ ਦਰ ਉਤੇ ਸੋਭਦੇ ਹਨ, ਬਾਕੀ ਸਾਰੇ ਆਪਣੇ ਹੰਕਾਰ 'ਚ ਆਫਰੇ ਹੀ ਮਰ ਜਾਂਦੇ ਹਨ।

ਗੁਰਮਤਿ ਅਨੁਸਾਰ ਵੈਦਿਕ ਫਿਲਾਸਫੀ ਦੀਆਂ ਦੋ ਧਾਰਾਵਾਂ ਹਨ-ਬ੍ਰਹਮ (ਸਤਿ) ਦੀ ਹੋਂਦ ਨੂੰ ਬੁਲੰਦ ਕਰਦੀ ਬ੍ਰਹਮਵਾਦੀ ਧਾਰਾ ਅਤੇ ਬ੍ਰਹਮਾ ਦੀ ਮਨ ਕਲਪਿਤ ਹੋਂਦ ਨੂੰ ਸਥਾਪਿਤ ਕਰਦੀ ਬ੍ਰਾਹਮਣਵਾਦੀ ਧਾਰਾ। ਗੁਰਮਤਿ ਬ੍ਰਹਮ (ਸਤਿ) ਵਾਦੀ ਧਾਰਾ ਨੂੰ ਪ੍ਰਵਾਨ ਕਰਦੀ ਹੈ ਅਤੇ ਮਨੂੰਵਾਦ ਬ੍ਰਾਹਮਣਵਾਦੀ ਧਾਰਾ ਦਾ ਜਨਕ ਹੈ।

ਮਨੂੰ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤ-ਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿਤਾ ਗਿਆ ਹੈ। ਇਹੀ ਮਨੂੰਵਾਦੀ ਸੋਚ ਅਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਹੀ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤ-ਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਹਜਾਰਾਂ ਖਾਨਿਆਂ ਵਿਚ ਵੰਡ ਦਿਤਾ। ਇਹੀ ਵੰਡ ਅਜੋਕੀਆਂ ਸਾਰੀਆਂ ਸਮਸਿਆਵਾਂ ਦੀ ਮੂਲ ਜੜ੍ਹ ਹੈ। ਇਸ ਵੰਡ ਦੇ ਆਧਾਰ ਉਤੇ ਬਣੀ ਮਾਨਸਿਕਤਾ ਹੀ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵਡੀ ਰੁਕਾਵਟ ਹੈ। ਗੁਰਮਤਿ ਦਾ ਫੁਰਮਾਨ ਹੈ,

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
(ਪੰਨਾ 1128)

ਭਾਵ ਜਾਤ-ਪਾਤ ਨੂੰ ਮੰਨਣ ਵਾਲਾ ਜਾਂ ਜਾਤ ਦਾ ਹੰਕਾਰ ਕਰਨ ਵਾਲਾ ਮਨੁੱਖ ਮੂਰਖ ਅਤੇ ਗਵਾਰ ਹੈ, ਭਾਵ ਉਹ ਪਸ਼ੂ ਦੇ ਸਮਾਨ ਹੈ, ਕਿਉਂਕਿ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਦੇ ਮਨ ਵਿਚ ਬਹੁਤ ਵਿਕਾਰ ਪੈਦਾ ਹੋ ਜਾਂਦੇ ਹਨ। ਭਾਵ ਜਾਤੀ ਹੰਕਾਰ ਕਿਸੇ ਦੂਜੇ ਮਨੁੱਖ ਨੂੰ ਨੁਕਸਾਨ ਬਾਅਦ ਵਿਚ ਪਹੁੰਚਾਉਂਦਾ ਹੈ, ਪਹਿਲਾਂ ਇਹ ਹੰਕਾਰ ਮਨੁੱਖ ਦੇ ਆਪਣੇ ਮਨ ਵਿਚ ਵਿਕਾਰ ਭਾਵ ਵਿਗਾੜ ਪੈਦਾ ਕਰਦਾ ਹੈ। ਜਾਤੀ ਹੰਕਾਰ ਮਨੁੱਖ ਦੀ ਆਪਣੀ ਚੇਤਨਾ ਵਿਚਲੀ ਆਪਣੀ ਸਮਾਜੀ ਹੋਂਦ ਨੂੰ ਛੋਟਾ ਕਰਦਾ ਹੈ ਅਤੇ ਉਹ ਖੁਦ ਹੀ ਆਪਣੇ ਮਨ ਵਿਚ ਆਪਣਾ ਸਮਾਜੀ ਦਾਇਰਾ ਸੀਮਤ ਕਰ ਲੈਂਦਾ ਹੈ। ਇਹ ਸੀਮਤਾਈ ਉਸ ਦੀ ਸਮਾਜੀ ਸੂਝ ਨੂੰ ਜ਼ਿੰਦਗੀ ਭਰ ਪੂਰਨ ਰੂਪ ਵਿਚ ਖਿੜਨ ਨਹੀਂ ਦਿੰਦੀ ਅਤੇ ਫਿਰ ਇਹੀ ਜਾਤੀ ਹੰਕਾਰ ਸਮਾਜ ਵਿਚ ਵੰਡੀਆਂ ਪਾਉਣ ਦਾ ਕਾਰਨ ਬਣਦਾ ਹੈ। ਸਮਾਜੀ ਜ਼ਿੰਦਗੀ ਵਿਚ ਲੜਾਈ ਝਗੜਿਆਂ ਦਾ ਆਧਾਰ ਬਣਦਾ ਹੈ।

ਗੁਰਮਤਿ ਨੇ ਇਹ ਗਿਆਨ ਵੀ ਦਿਤਾ ਹੈ,

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥
ਮਾਇਆ ਮੋਹੁ ਪਸਰਿਆ ਪਸਾਰਾ॥
ਮੂਰਖ ਪੜਹਿ ਸਬਦੁ ਨ ਬੂਝਹਿ
ਗੁਰਮੁਖਿ ਵਿਰਲੈ ਜਾਤਾ ਹੇ॥
(ਪੰਨਾ 1053)

ਯਥਾ ਸਿਮ੍ਰਤੀਆਂ ਅਤੇ ਸਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁੱਖ ਇਨ੍ਹਾਂ ਨੂੰ ਪੜ੍ਹਦਾ ਹੈ, ਪਰ ਸਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਗਿਆਨ ਵਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁੱਖ ਹੀ ਇਸ ਦਾ ਭੇਦ ਪਾ ਸਕਦਾ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ॥
ਸਾਂਕਲ ਜੇਵਰੀ ਲੈ ਹੈ ਆਈ॥
ਆਪਨ ਨਗਰੁ ਆਪ ਤੇ ਬਾਧਿਆ॥
ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥ ਰਹਾਉ॥
ਕਟੀ ਨ ਕਟੈ ਤੂਟਿ ਨਹ ਜਾਈ॥
ਸਾ ਸਾਪਨਿ ਹੋਇ ਜਗੁ ਕਉ ਖਾਈ॥
(ਪੰਨਾ 329)

ਯਥਾ ਵੇਦ ਹੀ ਸਿਮ੍ਰਤੀਆਂ ਦੇ ਜਨਕ ਹਨ। ਇਨ੍ਹਾਂ ਵਿਚਲਾ ਗਿਆਨ ਮਨੁੱਖੀ ਮਨ ਨੂੰ ਪਏ ਸੰਗਲ ਅਤੇ ਜੰਜੀਰਾਂ ਵਾਂਗ ਹਨ। ਇਹ ਇੰਜ ਹੈ, ਜਿਵੇਂ ਕੋਈ ਮਨੁੱਖ ਆਪਣੇ ਆਤਮ ਵਿਚ ਆਪ ਹੀ ਕੋਈ ਭਰਮ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ। ਸਾਰੇ ਯਤਨਾਂ ਦੇ ਬਾਵਜੂਦ ਜਿਹੜਾ ਭਰਮਜਾਲ ਕਟਿਆ ਨਹੀਂ ਜਾ ਸਕਦਾ ਤੇ ਜਿਹੜਾ ਸੱਪਣੀ ਦਾ ਰੂਪ ਧਾਰ ਕੇ ਜਗਤ ਨੂੰ ਖਾ ਰਿਹਾ ਹੈ।

ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ
ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ
ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ
ਸੁਤਿਆ ਰੈਣ ਵਿਹਾਣੀ॥ (ਪੰਨਾ 920)

ਯਥਾ ਸਿਮ੍ਰਿਤੀਆਂ ਅਤੇ ਸਾਸਤਰ ਪੁੰਨ ਪਾਪ ਦੀ ਚਰਚਾ ਕਰਦੇ ਹਨ, ਪਰ ਇਸ ਚਰਚਾ ਦਾ ਤਤ-ਸਾਰ ਨਹੀਂ ਜਾਣਦੇ। ਅਗਿਆਨ ਦੇ ਹਨੇਰੇ ਨੂੰ ਦੂਰ ਕਰ ਕੇ ਸਚ ਦੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਗੁਰੂ ਤੋਂ ਬਗੈਰ ਇਸ ਤਤ ਦਾ ਭੇਦ ਨਹੀਂ ਪਾਇਆ ਜਾ ਸਕਦਾ। ਸਾਰਾ ਸੰਸਾਰ ਤਿੰਨਾਂ ਭਾਵ ਰਜੋ-ਤਮੋ-ਸਤੋ ਗੁਣਾਂ ਦੇ ਭਰਮਜਾਲ ਵਿਚ ਫਸਿਆ ਹੋਇਆ ਹੈ ਅਤੇ ਇਸ ਭਰਮਜਾਲ ਵਿਚ ਫਸਿਆ ਹੀ ਮਰ ਜਾਂਦਾ ਹੈ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ਹ ਪੜਿਆ ਮੁਕਤਿ ਨ ਹੋਈ॥
(ਪੰਨਾ 747)

ਬੇਦ ਪੜੇ ਪੜਿ ਬ੍ਰਹਮੇ ਹਾਰੇ
ਇਕੁ ਤਿਲੁ ਨਹੀਂ ਕੀਮਤਿ ਪਾਈ॥
(ਪੰਨਾ 747)

ਯਥਾ ਵੇਦ ਕਤੇਬ ਸਿਮ੍ਰਿਤੀਆਂ ਅਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ (ਮਨ ਦੀ) ਮੁਕਤੀ ਨਹੀਂ ਮਿਲਦੀ। ਵੇਦ ਪੜ੍ਹ ਪੜ੍ਹ ਕੇ ਬ੍ਰਹਮੇ ਵਰਗੇ ਅਨੇਕ ਹਾਰ ਹੰਭ ਗਏ ਹਨ, ਪਰ ਉਨ੍ਹਾਂ ਨੇ ਉਸ ਇਕੁ (ਬ੍ਰਹਮ) ਦੀ ਰਤੀ ਭਰ ਵੀ ਕੀਮਤ ਨਹੀਂ ਜਾਣੀ। ਭਾਵ ਏਕੋ ਬ੍ਰਹਮ ਦਾ ਭੇਦ ਨਹੀਂ ਪਾਇਆ। ਗੁਰਮਤਿ ਵਿਚ ਦਰਜ ਆਤਮਿਕ ਗਿਆਨ ਬਾਰੇ ਵਿਚਾਰ ਕਰਨ ਨਾਲ ਇਹ ਸਾਰੇ ਭਰਮ ਖਤਮ ਹੋ ਜਾਂਦੇ ਹਨ।

ਜਾਤਿ ਬਰਨ ਕੁਲ ਸਹਿਸਾ ਚੂਕਾ
ਗੁਰਮਤਿ ਸਬਦਿ ਵਿਚਾਰੀ॥ (ਪੰਨਾ 1198)

ਜਿਨਾ ਚਿਰ ਸਿੱਖ ਆਪ ਗੁਰੂ ਗ੍ਰੰਥ ਸਾਹਿਬ ਨਹੀਂ ਪੜ੍ਹਦੇ, ਉਸ ਵਿਚ ਦਰਜ ਆਤਮਿਕ ਗਿਆਨ ਬਾਰੇ ਲਗਾਤਾਰ ਵਿਚਾਰ ਕਰ ਕੇ ਉਸ ਨੂੰ ਆਪਣੀ ਚੇਤਨਾ ਵਿਚ ਆਤਮਸਾਤ ਨਹੀਂ ਕਰਦੇ, ਭਾਵ ਆਪਣੀ ਚੇਤਨਾ ਵਿਚ ਨਹੀਂ ਵਸਾਉਂਦੇ ਅਤੇ ਉਸ ਚੇਤਨਾ ਅਨੁਸਾਰ ਆਪਣੇ ਜੀਵਨ ਨੂੰ ਨਹੀਂ ਘੜਦੇ, ਗੁਰਮਤਿ ਅਨੁਸਾਰ ਮਨੁੱਖੀ ਸਮਾਜ ਦੀ ਨਵੀਂ ਘਾੜਤ ਘੜਨ ਲਈ ਯਤਨਸ਼ੀਲ ਨਹੀਂ ਹੁੰਦੇ, ਓਨਾ ਚਿਰ ਉਹ ਐਵੇਂ ਹਨੇਰੇ ਵਿਚ ਟੱਕਰਾ ਮਾਰਦੇ ਰਹਿਣਗੇ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜੇ 15-20 ਸੰਕਲਪ ਸਪਸ਼ਟ ਹੋ ਜਾਣ ਤਾਂ ਗੁਰੂ ਗ੍ਰੰਥ ਸਾਹਿਬ ਦੇ ਆਤਮਿਕ ਗਿਆਨ ਦੀ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਬਸ਼ਰਤੇ ਕਿ ਅਸੀਂ ਇਹ ਗਿਆਨ ਅਪਨਾਉਣ ਲਈ ਆਪਣੇ ਤਨੋਂ-ਮਨੋਂ ਤਿਆਰ ਹੋਈਏ। ਮਿਸਾਲ ਦੇ ਤੌਰ ਉਤੇ ਗੁਰੂ ਗ੍ਰੰਥ ਸਾਹਿਬ ਵਿਚ 8344 ਵਾਰ ਹਰਿ ਸ਼ਬਦ ਆਇਆ ਹੈ ਅਤੇ 2533 ਵਾਰ ਰਾਮ ਸ਼ਬਦ ਆਇਆ ਹੈ। ਹਰਿ ਦੇ ਭਾਵਅਰਥ ਗੁਰੂ ਅਮਰ ਦਾਸ ਜੀ ਨੇ ਆਪਣੀ ਬਾਣੀ ਅਨੰਦ ਸਾਹਿਬ ਵਿਚ ਸਪਸ਼ਟ ਕੀਤੇ ਹਨ। ਰਾਮ ਸ਼ਬਦ ਦੇ ਭਾਵਅਰਥ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਂ ਦਰਜ ਹਨ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ (ਪੰਨਾ 922)

ਯਥਾ ਆਪਣੇ ਚਾਰ-ਚੁਫੇਰੇ (ਬ੍ਰਹਮ ਦੇ ਰੂਪ ਵਿਚ) ਫੈਲਿਆ, ਜਿਹੜਾ ਇਹ ਸੰਸਾਰ ਤੂੰ ਵੇਖ ਰਿਹਾ ਹੈ, ਇਹ ਹਰਿ ਜੀਉ ਦਾ ਪ੍ਰਗਟ ਰੂਪ ਹੈ। ਇਸ ਵਿਚੋਂ ਹੀ ਹਰਿ ਜੀ ਨਜ਼ਰ ਆਉਂਦੇ ਹਨ।

ਰਮਤ ਰਾਮ ਘਟ ਘਟ ਆਧਾਰ॥
(ਪੰਨਾ 896)

ਯਥਾ ਹਰੇਕ ਥਾਂ ਰਮਿਆ ਹੋਇਆ ਰਾਮ ਸਾਰਿਆਂ ਜਨਾਂ ਦੀ ਜ਼ਿੰਦਗੀ ਦਾ ਆਧਾਰ ਹੈ।

ਬ੍ਰਹਮ ਅਤੇ (ਮਨੂੰਵਾਦੀ) ਬ੍ਰਹਮਾ ਵਿਚਕਾਰ ਨਿਖੇੜਾ ਕਰ ਕੇ ਹੀ ਸਾਨੂੰ ਗੁਰਮਤਿ ਦੇ ਆਤਮਿਕ ਗਿਆਨ ਦੀ ਸੋਝੀ ਹੁੰਦੀ ਹੈ। ਗੁਰਮਤਿ ਦਾ ਆਤਮਿਕ ਗਿਆਨ ਹੀ ਸਾਨੂੰ ਧਰਮ ਅਤੇ ਕਰਮਕਾਂਡ ਵਿਚਕਾਰ ਨਿਖੇੜਾ ਕਰਨ ਦੀ ਜੁਗਤ ਦਸਦਾ ਹੈ। ਭੇਖ ਅਤੇ ਤਤ ਦੇ ਰਿਸ਼ਤੇ ਦੀ ਜਾਣਕਾਰੀ ਦਿੰਦਾ ਹੈ। ਇਹ ਜਾਣਕਾਰੀ ਹੀ ਸਾਡਾ ਆਤਮਿਕ ਅਤੇ ਮਾਨਸਿਕ ਵਿਕਾਸ ਕਰਦੀ ਹੈ। ਫਿਰ ਪਤਾ ਲਗਦਾ ਹੈ ਕਿ ਮਨੁੱਖ ਜਾਤੀ ਦੀ ਵਿਕਸਿਤ ਹੋਈ ਸਮਾਜੀ ਚੇਤਨਾ ਅਤੇ ਇਸ ਚੇਤਨਾ ਨਾਲ ਵਿਕਸਿਤ ਹੋਇਆ ਮਨੁੱਖੀ ਸਦਾਚਾਰ ਹੀ ਧਰਮ ਹੈ। ਸਦਾਚਾਰ ਇਕ ਮਨੁੱਖ ਦਾ ਆਪਣੇ ਉਤੇ ਲਾਗੂ ਕੀਤਾ ਗਿਆ ਸਵੈ-ਜ਼ਾਬਤਾ ਹੈ। ਭਾਵ ਆਪਣੀ ਜੀਵਨ ਕਿਰਿਆ ਦਾ ਆਪਣੇ ਮਨ ਦੀ ਮਰਜ਼ੀ ਨਾਲ ਮਿਥਿਆ ਘੇਰਾ, ਜਿਸ ਘੇਰੇ ਦੀ ਹੱਦ ਕੁਦਰਤੀ ਨੇਮ (ਹੁਕਮੁ) ਅਤੇ ਸਦੀਆਂ ਵਿਚ ਪਰਖੇ ਹੋਏ ਸਮਾਜੀ ਨੇਮ ਨਿਸ਼ਚਿਤ ਕਰਦੇ ਹਨ। ਇਹੀ ਧਰਮ ਦਾ ਤੱਤ ਹੈ।

## ਲਉ ਫਿਰ ਬਸੰਤ ਆਈ

ਆਈ ਬਸੰਤ ਕਹਿੰਦੇ ਪਾਲਾ ਉਡੰਤ।
ਕੋਹਰੇ ਤੋਂ ਤੰਗ ਸੀ ਸਾਰੇ ਜੀਅ ਜੰਤ।
ਦਸਤਕ ਰੁੱਤ ਮਸਤਾਨੀ ਦੀ ਆਈ।
ਛਟੀ ਠੰਡ ਫਸਲਾਂ ਲੈਣ ਅੰਗੜਾਈ।

ਚਾਰੇ ਪਾਸੇ ਖੇਤਾਂ ਵਿਚ ਰੰਗ ਬਸੰਤੀ।
ਕੁਦਰਤ ਦੀ ਖੇਡ ਅਗੰਮੀ ਅਨੰਤੀ।
ਸਰ੍ਹੋਂ, ਤਾਰਾਮੀਰਾ, ਹਾਲੋਂ ਤੇ ਅਲਸੀ।
ਬੂਰ ਪਏ ਕਣਕੇ ਰਾਤ ਲੱਗੇ ਤਲਖੀ।

ਜਾੜੇ ਦੀ ਮਾਰੀ ਬਨਸਪਤੀ ਜੋ ਸੁੱਤੀ।
ਮੌਲੀਆਂ ਗੱਠਾਂ ਲੈ ਫੁੱਲ ਪੱਤੇ ਉੱਠੀ।
ਬੂਟੇ ਤੇ ਡੋਡੀਆਂ ਦੇ ਸ਼ਗੂਫੇ ਨੇ ਫੁੱਟਦੇ।
ਤਿਤਲੀ ਭੰਵਰੇ ਕਿੰਜ ਮੌਜਾਂ ਨੇ ਲੁੱਟਦੇ।

ਚੁਫੇਰੇ ਮਹਿਕੇਗੀ ਹੁਣ ਖੁਸ਼ਬੋਈ।
ਭੰਵਰੇ ਦੀ ਭੀਂ ਭੀਂ ਬੱਸ ਸ਼ੁਰੂ ਹੋਈ।
ਬੋਲੂਗੇ ਪੈਲੀਆਂ 'ਚ ਤਿੱਤਰ ਬਟੇਰੇ।
ਸ਼ਿਕਾਰੀ ਜਾਲ ਬੰਨ੍ਹ ਲਾਣਗੇ ਡੇਰੇ।

ਚਿੜੀਆਂ ਦੀ ਚੀਂ ਚੀਂ ਘੁੱਗੀ ਘੂੰ ਘੂੰ।
ਤੋਤੇ ਦੀ ਟੈਂ ਟੈਂ ਕਬੂਤਰ ਦੀ ਗੁਟਰਗੂੰ।
ਪੰਛੀਆਂ ਦੇ ਸੰਤਾਨ ਵਾਧੇ ਦਾ ਮੌਸਮ।
ਰੰਗਲੇ ਫੁੱਲ ਤੋਂ ਬੀਜ ਬਣਾਂਦਾ ਮੌਸਮ।

ਖੁਸ਼ੀਆਂ ਖੇੜਿਆਂ 'ਚ ਗਾਵੇ ਧਰਤੀ।
ਰਸਭਿੰਨੇ ਫਲ ਰੁੱਤੇ ਉਗਾਵੇ ਧਰਤੀ।
ਸ਼ਹੀਦ ਦੀ ਚਾਹਤ ਦਾ ਰੰਗ ਬਸੰਤੀ।
ਭਗਤ, ਸੁਖ, ਰਾਜ ਦਾ ਅੰਗ ਬਸੰਤੀ।

ਨਿੱਘੀ ਹੋਵੇ ਧੁੱਪ ਪਰ ਰਾਤਾਂ ਠੰਢੀਆਂ।
ਬਸੰਤ ਨੇ ਪਿਆਰ ਸੁਗਾਤਾਂ ਵੰਡੀਆਂ।
ਗੱਭਰੂ ਪਏ ਨੇ ਡੰਡ ਬੈਠਕਾਂ ਕੱਢਦੇ।
ਦੌੜਾਂ ਲਾ ਇੱਕ ਦੂਜੇ ਨੂੰ ਪਿੱਛੇ ਛੱਡਦੇ।

ਸਾਗ, ਗਾਜਰਾਂ, ਗੋਂਗਲੂ ਨਿੱਤ ਖਾਉ।
ਘਿਉ, ਦੁੱਧ, ਪਿੰਨੀਆਂ ਸਿਹਤ ਬਣਾਉ।
ਹਰ ਘਰ ਖੁਸ਼ੀਆਂ ਲਿਆਵੇ ਬਸੰਤ!
ਸਮਾਜ 'ਚੋਂ ਵੰਡੀਆਂ ਮੁਕਾਵੇ ਬਸੰਤ!

*-ਸੇਵਾ ਸਿੰਘ ਨੂਰਪੁਰੀ*

# ਬੈਚ ਫੁੱਲ ਸੈਂਟਾਉਰੀ-ਸੇਵਕ ਸੁਰਤੀ

ਕੁਦਰਤ ਦੀ ਖੇਡ ਵੀ ਅਜੀਬ ਹੈ। ਇਸ ਵਿਚ ਇਕ ਪਾਸੇ ਦੂਜਿਆਂ ਨੂੰ ਨਫਰਤ ਕਰਨ ਵਾਲੇ ਨਿਰਦਈ ਵਿਅਕਤੀ ਪਾਏ ਜਾਂਦੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੀ ਹੁਕਮ ਬਰਦਾਰੀ ਕਰਨ ਨੂੰ ਸੇਵਕ ਸੁਰਤੀ ਵਾਲੇ। ਇੱਕਨਾਂ ਦਾ ਸੁਭਾਅ ਨਘੋਚੀ ਤੇ ਹੈਂਕੜ ਭਰਿਆ ਹੈ ਅਤੇ ਦੂਜਿਆਂ ਦਾ ਨਰਮ ਤੇ ਸੇਵਾ ਭਾਵ ਵਾਲਾ। ਬੀਚ (Beech) ਤੇ ਸੈਂਟਾਉਰੀ (Centaury) ਦੋਵੇਂ ਕਿਸਮ ਦੇ ਲੋਕ ਹਰ ਥਾਂ ਮਿਲਦੇ ਹਨ, ਪਰ ਵਿਅਕਤੀਤਵ ਦੋਹਾਂ ਵਿਚੋਂ ਕਿਸੇ ਦਾ ਵੀ ਸਾਵਾਂ ਨਹੀਂ ਹੁੰਦਾ। ਜੇ ਬੀਚ ਦੀਆਂ ਕੁਝ ਗੋਲੀਆਂ ਨੁਕਤਾਚੀਨਾਂ ਨੂੰ ਸ਼ਹਿਨਸ਼ੀਲ ਬਣਾ ਦਿੰਦੀਆਂ ਹਨ ਤਾਂ ਸੈਂਟਾਉਰੀ ਦੇ ਕੁਝ ਤੁਪਕੇ ਦਬਿਆਂ ਕੁਚਲਿਆਂ ਦੇ ਮੂੰਹ ਵਿਚ ਜ਼ੁਬਾਨ ਲਿਆ ਸਕਦੇ ਹਨ। ਇਹ ਦੋਵੇਂ ਬੈਚ ਫੁੱਲ ਹੀ ਸੰਸਾਰ ਨੂੰ ਇਕ ਵਧੀਆ ਰਹਿਣਯੋਗ ਸਥਾਨ ਬਣਾਉਣ ਵਿਚ ਵੱਡਾ ਯੋਗਦਾਨ ਪਾ ਸਕਦੇ ਹਨ।

ਇੱਥੇ ਇਹ ਜਾਣਨਾ ਜਰੂਰੀ ਹੈ ਕਿ ਬੈਚ ਦਵਾਈਆਂ ਤੁਪਕਿਆਂ ਵਿਚ ਦਿੱਤੀਆਂ ਜਾਂਦੀਆਂ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹਨ ਕਿ ਗੋਲੀਆਂ ਵਿਚ। ਬੈਚ ਦਵਾਈਆਂ ਪਾਣੀ ਅਤੇ ਅਲਕੋਹਲ ਵਿਚ ਬਣਦੀਆਂ ਹਨ ਤੇ ਦ੍ਰਵ ਰੂਪ ਵਿਚ ਹੀ ਵਿਕਦੀਆਂ ਹਨ; ਪਰ ਮਰੀਜ਼ ਨੂੰ ਇਹ ਦੋ ਤਰੀਕਿਆਂ ਨਾਲ ਦਿੱਤੀਆਂ ਜਾ ਸਕਦੀਆਂ ਹਨ। ਪਹਿਲਾ, ਪਾਣੀ ਵਿਚ ਪਾ ਕੇ। ਇਕ ਬਾਲਗ ਲਈ ਦਵਾਈ ਦੇ ਚਾਰ ਤੁਪਕੇ ਪੰਜਾਹ ਕੁ ਗਰਾਮ ਸਾਫ ਪਾਣੀ ਵਿਚ ਪਾ ਕੇ ਇਕ ਖੁਰਾਕ ਤਿਆਰ ਕੀਤੀ ਜਾਂਦੀ ਹੈ। ਇਹ ਉਸ ਨੂੰ ਹੌਲੀ ਹੌਲੀ ਪੀਣ ਨੂੰ ਦਿੱਤੀ ਜਾਂਦੀ ਹੈ ਤਾਂ ਜੋ ਉਸ ਦੇ ਮੂੰਹ ਦੇ ਵੱਧ ਤੋਂ ਵੱਧ ਹਿੱਸੇ ਨਾਲ ਸੰਪਰਕ ਕਰ ਸਕੇ। ਦਵਾਈ ਇਕੋ ਵਾਰ ਪਾਣੀ ਦੀ ਭਰੀ ਬੋਤਲ ਵਿਚ ਵੀ ਪਾਈ ਜਾ ਸਕਦੀ ਹੈ ਤਾਂ ਜੋ ਲੋੜ ਅਨੁਸਾਰ ਕਈ ਵਾਰ ਘੁੱਟ ਭਰ ਸਕੇ। ਜੋ ਲੋਕ ਪੀਣ ਦੇ ਪਾਣੀ ਦੀ ਬੋਤਲ ਹਮੇਸ਼ਾ ਨਾਲ ਰੱਖਦੇ ਹਨ, ਉਨ੍ਹਾਂ ਲਈ ਇਹ ਢੰਗ ਵਧੇਰੇ ਢੁਕਵਾਂ ਹੈ।

ਦਵਾਈ ਲੈਣ ਦਾ ਇਹ ਤਰੀਕਾ ਉਂਜ ਗਲਤ ਨਹੀਂ, ਪਰ ਖਿਲਾਰੇ ਭਰਿਆ ਹੈ। ਇਸ ਨੂੰ ਅਪਨਾਉਣ ਲਈ ਹਰ ਰੋਜ਼ ਸਵੇਰੇ ਨਵੀਂ ਬੋਤਲ ਤਿਆਰ ਕਰਨ ਤੋਂ ਬਚਣ ਲਈ ਦੂਜਾ ਤਰੀਕਾ ਗੋਲੀਆਂ ਰਾਹੀਂ ਦਵਾਈ ਲੈਣ ਦਾ ਹੈ। ਦਵਾਈ-ਰਹਿਤ ਗੋਲੀਆਂ ਨੂੰ ਇਕ ਖਾਲੀ ਸ਼ੀਸ਼ੀ ਵਿਚ ਪਾ ਕੇ ਇਨ੍ਹਾਂ ਨੂੰ ਦਵਾਈ ਦੀਆਂ ਕੁਝ ਬੂੰਦਾਂ ਨਾਲ ਇਕ ਵਾਰੀ ਗਿੱਲਾ (Saturate) ਕਰ ਲਿਆ ਜਾਂਦਾ ਹੈ। ਫਿਰ ਇਨ੍ਹਾਂ ਵਿਚੋਂ ਤਿੰਨ ਚਾਰ ਗੋਲੀਆਂ ਇਕ ਖੁਰਾਕ ਵਜੋਂ ਮਰੀਜ਼ ਨੂੰ ਲੋੜ ਅਨੁਸਾਰ ਦਿੱਤੀਆਂ ਜਾਂਦੀਆਂ ਹਨ। ਦੋਵੇਂ ਢੰਗ ਬਰਾਬਰ ਦੇ ਅਸਰਦਾਰ ਹਨ, ਪਰ ਇਹ ਅਖੀਰਲਾ ਵਧੇਰੇ ਆਸਾਨ ਹੈ।

ਸੈਂਟਾਉਰੀ ਦੇ ਮਰੀਜ਼ ਦਾ ਮੁੱਖ ਸੁਭਾਅ ਅਤਿ ਤੋਂ ਵੱਧ ਹਲੀਮੀ ਵਾਲਾ ਕਿਹਾ ਜਾਂਦਾ ਹੈ, ਪਰ ਹਲੀਮੀ ਇਸ ਲਈ ਕੋਈ ਬਹੁਤਾ ਢੁਕਵਾਂ ਸ਼ਬਦ ਨਹੀਂ। ਹਲੀਮੀ ਵਾਲਾ ਵਿਅਕਤੀ ਤਾਂ ਸੁਤੰਤਰ ਸੋਚ ਵਾਲਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ 'ਸੇਵਾ ਭਾਵ' ਵੀ ਇਸ ਫੁੱਲ ਦੇ ਪ੍ਰਭਾਵ ਦੀ ਪੂਰੀ ਤਰਜ਼ਮਾਨੀ ਨਹੀਂ ਕਰਦਾ, ਕਿਉਂਕਿ ਵੱਡੇ ਵੱਡੇ ਸਫਲ ਸ਼ਾਸਕ ਤੇ ਸੁਤੰਤਰ ਕਾਰੋਬਾਰੀ ਵੀ ਸੇਵਾ-ਭਾਵੀ ਹੋ ਸਕਦੇ ਹਨ। ਮਹਾਰਾਜਾ ਰਣਜੀਤ ਸਿੰਘ, ਜੋ ਕਹਿੰਦੇ ਹਨ ਬੁੱਢੇ ਤੇ ਲਾਚਾਰ ਲੋਕਾਂ ਦੇ ਘਰ ਆਨਾਜ ਪਹੁੰਚਾ ਕੇ ਆਉਂਦਾ ਸੀ, ਵੀ ਇਸੇ ਤਰ੍ਹਾਂ ਦਾ ਸੇਵਾ-ਭਾਵੀ ਸੀ; ਪਰ ਉਸ ਦਾ ਇਹ ਗੁਣ ਰਿਣਾਤਮਿਕ ਨਹੀਂ ਸੀ।

ਡਾ. ਦਰਸ਼ਨ ਸਿੰਘ ਵੋਹਰਾ ਨੇ ਸੈਂਟਾਉਰੀ ਦੇ ਕੂੰਜੀਵਤ ਸ਼ਬਦਾਂ ਦੀ ਇਕ ਸੂਚੀ ਦਿੱਤੀ ਹੈ, ਜਿਸ ਵਿਚ 'ਲਾਈਲਗ' ਹੋਣਾ, 'ਝੱਟ ਦੂਜਿਆਂ ਦੇ ਆਖੇ ਲਗ ਜਾਣਾ', 'ਆਪਣੀ ਇੱਛਾ-ਸ਼ਕਤੀ ਦੀ ਘਾਟ' ਹੋਣਾ, ਦੂਜਿਆਂ ਦੀ 'ਈਨ ਮੰਨ' ਲੈਣਾ ਆਦਿ ਸ਼ਾਮਲ ਹਨ। ਇਹ ਸਭ ਸ਼ਬਦ ਮਿਲ ਕੇ ਵੀ ਇਸ ਫੁੱਲ ਦੇ ਮਰੀਜ਼ ਦਾ ਵਿਅਕਤੀਤਵ ਨਹੀਂ ਸਿਰਜ ਸਕਦੇ। ਅਸਲ ਵਿਚ ਸੈਂਟਾਉਰੀ ਸੁਭਾਅ ਦਾ ਮਰੀਜ਼ ਸੇਵਕ ਸੁਰਤੀ ਵਾਲਾ ਹੁੰਦਾ ਹੈ। ਗੁਲਾਮ ਮਾਨਸਿਕਤਾ ਕਾਰਨ ਉਹ ਦੂਜਿਆਂ ਦੇ ਨੀਚੇ ਲੱਗਾ ਰਹਿੰਦਾ ਹੈ। ਹੇਠ ਲੱਗਿਆ ਵਿਅਕਤੀ ਦੂਜਿਆਂ ਨੂੰ ਨਾਂਹ ਨਹੀਂ ਕਹਿ ਸਕਦਾ। ਉਹ ਉਨ੍ਹਾਂ ਦੇ ਕਹੇ ਨੂੰ ਭੁੰਜੇ ਨਹੀਂ ਡਿਗਣ ਦਿੰਦਾ। ਉਸ ਵਿਚ ਸੇਵਾ-ਭਾਵ ਹੋਵੇ ਜਾਂ ਨਾ, ਪਰ ਉਹ ਇਹ ਨਹੀਂ ਸਹਾਰ ਸਕਦਾ ਕਿ ਕੋਈ ਕਹੇ ਕਿ ਉਸ ਨੇ ਉਸ ਦਾ ਕੰਮ ਨਹੀਂ ਕੀਤਾ। ਸੈਂਟਾਉਰੀ ਦਾ ਮਰੀਜ਼ ਸਭ ਦਾ ਅਹਿਸਾਨਮੰਦ ਤੇ ਸਭ ਨੂੰ ਪਸੀਜਣ ਵਾਲਾ (Please-all) ਹੁੰਦਾ ਹੈ।

ਸੈਂਟਾਉਰੀ ਦੇ ਮਰੀਜ਼ਾਂ ਨੂੰ ਕਿਸੇ ਨੂੰ ਜਵਾਬ ਦੇਣਾ ਨਹੀਂ ਆਉਂਦਾ। ਇਨਕਾਰ ਕਰਨ ਦੇ ਉਹ ਆਦੀ ਨਹੀਂ ਹੁੰਦੇ। ਉਹ ਸਮਝਦੇ ਹਨ ਕਿ ਜੇ ਉਨ੍ਹਾਂ ਨੇ ਨਾਂਹ ਕਹਿ ਦਿੱਤੀ ਤਾਂ ਉਨ੍ਹਾਂ ਦੀ ਸੋਚ ਉੱਖੜ-ਪੁੱਖੜ ਹੋ ਜਾਵੇਗੀ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਹੈ ਕਿ ਨਾਂਹ ਕਹਿਣ ਦੇ ਸਿੱਟਿਆਂ ਨਾਲ ਉਹ ਕਿਵੇਂ ਸਿੱਝਣਗੇ। ਉਨ੍ਹਾਂ ਦਾ ਇਹ ਸੁਭਾਅ ਹਿਪਨੋਟਿਜ਼ਮ ਵਾਂਗ ਛਿਣ-ਭੰਗਰਾ ਨਹੀਂ ਹੁੰਦਾ, ਸਗੋਂ ਇਕ ਪੱਕੀ ਆਦਤ ਵਾਂਗ ਚਿਰ-ਸਥਾਈ (Stable) ਹੁੰਦਾ ਹੈ। ਉਹ ਨਾ ਕਿਸੇ ਦਾ ਆਖਾ ਟਾਲਣ ਦੀ ਹਿੰਮਤ ਕਰਦੇ ਹਨ ਤੇ ਨਾ ਆਪਣੇ ਨਫੇ ਨੁਕਸਾਨ ਬਾਰੇ ਸੋਚਦੇ ਹਨ। ਉਨ੍ਹਾਂ ਦੀ ਫਿਤਰਤ ਹੁੰਦੀ ਹੈ ਕਿ ਉਹ ਬਿਨਾ ਸਵਾਲ-ਜਵਾਬ ਕੀਤਿਆਂ ਦੂਜਿਆਂ ਦੀ ਹੁਕਮ-ਅਦੂਲੀ ਕਰਦੇ ਰਹਿਣ।

ਤਾਂ ਫਿਰ ਕੀ ਸੈਂਟਾਉਰੀ ਮਰੀਜ਼ ਸੱਚ-ਮੁੱਚ ਗੁਲਾਮ ਹੁੰਦਾ ਹੈ? ਜੀ ਨਹੀਂ। ਅਰਸਤੂ ਨੇ ਗੁਲਾਮ ਦੀ ਪਰਿਭਾਸ਼ਾ ਦਿੰਦਿਆਂ ਦੋ ਗੱਲਾਂ ਦੱਸੀਆਂ ਹਨ। ਪਹਿਲੀ, ਜੋ ਵਿਅਕਤੀ ਆਪ ਦੂਜਿਆਂ ਨੂੰ ਨਿਰਦੇਸ਼ ਨਾ ਦੇ ਸਕੇ, ਪਰ ਦੂਜਿਆਂ ਦੇ ਨਿਰਦੇਸ਼ ਨੂੰ ਸਮਝ ਕੇ ਉਸ ਅਨੁਸਾਰ ਕ੍ਰਿਆ ਕਰਨ ਦੇ ਯੋਗ ਹੋਵੇ ਉਹ ਗੁਲਾਮ ਹੈ। ਭਾਵ ਜਿਸ ਵਿਅਕਤੀ ਕੋਲ ਇੰਨਾ ਤਰਕ ਜਾਂ ਸਮਝਦਾਰੀ ਨਾ ਹੋਵੇ ਕਿ ਉਹ ਅਗਾਹਾਂ ਦੀ ਭਾਂਪ ਕੇ ਦੂਜਿਆਂ ਨੂੰ ਹੁਕਮ ਦੇ ਸਕੇ, ਪਰ ਉਹ ਕਿਸੇ ਦੇ ਤਾਜੇ ਦਿੱਤੇ ਹੁਕਮ ਨੂੰ ਸਮਝਣ ਤੇ ਲਾਗੂ ਕਰਨ ਦੀ ਕਾਬਲੀਅਤ ਰੱਖਦਾ ਹੋਵੇ, ਉਹ ਤਕਨੀਕੀ ਤੌਰ 'ਤੇ ਦੂਜਿਆਂ ਦਾ ਦਾਸ ਹੈ। ਦੂਜੀ, ਉਹ ਵਿਅਕਤੀ, ਜੋ ਖੁਦ ਕਿਸੇ ਚੀਜ਼ ਦਾ ਮਾਲਕ ਨਾ ਹੋਵੇ, ਪਰ ਆਪ ਕਿਸੇ ਦੀ ਮਲਕੀਅਤ ਹੋਵੇ, ਉਹ ਦਾਸ ਕਹਾਉਂਦਾ ਹੈ। ਇਸ ਤਰ੍ਹਾਂ ਅਰਸਤੂ ਦੀ ਪਰਿਭਾਸ਼ਾ ਪੂਰੀ ਤਰ੍ਹਾਂ ਇਕ ਯਵਨੀ (Hellenic) ਧਾਰਨਾ ਹੈ, ਜੋ ਸੈਂਟਾਉਰੀ ਚਰਿੱਤਰ 'ਤੇ ਲਾਗੂ ਨਹੀਂ ਹੁੰਦੀ। ਸੈਂਟਾਉਰੀ ਮਰੀਜ਼ ਹੋਂਦ ਵਜੋਂ ਕਿਸੇ ਦਾ ਗੁਲਾਮ ਨਹੀਂ ਹੁੰਦਾ। ਉਸ ਦੀ ਆਪਣੀ ਆਜ਼ਾਦ ਹਸਤੀ ਹੁੰਦੀ ਹੈ, ਉਸ ਦਾ ਸੁਤੰਤਰ ਨਾਂ ਹੁੰਦਾ ਹੈ ਤੇ ਉਹ ਪਰਿਵਾਰ ਤੇ ਸੰਪਤੀ ਦਾ ਮਾਲਕ ਵੀ ਹੋ ਸਕਦਾ ਹੈ, ਪਰ ਉਹ ਸੁਭਾਅ ਪੱਖੋਂ ਸੇਵਕ ਸੁਰਤੀ ਵਾਲਾ ਹੁੰਦਾ ਹੈ।

ਕੀ ਸੈਂਟਾਉਰੀ ਫੁੱਲ ਦੇ ਚਿੰਨ ਕਿਸੇ ਅਲਪ-ਵਿਕਸਿਤ ਬੱਚੇ ਵਰਗੇ ਹੁੰਦੇ ਹਨ? ਇਸ ਗੱਲ ਨਾਲ ਵੀ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। ਜੋ ਵਿਕਸਿਤ ਹੋਇਆ ਹੀ ਨਹੀਂ ਭਾਵ ਜਿਸ ਵਿਚ ਸਮਝਦਾਰੀ ਪਨਪੀ ਹੀ ਨਹੀਂ, ਉਹ ਸੈਂਟਾਉਰੀ ਵਾਂਗ ਨਹੀਂ ਹੋ ਸਕਦਾ। ਸੈਂਨਟੋਰੀ ਸਮਝਦਾਰ ਹੁੰਦਾ ਹੈ, ਪਰ ਉਹ ਆਪਣੀ ਸਮਝ ਨੂੰ ਵਰਤਦਾ ਨਹੀਂ ਜਾਂ ਵਰਤਣ ਵੇਲੇ ਇਸ ਨੂੰ ਛੁਪਾ ਲੈਂਦਾ ਹੈ। ਜੇ ਦੂਜਾ ਕੋਈ ਨੇੜੇ ਨਾ ਹੋਵੇ, ਜਾਂ ਜੇ ਉਸ ਨੂੰ ਦੂਜਿਆਂ ਤੋਂ ਪਰ੍ਹੇ ਰਹਿ ਕੇ ਆਪਣੇ ਫੈਸਲੇ ਆਪ ਲੈਣ ਦਾ ਮੌਕਾ ਮਿਲੇ, ਤਾਂ ਉਹ ਵਧੀਆ ਫੈਸਲਾ ਲੈ ਸਕੇਗਾ; ਪਰ ਜੇ ਕੋਈ ਉਸ ਦੇ ਕੋਲ ਆ ਕੇ ਕਹੇ ਕਿ ਉਹ ਆਪਣਾ ਨਿਰਣਾ ਛੱਡ ਕੇ ਕਿਸੇ ਹੋਰ ਨਿਰਣੇ ਨੂੰ ਅਪਨਾਵੇ ਤਾਂ ਉਹ ਉਸ ਨੂੰ ਨਿਰਾਸ਼ ਨਹੀਂ ਕਰੇਗਾ। ਉਸ ਦੀ ਸੱਮਸਿਆ ਆਪਣਾ ਫੈਸਲਾ ਲੈਣ ਜਾਂ ਨਾ ਲੈਣ ਦੀ ਨਹੀਂ ਹੈ, ਸਗੋਂ ਦੂਜਿਆਂ ਦੇ ਨਿਰਦੇਸ਼ਨ ਅਨੁਸਾਰ ਆਪਣੇ ਫੈਸਲੇ ਤੋਂ ਥਿੜਕਣ ਦੀ ਹੈ। ਉਹ ਆਪਣੇ ਫੈਸਲੇ ਨੂੰ ਗਲਤ ਜਾਂ ਠੀਕ ਨਹੀਂ ਕਹਿੰਦਾ, ਸਗੋਂ ਉਹ ਇਸ ਦਾ ਪੂਰੀ ਤਰ੍ਹਾਂ ਤਿਆਗ ਕਰ ਕੇ ਦੂਜਿਆਂ ਦੇ ਵਹਿਣ ਵਿਚ ਵਹਿ ਜਾਂਦਾ ਹੈ। ਜੇ ਉਹ ਆਤਮ-ਵਿਸ਼ਵਾਸ ਦੀ ਘਾਟ ਕਾਰਨ ਆਪਣਾ ਫੈਸਲਾ ਲੈ ਹੀ ਨਾ ਸਕੇ ਤੇ ਹਰ ਕੰਮ ਦੂਜਿਆਂ ਨੂੰ ਪੁੱਛ-ਪੁੱਛ ਕੇ ਕਰੇ ਤਾਂ ਉਸ ਨੂੰ ਸੈਂਟਾਉਰੀ ਫੁੱਲ-ਦਵਾਈ ਨਾਲ ਆਰਾਮ ਨਹੀਂ ਆਵੇਗਾ। ਉਸ ਦੀ ਹਾਲਤ ਪੱਧਰੀ ਕਰਨ ਲਈ ਚਿਕੋਰੀ ਨਾਂ ਦੀ ਹੋਰ ਫੁੱਲ-ਦਵਾਈ ਹੈ। ਇਸੇ ਤਰ੍ਹਾਂ ਜੇ ਉਹ ਭੁੱਲਣ ਕਾਰਨ ਫੈਸਲਾ ਨਾ ਲੈ ਸਕੇ ਜਾਂ ਫੈਸਲਾ ਲੈ ਕੇ ਭੁੱਲ ਜਾਵੇ ਤਾਂ ਉਸ ਨੂੰ ਵਾਅਦਾ-ਖਿਲਾਫੀ ਕਰਨ ਤੋਂ ਚੈਸਟਨਟ ਬੱਡ ਨਾਮੀ ਇਕ ਹੋਰ ਫੁੱਲ-ਦਵਾਈ ਰੋਕੇਗੀ।

ਪਰ ਇਸ ਦਾ ਇਹ ਭਾਵ ਨਹੀਂ ਕਿ ਸੈਂਟਾਉਰੀ ਫੁੱਲ-ਦਵਾਈ ਘੱਟ-ਵਿਕਸਿਤ ਬੱਚਿਆਂ ਦੀ ਕੋਈ ਮਦਦ ਕਰ ਹੀ ਨਹੀਂ ਸਕਦੀ। ਜੇ ਉਹ ਇੰਨੇ ਭੋਲੇ ਹੋਣ ਕਿ ਕੋਈ ਉਨ੍ਹਾਂ ਨੂੰ ਆਪਣੇ ਪਿੱਛੇ ਲਾ ਕੇ ਲੈ ਜਾਵੇ, ਜਾਂ ਉਨ੍ਹਾਂ ਨੂੰ ਗੁਲਾਮ ਬਣਾ ਕੇ ਆਪਣੇ ਲਾਭ ਲਈ ਵਰਤੇ, ਤਾਂ ਸੈਂਨਟੋਰੀ ਹੀ ਉਨ੍ਹਾਂ ਦੇ ਕੰਮ ਆਵੇਗੀ। ਜਿਨ੍ਹਾਂ ਬੱਚਿਆਂ ਵਿਚ 'ਧਿਆਨ ਦੀ ਘਾਟ' ਜਿਹੀ ਆਮ ਸਮੱਸਿਆ (Attention Deficit Disorder) ਹੋਵੇ, ਉਨ੍ਹਾਂ ਦਾ ਕਲਿਆਣ ਵੀ ਇਹੀ ਬੈਚ ਫੁੱਲ ਦਵਾਈ ਕਰੇਗੀ; ਪਰ ਜੇ ਉਨ੍ਹਾਂ ਬੱਚਿਆਂ ਦਾ ਧਿਆਨ ਪੂਰੀ ਕੋਸ਼ਿਸ਼ ਤੋਂ ਬਾਅਦ ਵੀ ਫਿਸਲ ਜਾਂ ਭਟਕ ਜਾਂਦਾ ਹੋਵੇ ਤਾਂ ਉਨ੍ਹਾਂ 'ਤੇ ਇਹ ਦਵਾਈ ਕੰਮ ਨਹੀਂ ਕਰੇਗੀ। ਉਨ੍ਹਾਂ ਦਾ ਕਲਿਆਣ ਵੀ ਚੈਸਟਨਟ ਬੱਡ ਕਰੇਗੀ। ਹੋਮਿਓਪੈਥਿਕ ਪ੍ਰਣਾਲੀ ਵਿਚ ਤਾਂ ਅਲਾਮਤ ਦਰ ਅਲਾਮਤ ਇਸ ਦੀਆਂ ਕਈ ਰੈਮਡੀਜ਼ ਹਨ।

ਸੈਂਟਾਉਰੀ ਦਾ ਕਾਰਜ ਖੇਤਰ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਕੋਈ ਵਿਅਕਤੀ ਸਨਮਾਨ ਜਾਂ ਅਤੀਤ ਦੇ ਡਰ ਕਾਰਨ ਕਿਸੇ ਦੂਜੇ ਅੱਗੇ ਜਬਾਨ ਨਾ ਖੋਲ੍ਹ ਸਕੇ। ਉਹ ਉਸ ਸਾਹਮਣੇ ਮੂਕ ਦਰਸ਼ਕ ਹੋ ਜਾਵੇ ਤੇ ਸੱਚੀ ਗੱਲ ਕਹਿਣ ਲਈ ਵੀ ਉਸ ਦੇ ਮੂੰਹ 'ਤੇ ਤਾਲਾ ਲੱਗ ਜਾਵੇ। ਅਜੋਕੇ ਪ੍ਰਧਾਨ ਮੰਤਰੀ ਅੱਗੇ ਦੂਜੇ ਮੰਤਰੀਆਂ ਵਾਂਗ ਆਗਿਆਕਾਰੀ ਬਣ ਕੇ ਉਹ ਉਸ ਦੀ ਇੱਛਾ ਦਾ ਪਾਲਣ ਹੀ ਕਰਦਾ ਜਾਵੇ। ਜੇ ਉਹ ਬੋਲਣਾ ਵੀ ਚਾਹੇ ਤਾਂ ਉਸ ਦੀ ਜੁਬਾਨ ਹੀ ਲੜਖੜਾ ਜਾਂਦੀ ਹੋਵੇ। ਉਹ ਸਿਰਫ ਹਾਂ ਜਾਂ ਨਾਂਹ ਵਿਚ ਹੀ ਗੱਲ ਕਰਦਾ ਹੋਵੇ। ਜੇ ਇਕ ਅੱਧਾ ਸ਼ਬਦ ਉਹ ਕਹਿ ਵੀ ਪਾਉਂਦਾ ਹੋਵੇ, ਉਸ ਨੂੰ ਬੋਲਣ ਵੇਲੇ ਵੀ ਉਹ ਦੂਜੇ ਪਾਸੇ ਮੂੰਹ ਕਰ ਲੈਂਦਾ ਹੋਵੇ। ਖੁਦ ਬੋਲਣ ਨਾਲੋਂ ਉਸ ਨੂੰ ਹੁਕਮ ਪੁਗਾਉਣਾ ਆਸਾਨ ਲਗਦੇ ਹੋਵੇ। ਅਜਿਹਾ ਵਿਅਕਤੀ ਆਪਣੀ ਆਤਮਾ-ਪੀੜਾ ਕਾਰਨ ਬੀਮਾਰ ਤਾਂ ਹੋ ਜਾਵੇਗਾ, ਪਰ ਪਰਾਈ ਚਮਚਾਗਿਰੀ ਨਹੀਂ ਛੱਡੇਗਾ। ਸੈਂਟਾਉਰੀ ਅਜਿਹੇ ਵਿਅਕਤੀਆਂ ਦੀ ਜ਼ਮੀਰ ਝੰਜੋੜ ਕੇ ਉਨ੍ਹਾਂ ਵਿਚ ਬੋਲਣ ਦਾ ਬਲ ਭਰਦੀ ਹੈ।



ਇੰਡੀਆ ਵਿਚ ਮੇਰੇ ਕੋਲ ਇਕ ਤੀਹ ਕੁ ਸਾਲ ਦੀ ਔਰਤ ਨੂੰ ਸਿਰ ਦੇ ਚੱਕਰਾਂ ਤੇ ਹੱਥਾਂ ਦੀਆਂ ਬਿਆਈਆਂ ਦਾ ਇਲਾਜ ਕਰਨ ਲਈ ਲਿਆਂਦਾ ਗਿਆ। ਉਸ ਦੀਆਂ ਗੱਲਾਂ ਬਾਤਾਂ ਤੋਂ ਉਹ ਬਹੁਤ ਅਬਲਾ ਤੇ ਲਾਚਾਰ ਨਜ਼ਰ ਆਈ। ਮੈਂ ਉਸ ਨਾਲ ਆਈ ਔਰਤ ਨੂੰ ਦੂਰ ਬਿਠਾ ਕੇ ਉਸ ਦੀ ਸਹੀ ਸਥਿਤੀ ਜਾਣਨ ਲਈ ਕਈ ਪ੍ਰਸ਼ਨ ਪੁੱਛੇ। ਪਹਿਲਾਂ ਤਾਂ ਉਹ ਸਾਊ ਬਣੀ ਬੈਠੀ ਰਹੀ ਤੇ ਬਹੁਤੀ ਆਈ-ਗਈ ਨਾ ਦਿੱਤੀ, ਪਰ ਜਦੋਂ ਮੈਂ ਦੱਸਿਆ ਕਿ ਜੋ ਮੈਂ ਪੁੱਛ ਰਿਹਾ ਹਾਂ ਉਸ ਦੇ ਇਲਾਜ ਲਈ ਪੁੱਛ ਰਿਹਾ ਹਾਂ, ਤਾਂ ਉਹ ਫੁੱਟ ਪਈ।

ਉਸ ਨੇ ਵਿਚ ਵਿਚ ਰੋ ਕੇ ਦੱਸਿਆ ਕਿ ਉਹ ਘਰ ਦਾ ਕੰਮ ਕਰਦੀ ਹੈ। ਘਰ ਵਿਚ ਉਸ ਦੇ ਪਤੀ ਤੋਂ ਇਲਾਵਾ ਉਸ ਦੀ ਸੱਸ ਤੇ ਵੱਡੀ ਨਣਦ ਹਨ। ਸੱਸ ਬਜੁਰਗ ਹੈ ਤੇ ਨਣਦ ਛੱਡੀ ਹੋਈ ਹੈ, ਜੋ ਹੁਣ ਉਨ੍ਹਾਂ ਦੇ ਘਰ ਵਿਚ ਹੀ ਰਹਿੰਦੀ ਹੈ। ਨਣਦ ਬੜੀ ਤੇਜ਼, ਜਾਲਮ ਤੇ ਸਨਕੀ ਹੈ। ਘਰ ਵਿਚ ਉਸੇ ਦੀ ਚਲਦੀ ਹੈ। ਉਸ ਨੇ ਸ਼ੁਰੂ ਤੋਂ ਹੀ ਉਸ 'ਤੇ ਗਲਬਾ ਪਾਇਆ ਹੋਇਆ ਹੈ। ਉਹ ਆਪ ਸਾਰਾ ਦਿਨ ਸਰਦਾਰੀ ਘੋਟਦੀ ਹੈ ਤੇ ਘਰ ਦਾ ਸਾਰਾ ਕੰਮ ਉਸ ਤੋਂ ਕਰਵਾਉਂਦੀ ਹੈ। ਉਸ ਨੂੰ ਆਪਣੀ ਸੱਸ ਦੀ ਸੇਵਾ ਦੇ ਨਾਲ ਨਾਲ ਨਣਦ ਦੀ ਸੇਵਾ ਵੀ ਕਰਨੀ ਪੈਂਦੀ ਹੈ। ਉਹ ਦੋਹਾਂ ਨੂੰ ਉਨ੍ਹਾਂ ਦਾ ਰੋਟੀ, ਪਾਣੀ, ਚਾਹ, ਤੌਲੀਆ, ਜੁਤੀਆਂ ਆਦਿ ਮੰਜੇ 'ਤੇ ਬੈਠੀਆਂ ਨੂੰ ਹੀ ਦਿੰਦੀ ਹੈ। ਜੋ ਕੁਝ ਆਖਣ, ਉਹੀ ਬਣਾ ਕੇ ਦੇਣਾ ਪੈਂਦਾ ਹੈ। ਬਿਮਾਰ ਹੋਣ 'ਤੇ ਵੀ ਬੈਠਣ ਨੂੰ ਨਹੀਂ ਕਹਿੰਦੀਆਂ। ਸਾਰਾ ਦਿਨ ਪਾਣੀ ਵਿਚ ਹੱਥ ਰਹਿਣ ਨਾਲ ਉਸ ਦੇ ਹੱਥ ਫਟ ਗਏ ਹਨ। ਹਰ ਵਕਤ ਕਿਚਨ ਵਿਚ ਖੜ੍ਹੀ ਰਹਿਣ ਨਾਲ ਉਸ ਨੂੰ ਚੱਕਰ ਆਉਣ ਲੱਗ ਪਏ ਹਨ। ਉਹ ਆਪਣੇ ਮਾਂ-ਪਿਓ ਦੀ ਸ਼ਰਮ ਦੀ ਮਾਰੀ ਉਨ੍ਹਾਂ ਅੱਗੇ ਦਮ ਨਹੀਂ ਭਰਦੀ।

ਮੈਂ ਉਸ ਨੂੰ ਪੁੱਛਿਆ ਕਿ ਉਹ ਆਪਣੀ ਨਣਦ ਨੂੰ ਕਿਉਂ ਨਹੀਂ ਕਹਿੰਦੀ ਕਿ ਉਹ ਉਸ ਨਾਲ ਕੰਮ ਕਰਾਵੇ? ਉਸ ਨੇ ਮੋੜਵਾਂ ਜਵਾਬ ਦਿੱਤਾ, "ਉਹਨੂੰ ਐਨੀ ਗੱਲ ਕਹਿਣ ਦੀ ਕਿਹਦੀ ਮਜ਼ਾਲ ਹੈ ਜੀ?" ਨਾਲ ਹੀ ਉਸ ਨੇ ਕਿਹਾ, "ਹੁਣ ਐਨੀ ਨਿਕਲ ਗਈ ਹੈ, ਬਾਕੀ ਲਈ ਕੀ ਬੋਲੀਏ।" ਮੈਨੂੰ ਅੰਦਾਜ਼ਾ ਹੀ ਨਹੀਂ ਪੱਕਾ ਵਿਸ਼ਵਾਸ ਹੋ ਗਿਆ ਕਿ ਇਸ ਔਰਤ ਨੂੰ ਸੈਂਟਾਉਰੀ ਦੀ ਲੋੜ ਹੈ। ਉਸ ਦੀਆਂ ਸੱਮਸਿਆਵਾਂ ਦਾ ਮੁੱਢ ਉਸ ਦਾ ਜੀ ਹਜੂਰੀਆ ਸੁਭਾਅ ਸੀ। ਮੈਂ ਉਸ ਨੂੰ ਇਕ ਹਫਤੇ ਲਈ ਪੂਰੇ ਬੈੱਡ-ਰੈਸਟ ਕਰਨ ਦੀ ਤਾਕੀਦ ਕਰ ਕੇ ਇਕ ਮਹੀਨੇ ਦੀ ਦਵਾਈ ਦਿੱਤੀ, ਜਿਸ ਵਿਚੋਂ ਇਕ ਖੁਰਾਕ ਉਸ ਨੇ ਉਸੇ ਵੇਲੇ ਲੈ ਲਈ।

ਉਸ ਔਰਤ ਨੇ ਮਹੀਨੇ ਬਾਅਦ ਆ ਕੇ ਦੱਸਿਆ, "ਜੀ ਚੱਕਰ ਤਾਂ ਹਟ ਗਏ ਤੇ ਹੱਥ ਵੀ ਕਾਫੀ ਠੀਕ ਹੋ ਗਏ ਨੇ, ਪਰ ਬੈਡ ਰੈਸਟ ਬੜੀ ਮੁਸ਼ਕਿਲ ਨਾਲ ਮਿਲਿਆ। ਮੇਰੇ ਕੰਮ ਛੱਡਣ 'ਤੇ ਸੱਸ ਤੇ ਬੀਬੀ ਬੜੀਆਂ ਲੋਹੀਆਂ ਲਾਖੀਆਂ ਹੋ ਗਈਆਂ। ਕਹਿੰਦੀਆਂ, ਜੇ ਤੂੰ ਪੈ ਗਈ, ਘਰ ਦਾ ਸਾਰਾ ਕੰਮ ਕੌਣ ਕਰੂ? ਪਰ ਸਿਹਤ ਦਾ ਮਸਲਾ ਸੀ, ਇਸ ਲਈ ਮੈਂ ਵੀ ਅੜ ਗਈ। ਮੈਂ ਕਿਹਾ, "ਬੀਬੀ ਜੇ ਮੈਨੂੰ ਬਿਮਾਰੀ ਠਿਮਾਰੀ 'ਚ ਵੀ 'ਰਾਮ ਨੀ, ਮੈਂ ਕਿਹੜਾ ਕੋਈ ਫੋੜੇ 'ਤੇ ਲਾਉਣੈ।" ਮੈਂ ਆਪਣੀ ਦੇਖ ਭਾਲ ਲਈ ਦੋ ਹਫਤੇ ਆਪਣੀ ਮਾਂ ਨੂੰ ਸੱਦ ਲਿਆ। ਮੇਰੀ ਬਜੁਰਗ ਮਾਂ ਦੇ ਸਾਹਮਣੇ ਉਨ੍ਹਾਂ ਦੋਹਾਂ ਮਾਂਵਾਂ-ਧੀਆਂ ਨੂੰ ਵੀ ਹੱਡ ਹਿਲਾਉਣੇ ਪਏ। ਮਾਂ ਦੇ ਜਾਣ ਤੋਂ ਬਾਅਦ ਹੁਣ ਮੈਂ ਉਨ੍ਹਾਂ ਨੂੰ ਪੂਚ-ਪੂਚ ਨੀ ਕਰਦੀ।" ਸਪਸ਼ਟ ਤੌਰ 'ਤੇ ਸੈਂਟਾਉਰੀ ਨੇ ਆਪਣਾ ਕੰਮ ਕਰ ਦਿੱਤਾ ਸੀ। ਹੁਣ ਉਹ ਦੂਜਿਆਂ ਦੇ ਰੋਹਬ ਵਿਚ ਨਹੀਂ ਸੀ। ਇਸ ਵਾਰ ਮੈਂ ਉਸ ਨੂੰ ਸੈਂਟਾਉਰੀ ਦੇ ਨਾਲ ਨਾਲ ਬੈਚ-ਦਵਾਈ ਓਕ (Oak) ਵੀ ਦਿੱਤੀ, ਜਿਸ ਨੇ ਉਸ ਦੇ ਹੱਥਾਂ ਦੀ ਰਹਿੰਦੀ ਖੂੰਹਦੀ ਤਕਲੀਫ ਠੀਕ ਕਰ ਦਿੱਤੀ।

ਇਸ ਤਰ੍ਹਾਂ ਸੈਂਟਾਉਰੀ ਦੇ ਮਰੀਜ਼ ਕਿਸੇ ਡਰ, ਲਿਹਾਜ਼, ਝੇਂਪ, ਅਹਿਸਾਨ, ਰੋਹਬ, ਲਾਲਚ, ਬਲੈਕ-ਮੇਲ ਕਾਰਨ ਜਾਂ ਆਦਤ ਤੋਂ ਮਜ਼ਬੂਰ ਹੋਏ, ਕਿਸੇ ਦੇ ਨੀਚੇ ਲੱਗੇ ਰਹਿੰਦੇ ਹਨ। ਉਹ ਉਨ੍ਹਾਂ ਦਾ ਅਤਿਆਚਾਰ ਸਹਿੰਦੇ ਰਹਿੰਦੇ ਹਨ, ਪਰ ਉਨ੍ਹਾਂ ਨੂੰ ਵੰਗਾਰ ਨਹੀਂ ਸਕਦੇ। ਕਈ ਕਿਸੇ ਬਚਪਨ ਦੇ ਦੋਸਤ ਨੂੰ, ਕਈ ਮਾਂ ਪਿਓ ਨੂੰ, ਕਈ ਕਿਸੇ ਪ੍ਰੋਹਿਤ ਜੋਤਿਸ਼ੀ ਜਾਂ ਸਾਧ ਸੰਤ ਨੂੰ ਇੰਨੇ ਪ੍ਰਣਾਏ ਹੁੰਦੇ ਹਨ ਕਿ ਉਹ ਉਨ੍ਹਾਂ ਦੀ ਗਲਤ ਤੋਂ ਗਲਤ ਗੱਲ ਵੀ ਸਵੀਕਾਰ ਕਰਦੇ ਹਨ। ਉਹ ਆਪਣੇ ਘਰ ਨੂੰ ਖਰਾਬ ਕਰ ਕੇ ਵੀ ਇਨ੍ਹਾਂ ਮਾਨਯਵਰਾਂ ਦੀ ਗੱਲ ਖਿੜੇ ਮੱਥੇ ਮੰਨਦੇ ਹਨ। ਉਹ ਆਪਣੇ ਨਾਲ ਹੋ ਰਹੀ ਬੇਇਨਸਾਫੀ ਨੂੰ ਤਰ੍ਹਾਂ ਤਰ੍ਹਾਂ ਦੇ ਤਰਕਾਂ ਨਾਲ ਜਾਇਜ ਠਹਿਰਾਉਂਦੇ ਰਹਿੰਦੇ ਹਨ, ਪਰ ਜਬਾਨ ਤੋਂ 'ਮੇਰੇ ਹੱਕ ਇੱਥੇ ਰੱਖ' ਜਿਹੀ ਗੱਲ ਕਦੇ ਨਹੀਂ ਕਹਿਣਗੇ।

ਮੇਰੇ ਇਕ ਮਰੀਜ਼ ਦੀ ਲੜਕੀ ਮੇਰੇ ਕੋਲ ਡਿਪਰੈਸ਼ਨ ਦੀ ਦਵਾਈ ਲੈਣ ਆਈ। ਕਿਸੇ ਅੰਦਰੂਨੀ ਦੁੱਖ ਕਾਰਨ ਉਹ ਕਿਸੇ ਨਾਲ ਬੋਲਦੀ-ਚਾਲਦੀ ਨਹੀਂ ਸੀ। ਗਿਆਰਾਂ ਸਾਲ ਵਿਆਹ ਨੂੰ ਹੋ ਗਏ ਸਨ ਤੇ ਦੋ ਬੱਚੇ ਵੀ ਸਨ, ਪਰ ਉਸ ਦੇ ਚਿਹਰੇ 'ਤੇ ਕੋਈ ਖੁਸ਼ੀ ਨਹੀਂ ਸੀ। ਬਚਪਨ ਵਿਚ ਹਸਮੁੱਖ ਤੇ ਹੋਣਹਾਰ ਸੀ, ਪਰ ਵਿਆਹ ਤੋਂ ਬਾਅਦ ਅਜਿਹਾ ਰੋਗ ਲੱਗਿਆ ਕਿ ਉਸ ਦਾ ਦਿਲ ਬੁਝ ਗਿਆ। ਉਸ ਨੂੰ ਆਪਣੇ ਬੱਚਿਆਂ ਸਮੇਤ ਘਰ ਦਾ ਕੋਈ ਜੀਅ ਵੀ ਚੰਗਾ ਨਾ ਲਗਦਾ। ਕਈ ਡਾਕਟਰਾਂ ਕੋਲ ਜਾ ਆਈ ਸੀ ਤੇ ਕਈ ਦੇਸੀ ਇਲਾਜ ਕਰਵਾ ਬੈਠੀ ਸੀ, ਪਰ ਉਸ ਦੀ ਹਾਲਤ ਜਿਉਂ ਦੀ ਤਿਉਂ ਸੀ। ਪਹਿਲਾਂ ਮੈਂ ਉਸ ਨੂੰ ਐਸਪਨ ਤੇ ਫਿਰ ਬੀਚ ਦੇਣ ਬਾਰੇ ਸੋਚਿਆ, ਪਰ ਕੁਝ ਹੋਰ ਤੱਥ ਜਾਣਨ ਲਈ ਰੁਕ ਗਿਆ। ਮੈਨੂੰ ਸ਼ੱਕ ਸੀ ਕਿ ਉਸ ਦੀ ਬਿਮਾਰੀ ਦਾ ਕਾਰਨ ਉਸ ਦੇ ਪਰਿਵਾਰਕ ਜੀਵਨ ਵਿਚ ਛੁਪਿਆ ਹੋਇਆ ਹੈ। ਇਸ ਲਈ ਮੈਂ ਉਸ ਦੇ ਸਹੁਰੇ ਘਰ ਵਿਚ ਉਸ ਦੀ ਬਸਰ ਬਾਰੇ ਕੁਝ ਪ੍ਰਸ਼ਨ ਪੁੱਛੇ। ਇਨ੍ਹਾਂ ਪ੍ਰਤੀ ਉਸ ਦਾ ਇਹ ਜਵਾਬ ਸੀ:

"ਅਸੀਂ ਸਾਂਝੇ ਪਰਿਵਾਰ ਵਿਚ ਰਹਿੰਦੇ ਹਾਂ। ਮੇਰਾ ਪਤੀ ਤੇ ਜੇਠ ਦੋ ਹੀ ਭਰਾ ਹਨ। ਦੋਹਾਂ ਵਿਚ ਬਹੁਤ ਪਿਆਰ ਹੈ। ਮੇਰਾ ਪਤੀ ਛੋਟਾ ਹੈ ਤੇ ਆਪਣੇ ਭਰਾ ਦੇ ਇਸ਼ਾਰੇ 'ਤੇ ਚਲਦਾ ਹੈ। ਬਚਪਨ ਤੋਂ ਹੀ ਉਸ ਦੀ ਮਾਂ ਨੇ ਉਸ ਦੇ ਮਨ ਵਿਚ ਕੁਝ ਅਜਿਹਾ ਬਿਠਾ ਦਿਤਾ ਹੈ ਕਿ ਉਹ ਉਸ ਨੂੰ ਆਪਣਾ ਬਾਪ ਸਮਝਦਾ ਹੈ। ਉਹ ਪੈਲੀ ਦਾ ਸਾਰਾ ਕੰਮ ਆਪ ਕਰਦਾ ਹੈ ਤੇ ਵੇਚਣ ਵੱਟਣ ਦਾ ਕੰਮ ਉਸ ਦਾ ਵੱਡਾ ਭਰਾ ਕਰਦਾ ਹੈ। ਉਹ ਨਾ ਆਪਣੇ ਛੋਟੇ ਭਰਾ ਨੂੰ ਕੋਈ ਹਿਸਾਬ ਦਿੰਦਾ ਹੈ ਤੇ ਨਾ ਇਹ ਉਸ ਤੋਂ ਮੰਗਦਾ ਹੈ। ਪਿੱਛੇ ਕਿੱਲਾ ਜਮੀਨ ਦਾ ਲਿਆ, ਉਸ ਨੇ ਇੱਕਲੇ ਨੇ ਆਪਣੇ ਨਾਂ ਕਰਵਾ ਲਿਆ। ਹੁਣ ਫਿਰ ਇਕ ਕਿੱਲਾ ਲੈਣ ਨੂੰ ਫਿਰਦਾ ਹੈ। ਮੈਂ ਇਸ ਨੂੰ ਕਿਹਾ ਕਿ ਇਸ ਵਾਰ ਕਹਿ ਕੇ ਆਪਣੇ ਨਾਂ ਕਰਵਾਵੇ, ਪਰ ਇਹ ਇਕ ਨਹੀਂ ਸੁਣਦਾ। ਕਹਿੰਦਾ ਹੈ, ਆਪਣੀ ਕਿਹੜਾ ਜਮੀਨ ਵੰਡੀ ਹੋਈ ਹੈ। ਇਹ ਆਪਣੇ ਭਰਾ ਨੂੰ ਬੜਾ ਇਮਾਨਦਾਰ ਕਹਿੰਦਾ ਹੈ, ਪਰ ਉਹ ਇੱਦਾਂ ਹੈ ਨਹੀਂ। ਮੈਂ ਲੋਕ ਹਸਾਈ ਦੇ ਡਰ ਤੋਂ ਜ਼ਿਆਦਾ ਜ਼ੋਰ ਦੇ ਕੇ ਕੁਝ ਕਹਿ ਨਹੀਂ ਸਕਦੀ। ਕੁਝ ਕਹਾਂਗੀ ਤਾਂ ਮੇਰੀ ਕਿਹੜਾ ਕਿਸੇ ਨੇ ਸੁਣਨੀ ਐ। ਸਾਰੇ ਮੈਨੂੰ ਹੀ ਦੋਸ਼ ਦੇਣਗੇ ਕਿ ਦੋਹਾਂ ਭਰਾਵਾਂ ਵਿਚ ਫਰਕ ਪੈਦਾ ਕਰਦੀ ਹੈ। ਇਹ ਸੋਚ ਅੰਦਰੇ ਅੰਦਰ ਘੁਟਦੀ ਰਹਿੰਦੀ ਹਾਂ।"

ਮੈਨੂੰ ਲੱਗਿਆ ਕਿ ਜਿਹੋ ਜਿਹਾ ਕਸੂਰ ਇਸ ਦੇ ਬੇ-ਜੁਬਾਨ ਪਤੀ ਦਾ ਹੈ, ਉਸੇ ਤਰ੍ਹਾਂ ਦਾ ਇਸ ਦਾ ਹੈ; ਪਰ ਮਰੀਜ਼ ਬਣ ਕੇ ਤਾਂ ਇਹ ਆਈ ਹੈ, ਇਸ ਲਈ ਇਲਾਜ ਇਸੇ ਦਾ ਕਰਨਾ ਹੋਵੇਗਾ। ਮੈਂ ਉਸ ਨੂੰ ਮਹੀਨਾ ਭਰ ਦੋ ਵੇਲੇ ਸੈਂਟਾਉਰੀ ਖਾਣ ਨੂੰ ਦਿੱਤੀ। ਮਹੀਨੇ ਬਾਅਦ ਉਹ ਆਈ ਤਾਂ ਬੜੀ ਖੁਸ਼ ਜਾਪੀ। ਮੈਂ ਇਸ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗੀ, ਦਵਾਈ ਨੇ ਤਾਂ ਕੋਈ ਫਾਇਦਾ ਨਹੀਂ ਕੀਤਾ, ਇਸ ਲਈ ਮੈਂ ਅੱਧੀ-ਪੱਚਧੀ ਖਾ ਕੇ ਛੱਡ ਦਿੱਤੀ। ਬਦਲ ਕੇ ਕੋਈ ਹੋਰ ਦਿਓ। ਫਿਰ ਬੋਲੀ, ਘਰ ਦਾ ਝਗੜਾ ਨਿੱਬੜ ਗਿਆ ਹੈ। ਮੈਂ ਆਪਣੇ ਭਰਾ ਨੂੰ ਸੱਦ ਕੇ ਕਿੱਲੇ ਦੀ ਗੱਲ ਚਲਾਈ ਸੀ ਤਾਂ ਦੋ ਦਿਨਾਂ ਦੀ ਗਰਮਾ ਗਰਮੀ ਤੋਂ ਬਾਅਦ ਗੱਲ ਵੰਡ ਵੰਡਾਈ 'ਤੇ ਪਹੁੰਚ ਗਈ। ਅਸੀਂ ਕਿਹਾ, ਤੁਹਾਡੀ ਭਲਮਾਣਸੀ ਠੀਕ ਹੈ, ਪਰ ਨਿਆਣੇ ਤਾਂ ਆਪਸ ਵਿਚ ਸਕੇ ਨਹੀਂ। ਉਹ ਮਾਲਕ ਤੀਵੀਂ ਤੇ ਤੀਜਾ ਇਹ, ਸਾਡੀਆਂ ਗੱਲਾਂ ਦੇ ਜਵਾਬ ਨਹੀਂ ਦੇ ਸਕੇ। ਹੁਣ ਤਾਂ ਜੀ ਗੱਲਾਂ ਖੁਲ੍ਹ ਗਈਆਂ, ਮੈਂ ਕੱਲੀਓ ਸੰਭਾਲ ਲਉਂ। ਅਸੀਂ ਹਾੜ੍ਹੀ ਤੋਂ ਬਾਅਦ ਅੱਡ ਹੋ ਜਾਵਾਂਗੇ।

ਮੈਂ ਦਿਲ ਵਿਚ ਹੱਸਿਆ ਕਿ ਇਹ ਕਹਿੰਦੀ ਹੈ ਦਵਾਈ ਨੇ ਕੰਮ ਨਹੀਂ ਕੀਤਾ। ਦਵਾਈ ਕਿਹੜਾ ਸਿਰ ਚੜ੍ਹ ਬੋਲਦੀ ਹੁੰਦੀ ਹੈ। ਇਹ ਦਵਾਈ ਦਾ ਹੀ ਅਸਰ ਤਾਂ ਸੀ ਕਿ ਉਹ ਲੋਕ-ਲਾਜ ਦੇ ਪਰਦੇ ਵਿਚੋਂ ਬਾਹਰ ਆ ਕੇ ਆਪਣੇ ਹੱਕਾਂ ਲਈ ਡਟ ਗਈ। ਇਹ ਸੋਚ ਕੇ ਕਿ ਕਿਤੇ ਹਾੜ੍ਹੀ ਆਉਂਦਿਆਂ ਤੀਕ ਸੁਸਤ ਹੀ ਨਾ ਪੈ ਜਾਵੇ, ਮੈਂ ਉਸ ਨੂੰ ਇਕ ਮਹੀਨੇ ਲਈ ਚੈਸਟਨਟ-ਬੱਡ ਖਾਣ ਨੂੰ ਦਿੱਤੀ। ਅੱਜ ਕੱਲ ਉਹ ਅੱਧਾ ਘਰ ਜ਼ਮੀਨ ਵੰਡਵਾ ਕੇ ਸੁਖ ਨਾਲ ਰਹਿ ਰਹੀ ਹੈ।

ਸੈਂਟਾਉਰੀ ਇੰਨੀ ਅਹਿਮ ਫੁੱਲ-ਦਵਾਈ ਹੈ, ਜਿਸ ਦਾ ਬਿਆਨ ਔਖਾ ਹੈ। ਹੋਰਾਂ ਦਾ ਤਾਂ ਪਤਾ ਨਹੀਂ, ਪਰ ਇੱਕਲੇ ਭਾਰਤ ਵਿਚ ਪ੍ਰਧਾਨ ਮੰਤਰੀ ਨੂੰ ਛੱਡ ਕੇ ਸਭ ਮੰਤਰੀਆਂ, ਰਾਜ ਮੰਤਰੀਆਂ, ਪਾਰਟੀ ਲੀਡਰਾਂ, ਅਫਸਰਾਂ ਤੇ ਅੰਧ-ਭਗਤਾਂ ਨੂੰ ਇਸ ਦੀ ਲੋੜ ਹੈ। ਜਿੰਨੇ ਝੋਲੀ-ਚੁੱਕ, ਅੰਧ-ਵਿਸ਼ਵਾਸੀ, ਮੜ੍ਹੀ-ਪੂਜ ਤੇ ਸਾਧ-ਸੰਤ ਦੇ ਗੋਡੇ ਘੁੱਟਣ ਵਾਲੇ ਹਨ, ਉਨ੍ਹਾਂ ਦਾ ਸਵੈ-ਮਾਣ ਇਹੀ ਦਵਾਈ ਜਗਾ ਸਕਦੀ ਹੈ। ਜੋਤਸ਼ੀਆ, ਤਾਂਤਰਿਕਾਂ ਆਦਿ ਦੇ ਪਿੱਛ-ਲੱਗੂਆਂ ਅਤੇ ਮਨਘੜਤ ਮਿਥਿਹਾਸਕ ਕਿਰਦਾਰਾਂ ਦੇ ਪ੍ਰਸ਼ੰਸਕਾਂ ਦਾ ਕਲਿਆਣ ਵੀ ਇਸ ਤੋਂ ਬਿਨਾ ਨਹੀਂ ਹੋ ਸਕਦਾ। ਜੱਜਾਂ, ਖੋਜੀਆਂ, ਵਿਗਿਆਨੀਆਂ, ਪੜਚੋਲੀਆਂ, ਡਾਕਟਰਾਂ ਤੇ ਅਧਿਆਪਕਾਂ ਨੂੰ ਆਪਣੀ ਬੁੱਧੀ ਨਿਰਪੱਖ ਤੇ ਜਾਗਦੀ ਰੱਖਣ ਲਈ ਇਸ ਦੀ ਸਖਤ ਲੋੜ ਹੈ। ਸਭ ਛੋਟੇ ਤੇ ਵੱਡੇ ਬੱਚਿਆਂ, ਨੌਜਵਾਨ ਲੜਕੀਆਂ ਤੇ ਤ੍ਰੀਮਤਾਂ ਨੂੰ ਤਾਂ ਇਹ ਲਾਜ਼ਮੀ ਤੌਰ 'ਤੇ ਦੇਣੀ ਬਣਦੀ ਹੈ ਤਾਂ ਜੋ ਉਨ੍ਹਾਂ ਨੂੰ ਕੋਈ ਵਰਗਲਾ ਕੇ ਗਲਤ ਪਾਸੇ ਨਾ ਲਾ ਸਕੇ। ਫੇਸਬੁੱਕੀਆਂ ਵਾਸਤੇ ਪ੍ਰਾਈਵੇਸੀ ਸੰਭਾਲ ਲਈ ਇਹ ਵਰਦਾਨ ਸਾਬਤ ਹੋ ਸਕਦੀ ਹੈ। ਧਰਨਾਕਾਰੀਆਂ ਤੇ ਧਰਨਾ-ਵਿਰੋਧੀਆਂ ਦੋਹਾਂ ਲਈ ਇਹ ਲਾਭਦਾਇਕ ਹੈ; ਪਹਿਲਿਆਂ ਦੀ ਜਾਗਦੀ ਜ਼ਮੀਰ ਨੂੰ ਸੁਚੇਤ ਰੱਖਣ ਲਈ ਤੇ ਦੂਜਿਆਂ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਲਈ। ਨਿਮਨ ਦਰਜਾ ਰਾਜ-ਨੇਤਾਵਾਂ ਤੇ ਵਿਕਾਊ ਪੱਤਰਕਾਰਾਂ ਦੀ ਰਿਣਾਤਮਿਕਤਾ ਦੇ ਇਲਾਜ ਲਈ ਤਾਂ ਸੈਂਟਾਉਰੀ ਸਮੇਤ ਇੰਨੀਆਂ ਹੋਰ ਫੁੱਲ ਦਵਾਈਆਂ ਦੀ ਲੋੜ ਹੈ, ਜਿੰਨੀਆਂ ਡਾ. ਬੈਚ ਨੇ ਲੱਭੀਆਂ ਵੀ ਨਹੀਂ!

# ਵਿਲੱਖਣ ਅੰਦੋਲਨ ਦੀਆਂ ਗਿਣਨਯੋਗ ਲੱਭਤਾਂ ਨੂੰ ਅੱਖੋਂ ਪਰੋਖੇ ਨਾ ਕਰੋ

ਹਕੂਮਤ ਦੀ ਬਦਨੀਤੀ ਦਾ ਝੰਬਿਆ ਕਿਸਾਨੀ ਘੋਲ ਮੁੜ ਜੋਬਨ 'ਤੇ ਹੈ। ਮਜ਼ਦੂਰ, ਮੁਲਾਜ਼ਮ, ਪੇਂਡੂ, ਸ਼ਹਿਰੀ ਵਰਗ ਖੁੱਲ੍ਹ ਕੇ ਕਿਸਾਨ ਸੰਘਰਸ਼ ਦੀ ਮਦਦ 'ਤੇ ਆਉਣ ਲੱਗਾ ਹੈ। ਪੰਜਾਬੀ ਕਲਾਕਾਰ ਭਾਈਚਾਰਾ ਤਾਂ ਪਹਿਲੇ ਦਿਨ ਤੋਂ ਹੀ ਨਾਲ ਸਹਿਯੋਗ ਦੇ ਰਿਹਾ ਸੀ, ਹੁਣ ਸਾਬਤ ਸਬੂਤ ਕਲਾਕਾਰ ਭਾਈਚਾਰੇ ਨੇ ਵੀ ਆਪਣੀ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ



ਨੇ ਸੰਘਰਸ਼ ਦੀ ਭੇਟਾ ਚੜ੍ਹ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਦੀ ਮਾਲੀ ਮਦਦ ਦੇਣੀ ਅਰੰਭੀ ਹੈ। ਗੁਰੂ

**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਨਾਨਕ ਲੰਗਰ ਕਮੇਟੀ, ਕੈਨੇਡਾ ਵਲੋਂ ਵੀ ਪੰਜਾਹ ਹਜ਼ਾਰ ਰੁਪਏ ਪ੍ਰਤੀ ਪਰਿਵਾਰ ਦੇਣੇ ਸ਼ੁਰੂ ਕਰ ਦਿੱਤੇ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਦਿੱਲੀ ਸਰਕਾਰ, ਕਿਸਾਨ ਮੋਰਚਾ ਦੇ ਡੇਢ ਸੌ ਵਕੀਲਾਂ ਦੀ ਟੀਮ ਕਿਸਾਨਾਂ ਦੇ ਕੇਸਾਂ ਨੂੰ ਫਰੀ ਲੜ ਰਹੀ ਹੈ ਤੇ ਜ਼ਮਾਨਤਾਂ ਦਾ ਸਿਲਸਿਲਾ ਜਾਰੀ ਹੈ। ਇਹ ਵਿਲੱਖਣ ਤੇ ਇਤਿਹਾਸਕ ਅੰਦੋਲਨ ਹੁਣ ਜਨ ਜਨ ਦਾ ਅੰਦੋਲਨ ਬਣ ਕੇ ਉਭਰਿਆ ਹੈ। ਇਹ ਨਾ ਕੇਵਲ ਮੋਦੀ ਸਰਕਾਰ ਦੇ ਖਿਲਾਫ ਹੈ, ਸਗੋਂ ਉਨ੍ਹਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਕਾਰਪੋਰੇਟ ਘਰਾਣਿਆਂ ਨੂੰ ਵੀ ਲਲਕਾਰ ਰਿਹਾ ਹੈ।


ਸ਼ਾਇਦ ਇਹ ਪਹਿਲੀ ਵਾਰ ਹੈ ਕਿ ਜਦੋਂ ਦੇਸ਼ ਦੀ 80 ਕਰੋੜ ਆਬਾਦੀ ਉਨ੍ਹਾਂ ਦੇ ਖਿਲਾਫ ਉਠ ਕੇ ਖੜ੍ਹੀ ਹੋ ਗਈ ਹੈ। ਤਿੰਨੋਂ ਕਾਲੇ ਖੇਤੀ ਕਾਨੂੰਨਾਂ ਨੇ ਹੌਲੀ ਹੌਲੀ ਕਿਸਾਨ ਮਜ਼ਦੂਰ ਦੇ ਨਾਲ ਨਾਲ ਚੇਤੰਨ ਸ਼ਹਿਰੀ ਵਸੋਂ ਨੂੰ ਵੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਖੜ੍ਹਾ ਕਰ ਦਿੱਤਾ ਹੈ। ਦੇਸ਼ ਦੇ ਦੂਰ ਦੁਰਾਡੇ ਰਾਜਾਂ ਵਿਚ ਇਸ ਕਿਸਾਨੀ ਘੋਲ ਦਾ ਸੇਕ ਪਹੁੰਚ ਰਿਹਾ ਹੈ। ਜਿਸ ਤਰ੍ਹਾਂ ਸਰਕਾਰ ਨੇ 26 ਜਨਵਰੀ ਦਾ ਸ਼ੜਯੰਤਰ ਰਚਿਆ ਸੀ, ਇਸ ਨਾਲ ਲੋਕਾਂ ਵਿਚ ਦਬਿਆ ਰੋਹ ਲਾਵਾ ਬਣ ਕੇ ਫੁੱਟ ਰਿਹਾ ਹੈ। ਸਾਰੇ ਦੇਸ਼ ਵਿਚ ਪੰਚਾਇਤਾਂ ਮਹਾਂ-ਪੰਚਾਇਤਾਂ, ਖਾਪ ਪੰਚਾਇਤਾਂ ਜਿਸ ਤਰ੍ਹਾਂ ਸਰਕਾਰ ਦੇ ਇਨ੍ਹਾਂ ਕਾਲੇ ਕਾਨੂੰਨਾਂ ਖਿਲਾਫ ਮਤੇ ਪਾ ਰਹੀਆਂ ਹਨ, ਉਹ ਸੰਘਰਸ਼ ਨੂੰ ਜਿੱਤ ਵੱਲ ਲਿਜਾਣ ਵਿਚ ਭਾਰੀ ਰੋਲ ਅਦਾ ਕਰ ਰਹੀਆਂ ਹਨ। ਹਰਿਆਣਾ, ਯੂ. ਪੀ., ਰਾਜਸਥਾਨ, ਮਹਾਂਰਾਸ਼ਟਰ ਵਿਚ ਖਾਪ ਪੰਚਾਇਤਾਂ ਤੇ ਮਹਾਂ-ਪੰਚਾਇਤਾਂ ਦਾ ਵੱਡਾ ਦੌਰ ਚਲਿਆ, ਜਿਸ ਨਾਲ ਮੋਰਚੇ ਨੂੰ ਵੀ ਕਾਫੀ ਤਾਕਤ ਮਿਲੀ ਹੈ। ਪੰਜਾਬ ਵਿਚ ਪਿਛਲੇ ਪੰਜ ਮਹੀਨਿਆਂ ਤੋਂ ਰੇਲਵੇ ਪਾਰਕਾਂ, ਭਾਜਪਾ ਆਗੂਆਂ ਦੇ ਘਰਾਂ, ਟੋਲ ਪਲਾਜ਼ਿਆਂ, ਮਾਲਾਂ ਤੇ ਅਡਾਨੀ-ਅੰਬਾਨੀ ਦੇ ਕਾਰੋਬਾਰਾਂ 'ਤੇ ਸੌ ਦੇ ਕਰੀਬ ਧਰਨੇ ਜਾਰੀ ਹਨ। ਸੰਯੁਕਤ ਮੋਰਚੇ ਦੇ ਆਗੂਆਂ ਦਾ ਵਿਚਾਰ ਸੀ ਕਿ ਪੰਜਾਬ ਵਿਚ ਵੱਖਰੇ ਤੌਰ 'ਤੇ ਇਹ ਪੰਚਾਇਤਾਂ ਨਾ ਕੀਤੀਆਂ ਜਾਣ, ਪਰ ਫਿਰ ਵੀ ਜਗਰਾਉਂ, ਚੰਡੀਗੜ੍ਹ ਤੇ ਬਠਨਿਡੇ ਵਿਚ ਮਹਾਂ-ਪੰਚਾਇਤਾਂ ਦਾ ਆਯੋਜਨ ਕੀਤਾ ਗਿਆ, ਜਿਥੇ ਆਗੂਆਂ ਨੇ ਪਹੁੰਚ ਕੇ ਸੰਘਰਸ਼ ਦੀ ਅਗਲੀ ਰਣਨੀਤੀ ਦੇ ਨਾਲ ਨਾਲ 26 ਜਨਵਰੀ ਦੇ ਘਟਨਾਕ੍ਰਮ ਤੇ ਉਸ ਲਈ ਜ਼ਿੰਮੇਵਾਰ ਆਪਣਿਆਂ ਦਾ ਖੁਲਾਸਾ ਕੀਤਾ, ਪਰ ਚੰਡੀਗੜ੍ਹੀਆਂ ਵਲੋਂ ਮਹਾਂ-ਪੰਚਾਇਤ ਦੇ ਆਯੋਜਨ ਨੇ ਜਿਵੇਂ ਕਿਸਾਨਾਂ ਦੀ ਮਕਬੂਲੀਅਤ ਉਤੇ ਮੋਹਰ ਲਾਈ, ਉਹ ਆਪਣੇ ਆਪ ਵਿਚ ਗਿਣਨਯੋਗ ਹੈ। ਸ਼ਹਿਰੀਆਂ, ਬੌਧਿਕ ਤਬਕਾ, ਉਚ ਪੁਲਿਸ ਪ੍ਰਸ਼ਾਸਨ ਦੇ ਸਾਬਕਾ ਅਧਿਕਾਰੀਆਂ ਵਲੋਂ ਕਿਸਾਨ ਆਗੂਆਂ ਨੂੰ ਨਿੱਠ ਕੇ ਸੁਣਿਆਂ, ਉਹ ਕਾਲੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਤੋਂ ਇਕ ਕਦਮ ਅਗਲੇ ਸੰਦਰਭ ਨੂੰ ਵਾਚਣ/ਸਮਝਣ ਦਾ ਸੰਕੇਤ ਪ੍ਰਤੀਤ ਹੋਇਆ।

ਸਰਕਾਰ ਨੂੰ ਲਗਦਾ ਸੀ ਕਿ ਉਸ ਨੇ ਅੰਦੋਲਨ ਨੂੰ ਖਤਮ ਕਰ ਦਿੱਤਾ ਹੈ। ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਚੜ੍ਹਾਉਣ ਨੂੰ 'ਖਾਲਿਸਤਾਨ ਦਾ ਝੰਡਾ' ਲਹਿਰਾਉਣ ਤੇ 'ਕੌਮੀ ਝੰਡੇ ਦੀ ਬੇਅਦਬੀ' ਦੇ ਕੂੜ ਪ੍ਰਚਾਰ ਹੇਠ ਅੰਦੋਲਨ ਨੂੰ ਕੁਚਲਣ ਦੀ ਕੋਝੀ ਸਾਜਿਸ਼ ਕੀਤੀ। ਸਰਕਾਰ ਨੇ ਭਾਵੇਂ ਆਦਤਨ ਸ਼ੁਰੂ ਤੋਂ ਹੀ ਖਾਲਿਸਤਾਨੀ, ਅਤਿਵਾਦੀ, ਵੱਖਵਾਦੀ, ਇਕੱਲਾ ਪੰਜਾਬ ਦਾ ਅੰਦੋਲਨ ਤੇ ਹੋਰ ਕਈ ਲਕਬਾਂ ਨਾਲ ਪ੍ਰਚਾਰ ਕੇ ਸੰਘਰਸ਼ ਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ ਕੀਤੀ, ਪਰ ਇਹ ਮਨਸੂਬਾ ਸਫਲ ਨਾ ਹੋ ਸਕਿਆ।

ਕਿਸਾਨ ਸੰਘਰਸ਼ ਦੀਆਂ ਖਬਰਾਂ ਕਰਨ ਵਾਲੇ ਮੀਡੀਆ ਘਰਾਣਿਆਂ 'ਤੇ ਏਜੰਸੀਆਂ ਦੇ ਛਾਪੇ ਤੇ ਪੱਤਰਕਾਰਾਂ 'ਤੇ ਕਥਿਤ ਝੂਠੇ ਕੇਸ ਮੜ੍ਹਨੇ, ਫਿਰ ਸ਼ੋਸ਼ਲ ਵਾਤਾਵਰਣ ਐਕਟੀਵਿਸਟ ਦਿਸ਼ਾ ਰਵੀ, ਐਡਵੋਕੇਟ ਨਿਕਿਤਾ, ਸ਼ਾਂਤਨੂੰ ਬੰਗਲੌਰ ਉਤੇ ਕਿਸਾਨਾਂ ਦੇ ਹੱਕ ਵਿਚ ਟੂਲਕਿਟ ਤੇ ਅੰਤਰਰਾਸ਼ਟਰੀ ਵਾਤਾਵਰਣ ਐਕਟੀਵਿਸਟ ਗ੍ਰੇਟਾ ਥੁਨਬਰਗ ਨਾਲ ਸਟੇਟਸ ਸ਼ੇਅਰ ਕਰਨ ਤੇ ਯੂ. ਏ. ਪੀ. ਏ. ਵਰਗੇ ਦੇਸ਼ਧ੍ਰੋਹੀ ਕੇਸ ਪਾਉਣ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਨਾ ਕੇਵਲ ਯੂਨੀਵਰਸਟੀ ਵਿਦਿਆਰਥੀ ਸਗੋਂ ਸਮਾਜਕ ਕਰਤਾ, ਟਰੇਡ/ਮਜ਼ਦੂਰ ਯੂਨੀਅਨਾਂ, ਬੁੱਧੀਜੀਵੀ ਤੇ ਹੋਰ ਜਾਗਰੂਕ ਲੋਕ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਸੜਕਾਂ 'ਤੇ ਨਿਕਲ ਆਏ। ਦਿੱਲੀ ਪੁਲਿਸ ਵਲੋਂ ਦਿਸ਼ਾ ਰਵੀ ਦੀ ਬੰਗਲੌਰ ਤੋਂ ਗ੍ਰਿਫਤਾਰੀ ਵਿਰੁੱਧ ਥਾਂ ਥਾਂ ਤੇ ਪ੍ਰਦਰਸ਼ਨ ਮੁਜਾਹਰੇ ਹੋ ਰਹੇ ਹਨ। ਉਸ ਨੂੰ ਅਦਾਲਤ ਵਿਚ ਵਕੀਲ ਵੀ ਮੁਹੱਈਆ ਨਾ ਕਰਾਇਆ ਗਿਆ। ਫਿਰ ਪੁਲਿਸ ਵਲੋਂ ਉਸ ਦੇ ਫੋਨ ਵਿਚੋਂ ਨਿੱਜੀ ਚੈਟ ਵੀ ਜਨਤਕ ਕਰਨ ਦੀ ਕੋਸ਼ਿਸ ਕੀਤੀ ਗਈ, ਜਿਸ 'ਤੇ ਦਿਸ਼ਾ ਰਵੀ ਦੇ ਇਤਰਾਜ ਕਰਨ 'ਤੇ ਦਿੱਲੀ ਹਾਈਕੋਰਟ ਨੇ ਪੁਲਿਸ 'ਤੇ ਰੋਕ ਲਾਈ।

ਦਿਸ਼ਾ ਰਵੀ ਦੀ ਜ਼ਮਾਨਤ ਦੀ ਅਰਜੀ ਤੇ ਦਿੱਲੀ ਹਾਈਕੋਰਟ ਦੇ ਜੱਜ ਧਰਮਿੰਦਰ ਰਾਣਾ ਨੇ ਏ. ਐਸ. ਜੀ. (ਐਡੀਸ਼ਨਲ ਸੋਲੀਸਟਰ ਜਨਰਲ) ਰਾਜੂ ਨੂੰ ਉਸ ਦੀ ਗ੍ਰਿਫਤਾਰੀ ਦੇ ਆਧਾਰ 'ਤੇ ਗ੍ਰੇਟਾ ਥੁਨਬਰਗ ਦੇ ਟੂਲਕਿੱਟ ਤੇ ਕਥਿਤ ਖਾਲਿਸਤਾਨੀ ਮੋਅ ਧਾਲੀਵਾਲ ਕੈਨੇਡਾ ਨਾਲ ਕੁਨੈਕਸ਼ਨ 'ਤੇ ਗੰਭੀਰ ਟਿੱਪਣੀਆਂ ਕੀਤੀਆਂ। ਇਸ ਦਾ ਪੁਲਿਸ ਤੇ ਏ. ਐਸ. ਜੀ. ਰਾਜੂ ਤਸੱਲੀਬਖਸ਼ ਜੁਆਬ ਨਹੀਂ ਦੇ ਸਕੇ, ਜਿਸ 'ਤੇ ਮਾਨਯੋਗ ਹਾਈਕੋਰਟ ਨੇ ਫਿਲਹਾਲ ਉਸ ਦੀ ਜ਼ਮਾਨਤ ਦੀ ਅਰਜ਼ੀ 'ਤੇ






ਹੁਕਮ ਰਾਖਵੇਂ ਰੱਖ ਲਏ ਹਨ।

ਇਸ ਅਨੂਠੇ ਅੰਦੋਲਨ ਦੇ ਸਮੁੱਚ ਵਿਚ ਬਹੁਤ ਤਰ੍ਹਾਂ ਦੀਆਂ ਵਿਲੱਖਣਤਾਵਾਂ ਦਿਖਾਈ ਦਿੰਦੀਆਂ ਨੇ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਕਈ ਕਿਸਮ ਦੇ ਸਮੀਕਰਣ ਤੈਅ ਕਰਨੇ ਹਨ। ਕਾਲੇ ਖੇਤੀ ਕਾਨੂੰਨਾਂ ਰਾਹੀ ਅੰਨਦਾਤਾ ਦੇਸ਼ ਦੇ ਸੰਘੀ ਢਾਂਚੇ ਦੇ ਹੱਕਾਂ ਦੀ ਲੜਾਈ ਵੀ ਲੜ ਰਿਹਾ ਹੈ। ਜਦੋਂ ਉਹ ਕੇਂਦਰੀ ਆਗੂਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦਾ ਹੈ ਕਿ ਉਹ ਖੇਤੀ ਕਾਨੂੰਨ ਬਣਾ ਹੀ ਨਹੀਂ ਸਕਦੇ, ਕਿਉਂਕਿ ਇਹ ਅਧਿਕਾਰ ਰਾਜਾਂ ਦਾ ਹੈ। ਸੰਵਿਧਾਨ ਦੇ 7 ਸ਼ਡਿਊਲ ਵਿਚ ਤਿੰਨ ਸੂਚੀਆਂ-ਸੈਂਟਰ, ਰਾਜ ਤੇ ਸਾਂਝੀ ਦਰਜ ਹਨ, ਜੋ ਆਪੋ ਆਪਣੇ ਅਧਿਕਾਰ ਖੇਤਰ ਮੁਤਾਬਕ ਕਾਨੂੰਨ ਬਣਾਉਂਦੇ ਹਨ। ਸੋ ਕਾਨੂੰਨਾਂ ਦਾ ਕਾਲਾਪਣ ਤਾਂ ਇਥੋਂ ਹੀ ਸ਼ੁਰੂ ਹੋ ਗਿਆ, ਜਦੋਂ ਇਨ੍ਹਾਂ ਨੂੰ ਸਾਂਝੀ ਸੂਚੀ ਦੇ ਟਰੇਡ ਐਂਡ ਫੂਡ ਸਟੱਫ (ਧਾਰਾ 33) ਰਾਹੀ ਬਣਾ ਦਿੱਤਾ, ਜਦੋਂ ਕਿ ਕਿਸਾਨ ਤਾਂ ਪੈਦਾ ਫੂਡ ਗ੍ਰੇਨ (ਅਨਾਜ) ਕਰਦਾ ਹੈ। ਕਿਸਾਨ ਅਨਾਜ ਦਾ ਵਪਾਰ ਨਹੀਂ ਮਾਰਕਿਟਿੰਗ ਕਰਦਾ ਹੈ। ਸੋ ਖੇਤੀ ਕਾਨੂੰਨਾਂ ਨੂੰ ਬਣਾਉਣਾ/ਵਾਪਸ ਲੈਣਾ ਰਾਜ ਅਧਿਕਾਰਾਂ ਦੀ ਸੂਚੀ ਵਿਚ ਧਾਰਾ 12 ਤੇ ਮਾਰਕਿਟਿੰਗ ਲਈ 18 ਨੰਬਰ ਵਿਚ ਦਰਜ ਹੈ। ਕਿਸਾਨ ਆਗੂਆਂ ਦੀ ਇਸ ਦਲੀਲ ਸਾਹਮਣੇ ਉਹ ਚੁੱਪ ਧਾਰ ਗਏ।

ਅਗਲਾ ਕਦਮ ਫਿਰਕੂ ਤਾਕਤਾਂ ਵਲੋਂ ਰਚਿਆ 26 ਜਨਵਰੀ ਦਾ ਚਕਰਵਿਊ ਵਿਚੋਂ ਨਿਕਲਣਾ ਕਿਸਾਨ ਜਥੇਬੰਦੀਆਂ ਲਈ ਚੁਣੌਤੀ ਭਰਪੂਰ ਸੀ, ਕਿਉਂਕਿ ਹਰਿਆਣਾ, ਯੂ. ਪੀ. ਤੇ ਹੋਰ ਹਿੰਦੀ ਸਟੇਟਾਂ ਇੱਕ ਦਮ ਪਿਛੇ ਹਟ ਗਈਆਂ ਸਨ ਕਿ ਪੰਜਾਬ ਵਾਲੇ ਤਾਂ ਆਪਣਾ ਝੰਡਾ ਲਹਿਰਾਉਣ ਆਏ ਸਨ। ਇਨ੍ਹਾਂ ਦੀ ਤਾਂ ਸਿਆਸਤ ਖਾਲਿਸਤਾਨ ਦੁਆਲੇ ਘੁੰਮਦੀ ਹੈ, ਪਰ ਸੰਯੁਕਤ ਕਿਸਾਨ ਮੋਰਚੇ ਵਲੋਂ ਸਦਭਾਵਨਾ ਰੈਲੀ ਕੱਢਣ ਤੇ ਲਾਲ ਕਿਲੇ ਘਟਨਾ ਦੀ ਨਿਖੇਧੀ ਕਰਨ ਨੇ ਕੇਂਦਰ ਦੇ 3 ਦਿਨਾਂ ਵਿਚ ਦੂਜਾ '84 ਵਰਤਾਉਣ ਦੀ ਮਨਸ਼ਾ ਤੇ ਗੋਦੀ ਮੀਡੀਆ ਦੇ ਕੂੜ ਪ੍ਰਚਾਰ ਨੂੰ ਬ੍ਰੇਕਾਂ ਲਾ ਦਿੱਤੀਆਂ। ਲਾਲਾ ਕਿਲੇ 'ਤੇ ਝੰਡਾ ਝੁਲਾਉਣ ਦੀ 'ਪ੍ਰਾਪਤੀ' ਕਿਸਾਨ ਆਗੂਆਂ ਸਣੇ ਸੈਂਕੜੇ ਕਿਸਾਨਾਂ 'ਤੇ ਇਰਾਦਾ ਕਤਲ ਅਤੇ ਡਾਕੇ ਵਰਗੇ ਸੰਗੀਨ ਧਰਾਵਾਂ ਹੇਠ ਦਿੱਲੀ ਪੁਲਿਸ ਵਲੋਂ ਪਰਚੇ ਤੇ ਹਜਾਰਾਂ ਕਿਸਾਨਾਂ ਨੂੰ ਨਿੱਤ ਆਉਂਦੇ ਸੰਮਨ ਹਨ। ਇਸ ਨਾਲ ਮੋਰਚੇ ਦੀ ਧਰਮ ਨਿਰਪੱਖ ਵਿਚਾਰਧਾਰਾ ਨੂੰ ਵੀ ਭਾਰੀ ਖੋਰਾ ਲੱਗਿਆ। ਜਿਸ ਆਸ਼ੇ ਨੂੰ ਲੈ ਕੇ ਟਰੈਕਟਰ ਪ੍ਰੇਡ ਕੱਢੀ ਗਈ ਸੀ, ਉਹਦਾ ਤਾਂ ਵਿਚ ਵਿਚਾਲੇ ਹੀ ਭੋਗ ਪੈ ਗਿਆ, ਪਰ ਕਿਸਾਨ ਆਗੂਆਂ ਦੀ ਸੂਝ ਸਿਆਣਪ ਤੇ ਰਕੇਸ਼ ਟਿਕੈਤ ਦੇ ਸੰਯੁਕਤ ਕਿਸਾਨ ਮੋਰਚੇ ਦੇ ਸਿੰਘੂ ਬਾਰਡਰ ਨੂੰ ਆਪਣਾ ਮੁਖ ਦਫਤਰ ਤੇ ਸਰਦਾਰ ਭਰਾਵਾਂ ਦੀ ਅਗਵਾਈ ਐਲਾਨਣ ਨਾਲ ਸਾਰੀ ਬਾਜੀ ਪਲਟ ਗਈ। ਮੋਰਚੇ ਵਿਚ ਮੁੜ ਵਿਸ਼ਵਾਸ ਤੇ ਭਾਈਚਾਰਕ ਸਾਂਝ ਦਾ ਸੰਚਾਰ ਹੋਇਆ ਤੇ ਫਿਰਕੂ ਤਾਕਤਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਸੋ ਇਹ ਵੀ ਵੱਡੀ ਚੁਣੌਤੀ ਸੀ ਇਸ ਕਿਸਾਨੀ ਘੋਲ ਲਈ।

ਮੋਰਚੇ ਦੀ ਅਗਲੀ ਵੱਡੀ ਪ੍ਰਾਪਤੀ ਹੈ, ਪੰਜਾਬੀ ਸਮਾਜ ਦੀ ਸਹੀ ਪਛਾਣ ਵਿਚ ਵਾਧਾ। ਪਿਛਲੇ 70 ਸਾਲਾਂ ਵਿਚ ਸਿੱਖੀ ਦਾ ਇੰਨਾ ਪ੍ਰਚਾਰ ਨਹੀਂ ਹੋਇਆ, ਜਿੰਨਾ ਕਿਸਾਨ ਸੰਘਰਸ਼ ਦੇ ਇਨ੍ਹਾਂ ਪੰਜ ਮਹੀਨਿਆਂ ਵਿਚ ਹੋਇਆ ਹੈ। ਦਸਤਾਰ ਨੂੰ ਮਹੱਤਵਪੂਰਨ ਪਛਾਣ ਮਿਲੀ ਹੈ। ਇਸ ਦੀ ਇੱਜਤ ਵਧੀ ਹੈ। ਇਥੋਂ ਤਕ ਕਿ ਘੋਨੇ ਮੋਨੇ ਕਲਾਕਾਰਾਂ ਨੇ ਵੀ ਦੁਬਾਰਾ ਪੱਗਾਂ ਬੰਨਣੀਆਂ ਸ਼ੁਰੂ ਕਰ ਦਿੱਤੀਆ ਹਨ। ਅੱਜ ਬਾਕੀ ਸਟੇਟਾਂ ਛਤੀਸਗੜ੍ਹ, ਝਾਰਖੰਡ, ਉਤਰਾਖੰਡ, ਤ੍ਰਿਪੁਰਾ, ਕਰਨਾਟਕ, ਮਹਾਂਰਾਸ਼ਟਰ, ਕੇਰਲ ਸਮੇਤ ਦਰਜਨਾਂ ਵਿਚ ਦਸਤਾਰਧਾਰੀ ਆਗੂਆਂ ਦੀ ਵੱਡੀ ਮੰਗ ਹੈ। ਦੱਖਣ ਪੂਰਬੀ ਸਟੇਟਾਂ ਦੀ ਮੰਗ ਹੈ ਕਿ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਦੇ ਪ੍ਰਚਾਰ ਲਈ ਬਾਕੀ ਕਿਸਾਨ ਆਗੂਆਂ ਦੇ ਨਾਲ ਭਾਵੇਂ ਦੋ ਹੀ ਸਰਦਾਰ ਭਰਾ ਆਉਣ, ਪਰ ਆਉਣ ਜਰੂਰ। ਇਨ੍ਹਾਂ ਸਟੇਟਾਂ ਦੇ ਕਿਸਾਨਾਂ ਨੇ ਕੇਂਦਰ ਨੂੰ ਮੂੰਹ ਤੋੜਵਾਂ ਜੁਆਬ ਦਿੰਦਿਆਂ ਕਿਹਾ ਕਿ ਜੇ ਪੰਜਾਬੀ ਖਾਲਿਸਤਾਨੀ/ਅਤਿਵਾਦੀ/ਨੈਕਸੇਲਾਇਟ ਹਨ ਤਾਂ ਉਹ ਵੀ ਉਹੀ ਹਨ। ਜਿਸ ਨਾਲ ਪੰਜਾਬੀਆਂ ਦੇ ਮੱਥੇ ਤੋਂ ਜ਼ਰਾਇਮ ਪੇਸ਼ਾ ਹੋਣ ਦਾ ਕਲੰਕ ਤਾਂ ਮਿਟਿਆ ਹੀ, ਨਾਲ ਹੀ ਪੰਜਾਬੀਆਂ ਦੇ ਭਾਈਚਾਰਕ ਸਾਂਝ, ਸਹਿਯੋਗ, ਦਾਨੀ ਤੇ ਬਿਨਾ ਭੇਦ ਭਾਵ ਬਰਾਬਰੀ ਵਾਲੇ ਸੰਕਲਪ ਦਾ ਵੀ ਵੱਡਾ ਸੰਦੇਸ਼ ਗਿਆ ਹੈ। ਨਕਾਰਾਤਮਕਤਾ ਦੀ ਥਾਂ ਸਾਡੇ ਬਾਬੇ ਨਾਨਕ ਦਾ ਸਰਬੱਤ ਦੇ ਭਲੇ ਤੇ ਚਾਰੇ ਵਰਣਾਂ ਦੇ ਸਾਂਝੇ ਸਿੱਖ ਧਰਮ ਦਾ ਵੱਡਾ ਤੇ ਸਦੀਵੀ ਸੰਦੇਸ਼ ਦੇਸ਼/ਵਿਦੇਸ਼ ਵਿਚ ਫੈਲ ਰਿਹਾ ਹੈ, ਜਿਸ ਨਾਲ ਸਰਕਾਰ ਦੀਆਂ ਏਜੰਸੀਆਂ ਦਾ ਭੰਡੀ ਪ੍ਰਚਾਰ ਮੂਧੇ ਮੂੰਹ ਡਿਗਿਆ ਹੈ।

ਕਿਸਾਨ ਆਗੂਆਂ ਦੀ ਇਸ ਦੂਰ ਅੰਦੇਸ਼ੀ ਦੀ ਵੀ ਦਾਦ ਦੇਣੀ ਬਣਦੀ ਹੈ ਕਿ ਕੇਂਦਰ ਵਲੋਂ ਵਾਰ ਵਾਰ ਕਹਿਣ 'ਤੇ ਵੀ ਉਨ੍ਹਾਂ 44 ਆਗੂਆਂ ਦੀ ਥਾਂ ਛੋਟੀ ਕਮੇਟੀ ਨਹੀਂ ਬਣਾਈ। ਨਹੀਂ ਤਾਂ ਉਨ੍ਹਾਂ ਬਹੁਤ ਵੱਡੀ ਫੁੱਟ ਮੋਰਚੇ ਵਿਚ ਪਾ ਦੇਣੀ ਸੀ, ਜਦੋਂ ਖੇਤੀ ਮੰਤਰੀ ਸੰਸਦ ਵਿਚ ਕਹਿੰਦਾ ਹੈ ਕਿ ਕਿਸਾਨ ਆਗੂ ਦੱਸ ਨਹੀਂ ਸਕੇ ਕਿ ਇਨ੍ਹਾਂ ਕਾਨੂੰਨਾਂ ਵਿਚ ਕਾਲਾ ਕੀ ਹੈ? ਦੂਜਾ ਕਿਸਾਨ ਸੰਘਰਸ਼ ਆਲਮੀ ਪੱਧਰ 'ਤੇ ਕਾਰਪੋਰੇਟ ਜਗਤ ਲਈ ਵੀ ਵੱਡੀ ਮੁਸੀਬਤ ਖੜ੍ਹੀ ਹੋਣ ਵਾਲੀ ਹੈ, ਕਿਉਂਕਿ ਲੋਕਾਂ ਦਾ ਗੁੱਸਾ ਕੌਮਾਂਤਰੀ ਏਜੰਸੀਆਂ-ਵਿਸ਼ਵ ਵਪਾਰ ਸੰਸਥਾ, ਆਈ. ਐਮ. ਐਫ., ਵਿਸ਼ਵ ਬੈਂਕ ਦੇ ਖਿਲਾਫ ਵੀ ਪਨਪ ਰਿਹਾ ਹੈ। ਗਲੋਬਲਾਇਜੇਸ਼ਨ ਤੇ ਸ਼ੋਸ਼ਲ ਮੀਡੀਆ ਕਾਰਨ ਪੱਛਮੀ, ਅਫਰੀਕਨ ਦੇਸ਼ਾਂ ਵਿਚ ਵੀ ਕਿਸਾਨ ਸੰਘਰਸ਼ ਦੀ ਲਾਗ ਲੱਗ ਰਹੀ ਹੈ, ਜਿਸ ਕਾਰਨ ਦੁਨੀਆਂ ਦੀ ਅਗਵਾਈ ਕਰਨ ਵਾਲੀਆਂ ਵੱਡੀਆਂ ਤਾਕਤਾਂ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ 'ਤੇ ਗੋਲ-ਮੋਲ ਬਿਆਨ ਦੇ ਰਹੀਆਂ ਹਨ।

ਕਿਸਾਨ ਆਗੂਆਂ ਨੂੰ ਵਿਕਾਊ ਦੱਸਣ ਵਾਲੇ ਵੀਰੋ ਛੋਟੀ ਜਿਹੀ ਗੱਲ ਸਮਝ ਲਓ, ਜੇ ਆਗੂਆਂ ਨੇ ਵਿਕਣਾ ਹੁੰਦਾ ਤਾਂ ਅਡਾਨੀ-ਅੰਬਾਨੀ ਕੋਲ ਕੀ ਪੈਸੇ ਦੀ ਘਾਟ ਸੀ? ਕੀ ਅੱਜ ਨੂੰ ਇਹ ਵਿਕ ਨਾ ਜਾਂਦੇ। ਸੋ ਵੀਰੋ ਲਾਈਲੱਗਤਾ ਨੂੰ ਛੱਡ ਕੇ ਜਰੂਰ ਦੋਸਤ-ਦੁਸ਼ਮਣ ਦੀ ਪਛਾਣ ਦੀ ਕਾਬਲੀਅਤ ਆਪਣੇ ਆਪ ਵਿਚ ਪੈਦਾ ਕਰਨੀ ਚਾਹੀਦੀ ਹੈ। ਇਹ 'ਛੱਜ ਓਹਲੇ ਯਾਰ ਪਿੱਟਣ' ਛੱਡ ਦਿਓ। ਇਹ ਭੰਡੀ ਪ੍ਰਚਾਰ ਦੀ ਥਾਂ ਜੇ ਤੁਸੀਂ ਸਚਮੁੱਚ ਸਰਕਾਰੀ ਪਿੱਠੂ ਤੇ ਕਾਰਪੋਰੇਟ ਦਲਿਆਂ ਨੂੰ ਲੋਕਾਂ ਸਾਹਮਣੇ ਨੰਗਾ ਕਰ ਸਕੋ ਤਾਂ ਪੰਜਾਬ ਨਿਵਾਸੀਆਂ ਨੂੰ ਤੁਹਾਡੇ 'ਤੇ ਮਾਣ ਹੋਵੇਗਾ। ਜੇ ਤੁਸੀਂ ਇਹ ਕਰਨ ਦੀ ਥਾਂ ਇੱਕ ਝੂਠ ਨੂੰ ਸੱਚ ਬਣਾਉਣ ਲਈ ਕੰਮ ਕਰੋਗੇ, ਸਾਡੇ ਜਜ਼ਬਾਤ ਨਾਲ ਖਿਲਵਾੜ ਕਰੋਗੇ ਤਾਂ ਅੱਜ ਵੀ ਤੇ ਕੱਲ੍ਹ ਵੀ ਕਦੇ ਪੰਜਾਬੀ ਤੁਹਾਨੂੰ ਮਾਫ ਨਹੀਂ ਕਰਨਗੇ। ਵੀਰੋ ਇਸ ਪਵਿੱਤਰ ਇਤਿਹਾਸਕ ਤੇ ਅਲੌਕਿਕ ਕਿਸਾਨ ਅੰਦੋਲਨ ਨੂੰ ਡੀਫੇਮ ਕਰਕੇ ਤੁਸੀਂ ਉਸ ਜਾਬਰ ਹਕੂਮਤ ਦੇ ਜ਼ਬਰ ਨੂੰ ਹੀ ਉਤਸ਼ਾਹਿਤ ਕਰ ਰਹੇ ਹੋ, ਜੋ ਬਿਹਾਰ ਯੂ. ਪੀ. ਦੇ ਕਿਸਾਨ ਮਜ਼ਦੂਰਾਂ ਵਾਂਗ ਪੰਜਾਬ ਨੂੰ ਲੇਬਰ ਸਪਲਾਈ ਸਟੇਟ ਬਣਾਉਣ ਲਈ ਕਾਲੇ ਖੇਤੀ ਕਾਨੂੰਨ ਥੋਪ ਰਹੀ ਹੈ।

ਇੱਕ ਹੋਰ ਸ਼ੋਸ਼ਲ ਮੀਡੀਏ 'ਤੇ ਹਰ ਰੋਜ ਕਿਹਾ ਜਾ ਰਿਹਾ ਹੈ ਕਿ ਸਿੰਘੂ ਮੋਰਚੇ ਤੋਂ ਪਾਵਰ ਗਾਜੀਪੁਰ ਬਾਰਡਰ 'ਤੇ ਸ਼ਿਫਟ ਹੋ ਗਈ ਹੈ, ਇਸ ਲਈ ਕਿਸਾਨ ਸੰਯੁਕਤ ਮੋਰਚੇ ਦੇ ਆਗੂਆਂ ਨੂੰ ਇਸ ਪ੍ਰਤੀ ਸੁਚੇਤ ਹੋਣ ਚਾਹੀਦਾ ਹੈ। ਅਸੀਂ ਕਿੰਨੀ ਸੌੜੀ ਸੋਚ ਦੇ ਮਾਲਕ ਹਾਂ। ਇੱਕ ਪਾਸੇ ਤਾਂ ਰਕੇਸ਼ ਟਿਕੈਤ, ਜਿਸ ਦੇ ਪਰਿਵਾਰ ਦੀ ਕਿਸਾਨ ਹਿਤਾਂ ਲਈ ਲੜਨ ਦੀ ਪੀੜ੍ਹੀਆਂ ਦੀ ਹਿਸਟਰੀ ਹੈ, ਉਹ ਹਰ ਸਟੇਜ ਤੋਂ ਸਿੰਘੂ ਮੋਰਚਾ ਤੇ ਸਰਦਾਰ ਭਾਈਆਂ ਨੂੰ ਸਿਰਮੌਰ ਦੱਸ ਰਿਹਾ ਹੈ। ਜਿਵੇਂ ਸਰਕਾਰ ਨੇ ਖਾਲਿਸਤਾਨ ਦੀ ਰੰਗਤ ਦੇ ਕੇ ਕਿਸਾਨ ਸੰਘਰਸ਼ ਨੂੰ ਹਿੰਦੂ-ਸਿੱਖ ਦੇ ਨਾਂ 'ਤੇ ਕੁਚਲਣ ਦਾ ਮਨ ਬਣਾ ਲਿਆ ਸੀ। ਉਥੇ ਰਕੇਸ਼ ਟਿਕੈਤ ਦੇ ਸਰਦਾਰਾਂ ਦੇ ਹੱਕ ਵਿਚ ਕੰਧ ਵਾਂਗ ਖਲੋਣ ਤੇ ਉਸ ਦੇ ਬਿਆਨਾਂ ਨੇ ਹਕੂਮਤ ਦੀਆਂ ਸਾਰੀਆਂ ਚਾਲਾਂ ਦਾ ਪਾਸਾ ਪਲਟ ਦਿੱਤਾ। ਮੋਰਚੇ ਨੂੰ ਪੈਰੀਂ ਸਿਰੀਂ ਕਰਨ ਲਈ ਟਿਕੈਤ ਨੇ ਆਗੂ ਰੋਲ ਨਿਭਾਇਆ, ਪਰ ਅਸੀਂ ਕਦੇ ਮੋਰਚੇ ਦੀ ਅਗਵਾਈ ਦੇ ਸ਼ਿਫਟ ਕਦੇ ਮੋਰਚੇ ਵਿਚ ਪਹਿਲਾਂ ਜਿਹੀ ਭੀੜ ਨਾ ਹੋਣ ਵਰਗੇ ਸਰਕਾਰੀ ਏਜੰਸੀਆਂ ਦੇ ਜੁਮਲਿਆਂ ਨੂੰ ਜੋਰ ਸ਼ੋਰ ਨਾਲ ਅੱਗੇ ਫੈਲਾਉਣ ਲੱਗ ਜਾਂਦੇ ਹਾਂ। ਅਸੀਂ ਸਭ ਖੂਬੀਆਂ ਦੇ ਹੁੰਦੇ ਇੰਨੇ ਅਕ੍ਰਿਤਘਣ ਕਿਉਂ ਹੋ ਜਾਂਦੇ ਹਾਂ?

1947 ਤੋਂ ਲਾਕੇ ਸਾਡੀ ਕੀ ਪ੍ਰਾਪਤੀ ਹੈ।ਸਿਵਾਏ ਆਪਸੀ ਕਟਾ ਵੱਢੀ ਦੇ ਕੀ ਖੱਟ ਲਿਆ ਅਸੀਂ। ਵੰਡ ਸਾਡੀ ਹੋਈ ਮਰੇ ਮਾਰੇ ਸਾਡੇ। ਆਪਣਿਆਂ ਤੋਂ ਵਿਛੋੜੇ ਦਾ ਸੰਤਾਪ ਅਸੀਂ ਭੋਗਿਆ। ਆਰਥਿਕ, ਸਮਾਜਕ, ਭਾਈ ਚਾਰਕ ਤੌਰ ਤੇ ਅਸੀਂ ਬਰਬਾਦ ਹੋ ਗਏ। ਦੋਵੇਂ ਪਾਸੇ ਦੀਆਂ ਹਕੂਮਤਾ ਦਾ ਕੀ ਗਿਆ? ਦੇਸ਼ ਦੇ ਪ੍ਰਵੇਸ਼ ਦੁਆਰ ਦਾ ਦਰਜਾ ਪਾ ਕੇ ਅਸੀਂ ਇੱਕ ਦਿਨ ਚੈਨ ਦਾ ਨਹੀ ਕੱਟਿਆ। ਵਿਦੇਸ਼ੀ ਧਾੜਵੀਆਂ ਦੇ ਨਿਵਾਲੇ ਦਾ ਗ੍ਰਾਸ ਅਸੀਂ ਬਣੇ। ਮਹਾਂ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਸੀਂ ਦੋਗਲੇਪਣ, ਲਾਈਲੱਗਤਾ, ਆਪਸੀ ਫੁੱਟ ਤੇ ਆਪਣਿਆਂ 'ਤੇ ਹੀ ਬੇਵਿਸ਼ਵਾਸੀ ਨਾਲ ਤਬਾਹ ਕਰ ਲਿਆ। ਅਖੀਰਲੇ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦਾ ਗੁਲਾਮ ਤੇ ਮਹਾਰਾਣੀ ਜਿੰਦਾਂ ਨੂੰ ਜਲਾਵਤਨ ਦੀ ਸਜ਼ਾ ਦਿਵਾਉਣ ਵਾਲੇ ਵੀ ਅਸੀਂ ਹੀ ਹਾਂ। 1984 ਦਾ ਸੰਤਾਪ ਅਸੀਂ ਭੋਗ ਚੁਕੇ ਹਾਂ। ਦਿੱਲੀ ਸਮੇਤ ਦੇਸ਼ ਦੇ ਬਾਕੀ ਹਿੱਸਿਆਂ ਵਿਚ ਸਾਡੇ ਸਿੱਖ/ਪੰਜਾਬੀ ਕੋਹ ਕੋਹ ਕੇ ਮਾਰੇ ਗਏ। 36 ਸਾਲ ਬੀਤ ਜਾਣ 'ਤੇ ਵੀ ਅਸੀਂ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕੇ। ਕਥਿਤ ਦੋਸ਼ੀ ਅਰਾਮ ਨਾਲ ਰਾਜ ਭਾਗ ਦਾ ਅਨੰਦ ਮਾਣ ਰਹੇ ਹਨ। ਦੂਜੇ ਪਾਸੇ ਸਾਡਿਆਂ ਨੂੰ ਫਾਂਸੀਆਂ, ਕਾਲ ਕੋਠੜੀਆਂ ਦੀਆਂ ਸਜ਼ਾਵਾਂ ਮਿਲ ਗਈਆਂ। 30/30 ਸਾਲਾਂ ਤੋਂ ਸਾਡੇ ਨੌਜੁਆਨ ਜੇਲ੍ਹੀਂ ਬੰਦ ਹਨ। ਮੇਰਾ ਇਹ ਵਿਸਥਾਰ ਦੇਣ ਦਾ ਮਤਲਬ ਕਿਤੇ ਵੀ ਹਿੰਸਾ ਨੂੰ ਬੜਾਵਾ ਦੇਣ ਦਾ ਨਹੀਂ। ਹਿੰਸਾ ਕਿਤੇ ਵੀ ਵਾਜਬ ਨਹੀਂ, ਭਾਵੇਂ ਕੋਈ ਸਰਕਾਰ ਕਰੇ ਜਾਂ ਕੋਈ ਆਮ ਨਾਗਰਿਕ। ਫਿਰ ਹਿੰਸਾ ਕਿਸੇ ਮਸਲੇ ਦਾ ਹੱਲ ਵੀ ਨਹੀਂ। ਤਿੰਨ ਹਜ਼ਾਰ ਤੋਂ ਉਪਰ ਅਸੀਂ ਆਪਣੇ ਕਤਲ ਕਰਵਾ ਲਏ ਸਨ। ਕਿਸੇ ਵੀ ਸਿਆਸੀ ਪਾਰਟੀ ਜਾਂ ਸਰਕਾਰ ਨੇ ਇਸ ਨਸਲਕੁਸ਼ੀ ਨੂੰ ਆਪਣਾ ਮੁਖ ਮੁੱਦਾ ਬਣਾਇਆ, ਸਿਵਾਏ ਚੋਣ ਮੁੱਦਾ ਬਣਾ ਕੇ ਰਾਜਸੱਤਾ ਹਾਸਲ ਕਰਨ ਦੇ? ਦਿੱਲੀ ਵਿਚ ਬਣੀ ਵਿਧਵਾ ਕਾਲੋਨੀ ਸਾਨੂੰ ਵੰਗਾਰ ਰਹੀ ਹੈ। ਇਸ ਸਾਰੇ ਬਾਰੇ ਅਸੀਂ ਕਦ ਸੋਚਾਂਗੇ? ਬੀਤੇ ਨੂੰ ਕਦੇ ਤਾਂ ਪੜਚੋਲੀਏ।

ਦਿੱਲੀ ਨੂੰ ਜਿੱਤਣ ਦੀਆਂ ਸ਼ੇਖੀਆਂ ਮਾਰੀ ਜਾਨੇ ਹਾਂ, ਦੱਸਿਓ ਭਲਾ ਕਿ ਦਿੱਲੀ ਜਿੱਤ ਕੇ ਰਾਜ ਕਦੋਂ ਕੀਤਾ? ਅਸੀਂ ਇੱਕੀਵੀਂ ਸਦੀ ਵਿਚ 18ਵੀਂ ਸਦੀ ਦੀ ਲੜਾਈ ਲੜ ਰਹੇ ਹਾਂ। ਸਾਡੇ ਪੁਰਖਿਆਂ ਨੇ ਦਿੱਲੀ ਦੇ ਲਾਲ ਕਿਲੇ 'ਤੇ ਝੰਡਾ ਲਹਿਰਾਇਆ, ਬਾਦਸ਼ਾਹ ਸ਼ਾਹ ਆਲਮ ਹੁਸੈਨ ਦੇ ਤਖਤ 'ਤੇ ਕਬਜ਼ਾ ਕੀਤਾ, ਪਰ ਮਿਸਲਾਂ ਦੀ ਜੰਗ ਤੇ ਜਥੇਦਾਰਾਂ ਦੀ ਆਪਸੀ ਖਹਿਬਾਜੀ, ਈਰਖਾ, ਹਉਮੈ, ਇਕ ਦੂਜੇ ਦੀਆਂ ਲੱਤਾਂ ਖਿੱਚਣ ਦੀ ਪ੍ਰਵਿਰਤੀ ਨੇ ਜਿੱਤੀ ਬਾਜੀ ਹਰਾ ਦਿੱਤੀ। ਇਤਿਹਾਸ ਤੇ ਚਿੰਤਨ ਕਰੋ, ਕੁਝ ਸਿੱਖੋ। ਦਮਗਜ਼ਿਆਂ ਨੂੰ ਛੱਡ ਕੇ ਨਕਾਰਾਤਮਕ ਵਰਤਾਰਿਆਂ ਦੀ ਆਪਾ-ਪੜਚੋਲ ਕਰੋ। ਇਸ ਤਰ੍ਹਾਂ ਕਰਨ ਨਾਲ ਅਸੀਂ ਛੋਟੇ ਨਹੀਂ ਹੋ ਜਾਵਾਂਗੇ, ਸਗੋਂ ਬੀਤੇ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਭਾਵਨਾ ਦੀ ਉਤਮਤਾ ਹੈ, ਤਾਂ ਕਿ ਹੋਰਨਾਂ ਵਾਂਗ ਅਸੀਂ ਵੀ ਦੁਨੀਆਂ ਵਿਚ ਨਵੀਆਂ ਪੈੜਾਂ ਪਾ ਸਕੀਏ। ਸਿਰਫ ਮਰਨੇ ਨੂੰ ਹੀ ਮਿਸ਼ਨ ਨਾ ਬਣਾਈਏ, ਸਗੋਂ ਸੁਚੱਜੀ ਬਿਹਤਰ ਜ਼ਿੰਦਗੀ ਕਿਵੇਂ ਜਿਊਣੀ ਹੈ, ਨੂੰ ਵੀ ਆਪਣੇ ਸਿਲੇਬਸ ਦਾ ਹਿੱਸਾ ਬਣਾਈਏ।

# ਖਟਕੜ ਕਲਾਂ ਪਿੰਡ ਦੀ ਮਿੱਟੀ ਦਾ ਮਹੱਤਵ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕਸਬਾ ਬੰਗਾ ਨੇੜੇ ਪੈਂਦਾ ਖਟਕੜ ਕਲਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜੱਦੀ ਪੁਸ਼ਤੀ ਪਿੰਡ ਹੈ। ਉਸ ਦੇ ਮਾਪੇ ਗੋਰੀ ਸਰਕਾਰ ਵਲੋਂ ਉਲੀਕੀਆਂ ਬਾਰਾਂ ਆਬਾਦ ਕਰਨ 'ਤੇ ਇਹ ਪਿੰਡ ਛੱਡ ਕੇ ਓਧਰ ਚਲੇ ਗਏ ਸਨ ਤੇ ਉਥੇ ਜਾ ਕੇ ਉਹ ਜਿਹੜੀ ਥਾਂ 'ਤੇ ਵਸੇ, ਉਸ ਦਾ ਨਾਂ ਵੀ ਬੰਗਾ ਸੀ। ਸ਼ਾਇਦ ਇਸ ਲਈ ਕਿ ਖਟਕੜ ਕਲਾਂ ਨੂੰ ਲੋਕ ਏਨਾਂ ਨਹੀਂ ਸੀ ਜਾਣਦੇ, ਜਿੰਨਾ ਬੰਗਾ ਨੂੰ।

ਅੱਜ ਖਟਕੜ ਕਲਾਂ ਜਿਲਾ ਨਵਾਂ ਸ਼ਹਿਰ ਦਾ ਜਾਣਿਆ-ਪਛਾਣਿਆ ਪਿੰਡ ਹੈ। ਇਸ ਨੂੰ ਪ੍ਰਸਿੱਧ ਕਰਨ ਵਾਲਾ ਭਗਤ ਸਿੰਘ ਸੀ, ਜਿਸ ਨੇ ਰਾਜਗੁਰੂ ਤੇ ਸੁਖਦੇਵ ਨੂੰ ਨਾਲ ਲੈ ਕੇ ਆਪਣੇ ਦੇਸ਼ ਨੂੰ ਗੋਰਿਆਂ ਤੋਂ ਆਜ਼ਾਦ ਕਰਨ ਲਈ ਸ਼ਹੀਦੀ ਜਾਮ ਪੀਣਾ ਸੀ। ਉਦੋਂ ਭਗਤ ਸਿੰਘ ਦਾ ਨਾਂ ਏਧਰਲੇ ਖਟਕੜ ਕਲਾਂ ਦੀ ਥਾਂ ਓਧਰਲੇ ਬੰਗਾ ਨਾਲ ਜੁੜਦਾ ਸੀ। ਉਹ ਨਹੀਂ ਸੀ ਜਾਣਦਾ ਕਿ ਦੇਸ਼ ਵੰਡ ਤੋਂ ਪਿਛੋਂ ਉਧਰ ਵਾਲੇ ਬੰਗਾ ਨੇ ਪਾਕਿਸਤਾਨ ਦੇ ਹਿੱਸੇ ਆ ਜਾਣਾ ਸੀ। ਜਾਣਨ ਦੀ ਲੋੜ ਵੀ ਨਹੀਂ। ਸੁਤੰਤਰਤਾ ਦੇ ਉਨ੍ਹਾਂ ਪਰਵਾਨਿਆਂ ਨੂੰ ਗੋਰਿਆਂ ਤੋਂ ਸੁਤੰਤਰ ਹੋਣਾ ਹੀ ਮਹੱਤਵ ਰਖਦਾ ਸੀ।

ਅੱਜ ਦੇ ਦਿਨ ਇੰਡੀਅਨ ਸਟੈਟਿਸਟੀਕਲ ਲਾਇਬਰੇਰੀ ਦੇ 2010 ਵਾਲੇ ਐਡੀਸ਼ਨ ਅਨੁਸਾਰ ਖਟਕੜ ਕਲਾਂ ਦਾ ਰਕਬਾ 333 ਹੈਕਟੇਅਰ ਹੈ, ਆਬਾਦੀ 17091; ਭਗਤ ਸਿੰਘ ਦੇ ਚਾਚਾ ਤੇ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਅਜੀਤ ਸਿੰਘ ਦਾ ਜਨਮ ਇਸ ਪਿੰਡ ਦਾ ਸੀ ਤੇ ਉਸ ਨੇ ਬਰਤਾਨਵੀ ਸਰਕਾਰ ਵਲੋਂ ਪਾਸ ਕੀਤੇ ਜਾਣ ਵਾਲੇ ਕਿਸਾਨ ਮਾਰੂ ਕਾਨੂੰਨਾਂ ਵਿਰੁਧ ਡਟ ਕੇ ਲੜਾਈ ਲੜੀ ਸੀ। ਅਜੋਕੀ ਸਰਕਾਰ ਦੇ ਮਾਰੂ ਕਾਨੂੰਨਾਂ ਨੇ ਅਜੀਤ ਸਿੰਘ ਦੇ ਨਾਂ ਨੂੰ ਮੁੜ ਉਭਾਰਿਆ ਹੈ। ਉਦੋਂ ਵਾਲੇ ਕਾਨੂੰਨਾਂ ਅਨੁਸਾਰ ਜੱਦੀ ਪੁਸ਼ਤੀ ਜ਼ਮੀਨ ਸਿਰਫ ਜੱਟ ਦੇ ਵੱਡੇ ਪੁੱਤਰ ਨੂੰ ਮਿਲਣੀ ਸੀ ਤੇ ਜੇ ਉਹ ਨਾ ਰਹੇ ਤਾਂ ਜ਼ਮੀਨ ਸਰਕਾਰ ਦੀ ਹੋ ਜਾਣੀ ਸੀ। ਦੂਜੇ ਬਿਲ ਅਨੁਸਾਰ ਨਹਿਰੀ ਪਾਣੀਆਂ ਵਾਲੀ ਜ਼ਮੀਨ ਦੇ ਮਾਮਲੇ ਰੇਟਾਂ ਵਿਚ 25% ਦਾ ਵਾਧਾ ਕੀਤਾ ਗਿਆ ਸੀ ਤੇ ਤੀਜਾ ਬਿਲ ਵੀ ਭੁਲੇਖਾ ਪਾ ਕੇ ਕਾਸ਼ਤਕਾਰਾਂ ਦੀ ਜ਼ਮੀਨ ਤੋਂ ਮਾਲਕੀ ਰੱਦ ਕਰਨ ਨਾਲ ਸਬੰਧ ਰਖਦਾ ਸੀ। ਅਜੀਤ ਸਿੰਘ ਨੇ ਇਨ੍ਹਾਂ ਕਾਨੂੰਨਾਂ ਨੂੰ ਰਦ ਕਰਨ ਲਈ ਮੋਰਚਾ ਲਾਇਆ ਤਾਂ ਸਰਕਾਰ ਨੇ ਉਸ ਨੂੰ ਬਾਗੀ ਕਰਾਰ ਦੇ ਕੇ ਅਜਿਹਾ ਜਲਾਵਤਨ ਕੀਤਾ ਕਿ ਉਸ ਨੂੰ ਅੱਧੀ ਤੋਂ ਵੱਧ ਜ਼ਿੰਦਗੀ ਆਪਣੇ ਦੇਸ਼ ਤੋਂ ਬਾਹਰ ਕੱਟਣੀ ਪਈ। ਉਹਦੇ ਵਲੋਂ ਵਿੱਢੇ ਗਏ ਮੋਰਚੇ ਦੇ ਹੱਕ ਵਿਚ ਹੀ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ' ਨਾਮੀ ਗੀਤ ਗਾਇਆ ਸੀ, ਜਿਹੜਾ ਸੌ ਸਾਲ ਲੰਘ ਜਾਣ ਤੋਂ ਪਿੱਛੋਂ ਅੱਜ ਵੀ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਅੰਦੋਲਨਕਾਰੀਆਂ ਵਲੋਂ ਯਾਦ ਕੀਤਾ ਜਾ ਰਿਹਾ ਹੈ।




ਚੇਤੇ ਰਹੇ, ਅਜੀਤ ਸਿੰਘ ਨੇ ਜਲਾਵਤਨੀ ਦੌਰਾਨ ਇਟਲੀ ਵਿਚ ਰਹਿੰਦਿਆਂ ਫੌਜੀਆਂ ਦਾ ਇੱਕ ਆਜ਼ਾਦ ਹਿੰਦ ਲਸ਼ਕਰ ਤਿਆਰ ਕੀਤਾ ਸੀ ਤੇ ਜਦੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਇਟਲੀ ਗਿਆ ਤਾਂ ਉਸ ਦਾ ਭਰਪੂਰ ਸਵਾਗਤ ਕੀਤਾ ਸੀ। ਇਥੇ ਹੀ ਬਸ ਨਹੀਂ, ਉਸ ਨੇ ਸਵਿਟਜ਼ਰਲੈਂਡ ਵਿਚ ਲਾਲਾ ਹਰਦਿਆਲ ਤੇ ਚੰਪਕ ਰਮਨ ਪਿੱਲੇ ਨਾਲ ਵੀ ਰਾਬਤਾ ਕਾਇਮ ਕੀਤਾ ਤੇ ਕਿਸੇ ਵਿੱਧ ਲੈਨਿਨ, ਟਰਾਟਸਕੀ, ਮੁਸੋਲੋਨੀ ਨਾਲ ਵੀ। ਅੰਤ ਉਸ ਦੀ ਵਾਪਸੀ ਦੇਸ਼ ਵੰਡ ਤੋਂ ਚਾਰ ਮਹੀਨੇ ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਦਖਲ ਦੁਆਰਾ ਹੋਈ, ਜੋ ਕਿ ਅਣਟੁੱਟ ਹਿੰਦੁਸਤਾਨ ਦੇ ਅੰਤ੍ਰਿਮ ਪ੍ਰਧਾਨ ਮੰਤਰੀ ਬਣ ਚੁਕਾ ਸੀ। ਵਾਪਸੀ ਸਫਰ ਸਮੇਂ ਉਸ ਦੀ ਸਿਹਤ ਚੰਗੀ ਨਹੀਂ ਸੀ ਤੇ ਜਦੋਂ 9 ਅਪਰੈਲ 1947 ਨੂੰ ਉਹ ਲਾਹੌਰ ਪਹੁੰਚਿਆ ਤਾਂ ਉਥੇ ਹਿੰਦੁਸਤਾਨ ਦੇ ਵਸਨੀਕਾਂ ਨੇ ਉਸ ਦਾ ਹੁੱਬ ਸਵਾਗਤ ਕੀਤਾ ਸੀ। ਡਾਕਟਰਾਂ ਦੀ ਸਲਾਹ ਅਨੁਸਾਰ ਉਸ ਨੂੰ ਡਲਹੌਜ਼ੀ ਭਿਜਵਾਇਆ ਗਿਆ, ਜਿਥੇ ਉਹ ਆਖਰੀ ਸਾਹ ਲੈਣ ਤੱਕ ਰਿਹਾ। ਸੁਤੰਤਰਤਾ ਦੇ ਇਸ ਪਰਵਾਨੇ ਦੀ ਮ੍ਰਿਤੂ ਪੰਡਿਤ ਜਵਾਹਰ ਲਾਲ ਨਹਿਰੂ ਦੇ 15 ਅਗਸਤ ਨੂੰ ਲਾਲ ਕਿਲੇ ਤੋਂ ਦਿੱਤੇ ਉਸ ਭਾਸ਼ਨ ਨੂੰ ਸੁਣ ਕੇ ਹੋਈ, ਜਿਸ ਦਾ ਨਾਂ 'ਮੰਜ਼ਿਲ-ਏ-ਮਕਸੂਦ ਮਿਲਣੀ' (ਠਰੇਸਟ ਟਿਹ ਦਅਸਟਨਿ) ਸੀ। ਇਸ ਭਾਸ਼ਨ ਨਾਲ ਸੁਤੰਤਰਤਾ ਪ੍ਰਾਪਤੀ ਦੀ ਖੁਸ਼ੀ ਉਸ ਦੇ ਮਨ ਉੱਤੇ ਏਨੀ ਹਾਵੀ ਹੋ ਗਈ ਕਿ ਉਸ ਨੇ ਸੁਤੰਤਰਤਾ ਪ੍ਰਾਪਤੀ ਲਈ ਸਾਵੇ ਤਿੰਨ ਵਜੇ ਜੈ ਹਿੰਦ ਬੋਲ ਕੇ ਪ੍ਰਾਣ ਤਿਆਗ ਦਿੱਤੇ। ਪੰਜਪੁਲਾ ਡਲਹੌਜ਼ੀ ਵਿਚ ਉਸ ਦੀ ਯਾਦ ਹੈ, ਜਿਸ ਨੂੰ ਆਉਣ ਵਾਲੇ ਸਮਿਆਂ ਵਿਚ ਰੱਜ ਕੇ ਯਾਦ ਕੀਤਾ ਜਾਵੇਗਾ। ਹੁਣ ਜਦੋਂ ਅੰਦੋਲਨਕਾਰੀਆਂ ਨੇ ਦਿੱਲੀ ਬਾਰਡਰ ਉੱਤੇ ਅਜੀਤ ਸਿੰਘ ਦਾ ਜਨਮ ਦਿਨ ਮਨਾਇਆ ਤਾਂ ਉਥੇ ਖਟਕੜ ਕਲਾਂ ਤੋਂ ਮਿੱਟੀ ਲੈ ਕੇ ਗਏ ਸਨ।

ਖਟਕੜ ਕਲਾਂ ਦਾ ਮਹੱਤਵ ਅਜੀਤ ਦੇ ਜਨਮ ਸਥਾਨ ਤੇ ਭਗਤ ਸਿੰਘ, ਜਿਸ ਨੂੰ ਓਧਰਲੇ ਪੰਜਾਬੀ ਦੁੱਲਾ ਭੱਟੀ ਕਹਿ ਕੇ ਚੇਤੇ ਕਰਦੇ ਹਨ, ਦੇ ਜੱਦੀ ਪੁਸ਼ਤੀ ਪਿੰਡ ਤੱਕ ਹੀ ਸੀਮਤ ਨਹੀਂ।

ਅਜੋਕੇ ਕਿਸਾਨ ਅੰਦੋਲਨ ਨੇ ਪਗੜੀ ਸੰਭਾਲ ਜੱਟਾਂ ਵਰਗੇ ਅਨੇਕਾਂ ਗੀਤਾਂ ਨੂੰ ਮੁੜ ਜਨਮ ਦਿੱਤਾ ਤੇ ਪੰਜਾਬੀ ਦੇ ਪ੍ਰਕਾਸ਼ਕ ਭਗਤ ਸਿੰਘ ਤੇ ਅਜੀਤ ਸਿੰਘ ਦੀਆਂ ਜੀਵਨੀਆਂ ਦੇ ਅਣਜਾਣੇ ਪੱਖ ਲੱਭ ਕੇ ਕਿਤਾਬਾਂ ਛਾਪ ਰਹੇ ਹਨ। ਲੋਕਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਨੇ ਭਗਤ ਸਿੰਘ ਦੇ ਛੋਟੇ ਭਰਾ ਰਣਬੀਰ ਸਿੰਘ ਵਲੋਂ ਕਲਮਬੰਦ ਕੀਤੀ 'ਸਰਦਾਰ ਭਗਤ ਸਿੰਘ ਦੀ ਜੀਵਨੀ' ਲੱਭ ਲਭਾ ਕੇ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿਚ ਛੋਟੇ ਭਰਾ ਵਲੋਂ ਭਗਤ ਸਿੰਘ ਨੂੰ ਸ਼ਹੀਦ ਦੀ ਥਾਂ ਸਰਦਾਰ ਲਿਖਣਾ ਧਿਆਨ ਮੰਗਦਾ ਹੈ, ਇਸ ਲਈ ਕਿ ਅੱਜ ਦੇ ਕਿਸਾਨ ਅੰਦੋਲਨ ਦਾ ਸਿਹਰਾ ਵੀ ਸਰਦਾਰਾਂ ਦੇ ਸਿਰ ਬੱਝਦਾ ਹੈ। ਹੁਣ ਮੀਡੀਆ ਅਨੁਸਾਰ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਨੇ ਤਾਂ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਭਗਤ ਸਿੰਘ ਦੇ ਸ਼ਹੀਦੀ ਦਿਨ ਤੋਂ ਮਰਨ ਵਰਤ ਰੱਖਣ ਦਾ ਐਲਾਨ ਕੀਤਾ ਹੈ। ਖਟਕੜ ਕਲਾਂ ਜ਼ਿੰਦਾਬਾਦ!

**ਅੰਤਿਕਾ: ਅਜਾਇਬ ਚਿੱਤਰਕਾਰ**

ਨਹੀਂ ਤੂੰ ਬਖਸ਼ਿਆ ਜਾਣਾ,
ਹੈ ਲੱਗੀ ਬਦਦੁਆ ਇਸ ਦੀ,
ਭੁਲੇਖੇ ਨਾਲ ਕਰ ਬੈਠੀ ਨਾ
ਤੂੰ ਅਪਮਾਨ ਮਿੱਟੀ ਦਾ।

# ਸਿੱਖ ਧਰਮ ਵਿਚ ਔਰਤ ਦਾ ਸਥਾਨ

**ਕੌਮਾਂਤਰੀ ਮਹਿਲਾ ਦਿਵਸ 'ਤੇ ਵਿਸ਼ੇਸ਼**

ਡਾ. ਦੇਵਿੰਦਰਪਾਲ ਸਿੰਘ, ਕੈਨੇਡਾ

ਸਾਡੀ ਧਰਤੀ ਉੱਤੇ ਔਰਤਾਂ ਦੀ ਸੰਖਿਆ ਕੁੱਲ ਮਨੁੱਖੀ ਆਬਾਦੀ ਦਾ 50 ਪ੍ਰਤੀਸ਼ਤ ਹੈ। ਫਿਰ ਵੀ ਉਨ੍ਹਾਂ ਨੂੰ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੱਛਮੀ ਸਮਾਜ ਵਿਚ ਨਾਰੀਵਾਦੀ ਲਹਿਰ ਦੇ ਪੈਦਾ ਹੋਣ ਕਾਰਨ ਔਰਤ-ਮਰਦ ਵਿਤਕਰਾ ਕਾਫੀ ਹੱਦ ਤਕ ਘੱਟਿਆ ਹੈ, ਪਰ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਔਰਤਾਂ ਨੂੰ ਅਜੇ ਵੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਮੁਸ਼ਕਿਲਾਂ ਵਿਚ ਔਰਤਾਂ ਪ੍ਰਤੀ ਹਿੰਸਾਤਮਕ ਵਰਤਾਰਾ, ਅਨਪੜ੍ਹਤਾ, ਆਰਥਿਕ ਤੰਗੀ ਅਤੇ ਸਮਾਜਿਕ ਵਿਤਕਰੇਬਾਜ਼ੀ ਸ਼ਾਮਿਲ ਹੈ। ਅਜਿਹਾ ਯਕੀਨ ਹੈ ਕਿ ਔਰਤਾਂ ਲਈ ਬਿਹਤਰ ਸਿੱਖਿਆ ਪ੍ਰਾਪਤੀ ਦੀਆਂ ਸੁਵਿਧਾਵਾਂ ਅਤੇ ਉਨ੍ਹਾਂ ਦਾ ਆਰਥਿਕ ਸਸ਼ਕਤੀਕਰਨ, ਦੁਨੀਆਂ ਭਰ ਦੇ ਪਿਛੜੇ ਖੇਤਰਾਂ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਵਿਚ ਅਤੇ ਜਨਮ ਦਰ ਨੂੰ ਘਟਾਉਣ ਵਿਚ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ। ਅਜਿਹੇ ਕਾਰਜ ਮੌਸਮੀ ਤਬਦੀਲੀਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਵੀ ਅਹਿਮ ਰੋਲ ਅਦਾ ਕਰਨ ਦੀ ਸਮਰਥਾ ਰੱਖਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੌਰਾਨ ਪ੍ਰਚਲਿਤ ਅਨੇਕ ਰਸਮੋਂ-ਰਿਵਾਜਾਂ ਅਤੇ ਰਹੁ-ਰੀਤਾਂ ਨੂੰ ਦੇਖਦਿਆਂ ਇਹ ਨੋਟ ਕੀਤਾ ਕਿ ਮਰਦ ਅਕਸਰ ਔਰਤਾਂ ਦਾ ਸ਼ੋਸ਼ਣ ਕਰਦੇ ਸਨ। ਉਨ੍ਹਾਂ ਨੂੰ ਜਾਇਦਾਦ ਦੀ ਤਰ੍ਹਾਂ ਸਮਝਿਆ ਜਾਂਦਾ ਸੀ। ਔਰਤਾਂ ਨੂੰ ਕਮਜ਼ੋਰ, ਅਯੋਗ ਅਤੇ ਨੀਵੇਂ ਦਰਜੇ ਦਾ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਅਜਿਹੇ ਸਮਾਜੀ ਚਲਨ ਦਾ ਵਿਰੋਧ ਕੀਤਾ। ਸਪਸ਼ਟ ਹੈ ਕਿ ਨਾਰੀਵਾਦੀ ਲਹਿਰ ਦੇ ਪੈਦਾ ਹੋਣ ਤੋਂ ਕਈ ਸਦੀਆਂ ਪਹਿਲਾਂ, ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਮਰਦ-ਪ੍ਰਧਾਨ ਸਮਾਜ ਵਿਚ ਔਰਤਾਂ ਨਾਲ ਹੋ ਰਹੀ ਵਿਤਕਰੇਬਾਜ਼ੀ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਨੇ ਸਥਾਪਿਤ ਕੱਟੜਪੰਥੀ ਸੋਚ ਦਾ ਦ੍ਰਿੜਤਾ ਨਾਲ ਵਿਰੋਧ ਕਰਦਿਆਂ ਆਖਿਆ ਕਿ ਸਮਾਜ ਲਈ ਔਰਤ ਦੀ ਦੇਣ ਬਹੁਤ ਮਹੱਤਵਪੂਰਣ ਹੈ ਤੇ ਔਰਤਾਂ ਦੀ ਅਹਿਮੀਅਤ ਮਰਦਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਉਨ੍ਹਾਂ ਫੁਰਮਾਇਆ ਕਿ ਪਰਮਾਤਮਾ ਦਾ ਸਰੂਪ, ਆਦਮੀ ਅਤੇ ਔਰਤ-ਦੋਵੇਂ ਰੂਪ ਹੀ ਸਮੋਈ ਬੈਠਾ ਹੈ। ਪਰਮਾਤਮਾ ਦਾ ਰਚਨਾਤਮਕ ਪਹਿਲੂ ਇੱਕ ਮਾਂ ਦੇ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ।

ਆਪੇ ਪੁਰਖੁ ਆਪੇ ਹੀ ਨਾਰੀ॥ (ਪੰਨਾ 1020)

ਭਾਵ: ਪਰਮਾਤਮਾ, ਆਦਮੀ ਅਤੇ ਔਰਤ-ਦੋਵੇਂ ਸਰੂਪਾਂ ਦਾ ਮਾਲਕ ਹੈ।

ਗੁਰੂ ਜੀ ਅਨੁਸਾਰ ਇਕੋ ਦੈਵੀ ਤੱਤ ਪੁਰਸ਼ਾਂ ਅਤੇ ਔਰਤਾਂ-ਦੋਹਾਂ ਵਿਚ ਹੀ ਵਿਆਪਕ ਹੈ। ਔਰਤਾਂ ਨਾਲ ਬਦਸਲੂਕੀ ਜਾਂ ਵਿਤਕਰਾ ਕਰਨ ਦੀ ਥਾਂ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਔਰਤ ਦੇ ਸਮਾਜ ਵਿਚ ਭਿੰਨ ਭਿੰਨ ਰੋਲਾਂ ਦਾ ਵਰਣਨ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ ਲਿਖੀ ਆਪਣੀ ਰਚਨਾ ਵਿਚ ਇੰਜ ਵਰਣਨ ਕੀਤਾ ਹੈ,

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
(ਪੰਨਾ 473)

ਭਾਵ: ਅਸੀਂ ਸਾਰੇ ਔਰਤ ਤੋਂ ਜਨਮ ਲੈਂਦੇ ਹਾਂ। ਅਸੀਂ ਔਰਤ ਦੀ ਕੁੱਖ ਵਿਚ ਪਲਦੇ ਹਾਂ। ਔਰਤ ਨਾਲ ਹੀ ਸਾਡੀ ਮੰਗਣੀ ਹੁੰਦੀ ਹੈ ਅਤੇ ਔਰਤ ਨਾਲ ਹੀ ਵਿਆਹ ਹੁੰਦਾ ਹੈ। ਔਰਤ ਨਾਲ ਹੀ ਮਿੱਤਰਤਾ ਕੀਤੀ ਜਾਂਦੀ ਹੈ ਅਤੇ ਔਰਤ ਦੁਆਰਾ ਹੀ ਨਵੀਆਂ ਮਨੁੱਖੀ ਪੀੜ੍ਹੀਆਂ ਜਨਮ ਲੈਂਦੀਆਂ ਹਨ। ਜਦੋਂ ਕਿਸੇ ਦੀ ਪਤਨੀ ਦੀ ਮੌਤ ਹੋ ਜਾਂਦੀ ਹੈ ਤਾਂ ਉਹ ਵਿਅਕਤੀ ਦੁਬਾਰਾ ਵਿਆਹ ਲਈ ਹੋਰ ਔਰਤ ਦੀ ਭਾਲ ਕਰਦਾ ਹੈ। ਅਸੀਂ ਔਰਤ ਰਾਹੀਂ ਹੀ ਸੰਸਾਰਕ ਸਬੰਧਾਂ ਵਿਚ ਜੁੜੇ ਹੋਏ ਹਾਂ, ਤਾਂ ਫਿਰ ਅਸੀਂ ਉਸ ਬਾਰੇ ਬੁਰਾ ਕਿਉਂ ਬੋਲਦੇ ਹਾਂ? ਉਸ ਤੋਂ ਰਾਜਿਆਂ ਦਾ ਜਨਮ ਹੁੰਦਾ ਹੈ। ਇੱਕ ਔਰਤ ਤੋਂ ਹੀ ਹੋਰ ਔਰਤ ਦਾ ਜਨਮ ਹੁੰਦਾ ਹੈ। ਔਰਤ ਤੋਂ ਬਿਨਾ ਇਥੇ ਕਿਸੇ ਦੀ ਵੀ ਹੋਂਦ ਨਹੀਂ ਸੀ ਹੋਣੀ। (ਗੁਰੂ) ਨਾਨਕ ਦਾ ਕਹਿਣਾ ਹੈ ਕਿ ਸਿਰਫ ਪਰਮਾਤਮਾ ਹੀ ਔਰਤ ਦੀ ਸਬੰਧਤਾ ਤੋਂ ਮੁਕਤ ਹੈ।




ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਸਿੱਖ ਗੁਰੂਆਂ ਨੇ ਔਰਤਾਂ ਦੀ ਸ਼ਮੂਲੀਅਤ ਜੀਵਨ ਦੇ ਹਰ ਖੇਤਰ ਵਿਚ ਜਿਵੇਂ ਕਿ ਪੂਜਾ ਦੇ ਕਾਰਜਾਂ, ਸਮਾਜਿਕ ਕੰਮਾਂ-ਕਾਰਾਂ ਅਤੇ ਇਥੋਂ ਤਕ ਕਿ ਯੁੱਧ ਦੇ ਮੈਦਾਨ ਵਿਚ ਵੀ ਬਰਾਬਰੀ ਦੇ ਆਧਾਰ ਉੱਤੇ ਉਤਸ਼ਾਹਿਤ ਕੀਤੀ। ਉਨ੍ਹਾਂ ਨੇ ਔਰਤਾਂ ਦੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਸਮਰਥਨ ਕੀਤਾ। ਔਰਤਾਂ ਨੂੰ ਸਾਰੇ ਧਾਰਮਿਕ ਕੰਮਾਂ ਵਿਚ ਹਿੱਸਾ ਲੈਣ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਸਤੀ (ਪਤੀ ਦੀ ਚਿਤਾ ਵਿਚ ਵਿਧਵਾ ਔਰਤ ਨੂੰ ਜ਼ਿੰਦਾ ਜਲਾ ਦੇਣ ਦੀ ਰੀਤ) ਅਤੇ ਕੰਨਿਆ ਭਰੂਣ-ਹੱਤਿਆ ਦੀਆਂ ਰਵਾਇਤਾਂ ਦਾ ਸਖਤੀ ਨਾਲ ਵਿਰੋਧ ਕੀਤਾ। ਵਿਧਵਾ ਔਰਤਾ ਦੇ ਦੁਬਾਰਾ ਵਿਆਹ ਨੂੰ ਉਤਸ਼ਾਹਿਤ ਕੀਤਾ। ਵਰਣਨਯੋਗ ਹੈ ਕਿ ਸਿੱਖ ਗੁਰੂਆਂ ਨੇ ਔਰਤ ਦੀ ਦਸ਼ਾ ਵਿਚ ਸੁਧਾਰ ਦੇ ਇਹ ਕਾਰਜ, ਪੱਛਮ ਵਿਚ ਨਾਰੀਵਾਦੀ ਲਹਿਰ ਦੇ ਜਨਮ ਲੈਣ ਤੋਂ ਸੈਂਕੜੇ ਸਾਲ ਪਹਿਲਾਂ, ਮਰਦ-ਪ੍ਰਧਾਨ ਭਾਰਤੀ ਸਮਾਜ ਵਿਚ ਚਲਾਏ।

ਦੁੱਖ ਦੀ ਗੱਲ ਇਹ ਹੈ ਕਿ ਅਜੋਕਾ ਸਿੱਖ ਸਮਾਜ ਪੁਰਾਣੀਆਂ ਗਲਤ ਸਭਿਆਚਾਰਕ ਪਰੰਪਰਾਵਾਂ ਨੂੰ ਪੂਰੀ ਤਰ੍ਹਾਂ ਬਦਲਣ ਅਤੇ ਗੁਰੂ ਸਾਹਿਬਾਨ ਦੁਆਰਾ ਸਿਖਾਈ ਗਈ ਮਰਦ-ਔਰਤ ਸਮਾਨਤਾ ਦੇ ਆਦਰਸ਼ਾਂ ਉੱਤੇ ਸਹੀ ਰੂਪ ਵਿਚ ਚੱਲਣ ਤੋਂ ਅਸਮਰਥ ਰਿਹਾ ਹੈ। ਪੁੱਤਰ ਪ੍ਰਾਪਤੀ ਦੀ ਇੱਛਾ ਕਾਰਨ ਕੀਤੇ ਜਾ ਰਹੇ ਲਿੰਗ-ਨਿਰਧਾਰਣ ਟੈਸਟਾਂ ਦੇ ਫਲਸਰੂਪ ਬੱਚੀਆਂ ਦੀ ਭਰੂਣ-ਹੱਤਿਆ ਪੰਜਾਬ ਵਿਚ ਸਰਾਪ ਬਣ ਕੇ ਉੱਭਰੀ ਹੈ, ਜੋ ਪੰਜਾਬੀਆਂ ਤੇ ਖਾਸ ਕਰ ਸਿੱਖਾਂ ਲਈ ਵੱਡੇ ਕਲੰਕ ਦਾ ਕਾਰਨ ਹੈ।

ਇਹ ਜਾਣਨਾ ਥੋੜ੍ਹਾ ਉਤਸ਼ਾਹਜਨਕ ਹੈ ਕਿ ਅਕਾਲ ਤਖਤ ਸਮੇਤ ਸਿੱਖਾਂ ਦੀਆਂ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਇਸ ਪ੍ਰਥਾ ਦੇ ਵਿਰੁੱਧ ਆਵਾਜ਼ ਉਠਾ ਰਹੀਆਂ ਹਨ। ਅੱਜ ਦੇ ਇਸ ਖਾਸ ਦਿਨ, ਆਓ ਰਲ ਮਿਲ ਅਹਿਦ ਕਰੀਏ ਕਿ ਅਸੀਂ ਸਾਰੇ ਇਸ ਸੰਸਾਰ ਨੂੰ ਪੱਖਪਾਤ ਰਹਿਤ, ਤਰਕਹੀਣ ਪਰੰਪਰਾਵਾਂ ਅਤੇ ਲਿੰਗ-ਭੇਦਭਾਵ ਤੋਂ ਮੁਕਤ ਬਣਾਉਣ ਲਈ ਹਰ ਸੰਭਵ ਯਤਨ ਕਰਾਂਗੇ। ਆਓ, ਆਪਾਂ ਮਿਲ ਕੇ ਇੱਕ ਅਜਿਹੀ ਦੁਨੀਆਂ ਦੀ ਸਿਰਜਣਾ ਲਈ ਯਤਨ ਕਰੀਏ, ਜਿਥੇ ਹਰ ਔਰਤ ਕੋਲ ਆਪਣੀ ਜ਼ਿੰਦਗੀ ਦੀ ਬੁਲੰਦੀ ਛੂਹਣ ਲਈ ਲੋੜੀਂਦੇ ਮੌਕੇ ਸਹਿਜੇ ਹੀ ਉਪਲਬਧ ਹੋ ਸਕਣ।

# ਦਰਸਨ ਕਉ ਜਾਈਐ ਕੁਰਬਾਨੁ

**ਗੁਰਬਾਣੀ ਵਿਆਖਿਆ**

ੴ ਸਤਿਗੁਰ ਪਰਸਾਦਿ॥
ਰਾਮਕਲੀ ਮਹਲਾ ੫
ਦਰਸਨ ਕਉ ਜਾਈਐ ਕੁਰਬਾਨੁ॥
ਚਰਨ ਕਮਲ ਹਿਰਦੈ ਧਰਿ ਧਿਆਨੁ॥
ਧੂਰਿ ਸੰਤਨ ਕੀ ਮਸਤਕਿ ਲਾਇ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ॥
ਜਿਸੁ ਭੇਟਤ ਮਿਟੈ ਅਭਿਮਾਨੁ॥
ਪਾਰਬ੍ਰਹਮੁ ਸਭੁ ਨਦਰੀ ਆਵੈ
ਕਰਿ ਕਿਰਪਾ ਪੂਰਨ ਭਗਵਾਨ॥ ਰਹਾਉ॥
ਗੁਰ ਕੀ ਕੀਰਤ ਜਪੀਐ ਹਰਿ ਨਾਉ॥
ਗੁਰ ਕੀ ਭਗਤਿ ਸਦਾ ਗੁਣ ਗਾਉ॥
ਗੁਰ ਕੀ ਸੁਰਤਿ ਨਿਕਟਿ ਕਰਿ ਜਾਣੁ॥
ਗੁਰ ਕਾ ਸਬਦੁ ਸਤਿ ਕਰਿ ਮਾਨੁ॥
ਗੁਰ ਬਚਨੀ ਸਮਸਰਿ ਸੁਖ ਦੂਖ॥
ਕਦੇ ਨ ਬਿਆਪੈ ਤ੍ਰਿਸਨਾ ਭੂਖ॥
ਮਨਿ ਸੰਤੋਖੁ ਸਬਦਿ ਗੁਰ ਰਾਜੇ॥
ਜਪਿ ਗੋਬਿੰਦੁ ਪੜਦੇ ਸਭਿ ਕਾਜੇ॥
ਗੁਰੁ ਪਰਮੇਸਰੁ ਗੁਰੁ ਗੋਵਿੰਦੁ॥
ਗੁਰੁ ਦਾਤਾ ਦਇਆਲ ਬਖਸਿੰਦੁ॥
ਗੁਰ ਚਰਨੀ ਜਾ ਕਾ ਮਨੁ ਲਾਗਾ॥
ਨਾਨਕ ਦਾਸ ਤਿਸੁ ਪੂਰਨ ਭਾਗਾ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਨੇ, ਹੇ ਸਭ ਗੁਣਾਂ ਵਾਲੇ ਮਿਹਰਬਾਨ ਪ੍ਰਭ ਜੀ! ਮੇਰੇ ਉਤੇ ਕਿਰਪਾ ਕਰੋ ਅਤੇ ਮੈਨੂੰ ਉਹ ਪੂਰਾ ਗੁਰੂ ਮਿਲਾ ਦੇਉ, ਜਿਸ ਗੁਰੂ ਨੂੰ ਮਿਲ ਕੇ ਮਨ ਵਿਚੋਂ ਅਭਿਮਾਨ ਭਾਵ ਅਹੰਕਾਰ ਦੂਰ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ ਅਤੇ ਉਹ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ਰ ਪ੍ਰਭੂ ਹਰ ਥਾਂ ਦਿਸ ਪੈਂਦਾ ਹੈ, ਪ੍ਰਭੂ ਮਿਹਰ ਕਰੋ ਜੀ।

ਦਰਸਨ ਕਉ ਜਾਈਐ ਕੁਰਬਾਨੁ॥
ਚਰਨ ਕਮਲ ਹਿਰਦੈ ਧਰਿ ਧਿਆਨੁ॥
ਧੂਰਿ ਸੰਤਨ ਕੀ ਮਸਤਕਿ ਲਾਇ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ॥

ਹੇ ਭਾਈ! ਆਪਣੇ ਗੁਰੂ ਦੇ ਚਰਨ-ਕਮਲਾਂ ਦਾ ਹਿਰਦੇ ਵਿਚ ਧਿਆਨ ਧਰ ਕੇ ਗੁਰੂ ਦੇ ਦਰਸ਼ਨ ਤੋਂ ਕੁਰਬਾਨ ਭਾਵ ਸਦਕੇ ਜਾਣਾ ਚਾਹੀਦਾ ਹੈ, ਗੁਰੂ ਦੇ ਦਰਸ਼ਨ ਲਈ ਆਪਾ ਭਾਵ ਮੁਕਾ ਦੇਣਾ ਚਾਹੀਦਾ ਹੈ। ਹੇ ਭਾਈ! ਗੁਰੂ ਦੇ ਦਰ 'ਤੇ ਰਹਿਣ ਵਾਲੇ ਸੰਤ ਜਨਾਂ ਦੀ ਚਰਨ ਧੂੜ ਮੱਥੇ ਉਤੇ ਲਾਇਆ ਕਰ, ਇਸ ਨਾਲ ਅਨੇਕਾਂ ਜਨਮਾਂ ਦੀ ਖੋਟੀ ਮੱਤ ਦੀ ਮੈਲ ਲੱਥ ਜਾਂਦੀ ਹੈ।

ਗੁਰ ਕੀ ਕੀਰਤ ਜਪੀਐ ਹਰਿ ਨਾਉ॥
ਗੁਰ ਕੀ ਭਗਤਿ ਸਦਾ ਗੁਣ ਗਾਉ॥
ਗੁਰ ਕੀ ਸੁਰਤਿ ਨਿਕਟਿ ਕਰਿ ਜਾਣੁ॥
ਗੁਰ ਕਾ ਸਬਦੁ ਸਤਿ ਕਰਿ ਮਾਨੁ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਪਰਮਾਤਮਾ ਪ੍ਰਭੂ ਦਾ ਨਾਮ ਹਰ ਵੇਲੇ ਜਪਣਾ ਚਾਹੀਦਾ ਹੈ, ਇਹੋ ਹੀ ਤਾਂ ਗੁਰੂ ਦੀ ਕੀਰਤੀ ਹੈ, ਸੋਭਾ ਹੈ; ਹਰ ਵੇਲੇ ਮਿਹਰਬਾਨ ਪ੍ਰਭੂ ਜੀ ਦੇ ਗੁਣ ਗਾਉਣੇ ਇਹੋ ਹੀ ਗੁਰੂ ਦੀ ਭਗਤੀ ਹੈ। ਹੇ ਭਾਈ! ਉਸ ਮਾਲਕ ਪ੍ਰਭੂ ਨੂੰ ਸਦਾ ਹੀ ਆਪਣੇ ਨੇੜੇ ਵੱਸਦਾ ਜਾਣ, ਇਹੀ ਹੈ ਗੁਰੂ ਦੇ ਚਰਨਾਂ ਵਿਚ ਧਿਆਨ ਧਰਨਾ। ਭਾਈ ਗੁਰੂ ਦੇ ਸ਼ਬਦ ਨੂੰ ਸਦਾ ਹੀ ਸੱਚ ਕਰਕੇ ਮੰਨਣਾ ਹੈ।

ਗੁਰ ਬਚਨੀ ਸਮਸਰਿ ਸੁਖ ਦੂਖ॥
ਕਦੇ ਨ ਬਿਆਪੈ ਤ੍ਰਿਸਨਾ ਭੂਖ॥
ਮਨਿ ਸੰਤੋਖੁ ਸਬਦਿ ਗੁਰ ਰਾਜੇ॥
ਜਪਿ ਗੋਬਿੰਦੁ ਪੜਦੇ ਸਭਿ ਕਾਜੇ॥

ਸਤਿਗੁਰੂ ਆਖਦੇ ਹਨ, ਹੇ ਭਾਈ! ਗੁਰੂ ਦੇ ਬਚਨ ਮੰਨਣ ਕਰਕੇ ਸਾਰੇ ਹੀ ਸੁੱਖ ਅਤੇ ਦੁੱਖ ਜੀਵ ਨੂੰ ਇਕੋ ਜਿਹੇ ਲੱਗਣ ਲੱਗ ਪੈਂਦੇ ਹਨ ਅਤੇ ਫਿਰ ਮਾਇਆ ਦੀ ਤ੍ਰਿਸ਼ਨਾ, ਮਾਇਆ ਦੀ ਭੁਖ, ਆਪਣਾ ਜ਼ੋਰ ਨਹੀਂ ਪਾ ਸਕਦੀ। ਗੁਰੂ ਦੇ ਸ਼ਬਦ ਨਾਲ ਮਨ ਵਿਚ ਸੰਤੋਖ ਪੈਦਾ ਹੋ ਜਾਂਦਾ ਹੈ, ਪ੍ਰਭੂ ਦਾ ਨਾਮ ਜਪ ਕੇ ਸਾਰੇ ਪੜਦੇ ਕੱਜੇ ਜਾਂਦੇ ਹਨ।

ਗੁਰੁ ਪਰਮੇਸਰੁ ਗੁਰੁ ਗੋਵਿੰਦੁ॥
ਗੁਰੁ ਦਾਤਾ ਦਇਆਲ ਬਖਸਿੰਦੁ॥
ਗੁਰ ਚਰਨੀ ਜਾ ਕਾ ਮਨੁ ਲਾਗਾ॥
ਨਾਨਕ ਦਾਸ ਤਿਸੁ ਪੂਰਨ ਭਾਗਾ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਕਹਿੰਦੇ ਨੇ, ਹੇ ਭਾਈ! ਗੁਰੂ ਹੀ ਪਰਮਾਤਮਾ ਦਾ ਰੂਪ ਹੈ, ਗੁਰੂ ਹੀ ਗੋਬਿੰਦ ਦਾ ਰੂਪ ਹੈ, ਗੁਰੂ ਦਾਤਾਂ ਦੇ ਮਾਲਕ ਦਾਤਾਰ ਪ੍ਰਭੂ ਦਾ ਰੂਪ ਹੈ, ਗੁਰੂ ਹੀ ਦਇਆ ਦੇ ਸੋਮੇ ਬਖਸ਼ਣਹਾਰ ਉਸ ਮਿਹਰਬਾਨ ਪ੍ਰਭੂ ਜੀ ਦਾ ਰੂਪ ਹੈ। ਹੇ ਭਾਈ! ਜਿਸ ਜੀਵ ਦਾ ਮਨ ਗੁਰੂ ਦੇ ਚਰਨਾਂ ਵਿਚ ਟਿਕ ਜਾਂਦਾ ਹੈ, (ਨਾਨਕ) ਉਸ ਦਾਸ ਦੇ ਪੂਰੇ ਭਾਗ ਜਾਗ ਪੈਂਦੇ ਹਨ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਪ੍ਰੋ. ਮੱਖਣ ਸਿੰਘ ਦੀ ਕਲਾਮਈ ਕੁਮੈਂਟਰੀ

ਪੰਜਾਬੀ ਖੇਡ ਸਾਹਿਤ ਵਿਚ ਖੇਡ ਬੁਲਾਰਿਆਂ ਦਾ ਵੀ ਯੋਗਦਾਨ ਹੈ। ਵਿਸ਼ੇਸ਼ ਤੌਰ 'ਤੇ ਕਬੱਡੀ ਕੁਮੈਂਟੇਟਰਾਂ ਦਾ। ਖੇਡ ਬੁਲਾਰੇ ਖੇਡ ਸ਼ਬਦਾਵਲੀ ਵਿਚ ਵਾਧਾ ਕਰਨ ਦੇ ਨਾਲ ਨਵੇਂ ਖੇਡ ਮੁਹਾਵਰੇ, ਖੇਡ ਅਖਾਣ, ਕਾਵਿ-ਬੰਦ, ਸ਼ਿਅਰ, ਟੱਪੇ, ਨਵੇਂ ਅਲੰਕਾਰ ਤੇ ਗੀਤ ਪ੍ਰਚੱਲਤ ਕਰਦੇ ਆ ਰਹੇ ਹਨ। ਉਨ੍ਹਾਂ ਵਿਚ ਮੈਥ ਦੇ ਲੈਕਚਰਰ ਮੱਖਣ ਸਿੰਘ ਹਕੀਮਪੁਰ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ। ਉਸ ਨੂੰ ਕਬੱਡੀ ਦੀ ਕੁਮੈਂਟਰੀ ਦਾ ਰੋਲ ਮਾਡਲ ਮੰਨ ਕੇ ਬਹੁਤ ਸਾਰੇ ਨਵੇਂ ਕੁਮੈਂਟੇਟਰਾਂ ਨੇ ਉਹਦੀ ਰੀਸ ਕੀਤੀ ਹੈ ਤੇ ਉਸ ਨੂੰ 'ਉਸਤਾਦ ਜੀ' ਕਹਿ ਕੇ ਸੰਬੋਧਨ ਕਰਦੇ ਹਨ। ਅੱਗੋਂ ਮੱਖਣ ਸਿੰਘ ਮੈਨੂੰ 'ਗੁਰੂ ਜੀ' ਕਹਿੰਦਾ ਹੈ, ਪਰ ਮੈਂ ਉਹਦਾ ਗੁਰੂ ਨਹੀਂ। ਜਿੰਨਾ ਉਹਨੇ ਮੈਥੋਂ ਸਿੱਖਿਆ, ਓਨਾ ਮੈਂ ਵੀ ਉਹਤੋਂ ਸਿੱਖਿਆ। ਸਾਡੀ ਜੋੜੀ ਕਵੀਸ਼ਰ ਕਰਨੈਲ ਸਿੰਘ ਪਾਰਸ ਤੇ ਰਣਜੀਤ ਸਿੰਘ ਸਿੱਧਵਾਂ ਵਾਂਗ ਬਣੀ ਸੀ।

ਮੱਖਣ ਸਿੰਘ ਦੇ ਬੋਲਾਂ ਵਿਚ ਸਰਸਵਤੀ ਦੇ ਸੰਖ ਗੂੰਜਦੇ ਹਨ, ਲਫਜ਼ਾਂ ਦਾ ਗਿੱਧਾ ਪੈਂਦਾ ਹੈ ਤੇ ਲਤੀਫਿਆਂ ਦੀਆਂ ਫੁੱਲਝੜੀਆਂ ਚਲਦੀਆਂ ਹਨ। ਵਿਚੇ ਲੋਕ ਗੀਤਾਂ ਦਾ ਨਾਚ ਹੁੰਦਾ ਹੈ। ਕੁਮੈਂਟਰੀ ਕਲਾ ਦੇ ਮੈਦਾਨ ਵਿਚ ਉਸ ਨੇ ਮਿਹਨਤ ਵੀ ਬਹੁਤ ਕੀਤੀ ਤੇ ਉਹਦੀ ਮਿਹਨਤ ਨੂੰ ਰੰਗ ਭਾਗ ਵੀ ਚੰਗੇ ਲੱਗੇ। ਕਦੇ ਉਹ ਸਕੂਟਰ 'ਤੇ ਚੜ੍ਹਨ ਨੂੰ ਤਰਸਦਾ ਸੀ, ਪਰ ਕੁਮੈਂਟਰੀ ਦੀ ਬਰਕਤ ਨਾਲ ਵੀਹ ਬਾਈ ਸਾਲਾਂ ਤੋਂ ਹਵਾਈ ਜਹਾਜ਼ਾਂ ਦਾ ਸਵਾਰ ਹੈ। ਕਦੇ ਕੈਨੇਡਾ ਜਾਂਦਾ ਹੈ, ਕਦੇ ਇੰਗਲੈਂਡ, ਕਦੇ ਅਮਰੀਕਾ ਤੇ ਕਦੇ ਆਸਟ੍ਰੇਲੀਆ। ਸਾਲ 'ਚ ਤਿੰਨ ਤਿੰਨ ਗੇੜੇ ਤਾਂ ਉਹ ਇੰਡੀਆ ਤੋਂ ਅਮਰੀਕਾ ਦੇ ਈ ਕੱਢਦਾ ਰਿਹੈ। ਮੈਂ ਪੰਜਾਹ ਕੁ ਹਵਾਈ ਅੱਡੇ ਵੇਖੇ ਹਨ, ਪਰ ਉਹ ਸੌ ਤੋਂ ਵੱਧ ਹਵਾਈ ਅੱਡਿਆਂ ਤੋਂ ਚੜ੍ਹ ਉਤਰ ਚੁੱਕੈ!

ਜਿਵੇਂ ਢੋਲ ਦਾ ਡੱਗਾ ਨੱਚਣ ਵਾਲਿਆਂ ਦੇ ਪੱਬ ਚੁੱਕ ਦਿੰਦੈ, ਉਵੇਂ ਕਬੱਡੀ ਦੀ ਲੱਛੇਦਾਰ ਕੁਮੈਂਟਰੀ ਵੀ ਦਰਸ਼ਕਾਂ ਨੂੰ ਪੱਬਾਂ ਭਾਰ ਕਰੀ ਰੱਖਦੀ ਹੈ। ਜਿਵੇਂ ਸਪੇਰਾ ਬੀਨ ਨਾਲ ਸੱਪ ਨੂੰ ਕੀਲ ਲੈਂਦੈ, ਉਵੇਂ ਕੁਮੈਂਟੇਟਰ ਦਿਲਚਸਪ ਕੁਮੈਂਟਰੀ ਨਾਲ ਕਬੱਡੀ ਦੇ ਦਰਸ਼ਕਾਂ ਨੂੰ ਹਿੱਲਣ ਨਹੀਂ ਦਿੰਦਾ। ਉਹਦੇ ਹੁਲਾਰਵੇਂ, ਬਲਿਹਾਰਵੇਂ, ਲਲਕਾਰਵੇਂ ਤੇ ਚੱਕਵੇਂ ਥੱਲਵੇਂ ਬੋਲ, ਖੇਡ ਵਿਖਾਉਣ ਤੇ ਖੇਡ ਵੇਖਣ ਵਾਲਿਆਂ ਦੇ ਦਿਲਾਂ 'ਚ ਤਰੰਗਾਂ ਛੇੜਦੇ ਉਨ੍ਹਾਂ ਦਾ ਮਨ ਪਰਚਾਉਂਦੇ ਖੇਡ ਵੇਖਣ ਦਾ ਨਸ਼ਾ ਦੂਣ-ਸਵਾਇਆ ਕਰੀ ਜਾਂਦੇ ਹਨ। ਜਿਵੇਂ ਗੀਤ ਤੇ ਸਾਜ਼ ਦਾ ਸਬੰਧ ਹੈ, ਉਵੇਂ ਕਬੱਡੀ ਤੇ ਕੁਮੈਂਟਰੀ ਦਾ ਸਬੰਧ ਜੁੜ ਗਿਆ ਹੈ।

ਮੈਨੂੰ ਯਾਦ ਆ ਰਿਹੈ 6 ਅਗਸਤ 1995 ਦਾ ਉਹ ਦਿਨ, ਜਦੋਂ ਵੈਨਕੂਵਰ ਦੇ ਬੀ. ਸੀ. ਪਲੇਸ ਵਿਚ ਪੰਦਰਾਂ ਹਜ਼ਾਰ ਦਰਸ਼ਕਾਂ ਦਾ 'ਕੱਠ ਬੜੀ ਬੇਤਾਬੀ ਨਾਲ ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਦੀਆਂ ਕਬੱਡੀ ਟੀਮਾਂ ਦਾ ਮੈਚ ਉਡੀਕ ਰਿਹਾ ਸੀ। ਉਡੀਕ ਵਿਚ ਤਾਂਘ ਸੀ, ਅੱਚਵੀ ਸੀ, ਅਕੇਵਾਂ ਸੀ, ਤਣਾਅ ਸੀ ਤੇ ਸ਼ੋਰ-ਸ਼ਰਾਬਾ ਸੀ। ਇਨਡੋਰ ਸਟੇਡੀਅਮ ਵਿਚ ਹੁੰਮਸ-ਭਰੀ ਬੇਚੈਨੀ ਸੀ। ਮਾਈਕ ਉਤੋਂ ਸ਼ਾਂਤ ਰਹਿਣ ਦੀਆਂ ਅਪੀਲਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਗੀਤ-ਸੰਗੀਤ ਵੀ ਦਰਸ਼ਕਾਂ ਨੂੰ ਚੁੱਪ ਨਹੀਂ ਸੀ ਕਰਾ ਰਿਹਾ ਤੇ ਨਾ ਹੀ ਲਤੀਫਿਆਂ ਦਾ ਕੋਈ ਲੁਤਫ ਲੈ ਰਿਹਾ ਸੀ। ਕਬੱਡੀ ਦੇ ਸੁੰਨੇ ਪਏ ਅਖਾੜੇ ਬਾਰੇ ਕੁਮੈਂਟੇਟਰ ਵੀ ਦਰਸ਼ਕਾਂ ਨੂੰ ਕੀ ਦਸਦੇ?

ਫਿਰ ਜਦੋਂ ਸਟੇਡੀਅਮ ਦੇ ਦੁਆਰ 'ਚੋਂ ਭਖੇ ਹੋਏ ਖਿਡਾਰੀ ਅੰਦਰ ਆਉਂਦੇ ਨਜ਼ਰੀਂ ਪਏ ਤਾਂ ਮੇਰੇ ਮੂੰਹੋਂ ਆਪਮੁਹਾਰੇ ਬੋਲ ਨਿਕਲੇ, "ਲਓ ਆ ਗਏ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਬੱਬਰ ਸ਼ੇਰ। ਮਾਂਵਾਂ ਦੇ ਬਲੀ ਪੁੱਤਰ। ਮਾਰਦੇ ਆ ਥਾਪੀਆਂ ਤੇ ਪਾਉਂਦੇ ਆ ਬਾਘੀਆਂ। ਕੰਬਦੀ ਐ ਧਰਤੀ ਇਨ੍ਹਾਂ ਦੇ ਕਦਮਾਂ ਥੱਲੇ। ਇਨ੍ਹਾਂ ਦੇ ਜੁੱਸੇ ਵੇਖੋ, ਸਾਧੇ ਤੇ ਕਮਾਏ ਹੋਏ, ਦੁੱਧ ਮੱਖਣਾਂ ਦੇ ਪਾਲੇ ਹੋਏ। ਵੇਖੋ ਇਨ੍ਹਾਂ ਨੂੰ ਮੇਹਲਦੇ ਤੇ ਮਚਲਦੇ। ਸਡੌਲ ਜੁੱਸਿਆਂ ਤੋਂ ਨਿਗਾਹਾਂ ਤਿਲ੍ਹਕ ਤਿਲ੍ਹਕ ਪੈਂਦੀਆਂ। ਇਨ੍ਹਾਂ ਦੀ ਚੜ੍ਹਤ ਵੇਖੋ ਤੇ ਵੇਖਿਓ ਇਨ੍ਹਾਂ ਦੀਆਂ ਪਕੜਾਂ। ਇਕ-ਇਕ ਕਬੱਡੀ ਲੱਖ-ਲੱਖ ਦੀ ਪਊ, ਜੋ ਸੇਰ-ਸੇਰ ਲਹੂ ਵਧਾਊ...!"

ਕੁਮੈਂਟਰੀ ਦੀ ਏਨੀ ਕੁ ਭੂਮਿਕਾ ਬੰਨ੍ਹਣ ਨਾਲ ਸ਼ੋਰ ਪਾਉਂਦਾ ਸਟੇਡੀਅਮ ਸ਼ਾਂਤ ਹੋ ਗਿਆ ਸੀ। ਉਡੀਕ ਦਾ ਅਕੇਵਾਂ ਕਿਧਰੇ ਪਰ ਲਾ ਕੇ ਉੱਡ ਗਿਆ ਸੀ। ਚਾਰ ਚੁਫੇਰੇ ਚੁੱਪ ਵਰਤ ਗਈ ਸੀ ਅਤੇ ਦਰਸ਼ਕਾਂ ਦੀਆਂ ਨਿਗਾਹਾਂ ਖਿਡਾਰੀਆਂ ਦੇ ਜੁੱਸੇ ਨਿਹਾਰਨ ਲੱਗ ਪਈਆਂ ਸਨ। ਖਿਡਾਰੀ ਢੇਰੀਆਂ ਨੂੰ ਮੱਥੇ ਟੇਕ ਕੇ ਜੁੱਸੇ ਹੋਰ ਗਰਮਾਉਣ ਲੱਗੇ ਤੇ ਅਸੀਂ ਉਨ੍ਹਾਂ ਦੀ ਜਾਣ-ਪਛਾਣ ਕਰਵਾਉਣ ਲੱਗੇ: ਲਾਇਲਪੁਰੀਆ ਅਸਲਮ ਡੋਗਰ, ਰਾਵਲਪਿੰਡੀਆ ਆਬਿਦ ਪੱਪੂ, ਮੁਲਤਾਨ ਦਾ ਅਮੀਨ ਜੱਟ, ਸ਼ੇਖੂਪੁਰੇ ਦੇ ਮੁਹੰਮਦ ਇਕਬਾਲ ਮਲਿਕ ਤੇ ਅਕੀਲ ਅੱਬਾਸ, ਸਾਹੀਵਾਲ ਦਾ ਸ਼ਹਿਜ਼ਾਦ ਗੁਲਖਾਨ, ਫੈਸਲਾਬਾਦ ਦੇ ਨਬੀਦ ਅਹਿਮਦ ਗੁੱਜਰ ਤੇ ਜਾਵੇਦ ਜੰਜੂਆ ਅਤੇ ਲਾਹੌਰੀਆ ਰਿਆਜ਼ ਜੱਟ। ਏਧਰ ਕਪੂਰਥਲੀਆ ਬਲਵਿੰਦਰ ਫਿੱਡਾ, ਬਾਜੇਖਾਨੇ ਦਾ ਹਰਜੀਤ ਬਰਾੜ, ਗੁਰਦਾਸਪੁਰੀਆ ਸ਼ੱਬਾ, ਕਪੂਰਥਲੀਏ ਮੰਗੀ ਤੇ ਨੇਕੀ, ਗਾਜੇਆਣੀਆਂ ਕਾਲਾ, ਗੇਲਾ ਘੋਲੀਆ, ਜਗਤਾਰ ਧਨੌਲਾ, ਬਿਜਲੀ ਬੋਰਡ ਦਾ ਭੀਮਾ, ਅੜੈਚਾਂ ਦਾ ਅੰਗਰੇਜ਼ ਤੇ ਕੌਂਕਿਆਂ ਦਾ ਬਾਜ। ਜਿਵੇਂ-ਜਿਵੇਂ ਖਿਡਾਰੀਆਂ ਦੇ ਨਾਂ ਲਏ ਜਾਂਦੇ, ਉਹ ਹੱਥ ਖੜ੍ਹੇ ਕਰ ਕੇ ਦਰਸ਼ਕਾਂ ਤੋਂ ਤਾੜੀਆਂ ਦੀ ਦਾਦ ਲਈ ਜਾਂਦੇ।



ਮੈਚ ਸ਼ੁਰੂ ਹੋਇਆ ਤਾਂ ਕੁਮੈਂਟਰੀ ਦੀ ਗਰਾਰੀ ਵੀ ਉਸੇ ਰਫਤਾਰ ਨਾਲ ਗਿੜਣ ਲੱਗੀ, "ਲਓ ਬਈ ਚੜ੍ਹਦੇ ਪੰਜਾਬ ਦਾ ਚੜ੍ਹਦਾ ਸੂਰਜ ਹਰਜੀਤ ਬਰਾੜ, ਟੇਕ ਕੇ ਧਰਤੀ ਮਾਂ ਨੂੰ ਮੱਥਾ, ਮੰਗ ਕੇ ਸੂਰਜ ਤੋਂ ਵਰ, ਚੱਲਿਆ ਕਬੱਡੀ ਪਾਉਣ। ਜੁਆਨ ਦੀ ਚੜ੍ਹਤ ਵੇਖੋ ਜਿਵੇਂ ਕੰਧਾਰ ਦਾ ਕਿਲਾ ਫਤਿਹ ਕਰਨ ਚੱਲਿਆ ਹੋਵੇ। ਗੱਠਿਆ ਜੁੱਸਾ, ਫਰਕਦੇ ਡੌਲੇ, ਥੱਬੇ-ਥੱਬੇ ਦੇ ਪੱਟ, ਪੈਂਦੀਆਂ ਘੁੱਗੀਆਂ, ਖੁਣੀਆਂ ਮੋਰਨੀਆਂ ਤੇ ਚਮਕਦੇ ਚੰਦ। ਵੇਖਦੇ ਆਂ ਇਹਨੂੰ ਕਿਹੜਾ ਮਾਈ ਦਾ ਲਾਲ ਡੱਕਦਾ? ਕਬੱਡੀ...ਕਬੱਡੀ...ਕਬੱਡੀ...। ਔਹ ਲੜ ਗਿਆ ਲਾਇਲਪੁਰੀਆ ਨਾਗ। ਪਾ ਲਿਆ ਨਾਗਵਲ, ਪੈ ਗਿਆ ਪੇਚਾ, ਲੱਗ ਗਿਆ ਜੱਫਾ। ਹੋ ਗਿਆ ਸਾਨ੍ਹਾਂ ਦਾ ਭੇੜ। ਵੱਜਦੀਆਂ ਧੌਲਾਂ, ਪੈਂਦੇ ਆ ਪਟਾਕੇ। ਸੁੱਟਦਾ ਲਾਹ-ਲਾਹ ਹਰਜੀਤ। ਔਹ ਨਿਕਲ ਗਿਆ ਜੰਜੂਏ ਦੇ ਜੱਫੇ 'ਚੋਂ। ਨਹੀਂ ਰੀਸਾਂ ਹਰਜੀਤ ਦੀਆਂ। ਜੀ ਓ ਸੱਜਣਾਂ, ਸਦਕੇ ਸੋਹਣਿਆਂ! ਪੁਆਇੰਟ ਹਰਜੀਤ ਦਾ, ਪਹਿਲਾ ਪ੍ਵੈਂਟ (ਪੁਆਇੰਟ) ਚੜ੍ਹਦੇ ਪੰਜਾਬ ਦਾ।" ਉਸੇ ਵੇਲੇ ਕਿਸੇ ਨੇ ਹਰਜੀਤ ਨੂੰ ਸੌ ਡਾਲਰ ਦਾ ਇਨਾਮ ਬੁਲਵਾਇਆ ਤੇ ਕਿਸੇ ਨੇ ਪੰਜ ਸੌ ਡਾਲਰ ਦਾ।

ਕਬੱਡੀ ਦੀ ਕੁਮੈਂਟਰੀ ਕਿਲਾ ਰਾਇਪੁਰ ਦੀਆਂ ਖੇਡਾਂ ਤੋਂ ਚੱਲੀ ਹੈ। ਜੋਗਿੰਦਰ ਸਿੰਘ ਪੀ. ਟੀ. ਨੂੰ ਕਬੱਡੀ ਦਾ ਮੋਢੀ ਕੁਮੈਂਟੇਟਰ ਮੰਨਿਆ ਜਾਂਦਾ ਹੈ। ਕਹਿੰਦੇ ਹਨ, ਉਹਦੇ ਦਿਲਚਸਪ ਟੋਟਕਿਆਂ ਦੀਆਂ ਬੰਦੇ ਤਾਂ ਕੀ, ਰੁੱਖ ਤੇ ਝਾੜ ਬੂਟੇ ਵੀ ਗਵਾਹੀਆਂ ਭਰਦੇ ਸਨ। ਉਸ ਨੇ ਹੀ ਮੰਨੇ ਦੰਨੇ ਕੁਮੈਂਟੇਟਰ ਦਾਰਾ ਸਿੰਘ ਗਰੇਵਾਲ ਨੂੰ ਕੁਮੈਂਟਰੀ ਦੀ ਜਾਗ ਲਾਈ ਸੀ। ਕਿਲਾ ਰਾਇਪੁਰੀ ਕੁਮੈਂਟਰੀ ਵਿਚ ਲੋਕ ਗੀਤਾਂ ਦੇ ਟੱਪਿਆਂ, ਨਿੱਕੇ-ਨਿੱਕੇ ਪ੍ਰਸੰਗਾਂ, ਹਾਸੇ ਮਖੌਲਾਂ ਤੇ ਅਖਾਣਾਂ ਮੁਹਾਵਰਿਆਂ ਦਾ ਮਸਾਲਾ ਪਾਇਆ ਹੁੰਦਾ। ਦਾਰੇ ਹੋਰੀਂ ਚਲਦੀ ਖੇਡ ਸਮੇਂ ਗਲੋਟੇ ਵਾਂਗ ਉਧੜਦੇ ਤੇ ਲਫਜ਼ਾਂ ਦੀਆਂ ਗੁੱਡੀਆਂ ਘੁਕਾ ਦਿੰਦੇ। ਜਦੋਂ ਕੋਈ ਜਾਫੀ, ਧਾਵੀ ਨੂੰ ਪਕੜਦਾ ਤਾਂ ਦਾਰਾ ਸਿੰਘ ਆਖਦਾ, "ਲੈ ਆ'ਗੀ ਘੁਲਾੜੀ 'ਚ ਬਾਂਹ, ਲੱਗ'ਗੇ ਜਿੰਦੇ, ਬਣਾ'ਤਾ ਚੱਕਰਚੂੰਡਾ, ਗੱਡ'ਤਾ ਅਰਲਾਕੋਟ। ਤੋਲ'ਤਾ ਮੰਡੀ ਦੇ ਕੰਡੇ ਆਂਗੂੰ। ਲਟੈਣਾਂ ਵਰਗੇ ਗੱਭਰੂ, ਖਰਾਸ ਦੇ ਪੁੜ ਵਰਗੀ ਛਾਤੀ, ਫੌਲਾਦੀ ਡੌਲੇ, ਚੁੰਘੀਆਂ ਬੂਰੀਆਂ ਝੋਟੀਆਂ, ਸਾਡੇ ਅੰਗੂੰ ਦੋ ਪ੍ਰਸੈਂਟ ਵਾਲਾ ਦੁੱਧ ਨੀ ਪੀਤਾ। ਲਓ ਬਿਜਲੀ ਬੋਰਡ ਦਾ ਭੀਮਾ ਚੱਲਿਆ ਕਬੱਡੀ ਪਾਉਣ, ਵੇਖਦੇ ਆਂ ਕੀਹਨੂੰ ਮਾਰਦਾ ਕਰੰਟ? ਔਹ ਮਾਰਿਆ ਚਲਾ ਕੇ ਮੱਕੀ ਦੇ ਪੂਲੇ ਆਂਗੂੰ...।"

ਢੁੱਡੀਕੇ ਦੇ ਖੇਡ ਮੇਲੇ ਵਿਚ ਨਾਵਲਕਾਰ ਜਸਵੰਤ ਸਿੰਘ ਕੰਵਲ ਵੀ ਕਦੇ-ਕਦੇ ਮਾਈਕ ਫੜ ਲੈਂਦਾ ਤੇ ਅਸੀਂ ਦੋਵੇਂ ਦਰਸ਼ਕਾਂ ਦਾ ਚਿੱਤ ਪਰਚਾਉਣ ਲਈ ਹਾਸਾ ਮਖੌਲ ਵੀ ਕਰ ਲੈਂਦੇ। ਕੰਵਲ ਦੀ ਕੁਮੈਂਟਰੀ ਨਾਵਲੀ ਵਾਰਤਾਲਾਪ ਵਰਗੀ ਹੁੰਦੀ ਸੀ। ਮੈਂ ਤਾਂ ਖਿਡਾਰੀਆਂ ਦੇ ਕੱਛਿਆਂ ਦੀਆਂ ਰੰਗਦਾਰ ਧਾਰੀਆਂ ਦਾ ਹੀ ਜ਼ਿਕਰ ਕਰਦਾ, ਪਰ ਉਹ ਲਾਲ ਰੰਗ ਦੇ ਕੱਛੇ 'ਚੋਂ ਇਨਕਲਾਬ ਦੀ ਝਲਕ ਵਿਖਾ ਦਿੰਦਾ। ਪਿਛਲੇ ਕੁਝ ਸਾਲਾਂ ਤੋਂ ਕਬੱਡੀ ਦੀ ਕੁਮੈਂਟਰੀ 'ਚ ਕਾਫੀ ਨਿਖਾਰ ਆਇਆ ਹੈ ਤੇ ਕੁਝ ਖੁਸ਼ਾਮਦੀ ਵਿਗਾੜ ਵੀ। ਪਹਿਲਾਂ ਕੁਮੈਂਟਰੀ ਸ਼ੌਕੀਆ ਹੁੰਦੀ ਸੀ, ਹੁਣ ਪੇਸ਼ੇਵਰ ਹੋ ਗਈ ਹੈ। ਜਿਵੇਂ ਟੂਰਨਾਮੈਂਟਾਂ ਵਿਚ ਤਕੜੇ ਖਿਡਾਰੀਆਂ ਦੀ ਸੱਦ-ਪੁੱਛ ਹੁੰਦੀ ਹੈ, ਉਵੇਂ ਉੱਚ ਪਾਏ ਦੇ ਟੂਰਨਾਮੈਂਟਾਂ ਲਈ ਚੰਗੇ ਕੁਮੈਂਟੇਟਰ ਵੀ ਉਚੇਚੇ ਸੱਦੇ-ਬੁਲਾਏ ਜਾਂਦੇ ਹਨ। ਗਾਉਣ ਵਾਲਿਆਂ ਵਾਂਗ ਕੁਮੈਂਟੇਟਰ ਟੂਰਨਾਮੈਂਟਾਂ ਦੀਆਂ ਅਗਾਊਂ ਸਾਈਆਂ ਫੜਨ ਲੱਗੇ ਹਨ। ਉਨ੍ਹਾਂ ਨੂੰ ਵੀ ਖਿਡਾਰੀਆਂ ਵਾਂਗ ਮਾਨ-ਸਨਮਾਨ ਦਿੱਤਾ ਜਾਣ ਲੱਗਾ ਹੈ। ਸੋਨੇ ਦੀਆਂ ਚੇਨੀਆਂ, ਸਕੂਟਰ, ਮੋਟਰਸਾਈਕਲ ਤੇ ਜੀਪਾਂ ਕਾਰਾਂ। ਇੰਗਲੈਂਡ, ਅਮਰੀਕਾ ਤੇ ਕੈਨੇਡਾ 'ਚੋਂ ਪੰਜਾਬ ਦੇ ਕੁਮੈਂਟੇਟਰਾਂ ਨੂੰ ਹਵਾਈ ਜਹਾਜ਼ਾਂ ਦੀਆਂ ਅਗਾਊਂ ਟਿਕਟਾਂ ਆਉਣ ਲੱਗ ਪਈਆਂ ਹਨ।




ਇਕ ਪਰਵੀਨ ਕੁਮੈਂਟੇਟਰ ਆਪਣੀ ਕੁਮੈਂਟਰੀ ਨਾਲ ਚੱਲ ਰਹੀ ਖੇਡ ਦਾ ਗੇਅਰ ਬਦਲਣ ਦੀ ਸਮਰੱਥਾ ਰੱਖਦਾ ਹੁੰਦਾ ਹੈ ਤੇ ਸਾਧਾਰਨ ਖੇਡ ਨੂੰ ਵੀ ਅਸਾਧਾਰਨ ਬਣਾ ਦਿੰਦਾ ਹੈ। ਸੰਤੁਲਿਤ ਕੁਮੈਂਟਰੀ ਉਹ ਹੁੰਦੀ ਹੈ, ਜੀਹਦੇ ਵਿਚ ਕੁਮੈਂਟੇਟਰ ਕਿਸੇ ਪਾਸੇ ਵੀ ਬਹੁਤਾ ਉਲਾਰ ਨਾ ਹੋਵੇ। ਉਹ ਲੋਕ ਮੁਹਾਵਰੇ ਵਿਚ ਬੋਲੇ, ਖੇਡ ਦੀ ਰਫਤਾਰ ਨਾਲ ਫਿਕਰੇ ਛੋਟੇ ਵੱਡੇ ਕਰੇ ਤੇ ਖਿਡਾਰੀਆਂ ਦੇ ਜ਼ੋਰ ਲੱਗਣ ਵੇਲੇ ਆਪਣੀ ਆਵਾਜ਼ ਵੀ ਸਿਖਰਲੀ ਪਿੱਚ ਉੱਤੇ ਲੈ ਜਾਵੇ। ਇਉਂ ਲੱਗੇ, ਜਿਵੇਂ ਖੇਡਦਿਆਂ ਉਹਦਾ ਵੀ ਜ਼ੋਰ ਲੱਗ ਰਿਹਾ ਹੋਵੇ।

ਕੁਮੈਂਟੇਟਰ ਲੋਕ ਗੀਤਾਂ, ਪ੍ਰਚੱਲਤ ਗੀਤਾਂ, ਹਾਸ-ਵਿਅੰਗ, ਟਿੱਚਰ-ਮਖੌਲ, ਲਤੀਫਿਆਂ, ਹੱਲਾਸ਼ੇਰੀਆਂ ਤੇ ਲਲਕਾਰਾਂ ਦਾ ਹਿਸਾਬ-ਕਿਤਾਬ ਨਾਲ ਸਹਾਰਾ ਲਵੇ। ਸਬਜ਼ੀ-ਭਾਜੀ ਵਾਂਗ ਲੂਣ, ਮਿਰਚ, ਮਸਾਲਾ ਸਹੀ ਮਿਕਦਾਰ 'ਚ ਪਾਵੇ। ਕਿਸੇ ਇਕ ਵਸਤ ਦੇ ਵਾਧੂ ਹੋ ਜਾਣ ਨਾਲ ਸਭ ਕੁਝ ਬੇਸੁਆਦਾ ਹੋ ਜਾਂਦਾ ਹੈ। ਇਥੋਂ ਤਕ ਕਿ ਕਿਸੇ ਦੀ ਲੋੜੋਂ ਵੱਧ ਪ੍ਰਸ਼ੰਸਾ ਵੀ ਬਹੁਤੇ ਮਿੱਠੇ ਵਾਂਗ ਬਹੁਤੀ ਚੰਗੀ ਨਹੀਂ ਹੁੰਦੀ। ਕੁਮੈਂਟੇਟਰ ਅਖਾੜੇ ਦਾ ਰੰਗ-ਢੰਗ, ਮੌਸਮ, ਆਲਾ-ਦੁਆਲਾ, ਧੁੱਪ-ਛਾਂ, ਵਗਦੀ 'ਵਾ ਤੇ ਆਕਾਸ਼ 'ਚ ਉਡਦੇ ਪੰਛੀਆਂ ਦੀ ਬਾਤ ਵੀ ਪਾਉਂਦਾ ਜਾਵੇ। ਖੇਡ ਮੇਲੇ ਦੇ ਇਲਾਕੇ ਦੀ ਸਥਾਨਕ ਬੋਲ ਚਾਲ ਦੀਆਂ ਛੋਹਾਂ ਦੇਣੀਆਂ ਨਾ ਭੁੱਲੇ। ਖਿਡਾਰੀਆਂ, ਖੇਡ ਪ੍ਰਬੰਧਕਾਂ, ਖੇਡ ਪ੍ਰੋਮੋਟਰਾਂ, ਵਿਸ਼ੇਸ਼ ਵਿਅਕਤੀਆਂ ਤੇ ਇਨਾਮ ਦੇਣ ਵਾਲਿਆਂ ਦੀ ਢੁੱਕਵੀਂ ਉਸਤਤ ਜ਼ਰੂਰ ਕਰੇ, ਪਰ ਮਿਰਾਸਪੁਣੇ ਤੋਂ ਬਚੇ। ਖੁਸ਼ਾਮਦ ਕਰਨੀ ਕੁਮੈਂਟੇਟਰਾਂ ਦਾ ਕੰਮ ਨਹੀਂ ਹੁੰਦਾ। ਖੇਡ ਜਦ ਰੁਕੇ ਤਾਂ ਉਹ ਖੇਡਾਂ ਦੀਆਂ ਬਾਤਾਂ ਪਾ ਕੇ ਦਰਸ਼ਕਾਂ ਦਾ ਮਨ ਪਰਚਾਈ ਰੱਖੇ। ਉਹ ਹਸਮੁੱਖ ਤੇ ਮਿਲਾਪੜਾ ਹੋਵੇ ਅਤੇ ਏਨਾ ਪ੍ਰਭਾਵਸ਼ਾਲੀ ਵੀ ਕਿ ਚਲਦੇ ਮੈਚਾਂ ਸਮੇਂ ਬਾਹਰੀ ਦਖਲ ਅੰਦਾਜ਼ੀ ਨੂੰ ਰੋਕਣ ਵਿਚ ਮਦਦਗਾਰ ਹੋ ਸਕੇ। ਖੇਡ ਮੈਦਾਨ 'ਚ ਉਹ ਸੂਤਰਧਾਰ ਬਣ ਕੇ ਖੇਡ ਮੇਲੇ ਨੂੰ ਬੰਨ੍ਹੇ। ਉਸ ਨੂੰ ਅਹਿਸਾਸ ਹੋਵੇ ਉਹਦੇ ਸਿਰ ਭਾਰੀ ਜ਼ਿੰਮੇਵਾਰੀ ਹੈ ਤੇ ਉਹ ਹਜ਼ਾਰਾਂ ਦਰਸ਼ਕਾਂ ਦਾ ਰਹਿਨੁਮਾ ਹੈ।

ਮੱਖਣ ਸਿੰਘ ਦਾ ਜਨਮ 15 ਅਕਤੂਬਰ 1957 ਨੂੰ ਬੰਗੇ ਨੇੜੇ ਪਿੰਡ ਹਕੀਮਪੁਰ ਵਿਚ ਬੰਤਾ ਸਿੰਘ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ਹੋਇਆ। ਉਹ ਚਾਰ ਭਰਾਵਾਂ ਤੇ ਪੰਜ ਭੈਣਾਂ 'ਚ ਸਭ ਤੋਂ ਛੋਟਾ ਸੀ, ਜਿਸ ਕਰਕੇ ਲਾਡਲਾ ਰਿਹਾ। ਉਹਦੀ ਨਿੱਕੇ ਹੁੰਦੇ ਦੀ ਜਿਦ ਪੁੱਗ ਜਾਂਦੀ, ਸ਼ਰਾਰਤਾਂ ਸਹਿਣ ਹੋ ਜਾਂਦੀਆਂ। ਪਿੰਡ ਦੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿਛੋਂ ਦਸਵੀਂ ਤਕ ਉਹ ਮੁਕੰਦਪੁਰ ਪੜ੍ਹਿਆ। 1974 ਵਿਚ ਰਾਮਗੜ੍ਹੀਆ ਕਾਲਜ ਫਗਵਾੜੇ ਪੜ੍ਹਨ ਲੱਗ ਪਿਆ ਤੇ 1978 ਵਿਚ ਬੀ. ਐੱਸਸੀ. ਨਾਨ ਮੈਡੀਕਲ ਕਰ ਗਿਆ। ਅਗਲੇ ਸਾਲ ਉਸ ਨੇ ਬੀ. ਐੱਡ. ਕਰ ਲਈ ਤੇ ਗੌਰਮਿੰਟ ਮਿਡਲ ਸਕੂਲ ਭੰਗਲ ਖੁਰਦ ਵਿਚ ਹਿਸਾਬ ਦਾ ਮਾਸਟਰ ਜਾ ਲੱਗਾ। ਦਸ ਸਾਲ ਕਰਨਾਣੇ ਦੇ ਸਕੂਲ ਵਿਚ ਪੜ੍ਹਾਇਆ, ਜਿਥੇ ਜਾਣ-ਆਉਣ ਲਈ ਦੱਬ ਕੇ ਸਾਈਕਲ ਵਾਹਿਆ।



# ਪੰਜਾਬੀ ਖੇਡ ਸਾਹਿਤ 31

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਦੇ-ਕਦੇ ਉਹ ਬਚਪਨ ਦੀਆਂ ਗੱਲਾਂ ਛੇੜ ਬਹਿੰਦਾ। ਦੱਸਦਾ ਕਿ ਨਿੱਕਾ ਹੁੰਦਾ ਇਕ ਧਾਰਮਿਕ ਗੀਤ ਗਾਇਆ ਕਰਦਾ ਸੀ: ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ। ਉਹਦਾ ਫੁੱਫੜ ਤੇ ਜੀਜਾ ਉਹਨੂੰ ਇਨਾਮ ਦਿੰਦੇ ਤੇ ਕਹਿੰਦੇ ਹੁਣ ਕੋਈ ਨਵਾਂ ਗੀਤ ਸੁਣਾ। ਮੱਖਣ ਸਿੰਘ ਨਵੇਂ ਨਮੂਨੇ ਦਾ ਗੀਤ ਸੁਣਾਉਂਦਾ: ਨੀ ਚਿੱਟੀਏ ਕਬੂਤਰੀਏ, ਨੀ ਅੱਜ ਤੈਨੂੰ ਲੈ ਜਾਣਾ। ਪਰਿਵਾਰ ਹਸਦਾ ਅਤੇ ਫੁੱਫੜ ਤੇ ਜੀਜੇ ਨੂੰ ਹੋਰ ਇਨਾਮ ਦੇਣੇ ਪੈਂਦੇ। ਨਿੱਕੇ ਹੁੰਦੇ ਉਹਨੂੰ ਹਵਾਈ ਜਹਾਜ ਵੇਖਣ ਦਾ ਬੜਾ ਸ਼ੌਕ ਸੀ। ਜਦੋਂ ਜਹਾਜ ਦੀ ਗੂੰਜ ਸੁਣਨੀ, ਉਹਨੇ ਰੋਟੀ ਛੱਡ ਕੇ ਬਾਹਰ ਭੱਜ ਪੈਣਾ ਤੇ ਉਦੋਂ ਤਕ ਅਸਮਾਨ ਵੱਲ ਵੇਖਦੇ ਰਹਿਣਾ ਜਦੋਂ ਤਕ ਜਹਾਜ ਅਲੋਪ ਨਾ ਹੋ ਜਾਣਾ। ਉਹਦੇ ਮਨ ਵਿਚ ਹਵਾਈ ਜਹਾਜ ਦਾ ਪਾਈਲਟ ਬਣਨ ਦੀ ਰੀਝ ਪੈਦਾ ਹੋ ਗਈ। ਉਹੋ ਰੀਝ ਸੀ ,ਜਿਸ ਕਰਕੇ ਉਹ ਸਾਇੰਸ ਦੀ ਪੜ੍ਹਾਈ ਵੱਲ ਰੁਚਿਤ ਹੋਇਆ। ਉਸ ਨੂੰ ਹਾਲੇ ਵੀ ਹਵਾਈ ਜਹਾਜ ਦਾ ਉਡਣਾ, ਰੇਲ ਗੱਡੀ ਦਾ ਚੱਲਣਾ ਤੇ ਪਾਣੀ ਦਾ ਵਗਣਾ ਵਧੇਰੇ ਖਿੱਚ ਪਾਉਂਦਾ ਹੈ। ਪਾਇਲਟ ਤਾਂ ਭਾਵੇਂ ਉਹ ਨਹੀਂ ਬਣ ਸਕਿਆ, ਪਰ ਕੁਮੈਂਟਰੀ ਦੇ ਸਿਰ 'ਤੇ ਹਵਾਈ ਜਹਾਜ਼ਾਂ ਦੀ ਸਵਾਰੀ ਕਰਨ 'ਚ ਉਹ ਕਿਸੇ ਪਾਇਲਟ ਤੋਂ ਪਿੱਛੇ ਨਹੀਂ ਰਿਹਾ।

ਇਕ ਵਾਰ ਮੈਨੂੰ ਵੈਨਕੂਵਰ ਤੋਂ ਫੋਨ ਆਇਆ, "ਪ੍ਰੋ. ਮੱਖਣ ਸਿੰਘ ਤੁਹਾਡੇ ਕੋਲ ਨੇ?" ਮੈਂ ਕਿਹਾ, "ਨਹੀਂ, ਉਹ ਹੁਣ ਅਸਮਾਨ ਵਿਚ ਐ।" ਅੱਗੋਂ ਆਵਾਜ ਆਈ, "ਕਿਉਂ ਮਖੌਲ



ਉਦੋਂ ਉਹਦੀ ਰੀਝ ਸਕੂਟਰ ਲੈਣ ਦੀ ਸੀ, ਜੋ ਪੂਰੀ ਨਹੀਂ ਸੀ ਹੁੰਦੀ।

1990 ਵਿਚ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮੈਥ ਦੀ ਐੱਮ. ਐੱਸਸੀ. ਕਰ ਲਈ ਤੇ ਅਗਲੇ ਸਾਲ ਪੱਖੋਵਾਲ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਲੈਕਚਰਾਰ ਜਾ ਲੱਗਾ। 1992 ਤੋਂ 95 ਤਕ ਲਧਾਣੇ ਝਿੱਕੇ ਦੇ ਸੈਕੰਡਰੀ ਸਕੂਲ ਦਾ ਕਾਰਜਕਾਰੀ ਪ੍ਰਿੰਸੀਪਲ ਰਿਹਾ। 1996 'ਚ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ ਆ ਗਿਆ। ਸਬੱਬੀਂ ਮੈਂ ਵੀ ਉਸੇ ਸਾਲ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣਿਆ। ਇਕ ਦਿਨ ਉਹ ਮਿਲਣ ਆਇਆ ਤਾਂ ਮੈਨੂੰ ਉਹਦੀ ਨਿਮਰਤਾ ਭਾਅ ਗਈ। ਉਹ ਬੋਲਦਾ ਘੱਟ ਹੈ ਤੇ ਸੁਣਦਾ ਵੱਧ। ਕਿਸੇ ਨੂੰ ਕੌੜਾ ਫਿੱਕਾ ਬੋਲਦਾ ਤਾਂ ਕਦੇ ਸੁਣਿਆਂ ਹੀ ਨਹੀਂ। ਮੈਂ ਉਸ ਨੂੰ ਕਈ ਰੰਗਾਂ 'ਚ ਵੇਖਿਆ। ਸੋਚੀਂ ਪਿਆ, ਝੂਰਦਾ ਤੇ ਨੱਚਦਾ ਟਪਦਾ ਵੀ। ਮੈਨੂੰ ਪੁਰੇਵਾਲ ਖੇਡ ਮੇਲੇ ਦਾ ਸੱਦਾ ਪੱਤਰ ਦੇਣ ਆਉਂਦਾ, ਸਟਾਫ ਦਾ ਸਹਿਯੋਗ ਮੰਗਦਾ, ਮਿੱਠਾ ਬੋਲਦਾ, ਨਿੰਮ੍ਹਾ ਨਿੰਮ੍ਹਾ ਮੁਸਕਰਾਉਂਦਾ ਤੇ ਨੀਵੀਂਆਂ ਪਾਉਂਦਾ। ਫਿਰ ਕਾਰ ਵਿਚ ਮੈਨੂੰ ਖੇਡ ਮੇਲਿਆਂ 'ਤੇ ਲਿਜਾਣ ਲੱਗ ਪਿਆ ਤੇ ਰਿਟਾਇਰ ਹੋਣ ਪਿੱਛੋਂ ਅਸੀਂ ਹਵਾਈ ਜਹਾਜ਼ਾਂ 'ਚ 'ਕੱਠੇ ਸਫਰ ਕਰਨ ਲੱਗੇ। ਸਾਨੂੰ 'ਕੱਠਿਆਂ ਕੁਮੈਂਟਰੀ ਕਰਨ ਦੇ ਮੌਕੇ ਮਿਲਦੇ। ਫਾਈਨਲ ਮੈਚ ਦੀ ਕੁਮੈਂਟਰੀ ਮੈਂ ਹਮੇਸ਼ਾ ਉਹਤੋਂ ਕਰਵਾਉਂਦਾ। ਉਹ ਨਾਲ ਹੁੰਦਾ ਤਾਂ ਮੈਨੂੰ ਕੋਈ ਫਿਕਰ ਨਾ ਹੁੰਦਾ। ਇੰਜ ਲੱਗਦਾ ਜਿਵੇਂ ਘਰ ਦਾ ਜੀਅ ਮੇਰੇ ਨਾਲ ਹੈ।

ਅਸੀਂ ਹੋਟਲਾਂ 'ਚ ਇਕੋ ਕਮਰੇ 'ਚ ਠਹਿਰਦੇ। ਕਰਦੇ ਓ ਜੀ। ਉਹ ਏਥੇ ਈ ਕਿਤੇ ਤੁਹਾਡੇ ਕੋਲ ਹੋਣੈ। ਛੇਤੀ ਦੱਸੋ, ਬਹੁਤ ਜ਼ਰੂਰੀ ਕੰਮ ਐਂ। ਅਸੀਂ ਉਹਨੂੰ ਬਿਨਾ ਪੁੱਛੇ ਈ ਟੂਰਨਾਮੈਂਟ ਰੱਖ ਬੈਠੇ ਆਂ। ਲੋਕਾਂ ਦੀ ਮੰਗ ਐ ਕਿ ਟੂਰਨਾਮੈਂਟ ਦੀ ਕੁਮੈਂਟਰੀ ਮੱਖਣ ਸਿੰਘ ਤੋਂ ਹੀ ਕਰਾਉਣੀ ਐਂ।"

ਮੈਂ ਫੇਰ ਆਖਿਆ, "ਦੱਸਿਆ ਤਾਂ ਹੈ ਕਿ ਉਹ ਹੁਣ ਅਸਮਾਨ ਵਿਚ ਐ। ਅੱਧਾ ਘੰਟਾ ਪਹਿਲਾਂ ਈ ਲੰਡਨ ਨੂੰ ਹਵਾਈ ਜਹਾਜ ਚੜ੍ਹਾਇਐ। ਲਹਿੰਬਰ ਕੰਗ ਹੋਰਾਂ ਦੇ ਸੱਦੇ 'ਤੇ ਇੰਗਲੈਂਡ ਦੇ ਕਬੱਡੀ ਟੂਰਨਾਮੈਂਟ 'ਚ ਕੁਮੈਂਟਰੀ ਕਰਨ ਜਾ ਰਿਹੈ। ਉਥੋਂ ਮੁੜੇਗਾ ਤਾਂ ਛੱਬੀ ਜੁਲਾਈ ਨੂੰ ਅਸੀਂ ਯੌਰਕ ਯੂਨੀਵਰਸਿਟੀ ਦੇ ਸਟੇਡੀਅਮ ਵਿਚ 'ਕੱਠੇ ਕੁਮੈਂਟਰੀ ਕਰਾਂਗੇ। ਸਤਾਈ ਜੁਲਾਈ ਨੂੰ ਉਹ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਕੋਲ ਪੁੱਜੇਗਾ ਤੇ ਐਬਟਸਫੋਰਡ ਦਾ ਟੂਰਨਾਮੈਂਟ ਭੁਗਤਾਵੇਗਾ। ਦੋ ਅਗਸਤ ਨੂੰ ਅਸੀਂ ਟੋਰਾਂਟੋ 'ਚ ਟੂਰਨਾਮੈਂਟ ਭੁਗਤਾਉਣੈ। ਤਿੰਨ ਤੇ ਚਾਰ ਅਗਸਤ ਨੂੰ ਕੈਲਗਰੀ ਹੋਵਾਂਗੇ, ਦਸ ਨੂੰ ਹੈਮਿਲਟਨ ਤੇ ਸਤਾਰਾਂ ਨੂੰ ਸ਼ਿਕਾਗੋ। ਹੁਣ ਦੱਸੋ ਤੁਸੀਂ ਕਿਹੜੀ ਤਾਰੀਖ ਬੰਨ੍ਹੀ ਬੈਠੇ ਓਂ? ਕਿਤੇ ਮੌਂਟਰੀਅਲ ਜਾਂ ਐਡਮਿੰਟਨ ਵਾਲਿਆਂ ਵਾਲੀ ਤਾਂ ਨੀ ਬੰਨ੍ਹ ਬੈਠੇ?"

ਅੱਗੋਂ ਉਹ ਕੀ ਕਹਿੰਦੇ? ਮੱਖਣ ਸਿੰਘ ਦਾ ਮਹੀਨਾ ਤਾਂ ਪਹਿਲਾਂ ਹੀ ਬੁੱਕ ਸੀ। ਉਦੋਂ ਉਹਦੇ ਰੁਝੇਵੇਂ ਦਾ ਇਹ ਹਾਲ ਸੀ ਕਿ ਸਾਲ 'ਚ ਸੱਠ-ਸੱਤਰ ਟੂਰਨਾਮੈਂਟ ਭੁਗਤਾਉਂਦਾ ਸੀ। ਤੀਹ ਚਾਲੀ ਪੰਜਾਬ 'ਚ ਤੇ ਵੀਹ-ਤੀਹ ਬਾਹਰ। ਇੰਗਲੈਂਡ, ਅਮਰੀਕਾ ਤੇ ਕੈਨੇਡਾ ਦੇ ਉਹਨੇ ਸਾਰੇ ਸ਼ਹਿਰ ਹੀ ਗਾਹੇ ਪਏ ਸਨ। ਆਸਟ੍ਰੇਲੀਆ ਵੀ ਜਾ ਆਇਆ

*(ਬਾਕੀ ਅਗਲੇ ਸਫੇ 'ਤੇ)*

# 'ਇਬਾਰਤ ਚੁੱਪ ਕਿਉਂ ਹੈ?' ਦਾ ਪੁਨਰ ਅਧਿਐਨ

ਸੰਸਾਰ ਦੇ ਅਨੇਕ ਉਨੱਤ ਸ਼ਹਿਰਾਂ ਬਾਰੇ ਕਵੀਆਂ ਨੇ ਕਵਿਤਾਵਾਂ ਲਿਖੀਆਂ ਹਨ। ਵਿਲੀਅਮ ਬਲੇਕ ਦੀ 'ਲੰਡਨ', ਹੋਪ ਮਰਲੀਜ਼ ਦੀ ਪੈਰਿਸ ਅਤੇ ਐਲੀਅਟ ਦੀ 'ਦੀ ਵੇਸਟ ਲੈਂਡ' ਵੀ ਲੰਡਨ ਬਾਰੇ ਹੈ। ਨਿਊ ਯਾਰਕ ਸ਼ਹਿਰ ਵੀ ਕਈ ਅੰਗਰੇਜ਼ੀ ਕਵੀਆਂ ਦਾ ਪ੍ਰੇਰਨਾ ਸਰੋਤ ਬਣਿਆ ਹੈ, ਜਿਨ੍ਹਾਂ ਵਿਚੋਂ ਤਿੰਨ ਬਹੁਤ ਮਸ਼ਹੂਰ ਕਵੀਆਂ ਦਾ ਜ਼ਿਕਰ ਕਰਨਾ ਚਾਹਵਾਂਗਾ। ਖੁਲ੍ਹੀ ਕਵਿਤਾ ਦੇ ਜਨਮਦਾਤਾ ਵਾਲਟ ਵਿਟਮੈਂਬ ਦੀ 'ਮੈਨਹੈਟਾ' (Mannahatta), ਵੀਟਨਿਕ ਕਵੀ ਐਲਨ ਗਿਨਜ਼ਬਰਗ ਦੀ 'ਹਉਲ' (Howl) ਅਤੇ ਆਧੁਨਿਕਵਾਦ ਦੇ ਮੁਦੱਈ ਡਬਲਿਯੂ. ਐਚ. ਓਡਨ ਦੀ 'ਰੈਫਿਊਜੀ ਬਲੂਜ਼' (Refugee Blues). ਇਹ ਕਵੀ ਨਿਊ ਯਾਰਕ ਨੂੰ ਵੱਖ ਵੱਖ ਕੋਨਾਂ ਅਤੇ ਦ੍ਰਿਸ਼ਟੀਕੋਨਾਂ ਤੋਂ ਦੇਖ/ਵਿਚਾਰ ਕੇ ਇਸ ਦੀ ਪੇਚੀਦਾ ਸਭਿਅਤਾ, ਰਹਿਤਲ ਦੀ ਭਿੰਨਤਾ ਅਤੇ ਕਾਹਲ ਤੇ ਭੀੜ- ਭੜੱਕੇ ਵਾਲੀ ਹਲਚਲ ਦਾ ਜਾਇਜ਼ਾ ਲੈਂਦੇ ਹਨ। ਸੁਰਿੰਦਰ ਸੋਹਲ ਨੇ ਤਾਂ ਸਾਰੀ ਪੁਸਤਕ ਹੀ ਨਿਊ ਯਾਰਕ ਬਾਰੇ ਲਿਖ ਦਿੱਤੀ ਹੈ, ਜਿਸ ਦਾ ਨਾਂ ਹੈ, "ਇਬਾਰਤ ਚੁੱਪ ਕਿਉਂ ਹੈ?"

**ਡਾ. ਗੁਰੁਮੇਲ ਸਿੱਧੂ**

ਇਸ ਕਿਤਾਬ ਦੀਆਂ ਸਾਰੀਆਂ ਕਵਿਤਾਵਾਂ ਛੰਦ-ਮੁਕਤ ਹਨ, ਅਰਥਾਤ, ਖੁੱਲ੍ਹੀ ਕਵਿਤਾ ਵਿਚ ਲਿਖੀਆਂ ਹੋਈਆਂ ਹਨ। ਖੁੱਲ੍ਹੀ ਕਵਿਤਾ ਦੇ ਆਪਣੇ ਕਾਇਦੇ-ਕਾਨੂੰਨ ਹਨ, ਜਿਨ੍ਹਾਂ ਦੀ ਵਿਆਖਿਆ ਮੇਰੀ ਪੁਸਤਕ "ਖੁੱਲ੍ਹੀ ਕਵਿਤਾ ਦੇ ਮਾਪਦੰਡ" ਵਿਚ ਕੀਤੀ ਗਈ ਹੈ। ਖੁੱਲ੍ਹੀ ਕਵਿਤਾ ਲਿਖਣਾ, ਛੰਦਬੱਧ ਕਵਿਤਾ ਲਿਖਣ ਨਾਲੋਂ ਕਿਤੇ ਔਖਾ ਹੈ। ਛੰਦਬੱਧ ਕਵਿਤਾ ਲਈ 'ਛੰਦ' ਗਾਡੀਰਾਹ ਹੈ, ਜਿਸ ਵਿਚ ਮਾਤਰਾਂ ਜਾਂ ਵਰਣਾਂ ਦੀ ਗਿਣਤੀ-ਮਿਣਤੀ ਰਾਹੀਂ ਕਵਿਤਾ ਨੂੰ ਗੁਣੀਏ ਵਿਚ ਰੱਖਿਆ ਜਾਂਦਾ ਹੈ। ਖੁੱਲ੍ਹੀ ਕਵਿਤਾ ਨੂੰ ਕਾਵਿਕ ਬਣਾਉਣ ਲਈ ਤੋਲ ਅਤੇ ਲੈਅ (Rhythm and Cadence) ਦਾ ਸਹਾਰਾ ਲਿਆ ਜਾਂਦਾ ਹੈ। ਇਹ ਦੋਵੇਂ ਗੁਣ ਸ਼ਬਦਾਂ ਦੀ ਚੋਣ ਅਤੇ ਚਿਣਤ ਰਾਹੀਂ ਪੈਦਾ ਕੀਤੀ ਧੁਨੀ ਦੀ ਰੋੜ੍ਹ ਦੇ ਲਖਾਇਕ ਹਨ। ਕਵਿਤਾ ਦੀ ਸਤਰ ਦਾ ਵਿਆਕਰਣ ਦੇ ਅਸੂਲਾਂ ਵਿਚ ਰਹਿਣਾ ਜ਼ਰੂਰੀ ਨਹੀਂ, ਇਸ ਦਾ ਕਾਵਿਕ (Poetic) ਹੋਣਾ ਲਾਜ਼ਮੀ ਹੈ, ਭਾਵ ਕਾਲਪਨਿਕ ਅਤੇ ਸੰਵੇਦਨਸ਼ੀਲ ਹੋਵੇ। ਜੇ ਸਤਰਾਂ ਵਿਚ ਕਿਤੇ ਕਿਤੇ ਧੁਨੀ-ਤੁਕਾਨ ਵੀ ਮਿਲਦਾ ਹੋਵੇ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋ ਜਾਂਦਾ ਹੈ। ਸੋਹਲ ਦੀ ਪੁਸਤਕ ਵਿਚ ਅਜਿਹੇ ਗੁਣ ਵਿਦਮਾਨ ਹਨ।

"ਸੋਹਲ ਲਈ ਨਿਊ ਯਾਰਕ ਨਿਰਾ ਸ਼ਹਿਰ ਹੀ ਨਹੀਂ, ਪੂਰੀ-ਸੂਰੀ ਸਭਿਅਤਾ ਹੈ। ਉਸ ਨੇ ਇਕ ਟੈਕਸੀ ਵਾਹਕ ਹੋਣ ਦੇ ਨਾਤੇ ਨਿਊ ਯਾਰਕ ਦੀਆਂ ਚੌੜੀਆਂ ਸੜਕਾਂ ਤੇ ਭੀੜੀਆਂ ਗਲੀਆਂ, ਇਸ ਦੇ ਇਤਿਹਾਸਕ ਸਮਾਰਕਾਂ/ਚਿੰਨਾਂ, ਵੱਖ ਵੱਖ ਜਾਤੀਆਂ ਦੇ ਤਿਉਹਾਰਾਂ ਅਤੇ ਰੋਜ਼ਾਨਾ ਜੀਵਨ ਦੇ ਝਗੜੇ-ਝੇੜਿਆਂ ਤੇ ਵਹੇੜਿਆਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ ਹੈ। ਕਵੀ ਨੇ ਹਰ ਵਿਸ਼ੇ ਨੂੰ ਕਿੰਨੀ ਗਹਿਰਾਈ, ਵਾਸਤਵਿਕਤਾ ਅਤੇ ਵਿਸਥਾਰ ਸਹਿਤ ਚਿਤਰਿਆ ਹੈ, ਇਹ ਉਸ ਦੇ ਅਨੁਭਵ ਦੀ ਗਹਿਰਾਈ 'ਤੇ ਨਿਰਭਰ ਕਰਦਾ ਹੈ। ਅਹਿਮ ਸਵਾਲ ਇਹ ਹੈ ਕਿ ਵਿਸ਼ਿਆਂ ਤੇ ਚਿਤਰਨ ਵਿਚ ਕਾਵਿਕਤਾ (Poeticality) ਦਾ ਮਿਆਰ ਕੀ ਹੈ? ਇਸ ਪੁਸਤਕ ਦੀਆਂ ਕਰੀਬ ਸਾਰੀਆਂ ਕਵਿਤਾਵਾਂ ਵਿਚੋਂ, ਕਵਿਤਾ ਦੀ ਮਹਿਕ ਆਉਂਦੀ ਹੈ।

ਸੋਹਲ ਨੇ ਵਿਸ਼ਿਆਂ ਨੂੰ ਸਥੂਲ ਤੇ ਸੂਖਮ ਬਿੰਬਾਂ ਅਤੇ ਸਰਵਣੀ ਤੇ ਨੇਤਰੀ (Audio-Visual) ਅਲੰਕਾਰਾਂ ਤੇ ਸਿਮਲੀਆਂ ਨਾਲ ਸ਼ਿੰਗਾਰਿਆ ਹੈ। ਸਥੂਲ ਬਿੰਬਾਂ ਦੀ ਰੂਪਰੇਖਾ "ਕਾਂਸੇ ਦਾ ਧੌਲ" ਨਾਮੀ ਕਵਿਤਾ ਦੇ ਵੱਖ ਵੱਖ ਸਕੈਚਾਂ 'ਚੋਂ ਗਿਆਤ ਹੁੰਦੀ ਹੈ। ਕਾਂਸੇ ਦੇ ਧੌਲ ਨੂੰ ਸਰਮਾਏਦਾਰੀ ਦੇ ਚਿੰਨ੍ਹ ਵਜੋਂ ਵਰਤਿਆ ਹੈ:

ਕਾਂਸੇ ਦਾ ਧੌਲ
ਜਦ ਫੁੰਕਾਰਾ ਮਾਰਦਾ ਹੈ
ਇਸ ਦੇ ਸਿੰਙਾਂ 'ਤੇ ਟਿਕੀ
'ਵਾਲ ਸਟਰੀਟ ਮੇਦਨੀ'
ਡੋਲਦੀ ਹੈ
ਭੁਚਾਲ ਆਉਂਦਾ ਹੈ
ਤੇ ਬਾਜ਼ਾਰ...!
ਹੋ ਜਾਂਦਾ ਹੈ ਸਿਰ ਭਾਰ। (ਸਫਾ 13)

ਲੋਕ ਰੁਕਦੇ ਨੇ
ਉਸ ਦੇ ਸਿੰਙ ਫੜ-ਫੜ
ਅੰਡਕੋਸ਼ ਛੂਹ-ਛੂਹ
ਫੋਟੋ ਖਿਚਵਾਉਂਦੇ ਨੇ। (ਸਫਾ 14)

---

ਸੋਚਦੇ ਹੀ ਨਹੀਂ
ਕਾਂਸੇ ਦਾ ਧੌਲ
ਆਜ਼ਾਦੀ ਦੀ ਦੇਵੀ ਵੱਲ
ਪਾਸਾ ਕਰੀ
ਕਿਉਂ ਖੜ੍ਹਾ ਹੈ...?

ਕਈ ਕਵਿਤਾਵਾਂ ਵਿਚੋਂ ਸੂਖਮ ਬਿੰਬਾਂ ਦੀਆਂ ਮਿਸਾਲਾਂ ਮਿਲਦੀਆਂ ਹਨ:

ਰੂਹ ਦੀ ਦੀਵਾਰ ਤੋਂ
ਨਕਲ ਕਰ ਕੇ ਨਕਸ਼
ਉਤਾਰ ਰਿਹਾ ਹੈ
ਨਿਜ਼ਾਮ ਦੇ ਮੱਥੇ 'ਤੇ...। (ਸਫਾ 17)

ਜਗ ਰਹੀਆਂ ਨੇ ਪੌੜੀਆਂ
ਜਿਵੇਂ ਕਲਾ
ਚਾਂਦੀ ਦੇ ਪੱਬ ਧਰਦੀ ਲੰਘੀ ਹੈ।

ਅੰਦਰੋਂ ਨਿਕਲਿਆ ਹੈ
ਲੋਕਾਂ ਦਾ ਸੈਲਾਬ
ਜਿਵੇਂ ਦਰਿਆ ਦਾ ਬੰਨ੍ਹ
ਟੁੱਟ ਗਿਆ ਹੈ। (ਸਫਾ 18)

ਤੇਰੇ ਲੰਬੇ-ਲੰਬੇ ਨਹੁੰ
ਕੀ-ਬੋਰਡ 'ਤੇ ਵੱਜ ਕੇ
'ਟਿਕ-ਟਕ, ਟਿਕ-ਟਿਕ
ਸਿੰਫਨੀ ਛੇੜਦੇ ਨੇ
ਜਿਵੇਂ ਤੋਤਾ ਅੰਬੀਆਂ ਟੁਕ ਰਿਹਾ ਹੁੰਦੈ।
(ਸਫਾ 24)

ਕਈ ਕਵਿਤਾਵਾਂ ਵਿਚੋਂ ਸਰਵਣੀ ਤੇ ਦਰਸ਼ਣੀ ਬਿੰਬ ਦਰਕਾਰ ਹੋਏ ਹਨ:

ਡਿਪੋਜ਼ਿਟ ਸਲਿਪ
ਤੇ ਪੈਸੇ ਫੜਦੀ
ਬੈਂਕ ਟੈਲਰ ਦੱਸਦੀ ਹੈ:
"ਪਤਾ ਹੈ?
ਪੈਸੇ ਏ. ਟੀ. ਐਮ. 'ਚ
ਸਿੱਧੇ ਜਮ੍ਹਾਂ ਕਰਵਾ ਸਕਦੇ ਓ...!"
ਆਖਦਾ ਹਾਂ:
"ਪਤਾ ਹੈ,
ਪਰ ਮਸ਼ੀਨ
ਨਾ ਮੁਸਕਰਾ ਕੇ
'ਹੈਲੋ' ਕਹਿੰਦੀ ਹੈ ਤੇਰੇ ਵਾਂਙ
ਨਾ ਮੌਸਮ ਬਾਰੇ ਗੱਲ ਕਰਦੀ ਹੈ




ਨਾ 'ਦਿਨ ਕਿਵੇਂ ਰਿਹਾ?'
ਪੁਛਦੀ ਹੈ। (ਸਫਾ 23)

ਇਸ ਪੁਸਤਕ ਵਿਚ ਕੁਝ ਖੂਬਸੂਰਤ ਅਲੰਕਾਰ ਵੀ ਹਨ:

ਜ਼ਿਬਾਹ ਕੀਤੇ ਬਿਰਛ ਦੇ
ਕਾਗਜ਼ ਦੀ ਬੇਜ਼ਬਾਨ ਰਸੀਦ ਲਟਕਦੀ ਹੈ
ਆਖਰੀ ਸਿਸਕੀ ਭਰ ਕੇ। (ਸਫਾ 24)

ਨਿਊ ਯਾਰਕ ਸ਼ਹਿਰ ਦੀ ਭੀੜ-ਭੜੱਕੇ ਵਾਲੀ ਅਲਸਾਈ ਹੋਈ, ਕਾਹਲੀ ਤੇ ਤੇਜ਼ ਤਰਾਰ ਜ਼ਿੰਦਗੀ ਨੂੰ ਕਵਿਤਾ "ਟੈਕਸੀ 'ਚ ਮਿਲੇ ਲੋਕ" ਦੇ ਸਕੈਚਾਂ ਵਿਚ ਚਿਤਰਿਆ ਗਿਆ ਹੈ। ਕਵੀ ਸਵਾਰੀਆਂ ਨਾਲ ਗੱਲਾਂ ਕਰਦਾ ਹੈ ਤੇ ਉਨ੍ਹਾਂ ਦੇ ਪ੍ਰਤੀਕਰਮਾਂ ਨੂੰ ਕਵਿਤਾ ਵਿਚ ਢਾਲਦਾ ਹੈ। ਇਕ ਪਾਸੇ ਨਿਊ ਯਾਰਕ ਵਿਚ ਜੰਮੀ-ਪਲੀ ਬਜ਼ੁਰਗ ਔਰਤ ਸ਼ਹਿਰ ਦੀ 'ਟੈਰੀਬਲ ਟ੍ਰੈਫਿਕ' ਬਾਰੇ ਕਹਿੰਦੀ ਹੈ,

ਇਟ'ਜ਼ ਬਿਊਟੀ ਆਫ ਸਿਟੀ...
ਇੰਜੋਏ (ਇੰਜੁਆਏ) ਇਟ ਜੈਂਟਲਮੈਨ...।

ਦੂਜੇ ਪਾਸੇ ਇਕ ਪੇਂਡੂ ਜੋੜਾ ਟਾਈਮਜ਼ ਸਕੁਏਅਰ ਦੀ ਭੀੜ ਦੇਖਣੀ ਚਾਹੁੰਦਾ ਹੈ। ਇਨ੍ਹਾਂ ਕਾਵਿ-ਸਕੈਚਾਂ ਰਾਹੀਂ ਸ਼ਹਿਰੀ ਅਤੇ ਪੇਂਡੂ ਬੰਦੇ ਦੀ ਸੋਚ ਦਾ ਟਾਕਰਾ ਕੀਤਾ ਗਿਆ ਹੈ।

ਰੂਜ਼ਵੈਲਟ ਟਰਾਮ ਤੋਂ ਕੁਈਨਜ਼ਬੋਰੋ ਬਰਿੱਜ ਦੇ ਨਜ਼ਾਰੇ ਨੂੰ ਖੂਬਸੂਰਤ ਸਿਮਲੀਆਂ ਰਾਹੀਂ ਚਿਤਰਿਆ ਗਿਆ ਹੈ:

ਅੱਧ ਅਸਮਾਨੇ ਬੰਨ੍ਹੀ ਤਾਰ 'ਤੇ
ਰੁਜ਼ਵੈਲਟ ਟਰਾਮ
ਹਵਾ ਦੇ ਸਮੁੰਦਰ 'ਚ
ਕਿਸ਼ਤੀ ਵਾਂਙ ਤੈਰ ਰਹੀ ਹੈ
ਖੱਬੇ ਪਾਸੇ ਉਸ ਦੇ ਕਦ ਬਰਾਬਰ
ਪੁੱਠੀ ਟੋਪੀ ਵਾਂਗ ਪਿਆ ਹੈ
ਕੁਈਨਜ਼ ਬੋਰੋ ਬਰਿੱਜ
ਬਰਿੱਜ 'ਤੇ ਭੱਜ ਰਹੀਆਂ ਕਾਰਾਂ
ਖਿਡੌਣਿਆਂ ਵਰਗੀਆਂ।
ਬਰਿੱਜ ਪਾਰੋਂ ਕੂੰਜਾਂ ਵਾਂਙ
ਡਾਰਾਂ ਬੰਨ੍ਹੀ ਆ ਰਹੇ
ਲਗਵਾਰਡੀਆ ਏਅਰਪੋਰਟ 'ਤੇ
ਲੈਂਡ ਹੋਣ ਲਈ ਜਹਾਜ਼...। (ਸਫਾ 39)

ਕਈ ਕਵਿਤਾਵਾਂ ਵਿਚ ਅਲੰਕਾਰਾਂ ਦੀ ਵਰਤੋਂ ਵੀ ਬੜੀ ਦਿਲਕਸ਼ ਹੈ:

ਸੂਰਜ ਡੁਬ ਗਿਆ ਹੈ
ਸ਼ਹਿਰ ਦੀ ਜਗਮਗ ਰੋਸ਼ਨੀ 'ਚ
ਹਨੇਰਾ ਕਾਕਾ ਨਹੀਂ
ਘਸਮੈਲੀ ਲੋਈ ਵਰਗਾ ਹੈ। (ਸਫਾ 41)

ਅਮਰੀਕਾ ਵਿਚ ਪੈਸੇ ਕਮਾਉਣ ਦੀ ਮਜਬੂਰੀ ਤੇ ਲਾਲਸਾ, ਬੰਦੇ ਦੇ ਧਰਮ, ਦੀਨ-ਅਮਾਨ ਤੇ ਸ਼ਰਧਾ ਨੂੰ ਮੂਧਾ ਮਾਰ ਦਿੰਦੀ ਹੈ। ਇਕ ਅੰਮ੍ਰਿਤਧਾਰੀ ਸਿੱਖ ਸਿਗਰਟਾਂ ਵੇਚ ਸਕਦਾ ਹੈ ਤੇ ਮੁਸਲਮਾਨ ਕੁਠਾ ਮਾਸ ਫਰੋਖਤ ਕਰ ਸਕਦਾ ਹੈ। ਕਵਿਤਾ, 'ਪਹਿਲੀ ਜਨਵਰੀ' ਵਿਚ ਕੁਝ ਅਜਿਹੇ ਹੀ ਵਾਕਿਆਤ ਦਾ ਜ਼ਿਕਰ ਹੈ।

ਸਰਦਾਰ ਨੇ ਨੱਕ ਮਲਦੇ ਹੋਏ
ਸ਼ਰਾਬਣ ਸਵਾਰੀ ਨੂੰ
ਸਮੋਕ ਫਰੀ ਕੈਬ 'ਚ
ਸਿਗਰਟ ਪੀਣ ਦੀ ਇਜਾਜ਼ਤ ਦੇ ਦਿੱਤੀ।

ਕੁਰਾਨ ਦੇ ਹਾਫਿਜ਼ ਰਸੂਲ ਨੇ
ਚਿੱਥੀ ਹੋਈ ਮੁਸਕਾਨ ਨਾਲ
ਚੁੰਮਣ ਲੈਂਦਾ
ਸਮਲਿੰਗੀ ਜੋੜਾ
ਕੈਬ 'ਚ ਬਿਠਾ ਲਿਆ ਹੈ।

ਕਾਲੇ ਡਰਾਈਵਰ ਨੇ
ਰੈਗੂਲਰ ਕੈਬ 'ਚ
ਹੈਂਡੀਕੈਪ ਨੂੰ ਬਿਠਾ ਕੇ
ਉਸ ਦੀ ਵ੍ਹੀਲਚੇਅਰ ਇਕੱਠੀ ਕਰ ਕੇ-
ਕੈਬ ਦੇ ਟਰੰਕ 'ਚ ਨਹੀਂ ਰੱਖੀ,
ਜਿਵੇਂ ਆਪਣੇ ਸਿਰ 'ਚ ਮਾਰੀ ਹੈ।

ਜਾਨਵਰਾਂ ਤੋਂ ਅਲੱਰਜਕ ਬੰਗਾਲੀ ਨੇ
ਮੱਥਾ ਖੁਰਕਦੇ-ਖੁਰਕਦੇ
ਸ਼ੇਰ ਜਿੱਡਾ ਜੱਤਲ ਕੁੱਤਾ ਫੜੀ
ਬੁਢੀ ਸਵਾਰੀ ਕੋਲ ਕੈਬ ਰੋਕ ਲਈ ਹੈ।
(ਸਫਾ 45-46)

ਵੈਸੇ ਤਾਂ ਨਿਊ ਯਾਰਕ ਸ਼ਹਿਰ ਆਪਣੇ ਆਪ ਵਿਚ ਇਕ ਇਤਿਹਾਸ ਹੈ, ਪਰ ਇਸ ਵਿਚ ਕੁਝ ਸਮਾਰਕ/ਥਾਂਵਾਂ ਜਿਵੇਂ, ਟਾਈਮਜ਼ ਸਕੁਏਅਰ, ਸੈਂਟਰਲ ਪਾਰਕ, ਐਲਿਸ ਆਈਲੈਂਡ, ਸਟੈਚੂ ਆਫ ਲਿਬਰਟੀ, ਯੂ. ਐਨ. ਓ., ਫਰੀਡਮ ਟਾਵਰ ਅਤੇ ਕੁਝ ਘਟੀਆਂ ਘਟਨਾਵਾਂ ਜਿਵੇਂ, ਟਵਿੰਨ ਟਾਵਰ ਦਾ ਹਮਲਾ ਅਤੇ ਗਰਾਊਂਡ ਜ਼ੀਰੋ ਬਾਰੇ ਕਵਿਤਾ ਲਿਖਣਾ ਜ਼ਰੂਰੀ ਸੀ। ਸੋਹਲ ਨੇ ਵੀ ਅੰਗਰੇਜ਼ੀ ਕਵੀਆਂ ਵਾਂਗ ਇਨ੍ਹਾਂ ਨਾਵਾਂ-ਥਾਵਾਂ ਬਾਰੇ ਕਵਿਤਾਵਾਂ ਲਿਖੀਆਂ ਹਨ। ਸੋਹਲ ਦੀਆਂ ਕੁਝ ਕਵਿਤਾਵਾਂ ਦੇ ਵਿਸ਼ੇ, ਤਲਖ ਕੁਤੱਤ, ਤੁਰਸ਼ ਕਟਾਕਸ਼ ਅਤੇ ਸ਼ੀਰੀਂ ਚੋਭਾਂ ਵਾਲੇ ਹੋਣ ਦੇ ਨਾਤੇ, ਮੌਲਕ ਅਤੇ ਅਨੋਖੇ ਹਨ।

ਵਿਸ਼ਾਲ ਕਮਰਾ ਹੈ
ਗਰਭ ਵਰਗਾ
ਹਲਕਾ-ਹਲਕਾ ਹਨੇਰਾ
ਖਾਲੀ ਕੁਰਸੀਆਂ ਹਨ
ਸੁਪਨਹੀਣ ਅੱਖਾਂ ਵਾਂਗ
ਟੂਰਿਸਟਾਂ ਵਲ ਝਾਕਦੀਆਂ
ਡਾਇਸ ਉਜਾੜ ਵਿਚ ਖੜ੍ਹੇ ਰੁੱਖ ਵਰਗਾ।

ਇਸ 'ਚੋਂ ਜਨਮਦੇ ਨੇ
ਦੁਨੀਆਂ ਨੂੰ
ਕਾਬੂ ਕਰਨ ਦੇ ਮਸ਼ਵਰੇ

ਇਨ੍ਹਾਂ ਮਸ਼ਵਰਿਆਂ ਦਾ
ਖਿਆਲਾਂ ਦਾ
ਮਨਸੂਬਿਆਂ ਦਾ
ਗਰਭਪਾਤ ਕਿਉਂ ਨਹੀਂ ਹੁੰਦਾ...!
(ਯੂ. ਐਨ. ਓ. ਦੀ ਯਾਤਰਾ-93)

ਵਰਲਡ ਟਰੇਡ ਦੇ ਜੌੜੇ ਟਾਵਰ
ਲਟ-ਲਟ ਬਲਦੇ
ਸੱਕੇ ਰੁੱਖਾਂ ਵਾਂਗ

ਅੰਬਰ ਛੂੰਹਦੇ ਟਾਵਰਾਂ ਤੋਂ
ਲੋਕ ਛਾਲਾਂ ਮਾਰਦੇ ਨੇ
ਅੱਗ ਲੱਗੇ ਰੁੱਖ ਦੇ ਆਲ੍ਹਣਿਆਂ 'ਚੋਂ
ਡਿਗਦੇ ਬੋਟਾਂ ਵਾਂਙ
—
ਅੱਗ-ਬੁਰਛ ਨਾਲ
ਖੌਫ ਦੇ ਰੰਗ 'ਚ
ਜ਼ਿਹਨ ਦੇ ਕੈਨਵਸ 'ਤੇ ਬਣਿਆ
ਦੇਖਣੋਂ ਬਾਹਰਾ ਚਿੱਤਰ
ਕਿਹੜੀ 'ਆਰਟ-ਗੈਲਰੀ 'ਚ ਲਾਵਾਂ।
(9/11 ਦਾ ਦ੍ਰਿਸ਼-83)

ਸੁਰਿੰਦਰ ਸੋਹਲ ਇਕ ਪ੍ਰਗਤੀਵਾਦੀ/ਮਾਰਕਸਵਾਦੀ ਸੋਚ ਦਾ ਕਵੀ ਹੈ। ਉਸ ਦਾ ਇਹ ਪੱਖ ਕਈ ਕਵਿਤਾਵਾਂ ਵਿਚੋਂ ਸਹਿਜ ਹੀ ਉਜਾਗਰ ਹੁੰਦਾ ਹੈ, ਪਰ ਕਈਆਂ ਵਿਚ ਖਿੱਚ-ਧੂਹ ਕੇ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਸਮਾਜ ਵਿਚ ਤੁਸੀਂ ਰਸਦੇ-ਵਸਦੇ ਹੋ, ਉਸ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਤੋਂ ਨਹੀਂ ਰਿਹਾ ਜਾ ਸਕਦਾ। ਜੇ ਪਦਾਰਥਵਾਦੀ ਸਮਾਜ ਦੇ ਵਰਤਾਰੇ ਨੂੰ, ਮਿਥ ਕੇ ਸਮਾਜਵਾਦੀ ਰੰਗਣ ਦੇਣ ਦੀ ਕੋਸ਼ਿਸ਼ ਕਰੋਗੇ ਤਾਂ ਅਨੁਭਵ ਸਾਥ ਨਹੀਂ ਦੇਵੇਗਾ, ਫਲਸਰੂਪ ਕਵਿਤਾ ਪੇਤਲੀ ਭਾਸੇਗੀ। ਸੋਹਲ ਇਕ ਸੁਲਝਿਆ ਹੋਇਆ ਤੇ ਹੰਢਿਆ-ਵਰਤਿਆ ਕਵੀ ਹੋਣ ਦੇ ਨਾਤੇ, ਪੇਤਲੇ ਅਨੁਭਵ ਨੂੰ ਵੀ ਕਾਵਿਕਤਾ ਦਾ ਗਲਾਫ ਪਹਿਨਾ ਕੇ ਚੰਗੀ-ਭਲੀ ਪੜ੍ਹਨ ਯੋਗ ਕਵਿਤਾ ਲਿਖ ਲੈਂਦਾ ਹੈ। ਮਿਥੇ ਹੋਏ ਜਾਂ ਕਿਸੇ 'ਵਾਦ' (Ism) ਨਾਲ ਬੱਝੇ ਵਿਸ਼ੇ ਨੂੰ ਕਵਿਤਾ ਵਿਚ ਢਾਲਣਾ ਸੌਖਾ ਵੀ ਹੈ ਅਤੇ ਔਖਾ ਵੀ। ਸੌਖਾ ਇਸ ਲਈ ਕਿ ਪ੍ਰੀਕਲਪਤ ਵਿਸ਼ੇ ਦਾ ਸੱਚਾ ਬਣਿਆ-ਬਣਾਇਆ ਹੁੰਦਾ ਹੈ, ਔਖਾ ਇਸ ਲਈ ਕਿ ਅਜਿਹੇ ਵਿਸ਼ੇ ਨੂੰ ਸੁਭਾਵਕ ਕਿਵੇਂ ਬਣਾਉਣਾ ਹੈ ਤਾਂਕਿ ਕਵਿਤਾ ਪੜ੍ਹਦਿਆਂ ਪਾਠਕ ਨੂੰ ਓਪਰੀ ਜਾਂ ਮਸਨੂਈ ਨਾ ਲੱਗੇ। ਸੋਹਲ ਦੀ ਕਵਿਤਾ ਓਪਰੀ ਜਾਂ ਬਣਾਈ ਹੋਈ ਨਹੀਂ ਲਗਦੀ।

# ਪ੍ਰੋ. ਮੱਖਣ ਸਿੰਘ ਦੀ ਕਲਾਮਈ ਕੁਮੈਂਟਰੀ

*(ਪਿਛਲੇ ਸਫੇ ਦੀ ਬਾਕੀ)*

ਸੀ। ਇਕ ਦਿਨ ਮੈਂ ਦਫਤਰ 'ਚ ਬੈਠਾ ਸਾਂ। ਪਾਕਿਸਤਾਨੀ ਪੰਜਾਬ ਦੇ ਸਪੋਰਟਸ ਡਾਇਰੈਕਟਰ ਦਾ ਫੋਨ ਆਇਆ ਪਈ ਤੁਹਾਡੇ ਕੋਲ ਪ੍ਰੋ. ਮੱਖਣ ਸਿੰਘ ਕਬੱਡੀ ਦਾ ਬੜਾ ਅਫਲਾਤੂਨ ਕੁਮੈਂਟੇਟਰ ਸੁਣੀਂਦਾ ਏ। ਉਹਨੂੰ ਸਾਡੇ ਵੱਲ ਭੇਜ ਸਕੋ ਤਾਂ ਬੜੀ ਮਿਹਰਬਾਨੀ ਹੋਵੇਗੀ। ਵੀਜ਼ੇ ਦਾ ਅੜਿੱਕਾ ਨਾ ਪੈਂਦਾ ਤਾਂ ਉਹਨੇ ਉਧਰ ਵੀ ਧੰਨ-ਧੰਨ ਕਰਾ ਆਉਣੀ ਸੀ।

ਉਹ ਫੂੰ-ਫਾਂ ਵਾਲਾ ਕੁਮੈਂਟੇਟਰ ਨਹੀਂ। ਜਣੇ-ਖਣੇ ਨੂੰ ਪਾਈਏ ਕੁ ਦਾ ਹੋ ਮਿਲਦਾ ਹੈ ਤੇ ਹਰੇਕ ਦਾ ਮਨ ਮੋਹ ਲੈਂਦਾ ਹੈ। ਉਹਨੂੰ ਸਿਸ਼ਟਾਚਾਰ ਨਾਲ ਰਹਿਣਾ-ਬਹਿਣਾ ਆਉਂਦਾ ਹੈ ਤੇ ਜਿਸ ਘਰ ਰਹੇ, ਘਰ ਦਾ ਜੀਅ ਬਣ ਜਾਂਦਾ ਰਿਹੈ। ਇਹੋ ਕਾਰਨ ਹੈ ਕਿ ਪਰਦੇਸਾਂ 'ਚ ਉਹਨੂੰ ਹੱਥੀਂ ਛਾਵਾਂ ਹੁੰਦੀਆਂ ਹਨ। ਉਹ 1983 'ਚ ਪੱਕੇ ਤੌਰ 'ਤੇ ਕੈਨੇਡਾ ਜਾਣ ਨੂੰ ਫਿਰਦਾ ਸੀ, ਪਰ ਚੰਗਾ ਰਿਹਾ ਕਿ ਨਹੀਂ ਜਾ ਸਕਿਆ। ਚਲਾ ਜਾਂਦਾ ਤਾਂ ਕੁਮੈਂਟਰੀ ਦਾ ਸ਼ਾਹਸਵਾਰ ਨਹੀਂ ਸੀ ਬਣ ਸਕਣਾ।

1992 ਵਿਚ ਉਹਦਾ ਵਿਆਹ ਬੀਬੀ ਸਰਬਜੀਤ ਕੌਰ ਨਾਲ ਹੋਇਆ ਸੀ, ਜਿਸ ਦਾ ਪੇਕਾ ਪਿੰਡ ਲਿੱਦੜ ਕਲਾਂ ਹੈ। ਉਨ੍ਹਾਂ ਦੇ ਦੋ ਪੁੱਤਰ ਹਨ, ਜੋ ਪੈਟਰੋਲ ਪੰਪ ਚਲਾਉਂਦੇ ਹਨ। ਪਰਿਵਾਰ ਹੁਣ ਬੰਗੇ ਵਾਲੀ ਕੋਠੀ ਵਿਚ ਰਹਿੰਦਾ ਹੈ। ਮੱਖਣ ਸਿੰਘ ਹਜ਼ਾਰਾਂ ਲਫਜ਼ਾਂ 'ਚ ਕੁਝ ਲਫਜ਼ ਵਾਰ-ਵਾਰ ਬੋਲਦਾ ਹੈ ਜਿਵੇਂ 'ਔਹ ਵੇਖੋ ਸਾਹਮਣੇ', 'ਵਾਹ ਬਈ ਵਾਹ', 'ਨਈਂ ਰੀਸਾਂ' ਤੇ 'ਚੱਪਾ ਚੱਪਾ ਚਰਖਾ ਚੱਲੇ।' ਪਹਿਲਾਂ ਉਹ ਲੋਕ ਗੀਤਾਂ ਦੇ ਟੱਪੇ ਵਧੇਰੇ ਵਰਤਦਾ ਸੀ, ਹੁਣ ਕਬੱਡੀ ਬਾਰੇ ਜੋੜੇ ਛੰਦ ਵਧੇਰੇ ਸੁਣਾਉਂਦਾ ਹੈ:

ਗੋਲ ਜਿਹਾ ਦਾਇਰਾ ਵਿਚ ਹੰਧੇ ਦੋ ਦਿਸਦੇ,
ਚੜ੍ਹ ਜਾਂਦਾ ਚਾਅ ਜਾਂ ਖਿਡਾਰੀ ਵਿਚ ਦਿਸਦੇ।
ਜਾਈਏ ਬਲਿਹਾਰੇ ਜੀਹਨੇ ਕਾਢ ਇਹਦੀ ਕੱਢੀ,
ਖੇਡਣੀ ਕਬੱਡੀ ਯਾਰੋ ਖੇਡਣੀ ਕਬੱਡੀ।
ਕਈ ਹੁਣ ਖੇਡਦੇ ਤੇ ਕਈਆਂ ਖੇਡ ਛੱਡੀ...।

ਲੋਕ ਝੂਮ ਉਠਦੇ ਪ੍ਰੋਫੈਸਰ ਜਦੋਂ ਬੋਲਦਾ,
'ਕੱਲੇ 'ਕੱਲੇ ਗੱਭਰੂ ਦਾ ਨਾਂ ਪਿੰਡ ਫੋਲਦਾ
ਮਾਂ ਪਿਓ ਬਾਬਿਆਂ ਦੀ ਗੱਲ ਕਰੇ ਵੱਡੀ,
ਖੇਡਣੀ ਕਬੱਡੀ ਯਾਰੋ ਖੇਡਣੀ ਕਬੱਡੀ,
ਕਈ ਹੁਣ ਖੇਡਦੇ...।

ਖੇਡਣ ਨੂੰ ਤਾਂ ਉਹ ਕਬੱਡੀ ਵੀ ਖੇਡਿਆ, ਫੁੱਟਬਾਲ ਵੀ, ਪਰ ਉਹਦੀ ਮਹਿਬੂਬ ਖੇਡ ਹਾਕੀ ਸੀ। ਜਦੋਂ ਉਹ ਰੇਡੀਓ ਤੋਂ ਜਸਦੇਵ ਸਿੰਘ ਦੀ ਕੁਮੈਂਟਰੀ ਸੁਣਦਾ ਤਾਂ ਉਹਦਾ ਮਨ ਵੀ ਉਹਦੀ ਰੀਸ ਕਰਨ ਨੂੰ ਕਰਦਾ। ਜਗਤਪੁਰ ਸਟੇਡੀਅਮ ਵਿਚ ਮਨਾਏ ਜਾਂਦੇ ਮੇਲਿਆਂ ਨੇ ਉਹਨੂੰ ਕੁਮੈਂਟਰੀ ਦੀ ਜਾਗ ਲਾਈ। 1982 ਦੇ ਖੇਡ ਮੇਲੇ 'ਚ ਉਸ ਨੇ ਪਹਿਲੀ ਵਾਰ ਮਾਈਕ ਫੜ ਕੇ ਵੇਖਿਆ। 1990 'ਚ ਉਹਨੂੰ ਆਲ ਇੰਡੀਆ ਹੋਲਾ ਮਹੱਲਾ ਕੁਸ਼ਤੀਆਂ ਦੀ ਕੁਮੈਂਟਰੀ ਕਰਨ ਲਈ ਸੱਦਾ ਆਇਆ। ਜਲੰਧਰ ਦੇ ਹੰਸ ਰਾਜ ਸਟੇਡੀਅਮ ਵਿਚ ਉਸ ਨੇ ਕੁਸ਼ਤੀਆਂ ਦੀ ਕੁਮੈਂਟਰੀ ਕੀਤੀ। ਫਿਰ ਤਾਂ ਚੱਲ ਸੋ ਚੱਲ ਹੋ ਗਈ ਤੇ 1999 ਤੋਂ ਉਹ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵੀ ਜਾਣ ਲੱਗ ਪਿਆ।

ਜਦੋਂ ਉਹ ਛੋਟੇ ਬੱਚਿਆਂ ਦਾ ਮੈਚ ਖਿਡਾ ਰਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਵੱਡੇ ਖਿਡਾਰੀਆਂ ਵਾਲੇ ਰੱਖ ਦਿੰਦਾ ਹੈ। ਕਹਿੰਦਾ ਹੈ, ਆਹ ਚੱਲਿਆ ਤੋਖੀ ਤੇ ਔਹ ਲੱਗ ਗਿਆ ਕਿਰਪਾਲ ਬਾਵਾ। ਆਹ ਝਲਕ ਦਾ ਦੇਵੀ ਦਿਆਲ ਤੇ ਔਹ ਝਲਕ ਦਾ ਹਰਜੀਤ ਬਰਾੜ। ਇਉਂ ਉਹ ਬੱਚਿਆਂ ਦੇ ਮੈਚ ਵਿਚ ਵੀ ਰੌਣਕਾਂ ਲਾ ਦਿੰਦਾ ਹੈ। ਕੋਈ ਮੈਚ ਕਿੰਨਾ ਵੀ ਸਾਧਾਰਨ ਕਿਉਂ ਨਾ ਹੋਵੇ, ਉਹਦੀ ਕੁਮੈਂਟਰੀ ਨਾਲ ਅਸਾਧਾਰਨ ਬਣ ਜਾਂਦਾ ਹੈ। ਕਈ ਤਾਂ ਇਹ ਵੀ ਕਹਿੰਦੇ ਸੁਣੇ ਹਨ ਕਿ ਉਹਦੀ ਕੁਮੈਂਟਰੀ ਸੁਣਦਿਆਂ ਮੈਚ ਵੇਖਣ ਦੀ ਲੋੜ ਹੀ ਨਹੀਂ ਪੈਂਦੀ!

ਇਕੇਰਾਂ ਉਸ ਨੇ ਮਾਲਟਨ ਦੇ ਵਾਈਲਡਵੁੱਡ ਪਾਰਕ ਵਿਚ ਗੋਰੇ ਖਿਡਾਰੀਆਂ ਬਾਰੇ ਬੜੀ ਰੌਚਕ ਕੁਮੈਂਟਰੀ ਕੀਤੀ। ਵਿਚੇ ਉਹ ਪੰਜਾਬੀ ਬੋਲਦਾ ਤੇ ਵਿਚੇ ਅੰਗਰੇਜ਼ੀ ਦੀਆਂ ਪੱਚਰਾਂ ਲਾਈ ਜਾਂਦਾ। ਕਿਸੇ ਦਾ ਨਾਂ ਡੈਰਿਕ, ਕਿਸੇ ਦਾ ਹੈਰੀ ਤੇ ਕਿਸੇ ਦਾ ਮਾਈਕਲ ਲੈਂਦਾ। ਕਿਸੇ ਨੂੰ 'ਕਮ ਔਨ' ਤੇ ਕਿਸੇ ਨੂੰ 'ਗੋ ਬੈਕ' ਕਹਿ ਕੇ ਸਾਵਧਾਨ ਕਰਦਾ। ਜੀਹਦੇ ਨਾਂ ਦਾ ਪਤਾ ਨਾ ਲੱਗਦਾ, ਉਹਦੇ ਬਾਰੇ ਕਹਿੰਦਾ: ਨੀ ਇਹ ਰੋੜਾ ਭੋੜਾ ਕੌਣ ਭਾਬੀ ਦੀਵਾ ਜਗਾ...।

ਉਹਦੀ ਕੁਮੈਂਟਰੀ ਵਾਂਗ ਗੱਲਾਂ ਤਾਂ ਉਹਦੇ ਬਾਰੇ ਜਿੰਨੀਆਂ ਮਰਜ਼ੀ ਕਰੀ ਜਾਈਏ, ਪਰ ਲੇਖ ਮੁਕਾਉਣ ਲਈ ਨਵੇਂ ਕੁਮੈਂਟੇਟਰਾਂ ਨੂੰ ਸਲਾਹ ਹੈ ਕਿ ਉਹ ਮੱਖਣ ਸਿੰਘ ਵਾਂਗ ਮਾਹੌਲ ਬੰਨ੍ਹਣਾ ਸਿੱਖਣ, ਰਿਆਜ਼ ਕਰਨ, ਉਚਾਰਨ ਸੋਧਣ, ਖੇਡ ਸਾਹਿਤ ਪੜ੍ਹਨ ਤੇ ਖਿਡਾਰੀਆਂ ਬਾਰੇ ਪੂਰੀ ਜਾਣਕਾਰੀ ਰੱਖਣ। ਮੱਖਣ ਸਿੰਘ ਮੌਕਾ ਵੇਖ ਕੇ ਖਿਡਾਰੀਆਂ ਦੇ ਨਾਂ-ਥਾਂ ਤੇ ਅੱਗਾ ਪਿੱਛਾ ਹੀ ਨਹੀਂ, ਸਾਕ ਸਕੀਰੀਆਂ, ਸਕੂਲ-ਕਾਲਜ ਤੇ ਉਨ੍ਹਾਂ ਦੇ ਕੋਚਾਂ ਦੇ ਨਾਂ-ਥਾਂ ਵੀ ਗਿਣਾ ਜਾਂਦਾ ਹੈ। ਖਿਡਾਰੀਆਂ ਦੇ ਪਿੰਡਾਂ ਦਾ ਨਕਸ਼ਾ ਅੱਖਾਂ ਅੱਗੇ ਚਿਤਰ ਦਿੰਦਾ ਹੈ। ਉਹ ਕਬੱਡੀ ਦਾ ਕੁਮੈਂਟੇਟਰ ਹੀ ਨਹੀਂ, ਕਬੱਡੀ ਦਾ ਇਨਸਾਈਕਲੋਪੀਡੀਆ ਹੈ।

# ਨੋਬਲ ਪੁਰਸਕਾਰ ਵਿਜੇਤਾ ਤੇ ਨੇਕ ਦਿਲ ਇਨਸਾਨ-ਡਾ. ਸੀ. ਵੀ. ਰਮਨ

**ਵਿਗਿਆਨ ਦਿਵਸ 'ਤੇ ਵਿਸ਼ੇਸ਼**



**ਰਣਜੀਤ ਸਿੰਘ ਲੁਧਿਆਣਾ**
**ਫੋਨ: 91-99155-15436**

"ਜ਼ਿੰਦਗੀ ਦਾ ਹਰ ਚੰਗਾ ਕੰਮ ਧਰਮ ਵਾਂਗ ਪਵਿੱਤਰ ਜਾਣ ਕੇ ਕਰਨਾ ਚਾਹੀਦਾ ਹੈ।" ਇਹ ਵਿਚਾਰ ਨੋਬਲ ਪੁਰਸਕਾਰ ਵਿਜੇਤਾ ਡਾ. ਸੀ. ਵੀ. ਰਮਨ ਦੇ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਇਕ ਨਿਸ਼ਕਾਮ ਸੇਵਕ ਦੀ ਤਰ੍ਹਾਂ ਲਗਾਤਾਰ ਵਿਗਿਆਨਕ ਖੋਜਾਂ ਵਿਚ ਲਾ ਕੇ ਜੀਵਨ ਦੀਆਂ ਬੁਲੰਦੀਆਂ ਨੂੰ ਛੋਹਿਆ। ਖਾਹਿਸ਼, ਸਾਹਸ ਅਤੇ ਘਾਲ ਨੂੰ ਉਹ ਆਪਣਾ ਆਦਰਸ਼ ਮੰਨਦੇ ਸਨ। ਉਹ ਨੌਜਵਾਨਾਂ ਨੂੰ ਹਮੇਸ਼ਾ ਹੀ ਇਹ ਕਹਿੰਦੇ ਸਨ ਕਿ ਖੋਜ ਨੂੰ ਕਦੇ ਵੀ ਸਵੈ-ਪ੍ਰਚਾਰ ਤੇ ਸਵੈ-ਉਪਮਾ ਲਈ ਨਾ ਵਰਤੋ। ਉਨ੍ਹਾਂ ਦੇ ਵਿਚਾਰਾਂ ਅਨੁਸਾਰ ਵਿਗਿਆਨ ਸੱਚ ਦੀ ਤਲਾਸ਼ ਦਾ ਨਾਂ ਹੈ। ਇਹ ਸੱਚ ਸਿਰਫ ਭੌਤਿਕ ਵਸਤੂਆਂ ਦੀ ਦੁਨੀਆਂ ਦਾ ਸੱਚ ਹੀ ਨਹੀਂ, ਸਗੋਂ ਤਰਕ ਦੀ ਦੁਨੀਆਂ, ਮਨੋ ਵਿਗਿਆਨ ਦੀ ਦੁਨੀਆਂ ਅਤੇ ਰੋਜ਼ਾਨਾ ਜ਼ਿੰਦਗੀ ਜਿਊਣ ਦਾ ਸੱਚ ਵੀ ਹੈ। ਸੱਚਾ ਵਿਗਿਆਨੀ ਹਮੇਸ਼ਾ ਗਲਤ ਅਤੇ ਝੂਠ ਨੂੰ ਤਿਆਗਦਾ ਹੈ। ਵਿਸ਼ਵ ਵਿਦਿਆਲਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਹ ਕਹਿੰਦੇ ਸਨ ਕਿ ਉਹ ਵਿਸ਼ਵ ਵਿਦਿਆਲਾ ਹੀ ਨਹੀਂ, ਜੋ ਸੱਚ ਦੀ ਭਾਲ ਕਰਨਾ ਨਾ ਸਿਖਾਵੇ। ਸੱਚ ਦੀ ਭਾਲ ਨੂੰ ਹੀ ਖੋਜ ਕਿਹਾ ਜਾਂਦਾ ਹੈ। ਖੋਜ ਦੇ ਰਾਹੀਂ ਹੀ ਗਿਆਨ ਦੇ ਨਵੇਂ ਤੇ ਵਿਕਾਸਮਈ ਭੰਡਾਰ ਪ੍ਰਾਪਤ ਹੁੰਦੇ ਹਨ। ਵਿਦਿਆਰਥੀ ਨੂੰ ਇੱਕ ਜਗਿਆਸੂ ਦੀ ਤਰ੍ਹਾਂ ਹੋਣਾ ਚਾਹੀਦਾ ਹੈ, ਨਹੀਂ ਤਾਂ ਉਹ ਗਿਆਨ ਪ੍ਰਾਪਤੀ ਵਿਚ ਪੱਛੜ ਜਾਵੇਗਾ।

ਅਜਿਹੇ ਮਹਾਨ ਵਿਗਿਆਨੀ ਦਾ ਜਨਮ 7 ਨਵੰਬਰ 1888 ਨੂੰ ਦੱਖਣੀ ਭਾਰਤ ਦੇ ਸ਼ਹਿਰ ਤ੍ਰਿਚਨਾਪਲੀ ਨੇੜੇ ਥੀਰੂਵਾਨੈਕਵਨ ਪਿੰਡ ਵਿਚ ਪਿਤਾ ਚੰਦਰ ਸ਼ੇਖਰ ਆਇਰ ਅਤੇ ਮਾਤਾ ਪਾਰਵਤੀ ਆਮੇਲ ਦੇ ਘਰ ਹੋਇਆ। ਰਮਨ ਦੇ ਪਿਤਾ ਵਿਸ਼ਾਖਾਪਟਨਮ ਦੇ ਗਿਰਜਾ ਘਰ ਕਾਲਜ ਵਿਚ ਗਣਿਤ ਅਤੇ ਭੌਤਿਕ ਵਿਗਿਆਨ ਦੇ ਅਧਿਆਪਕ ਸਨ, ਉਨ੍ਹਾਂ ਦੀ ਦਿਲਚਸਪੀ ਤਾਰਾ ਵਿਗਿਆਨ ਅਤੇ ਸੰਗੀਤ ਵਿਚ ਵੀ ਸੀ। ਵੀਨਾ ਅਤੇ ਮ੍ਰਿੰਦਗ ਵਜਾਉਣ ਵਿਚ ਉਹ ਮਾਹਿਰ ਸਨ, ਜਿਸ ਦਾ ਪ੍ਰਭਾਵ ਸੀ. ਵੀ. ਰਮਨ 'ਤੇ ਵੀ ਪਿਆ। ਉਸ ਦੀ ਮਾਤਾ ਸੰਸਕ੍ਰਿਤ ਵਿਚ ਚੰਗੀ ਮੁਹਾਰਤ ਰੱਖਦੀ ਸੀ ਅਤੇ ਦ੍ਰਿੜ ਇਰਾਦੇ ਵਾਲੀ ਔਰਤ ਸੀ।

ਰਮਨ ਨੇ 11 ਸਾਲ ਦੀ ਉਮਰ ਵਿਚ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਮੈਰਿਟ ਲਿਸਟ ਵਿਚ ਪਹਿਲਾ ਅਸਥਾਨ ਪ੍ਰਾਪਤ ਕੀਤਾ। 12 ਸਾਲ ਦੀ ਉਮਰ ਵਿਚ ਉਸ ਨੇ ਮੈਡਮ ਐਨੀ ਬੀਸੈਂਟ ਦਾ ਇਕ ਭਾਸ਼ਨ ਸੁਣਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਉਸ ਦੀਆਂ ਹੋਰ ਪੁਸਤਕਾਂ ਲੈ ਕੇ ਪੜ੍ਹੀਆਂ ਅਤੇ ਕਈ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਕੀਤਾ। ਬਚਪਨ ਤੋਂ ਹੀ ਰਮਨ ਦੀ ਰੁਚੀ ਭੌਤਿਕ ਵਿਗਿਆਨ ਵਿਚ ਹੀ ਸੀ ਅਤੇ ਉਸ ਨੇ ਸਕੂਲ ਪੜ੍ਹਦਿਆਂ ਹੀ ਇਕ ਡਾਇਨਮੋ ਬਣਾ ਲਈ ਸੀ। ਸਕੂਲ ਪੜ੍ਹਦਿਆਂ ਹੀ ਉਸ ਨੂੰ ਜੋਹਨ ਟਿੰਡਲ ਦੀ ਪੁਸਤਕ ਨਿਊ ਫਰੈਗਮੈਂਟਸ ਪੜ੍ਹਨ ਲਈ ਮਿਲ ਗਈ। ਇਸ ਪੁਸਤਕ ਵਿਚ ਇਕ ਲੇਖ ਪਾਣੀ ਬਾਰੇ ਸੀ, ਜਿਸ ਨੂੰ ਉਸ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਹੀ ਲੇਖ ਉਸ ਦੀ ਖੋਜ ਦਾ ਸਾਧਨ ਬਣਿਆ। ਸਮੁੰਦਰ ਦੇ ਪਾਣੀ ਦੇ ਨੀਲੇ ਰੰਗ ਨੇ ਵੀ ਉਸ ਨੂੰ ਖੋਜ ਲਈ ਪ੍ਰੇਰਿਤ ਕੀਤਾ।

ਬੀ. ਏ. ਦੀ ਪੜ੍ਹਾਈ ਲਈ ਰਮਨ ਨੇ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿਚ ਦਾਖਲਾ ਲਿਆ। ਰਮਨ ਆਪਣੀ ਕਲਾਸ ਵਿਚ ਸਭ ਤੋਂ ਛੋਟੀ ਉਮਰ ਦਾ ਵਿਦਿਆਰਥੀ ਸੀ। ਪ੍ਰੋ. ਈ. ਐਚ. ਈਲੀਅਟ ਰਮਨ ਦੀ ਛੋਟੀ ਉਮਰ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਜਿਸ ਸਵੈ-ਵਿਸ਼ਵਾਸ ਨਾਲ ਰਮਨ ਨੇ ਪ੍ਰੋਫੈਸਰ ਦੀਆਂ ਗੱਲਾਂ ਦਾ ਜੁਆਬ ਦਿੱਤਾ, ਉਹ ਬਹੁਤ ਪ੍ਰਭਾਵਿਤ ਹੋਏ। ਸੰਨ 1904 ਵਿਚ ਰਮਨ ਨੇ ਬੀ. ਏ. ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਹ ਉਚ ਵਿਦਿਆ ਪ੍ਰਾਪਤੀ ਲਈ ਇੰਗਲੈਂਡ ਜਾਣਾ ਚਾਹੁੰਦਾ ਸੀ, ਪਰ ਸਿਹਤ ਪੱਖੋਂ ਕਮਜ਼ੋਰ ਹੋਣ ਕਾਰਨ ਜਾ ਨਹੀਂ ਸਕਿਆ ਅਤੇ ਉਸ ਨੇ ਐਮ. ਏ. ਕਲਾਸ ਵਿਚ ਪ੍ਰੈਜ਼ੀਡੈਂਸੀ ਕਾਲਜ ਵਿਚ ਦਾਖਲਾ ਲੈ ਲਿਆ ਤੇ ਭੌਤਿਕ ਵਿਗਿਆਨ ਵਿਸ਼ੇ ਦੀ ਚੋਣ ਕੀਤੀ। ਉਸ ਦੀ ਖੋਜ ਕਾਰਜਾਂ ਵਿਚ ਬਹੁਤ ਦਿਲਚਸਪੀ ਸੀ। ਐਮ. ਏ. ਕਰਨ ਤੋਂ ਬਾਅਦ ਰਮਨ ਦਾ ਵਿਆਹ ਲੋਕਾ ਸੁੰਦਰੀ ਨਾਲ ਹੋ ਗਿਆ, ਜੋ ਸੰਗੀਤ ਵਿਚ ਖਾਸ ਰੁਚੀ ਰੱਖਦੀ ਸੀ। ਇਹ ਵਿਆਹ ਅੰਤਰਜਾਤੀ ਸੀ, ਜਿਸ ਨੂੰ ਰਚਾ ਕੇ ਰਮਨ ਨੇ ਆਪਣੇ ਸਮੇਂ ਵਿਚ ਵਿਲੱਖਣ ਗੱਲ ਕੀਤੀ।

1907 ਵਿਚ ਰਮਨ ਦੀ ਨਿਯੁਕਤੀ ਭਾਰਤ ਸਰਕਾਰ ਦੇ ਅਰਥ ਵਿਭਾਗ ਵਿਚ ਬਤੌਰ ਸਹਾਇਕ ਅਕਾਊਂਟੈਂਟ ਕਲਕੱਤੇ ਹੋ ਗਈ। ਉਸ ਨੇ ਇਹ ਅਹੁਦਾ ਬਹੁਤ ਇਮਾਨਦਾਰੀ ਤੇ ਸੱਚੀ ਲਗਨ ਨਾਲ ਨਿਭਾਇਆ। ਸਰਕਾਰੀ ਨੌਕਰੀ ਦੀਆਂ ਉਲਝਣਾ ਦੇ ਬਾਵਜੂਦ ਉਸ ਨੇ ਭੌਤਿਕ ਵਿਗਿਆਨ ਵਿਚ ਖੋਜ ਕਾਰਜ ਜਾਰੀ ਰੱਖੇ। ਇੱਕ ਦਿਨ ਰਮਨ ਦਫਤਰੋਂ ਛੁੱਟੀ ਤੋਂ ਬਾਅਦ ਟ੍ਰਾਮ ਰਾਹੀਂ ਘਰ ਵਾਪਸ ਆ ਰਿਹਾ ਸੀ ਕਿ ਉਸ ਦੀ ਨਜ਼ਰ ਇਕ ਬੋਰਡ 'ਤੇ ਪਈ, ਜਿਸ 'ਤੇ ਲਿਖਿਆ ਸੀ, "ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ ਸਾਇੰਸ।" ਟ੍ਰਾਮ ਰੁਕਦਿਆਂ ਉਹ ਉਥੇ ਹੀ ਉਤਰ ਗਿਆ ਤੇ ਉਸ ਦਫਤਰ ਦੇ ਅੰਦਰ ਚਲਾ ਗਿਆ। ਇਸ ਦਫਤਰ ਦੇ ਬਾਨੀ ਸ੍ਰੀ ਅੰਮ੍ਰਿਤ ਲਾਲ ਸਿਰਕਾਰ ਨੂੰ ਮਿਲ ਕੇ ਭੌਤਿਕ ਵਿਗਿਆਨ ਵਿਸ਼ੇ ਵਿਚ ਖੋਜ ਕਰਨ ਦੀ ਇਜਾਜ਼ਤ ਮੰਗੀ, ਜੋ ਉਸ ਨੂੰ ਉਸੇ ਵੇਲੇ ਮਿਲ ਗਈ। ਇਸ ਤਰ੍ਹਾਂ ਉਹ ਦਫਤਰੋਂ ਛੁੱਟੀ ਤੋਂ ਬਾਅਦ ਖੋਜ ਕਾਰਜਾਂ ਵਿਚ ਰੁੱਝ ਗਿਆ। ਖੋਜ ਕਾਰਜਾਂ ਕਾਰਨ ਉਸ ਦੀ ਪ੍ਰਸਿਧੀ ਦੂਰ-ਦੂਰ ਤੱਕ ਫੈਲ ਗਈ ਅਤੇ ਦੁਨੀਆਂ ਭਰ ਤੋਂ ਪ੍ਰੋਫੈਸਰ ਅਤੇ ਨੌਜਵਾਨ ਵਿਦਿਆਰਥੀ ਉਸ ਦੇ ਸੰਪਰਕ ਵਿਚ ਆਉਣ ਲੱਗੇ। ਕੁਝ ਸਮੇਂ ਬਾਅਦ ਰਮਨ ਦੀ ਬਦਲੀ ਨਾਗਪੁਰ ਵਿਖੇ ਹੋ ਗਈ। ਜਦੋਂ ਉਹ ਉਥੇ ਪਹੁੰਚੇ ਤਾਂ ਕੁਝ ਦਿਨਾਂ ਬਾਅਦ ਹੀ ਪਲੇਗ ਦੀ ਮਹਾਂਮਾਰੀ ਫੈਲ ਗਈ। ਇਥੇ ਰਮਨ ਨੇ ਆਪ ਅਤੇ ਆਪਣੇ ਸਰਕਾਰੀ ਕਰਮਚਾਰੀਆਂ ਦੀ ਮਦਦ ਲਈ ਬਿਮਾਰਾਂ ਦੀ ਸੇਵਾ ਵਿਚ ਦਿਨ-ਰਾਤ ਇੱਕ ਕਰ ਦਿੱਤਾ। ਉਸ ਨੇ ਤਨ, ਮਨ, ਧਨ ਨਾਲ ਬਿਮਾਰ ਲੋਕਾਂ ਦੀ ਮਦਦ ਕੀਤੀ ਤੇ ਬਹੁਤ ਸਾਰੇ ਲੋਕਾਂ ਨੂੰ ਮਰਨ ਤੋਂ ਬਚਾ ਲਿਆ। ਪੂਰੇ ਨਾਗਪੁਰ ਵਿਚ ਇਸ ਨਵੇਂ ਆਏ ਅਫਸਰ ਦੀ ਚਰਚਾ ਘਰ ਘਰ ਹੋਣ ਲੱਗੀ।

1911 ਵਿਚ ਪ੍ਰੋ. ਰਮਨ ਦੀ ਬਦਲੀ ਡਾਕ ਤਾਰ ਵਿਭਾਗ ਵਿਚ ਕਲਕੱਤੇ ਬਤੌਰ ਅਕਾਊਂਟੈਂਟ ਜਨਰਲ (ਏ. ਜੀ.) ਹੋ ਗਈ ਅਤੇ ਫਿਰ ਉਹ ਕਲਕੱਤੇ ਵਿਖੇ ਹੀ ਸੰਸਥਾ ਵਿਚ ਖੋਜ ਕਾਰਜਾਂ ਵਿਚ ਜੁਟ ਗਏ। 1914 ਵਿਚ ਕਲਕੱਤੇ ਵਿਖੇ ਹੀ ਸਾਇੰਸ ਕਾਲਜ ਦੀ ਸਥਾਪਨਾ ਸ਼ੁਰੂ ਹੋਈ। ਭੌਤਿਕ ਵਿਗਿਆਨ ਦੀ ਪੜ੍ਹਾਈ ਲਈ ਇੱਕ ਪ੍ਰੋਫੈਸਰ ਦੀ ਲੋੜ ਸੀ। ਕਾਫੀ ਖੋਜ ਤੋਂ ਬਆਦ ਵਾਈਸ ਚਾਂਸਲਰ ਸਰ ਆਸ਼ੂਤੋਸ਼ ਮੁਖਰਜੀ ਨਾਲ ਗੱਲ ਕੀਤੀ। ਰਮਨ ਸੋਚਾਂ ਵਿਚ ਪੈ ਗਿਆ। ਇੱਕ ਪਾਸੇ ਸਰਕਾਰੀ ਗਜ਼ਟਡ ਨੌਕਰੀ ਤੇ ਦੂਜੇ ਪਾਸੇ ਪ੍ਰਾਈਵੇਟ ਕਾਲਜ। ਖੋਜ ਕਾਰਜਾਂ ਕਾਰਨ ਰਮਨ ਦੀ ਪ੍ਰਸਿਧੀ ਦੂਰ ਦੂਰ ਤੱਕ ਫੈਲ ਚੁਕੀ ਸੀ। ਅਖੀਰ ਰਮਨ ਨੇ ਹਾਂ ਕਰ ਦਿੱਤੀ, ਹਾਲਾਂਕਿ ਉਸ ਦੀ ਤਨਖਾਹ ਵੀ ਪਹਿਲਾਂ ਨਾਲੋਂ ਅੱਧੀ ਰਹਿ ਜਾਣੀ ਸੀ। ਜੁਲਾਈ 1917 ਵਿਚ ਕਾਲਜ ਬਣ ਕੇ ਤਿਆਰ ਹੋ ਗਿਆ ਤੇ ਰਮਨ ਸਰਕਾਰੀ ਨੌਕਰੀ ਛੱਡ ਕੇ ਪ੍ਰੋਫੈਸਰ ਦੀ ਨੌਕਰੀ 'ਤੇ ਹਾਜ਼ਰ ਹੋ ਗਿਆ। ਇਹ ਨੌਕਰੀ ਉਸ ਦੇ ਮਨ ਪਸੰਦ ਦੀ ਸੀ ਅਤੇ ਉਸ ਨੂੰ ਭੌਤਿਕ ਵਿਗਿਆਨ ਵਿਚ ਖੋਜ ਕਰਨ ਦਾ ਮੌਕਾ ਵੀ ਮਿਲਦਾ ਰਹਿਣਾ ਸੀ।

ਪ੍ਰੋ. ਰਮਨ ਇੱਕ ਸਫਲ ਤੇ ਸੁਘੜ ਅਧਿਆਪਕ ਸਨ ਅਤੇ ਯੋਗ ਮਾਰਗ ਦਰਸ਼ਕ ਸਨ। ਉਨ੍ਹਾਂ ਨੇ ਭਾਰਤੀ ਵਿਗਿਆਨ ਵਿਕਾਸ ਸੰਸਥਾ ਨੂੰ ਉਚਾ ਚੁੱਕਣ ਵਿਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੀ ਕੋਸ਼ਿਸ਼ ਸਦਕਾ 'ਭਾਰਤੀ ਵਿਗਿਆਨ ਕਾਂਗਰਸ' ਹੋਂਦ ਵਿਚ ਆਈ ਅਤੇ ਆਪ ਨੇ ਇਸ ਸੰਸਥਾ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਇਨ੍ਹਾਂ ਦਿਨਾਂ ਵਿਚ ਹੀ ਬੰਗਲੌਰ ਵਿਖੇ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਦੀ ਸਥਾਪਨਾ ਹੋਈ ਤੇ ਪ੍ਰੋ. ਰਮਨ ਇਸ ਦੇ ਸੰਚਾਲਕ ਬਣੇ।



1921 ਵਿਚ ਪ੍ਰੋ. ਰਮਨ ਇੰਗਲੈਂਡ ਦੀ ਔਸਫੋਰਡ ਯੂਨੀਵਰਸਿਟੀ ਵਿਚ ਭਾਸ਼ਨ ਦੇਣ ਸਮੁੰਦਰੀ ਰਸਤੇ ਪਹੁੰਚੇ। ਇਸ ਯਾਤਰਾ ਦੌਰਾਨ ਭੂਮੱਧ ਸਾਗਰ ਤੇ ਗਹਿਰੇ ਨੀਲੇ ਪਾਣੀ ਨੇ ਉਸ ਦਾ ਧਿਆਨ ਆਪਣੇ ਵੱਲ ਖਿੱਚਿਆ। ਉਹ ਨੀਲੇ ਰੰਗ ਦੇ ਭੇਦ ਨੂੰ ਜਾਣਨ ਲਈ ਵਾਪਸ ਆ ਕੇ ਰੁੱਝ ਗਏ। 1922 ਵਿਚ ਉਨ੍ਹਾਂ ਨੇ ਇਸ ਸਬੰਧੀ ਖੋਜ ਭਰਪੂਰ ਲੇਖ ਲਿਖੇ, ਜੋ ਬਹੁਤ ਪਸੰਦ ਕੀਤੇ ਗਏ। 1922 ਵਿਚ ਹੀ ਕਲਕੱਤਾ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ. ਐਸ. ਸੀ. ਦੀ ਡਿਗਰੀ ਨਾਲ ਸਨਮਾਨਿਤ ਕੀਤਾ। 1924 ਵਿਚ ਉਨ੍ਹਾਂ ਦੀਆਂ ਖੋਜਾਂ ਤੋਂ ਪ੍ਰਭਾਵਿਤ ਹੋ ਕੇ ਰਾਇਲ ਸੁਸਾਇਟੀ ਨੇ ਆਪਣਾ ਫੈਲੋ ਬਣਾ ਲਿਆ।

1924 ਵਿਚ ਬ੍ਰਿਟਿਸ਼ ਐਸੋਸੀਏਸ਼ਨ ਨੇ ਟੋਰਾਂਟੋ ਮੀਟਿੰਗ ਦੌਰਾਨ ਪ੍ਰਕਾਸ਼ ਵਿਗਿਆਨ ਨਾਲ ਸਬੰਧਿਤ ਇੱਕ ਕਾਨਫਰੰਸ ਦੇ ਉਦਘਾਟਨ ਲਈ ਪ੍ਰੋ. ਰਮਨ ਨੂੰ ਸੱਦਾ ਦਿੱਤਾ। ਇਸ ਤਰ੍ਹਾਂ ਲਗਭਗ ਦਸ ਮਹੀਨੇ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਨਾਰਵੇ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਰਮਨ ਨੇ ਖੋਜ ਪੱਤਰ ਪੜ੍ਹੇ।

ਅਗਲੇ ਤਿੰਨ ਸਾਲ ਲਗਾਤਾਰ ਆਪਣੇ ਸਹਿਯੋਗੀਆਂ ਨਾਲ ਪ੍ਰੋ. ਰਮਨ ਨੇ ਹਵਾ, ਬਰਫ ਤੇ ਹੋਰ ਦ੍ਰਵਾਂ ਅਤੇ ਠੋਸ ਪਦਾਰਥਾਂ ਤੇ ਰੋਸ਼ਨੀ ਦੇ ਖਿੰਡਾਓ ਕਾਰਨ ਪੈਦਾ ਹੋਈਆਂ ਕਿਰਨਾਂ ਦਾ ਅਧਿਅਨ ਕੀਤਾ। 28 ਫਰਵਰੀ 1928 ਨੂੰ ਇੱਕ ਵਿਲੱਖਣ ਪ੍ਰਭਾਵ ਦੀ ਖੋਜ ਕੀਤੀ, ਜਿਸ ਦਾ ਨਾਂ ਉਸ ਨੇ 'ਰਮਨ ਪ੍ਰਭਾਵ' ਰੱਖਿਆ, ਜੋ ਵਿਸ਼ਵ ਭਰ ਵਿਚ ਪ੍ਰਸਿੱਧ ਹੋਇਆ। ਇਸ ਖੋਜ ਸਦਕਾ 1928 ਵਿਚ ਇਟਲੀ ਦੀ ਵਿਗਿਆਨ ਪ੍ਰੀਸ਼ਦ ਨੇ 'ਮੈਂਟਉਸੀ ਮੈਡਲ' ਨਾਲ ਸਨਮਾਨਿਤ ਕੀਤਾ। 3 ਜੂਨ 1929 ਨੂੰ ਭਾਰਤ ਸਰਕਾਰ ਨੇ ਸਰ ਦੀ ਉਪਾਧੀ ਦਿੱਤੀ। 1930 ਵਿਚ ਲੰਡਨ ਦੀ ਰਾਇਲ ਸੁਸਾਇਟੀ ਨੇ ਸਭ ਤੋਂ ਵੱਡੇ ਇਨਾਮ 'ਹਿਊਜਜ਼ ਮੈਡਲ' ਨਾਲ ਸਨਮਾਨਿਤ ਕੀਤਾ। ਇਸੇ ਖੋਜ ਕਾਰਨ ਪ੍ਰੋ. ਰਮਨ ਨੂੰ 10 ਦਸੰਬਰ 1930 ਨੂੰ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਖੇ 'ਨੋਬਲ ਇਨਾਮ' ਨਾਲ ਸਨਮਾਨਿਤ ਕੀਤਾ ਗਿਆ। ਇਥੋਂ ਹੀ ਉਨ੍ਹਾਂ ਨੂੰ ਸਵੀਡਨ, ਨਾਰਵੇ, ਡੈਨਮਾਰਕ, ਜਰਮਨੀ ਵਿਖੇ ਭਾਸ਼ਨ ਦੇਣ ਲਈ ਸੱਦੇ ਮਿਲੇ ਤੇ ਸਨਮਾਨ ਦੇਣ ਵਾਲਿਆਂ ਦੀ ਇੱਕ ਤਰ੍ਹਾਂ ਨਾਲ ਝੜੀ ਲੱਗ ਗਈ। ਅਗਲੇ ਸਾਲ 1931 ਵਿਚ ਬੰਬਈ, ਕਾਂਸ਼ੀ, ਮਦਰਾਸ ਤੇ ਢਾਕਾ ਦੀਆਂ ਯੂਨੀਵਰਸਿਟੀਆਂ ਨੇ ਸਨਮਾਨਿਤ ਕੀਤਾ।

1933 ਵਿਚ ਆਪ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋਏ। 1934 ਵਿਚ ਆਪ ਨੂੰ ਭਾਰਤੀ ਵਿਗਿਆਨ ਅਕੈਡਮੀ ਦਾ ਪ੍ਰਧਾਨ ਚੁਣ ਲਿਆ ਗਿਆ। 1943 ਤੱਕ ਆਪ ਇੰਡੀਅਨ ਇੰਸਟੀਚਿਊਟ ਆਫ ਬੰਗਲੌਰ ਦੇ ਡਾਇਰੈਕਟਰ ਰਹੇ। ਅਜ਼ਾਦ ਭਾਰਤ ਵਿਚ ਉਹ ਭਾਰਤ ਦੇ ਪਹਿਲੇ ਰਾਸ਼ਟਰੀ ਪ੍ਰੋਫੈਸਰ ਘੋਸ਼ਿਤ ਕੀਤੇ ਗਏ। 15 ਅਗਸਤ 1954 ਨੂੰ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਿਆ ਗਿਆ। 1957 ਵਿਚ ਰੂਸ ਦੁਆਰਾ ਕੌਮਾਂਤਰੀ ਲੈਨਿਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕੁੱਲ 360 ਖੋਜ ਪੱਤਰ ਅਤੇ ਚਾਰ ਪੁਸਤਕਾਂ ਲਿਖੀਆਂ। 21 ਨਵੰਬਰ 1970 ਨੂੰ 82 ਸਾਲ ਦੀ ਉਮਰ ਵਿਚ ਡਾ. ਰਮਨ ਅਕਾਲ ਚਲਾਣਾ ਕਰ ਗਏ।

ਡਾ. ਰਮਨ ਇੱਕ ਸੱਚੇ ਵਿਗਿਆਨੀ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਨੂੰ ਅਰਪਣ ਕੀਤਾ ਸੀ। ਕੁਦਰਤੀ ਘਟਨਾਵਾਂ ਨੂੰ ਸਮਝਣ ਲਈ ਉਨ੍ਹਾਂ ਵਿਚ ਬਹੁਤ ਉਤਸੁਕਤਾ ਸੀ। ਉਹ ਦਰਖਤਾਂ ਤੇ ਫੁੱਲਾਂ ਨੂੰ ਬਹੁਤ ਪਸੰਦ ਕਰਦੇ ਸਨ। ਬੰਗਲੌਰ ਖੋਜ ਸੰਸਥਾ, ਜੋ ਉਨ੍ਹਾਂ ਨੇ ਮੈਸੂਰ ਦੇ ਮਹਾਰਾਜਾ ਵੱਲੋਂ ਦਿੱਤੀ 11 ਏਕੜ ਜਮੀਨ ਵਿਚ ਬਣਾਈ ਸੀ ਤੇ ਜਿਸ ਦੇ ਉਹ ਅਖੀਰ ਤੱਕ ਡਾਇਰੈਕਟਰ ਵੀ ਰਹੇ, ਉਸ ਵਿਚ ਵਧੀਆ ਕਿਸਮ ਦੇ ਨਰਸਰੀ ਤੇ ਸਭ ਤੋਂ ਵਧੀਆ ਕਿਸਮ ਦੇ ਗੁਲਾਬ ਦੇ ਬੂਟੇ ਲਿਆ ਕੇ ਆਪਣੀ ਦੇਖ-ਰੇਖ ਵਿਚ ਪਾਲਦੇ ਸਨ। ਜੀਵਨ ਦੇ ਅੰਤਲੇ ਸਮੇਂ ਵਿਚ ਉਨ੍ਹਾਂ ਨੇ ਆਪਣੀ ਸਾਰੀ ਜਾਇਦਾਦ ਰਮਨ ਖੋਜ ਸੰਸਥਾ ਨੂੰ ਦੇ ਦਿੱਤੀ।

ਪ੍ਰੋ. ਰਮਨ ਨੇ ਆਪਣੇ ਇੱਕ ਵਿਦਿਆਰਥੀ ਡਾ. ਪੀ. ਆਰ. ਪਿਸ਼ਾਰੋਟੀ ਨੂੰ ਸਵੇਰੇ ਸੱਤ ਵਜੇ ਬੜੀ ਉਦਾਸੀ ਵਿਚ ਬੈਠਾ ਵੇਖ ਕੇ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਜੋ ਖੋਜ ਮੈਂ ਕਰ ਰਿਹਾ ਹਾਂ, ਇਹੀ ਖੋਜ ਇੱਕ ਇੰਗਲੈਂਡ ਦਾ ਵਿਗਿਆਨੀ ਵੀ ਕਰ ਰਿਹਾ ਹੈ। ਉਸ ਕੋਲ 5 ਕਿਲੋਵਾਟ ਦੀ ਸ਼ਕਤੀ ਵਾਲੀ ਐਕਸ ਕਿਰਨ ਟਿਊਬ ਹੈ ਤੇ ਮੇਰੇ ਕੋਲ ਸਿਰਫ ਇੱਕ ਕਿਲੋਵਾਟ ਦੀ ਹੈ। ਇਹ ਸੁਣ ਕੇ ਪ੍ਰੋ. ਰਮਨ ਬੋਲੇ, ਬੱਸ ਏਨੀ ਹੀ ਗੱਲ ਹੈ। ਤੁਸੀਂ ਆਪਣੀ ਇੱਕ ਕਿਲੋਵਾਟ ਦੀ ਟਿਊਬ ਉਤੇ ਦਸ ਕਿਲੋਵਾਟ ਦਾ ਦਿਮਾਗ ਲਾ ਦਿਓ।

ਜੁਆਬ ਦੇਣ ਵਿਚ ਡਾ. ਰਮਨ ਨੂੰ ਚੰਗੀ ਮੁਹਾਰਤ ਸੀ। ਕਿਸੇ ਪੱਤਰਕਾਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਹਰ ਵੇਲੇ ਪਗੜੀ ਕਿਉਂ ਬੰਨਦੇ ਹੋ ਤਾਂ ਤੁਰੰਤ ਉਨ੍ਹਾਂ ਨੇ ਜਵਾਬ ਦਿੱਤਾ, ਕਿਤੇ ਮੇਰਾ ਸਿਰ ਫੁਲ ਨਾ ਜਾਵੇ। ਇਮਾਨਦਾਰਾਂ ਦੀ ਉਹ ਕਿੰਨੀ ਕਦਰ ਕਰਦੇ ਸਨ, ਇਸ ਦਾ ਪਤਾ ਇਸ ਇਕ ਘਟਨਾ ਤੋਂ ਹੀ ਲੱਗਦਾ ਹੈ। ਆਪਣੀ ਖੋਜ ਸੰਸਥਾ ਵਾਸਤੇ ਉਨ੍ਹਾਂ ਨੂੰ ਇਕ ਖੋਜ ਸਹਾਇਕ ਦੀ ਲੋੜ ਸੀ। ਕਈ ਮੁੰਡੇ ਇੰਟਰਵਿਊ ਦੇਣ ਆਏ। ਇੱਕ ਮੁੰਡੇ ਨੂੰ ਤਾਂ ਉਨ੍ਹਾਂ ਨੇ ਕਹਿ ਹੀ ਦਿੱਤਾ ਕਿ ਤੇਰੇ ਲਈ ਇਥੇ ਕੋਈ ਨੌਕਰੀ ਨਹੀਂ। ਉਹ ਮਾਯੂਸ ਹੋ ਕੇ ਬਾਹਰ ਚਲਾ ਗਿਆ। ਇੰਟਰਵਿਊ ਖਤਮ ਹੋਣ ਤੋਂ ਬਾਅਦ ਡਾ. ਰਮਨ ਬਾਹਰ ਨਿੱਕਲੇ ਤਾਂ ਉਹੀ ਮੁੰਡਾ ਬਰਾਂਡੇ ਵਿਚ ਖੜ੍ਹਾ ਸੀ। ਡਾ. ਰਮਨ ਨੇ ਉਸ ਨੂੰ ਕੋਲ ਬੁਲਾ ਕੇ ਕਿਹਾ ਕਿ ਇਸ ਤਰ੍ਹਾਂ ਇੱਥੇ ਖੜ੍ਹੇ ਰਹਿਣ ਨਾਲ ਤੈਨੂੰ ਨੌਕਰੀ ਨਹੀਂ ਮਿਲ ਜਾਣੀ। ਉਹ ਮੁੰਡਾ ਕਹਿਣ ਲੱਗਾ ਕਿ ਸਰ ਮੈਂ ਨੌਕਰੀ ਲਈ ਨਹੀਂ ਖੜ੍ਹਾ। ਮੈਂ ਤਾਂ ਕਲਰਕ ਨੂੰ ਉਡੀਕ ਰਿਹਾ ਹਾਂ, ਜਿਸ ਨੇ ਮੈਨੂੰ ਟੀ. ਏ. ਦੇਣ ਲੱਗਿਆਂ ਪੰਜ ਰੁਪਏ ਵੱਧ ਦੇ ਦਿੱਤੇ ਹਨ ਅਤੇ ਉਹ ਵਾਪਸ ਕਰਨ ਲਈ ਮੈਂ ਖੜ੍ਹਾ ਹਾਂ। ਇਹ ਸੁਣ ਕੇ ਡਾ. ਰਮਨ ਕਹਿਣ ਲੱਗੇ, ਤੂੰ ਹੁਣ ਚਲਾ ਜਾਹ, ਕੱਲ੍ਹ ਆ ਜਾਈਂ। ਕਲਰਕ ਨੂੰ ਪੰਜ ਰੁਪਏ ਵਾਪਸ ਕਰ ਦੇਈਂ ਤੇ ਨਾਲ ਹੀ ਆਪਣਾ ਨਿਯੁਕਤੀ ਪੱਤਰ ਲੈ ਜਾਵੀਂ। ਮੁੰਡਾ ਇਹ ਸੁਣ ਕੇ ਚੌਂਕ ਜਿਹਾ ਗਿਆ। ਡਾ. ਰਮਨ ਫਿਰ ਬੋਲੇ ਕਿ ਵਿਗਿਕਸ ਤਾਂ ਮੈਂ ਪੜ੍ਹਾ ਲਵਾਂਗਾ, ਪਰ ਇਮਾਨਦਾਰੀ ਦਾ ਪਾਠ ਸਭ ਨੂੰ ਤੂੰ ਸਿਖਾਵੇਂਗਾ।

ਨਾਗਪੁਰ ਵਿਖੇ ਅਕਾਊਂਟੈਂਟ ਜਨਰਲ ਦੀ ਨੌਕਰੀ ਸਮੇਂ ਇਕ ਗਰੀਬ ਪੇਂਡੂ ਆਦਮੀ ਦੇ ਕਰੰਸੀ ਨੋਟਾਂ ਨੂੰ ਅੱਗ ਲੱਗ ਗਈ। ਉਹ ਰੋਂਦਾ ਰੋਂਦਾ ਦਫਤਰ ਪਹੁੰਚਿਆ, ਪਰ ਉਸ ਦੀ ਕਿਸੇ ਨਾ ਸੁਣੀ। ਰਮਨ ਨੇ ਉਸ ਆਦਮੀ ਨੂੰ ਖੁਦ ਬੁਲਾਇਆ। ਲੈਨਜ਼ ਨਾਲ ਨੋਟ ਚੈਕ ਕੀਤੇ ਅਤੇ ਨੰਬਰ ਪੜ੍ਹਨਯੋਗ ਸਨ। ਰਮਨ ਨੇ ਦਫਤਰ ਨੂੰ ਹਦਾਇਤ ਕੀਤੀ ਕਿ ਗਰੀਬ ਆਦਮੀ ਕੋਲੋਂ ਜਲੇ ਹੋਏ ਨੋਟ ਲੈ ਕੇ ਨਵੇਂ ਨੋਟ ਦਿੱਤੇ ਜਾਣ।

ਪ੍ਰੋ. ਰਮਨ ਇੱਕ ਮਹਾਨ ਵਿਗਿਆਨੀ ਜਾਂ ਖੋਜਕਾਰ ਹੀ ਨਹੀਂ ਸਨ, ਸਗੋਂ ਸਭ ਤੋਂ ਉਪਰ ਨੇਕ ਦਿਲ, ਗਰੀਬਾਂ ਦੇ ਹਮਦਰਦ ਤੇ ਉਚ ਕੋਟੀ ਦੇ ਮਹਾਨ ਇਨਸਾਨ ਵੀ ਸਨ। ਡਾ. ਰਮਨ ਦੀ ਖੋਜ ਜਿਸ ਦਿਨ ਪੂਰੀ ਹੋਈ ਸੀ, ਉਸ ਦਿਨ ਨੂੰ ਸਮੁੱਚੇ ਭਾਰਤ ਵਿਚ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਹਰ ਸਾਲ ਮਨਾਇਆ ਜਾਂਦਾ ਹੈ। ਇਸ ਤਰ੍ਹਾਂ 28 ਫਰਵਰੀ ਦਾ ਦਿਨ ਉਨ੍ਹਾਂ ਦੀ ਖੋਜ ਨੂੰ ਸਮਰਪਿਤ ਹੈ, ਜਿਸ ਨੂੰ ਰਾਸ਼ਟਰੀ ਵਿਗਿਆਨ ਦਿਵਸ ਨਾਲ ਯਾਦ ਕੀਤਾ ਜਾਂਦਾ ਹੈ।

## ਕੁੱਖ ਦਾ ਕਤਲ

**ਮਿਨੀ ਕਹਾਣੀ**

ਸਾਹਿਤਕ ਵਾਤਾਵਰਨ ਦੀ ਸੁਗੰਧ-ਸਮੀਰ ਮੁਨਿੰਦਰ ਉਰਫ ਮੋਨਾ, ਵਧੀਆ ਨਾਵਲਕਾਰ, ਕਹਾਣੀਕਾਰ ਅਤੇ ਆਲੋਚਕ ਵੀ ਹੈ। ਹਰ ਖੇਤਰ ਵਿਚ ਉਸ ਦੀ ਬੱਲੇ-ਬੱਲੇ ਹੈ। ਉਸ ਦੇ ਤਰਕ ਅੱਗੇ ਵਿਰੋਧੀ ਬੇਤਰਕ ਹੋ ਜਾਂਦੇ ਹਨ। ਰੱਬ ਨੇ ਰੂਪ ਦੇਣ ਵੇਲੇ ਵੀ ਕਿਸੇ ਕਿਸਮ ਦਾ ਸਰਫਾ ਨਹੀਂ ਵਰਤਿਆ, ਉਤੋਂ ਉਸ ਦੀ ਮਾਖਿਉਂ ਮਿੱਠੀ ਬੋਲੀ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਬਹੁਤ ਵੱਡੇ ਇਨਾਮ ਤੇ ਸਨਮਾਨ ਉਸ ਦੀ ਝੋਲੀ ਪੈ ਚੁਕੇ ਹਨ। ਇਸ ਤੋਂ ਉਪਰ ਸਮਾਜਿਕ ਰੁਝੇਵਿਆਂ ਕਾਰਨ ਉਸ ਦਾ ਘਰ ਪੈਰ ਵੀ ਨਹੀਂ ਟਿਕਦਾ। ਨੌਜਵਾਨ ਇਸਤਰੀ ਵਿੰਗ ਦੀ ਪ੍ਰਧਾਨ ਹੋਣ ਕਾਰਨ ਉਸ ਕੋਲ ਰੁਝੇਵਾਂ ਹੀ ਰੁਝੇਵਾਂ ਹੈ।

ਅੱਜ ਫਿਰ ਉਸ ਨੇ ਸੈਮੀਨਾਰ 'ਚ ਪੇਪਰ ਪੜ੍ਹਨਾ ਸੀ। ਕੁੰਜੀਵਤ ਭਾਸ਼ਨ ਉਸ ਦਾ ਹੀ ਸੀ। ਇਸ ਪਿੱਛੋਂ ਉਸ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕਰਨੀ ਸੀ। ਉਹ ਸਵੇਰ ਦੇ ਛੇ ਵਜੇ ਤਿਆਰ ਹੋਈ। ਜਾਂਦੀ-ਜਾਂਦੀ ਉਹ ਪਤੀ ਨੂੰ ਹੁਕਮ ਦਾਗ ਗਈ, "ਡੀਅਰ ਪਿਛੋਂ ਬੇਟੀ ਦਾ ਖਿਆਲ ਰੱਖਣਾ। ਬੈਲੀ ਨੂੰ ਹਸਪਤਾਲ ਲਿਜਾਣਾ ਨਾ ਭੁੱਲਣਾ। ਬੈਲੀ ਨੂੰ ਹਸਪਤਾਲੋਂ ਮੁੜੀ ਵੇਖ ਕੇ ਮੁੰਡਾ ਉਦਾਸ ਹੋਊ। ਉਸ ਨੂੰ ਕਿਸੇ ਪਾਰਕ ਵਿਚ ਘੁਮਾ ਲਿਆਉਣਾ। ਕੋਈ ਗੇਮ ਜਾਂ ਖਿਡਾਉਣਾ ਆਦਿ ਲੈ ਦੇਣਾ। ਬਰਗਰ, ਸੈਂਡਵਿਚ, ਆਈਸ ਕਰੀਮ ਆਦਿ ਲੈ ਦੇਣਾ। ਮੈਂ ਛੇਤੀ ਮੁੜਨ ਦਾ ਯਤਨ ਕਰਾਂਗੀ। ਅੱਠ ਤਾਂ ਵੱਜ ਹੀ ਜਾਣੇ ਹਨ।" ਇਹ ਕਹਿੰਦੀ ਉਹ ਘਰੋਂ ਬਾਹਰ ਹੋ ਗਈ। ਗੁਰਤੇਜ ਸਿਰ ਸੁੱਟ ਕੇ ਸੁਣਦਾ ਰਿਹਾ।

ਸੈਮੀਨਾਰ ਨੌਂ ਵਜੇ ਸ਼ੁਰੂ ਹੋਇਆ। ਉਸ ਨੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਤ੍ਰਾਸਦੀ ਬਾਰੇ ਪੇਪਰ ਪੜ੍ਹਿਆ। ਉਸ ਨੇ ਇਤਿਹਾਸ, ਮਿਥਿਹਾਸ, ਧਾਰਮਿਕ ਗ੍ਰੰਥਾਂ ਅਤੇ ਰਾਜਨੀਤਕ, ਸਮਾਜਿਕ ਖੇਤਰ ਦੇ ਵਿਚਾਰ ਪ੍ਰੋੜਤਾ ਵਜੋਂ ਦਿੱਤੇ। ਉਸ ਨੇ ਔਰਤ 'ਤੇ ਹੋ ਰਹੇ ਜ਼ੁਲਮ, ਤਸ਼ੱਦਦ, ਬਲਾਤਕਾਰ ਤੇ ਕਤਲਾਂ ਦੀ ਗੱਲ ਕਰਦੇ ਦੱਸਿਆ ਕਿ ਰਮਾਇਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਔਰਤ ਨੂੰ ਅਗਨ ਪ੍ਰੀਖਿਆ 'ਚੋਂ ਦੀ ਲੰਘਣਾ ਪਿਆ ਹੈ। ਸਰੋਤੇ ਮੰਤਰ-ਮੁਗਧ ਹੋਏ ਉਸ ਦੇ ਵਿਚਾਰਾਂ ਨੂੰ ਸੁਣਦੇ ਰਹੇ। ਪ੍ਰਧਾਨਗੀ ਮੰਡਲ ਵਿਚ ਬੈਠੇ ਨੇਤਾ ਅਤੇ ਸਾਹਿਤਕਾਰ ਲੋਕ ਤਿਰਛੀ ਨਜ਼ਰ ਨਾਲ ਉਸ ਦੇ ਚਿਹਰੇ ਨੂੰ ਨਿਹਾਰਦੇ ਰਹੇ। ਕਵੀ ਦਰਬਾਰ ਵੀ ਬਹੁਤ ਹੀ ਸਫਲ ਸੀ। ਮੋਨਾ ਦੀ ਹਾਜ਼ਰੀ ਹੀ ਕਵੀ ਦਰਬਾਰ ਨੂੰ ਚਾਰ ਚੰਨ ਲਾਉਂਦੀ ਸੀ। ਉਸ ਦੀ ਕਵਿਤਾ 'ਕੁੱਖ ਵਿਚ ਕਤਲ' ਦਾ ਸਰੋਤਿਆਂ 'ਤੇ ਬਹੁਤ ਪ੍ਰਭਾਵ ਪਿਆ।

ਉਹ ਰਾਤ ਦੇ ਅੱਠ ਵਜੇ 'ਕੁੱਖ ਵਿਚ ਕਤਲ' ਗੁਣਗੁਣਾਉਂਦੀ ਬਹੁਤ ਹੀ ਸੰਤੁਸ਼ਟਤਾ ਨਾਲ ਘਰੇ ਪਹੁੰਚੀ। ਬੇਟੀ ਬਹੁਤ ਹੀ ਉਦਾਸ ਸੀ। ਉਸ ਨੇ ਮਾਂ ਵੱਲੋਂ ਮੂੰਹ ਮੋੜ ਕੇ ਮੂੰਹ ਦੂਜੇ ਪਾਸੇ ਕਰ ਲਿਆ। ਉਹ ਭੱਜ ਕੇ ਮਾਂ ਦੀਆਂ ਲੱਤਾਂ ਨੂੰ ਨਾ ਚੰਬੜਿਆ। ਬੈਲੀ ਪਹਿਲਾਂ ਵਾਂਗ ਚੂੰ ਚੂੰ ਕਰਦੀ, ਪੂਛ ਹਿਲਾਉਂਦੀ ਉਸ ਵੱਲ ਨਾ ਅਹੁਲੀ। ਉਸਦੇ ਗੱਲ ਵਿਚ ਚੱਕਰ ਪਾਇਆ ਸੀ। ਬੈਲੀ ਦੀਆਂ ਅੱਖਾਂ ਵਿਚੋਂ ਪਰਲ ਪਰਲ ਕਿਰਦੇ ਹੰਝੂ ਉਸ ਦੀ ਮਾਨਸਿਕ ਪੀੜ ਨੂੰ ਪ੍ਰਗਟ ਕਰ ਰਹੇ ਸਨ। 'ਕੁੱਖ ਈ ਕਤਲ, ਕੁੱਖ ਈ ਕਤਲ' ਬਿਆਨ ਕਰ ਰਹੇ ਸਨ। ਉਸ ਦਾ ਪਤੀ ਗੁਰਤੇਜ ਪਤਨੀ ਦੇ ਹੁਕਮ ਦੀ ਤਾਮੀਲ ਕਰਦਾ ਦੋ ਮਹੀਨੇ ਦੀ ਬੈਲੀ ਦੀ ਵੈਟਰਨਰੀ ਹਸਪਤਾਲ ਵਿਚੋਂ ਟਵੈਕਟਮੀ (ਨਾੜ) ਕਟਵਾ ਲਿਆਇਆ ਸੀ।

-ਕਰਮ ਸਿੰਘ ਮਾਨ
ਫੋਨ: 559-261-5024

# ਮਾਧੁਰੀ ਦਾ ਡਾਂਸ ਪ੍ਰੇਮ



ਹਿੰਦੀ ਫਿਲਮਾਂ ਦੀ ਉਘੀ ਅਦਾਕਾਰਾ ਮਾਧੁਰੀ ਦੀਕਸ਼ਿਤ ਮੁਤਾਬਿਕ ਨ੍ਰਿਤ (ਡਾਂਸ) ਉਸ ਲਈ ਇੱਕ ਅਧਿਆਤਮਕ ਤਜਰਬਾ ਹੈ। ਉਸ ਦਾ ਕਹਿਣਾ ਹੈ ਕਿ ਕਲਾ ਨੂੰ ਉਸ ਤੋਂ ਵੱਖ ਨਹੀਂ ਕੀਤਾ ਜਾ ਸਕਦਾ। 90ਵਿਆਂ ਵਿਚ ਆਪਣੇ ਵਿਲੱਖਣ ਡਾਂਸ ਰਾਹੀਂ ਹਿੰਦੀ ਫਿਲਮ ਜਗਤ 'ਤੇ ਰਾਜ ਕਰਨ ਵਾਲੀ ਮਾਧੁਰੀ ਆਪਣੇ ਹੁਨਰ ਨੂੰ ਲੈ ਕੇ ਕਦੀ ਹੰਕਾਰੀ ਨਹੀਂ ਹੋਈ। ਉਸ ਨੇ ਕਿਹਾ, "ਡਾਂਸ ਨੇ ਮੈਨੂੰ ਅਨੁਸ਼ਾਸਨ, ਧਿਆਨ ਕੇਂਦਰਿਤ ਕਰਨਾ ਅਤੇ ਇਮਾਨਦਾਰੀ ਸਿਖਾਈ ਹੈ। ਜਦੋਂ ਤੁਸੀਂ ਕਿਸੇ ਕੰਮ ਬਾਰੇ ਉਤਸ਼ਾਹਿਤ ਹੁੰਦੇ ਹੋ ਤਾਂ ਉਹ ਤੁਹਾਨੂੰ ਕੰਮ ਨਹੀਂ, ਮਜ਼ਾ ਲੱਗਦਾ ਹੈ। ਜੇ ਮੈਨੂੰ ਡਾਂਸ ਦਾ ਇੱਕ ਸਟੈੱਪ ਵੀਹ ਹਜ਼ਾਰ ਵਾਰ ਕਰਨਾ ਪਵੇ ਤਾਂ ਮੈਂ ਕਰਾਂਗੀ। ਮੇਰੇ ਅੰਦਰ ਹਉਮੈ ਨਹੀਂ ਹੈ। ਮੈਂ ਹਰ ਪਲ ਦਾ ਪੂਰਾ ਆਨੰਦ ਲੈਂਦੀ ਹਾਂ।"

ਯਾਦ ਰਹੇ ਕਿ 15 ਮਈ 1967 ਨੂੰ ਜਨਮੀ ਮਾਧੁਰੀ ਹੁਣ ਤੱਕ 70 ਤੋਂ ਉਪਰ ਫਿਲਮਾਂ ਵਿਚ ਆਪਣੀ ਕਲਾ ਦੇ ਜਲਵੇ ਦਿਖਾ ਚੁੱਕੀ ਹੈ। ਸਭ ਤੋਂ ਪਹਿਲਾਂ ਉਸ ਨੇ 1984 ਵਿਚ 'ਅਬੋਧ' ਨਾਂ ਦੀ ਫਿਲਮ ਵਿਚ ਕੰਮ ਕੀਤਾ ਸੀ। ਇਸ ਫਿਲਮ ਦਾ ਨਾਇਕ ਬੰਗਾਲਾ ਅਦਾਕਾਰ ਤਪਸ ਪਾਲ ਸੀ। ਕਮਾਈ ਦੇ ਪੱਖ ਤੋਂ ਤਾਂ ਮਾਧੁਰੀ ਦੀ ਇਹ ਫਿਲਮ ਕਾਮਯਾਬ ਨਹੀਂ ਰਹੀ ਪਰ ਇਸ ਫਿਲਮ ਵਿਚ ਮਾਧੁਰੀ ਦੀ ਅਦਾਕਾਰੀ ਦੇ ਸਭ ਦੀਵਾਨੇ ਹੋ ਗਏ। ਇਸ ਤੋਂ 1985 ਵਿਚ ਉਸ ਦੀ ਫਿਲਮ 'ਅਵਾਰਾ ਬਾਪ' ਰਿਲੀਜ਼ ਹੋਈ ਪਰ ਇਹ ਫਿਲਮ ਵੀ ਫਲਾਪ ਹੀ ਰਹੀ। ਫਿਰ 1988 ਵਿਚ ਜਦੋਂ ਫਿਲਮ 'ਤੇਜ਼ਾਬ' ਆਈ ਤਾਂ ਉਸ ਦੇ ਦਿਨ ਇਕਦਮ ਹੀ ਬਦਲ ਗਏ ਅਤੇ ਉਹ ਫਿਰ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਗਈ।

# ਬਧਾਈ ਹੋ, ਬਧਾਈ ਦੋ...

'ਬਧਾਈ ਦੋ' ਫਿਲਮ ਅਸਲ ਵਿਚ 'ਬਧਾਈ ਲੋ' ਫਿਲਮ ਦਾ ਹੀ ਅਗਲਾ ਪੜਾਅ ਹੈ। ਇਸ ਵਿਚ ਮੁੱਖ ਭੂਮਿਕਾਵਾਂ ਰਾਜਕੁਮਾਰ ਰਾਓ ਅਤੇ ਭੂਮੀ ਪੜਨੇਕਰ ਵੱਲੋਂ ਨਿਭਾਈਆਂ ਜਾ ਰਹੀਆਂ ਹਨ। ਇਸ ਫਿਲਮ ਦੇ ਨਿਰਦੇਸ਼ਨ ਹਰਸ਼ਵਰਧਾਨ ਕੁਲਕਰਨੀ ਹਨ। ਪਹਿਲੀ ਫਿਲਮ 'ਬਧਾਈ ਹੋ' ਵਿਚ ਨਾਇਕ ਆਯੂਸ਼ਮਾਨ ਖੁਰਾਣਾ ਸੀ। ਇਹ ਫਿਲਮ 2018 ਵਿਚ ਰਿਲੀਜ਼ ਹੋਈ ਸੀ ਅਤੇ ਇਹ ਇਕ ਅੱਧਖੜ ਜੋੜੇ ਦੀ ਕਹਾਣੀ ਹੈ। ਇਨ੍ਹਾਂ ਦੇ ਦੋ ਪੁੱਤਰ ਹਨ ਅਤੇ ਇਨ੍ਹਾਂ ਵਿਚੋਂ ਇਕ 25 ਵਰ੍ਹਿਆਂ ਦਾ ਹੈ ਜਿਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਮਾਪਿਆਂ ਦੇ ਘਰ ਇਕ ਹੋਰ ਬੱਚਾ ਆਉਣ ਵਾਲਾ ਹੈ। ਇਸ ਤੋਂ ਬਾਅਦ ਦੀ ਕਹਾਣੀ ਤਾਂ ਫਿਰ ਦੇਖਣ ਹੀ ਵਾਲੀ ਹੈ। ਇਹ ਫਿਲਮ ਵਾਹਵਾ ਹਿੱਟ ਰਹੀ ਸੀ।

ਹਰਸ਼ਵਰਧਨ ਮੁਤਾਬਿਕ, 'ਬਧਾਈ ਹੋ' ਫਿਲਮ ਵਿਚ ਮਾਪਿਆਂ ਦੇ ਬੱਚਾ ਹਾਸਲ ਕਰਨ ਦੇ ਮਾਮਲੇ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਹੁਣ 'ਬਧਾਈ ਦੋ' ਵਿਚ ਇਸ ਤੋਂ ਅਗਲੀ ਗੱਲ ਕੀਤੀ ਗਈ ਹੈ। ਇਸ ਫਿਲਮ ਵਿਚ ਭੂਮੀ ਪੜਨੇਕਰ ਪੀ.ਟੀ. ਟੀਚਰ ਹੈ ਜੋ ਆਪਣੇ ਮੁਲਕ ਲਈ ਹੈਂਡਬਾਲ ਖੇਡਣਾ ਚਾਹੁੰਦੀ ਹੈ। ਫਿਲਮ ਵਿਚ ਰਾਜਕੁਮਾਰ ਰਾਓ ਫੌਜੀ ਦੀ ਭੂਮਿਕਾ ਨਿਭਾ ਰਿਹਾ ਹੈ। ਹਰਸ਼ਵਰਧਨ ਨੇ ਫਿਲਹਾਲ ਇਸ ਫਿਲਮ ਦੇ ਵਿਸ਼ੇ ਬਾਰੇ ਤਾਂ ਨਹੀਂ ਦੱਸਿਆ ਪਰ ਕਿਹਾ ਹੈ ਕਿ ਇਸ ਫਿਲਮ ਵਿਚ ਸਮਾਜ ਦੇ ਸਭ ਤੋਂ ਗਹਿਰ-ਗੰਭੀਰ ਮਸਲੇ ਨੂੰ ਬਹੁਤ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ।

31 ਅਗਸਤ 1984 ਨੂੰ ਜਨਮੇ ਰਾਜਕੁਮਾਰ ਰਾਓ ਦਾ ਅਦਾਕਾਰੀ ਦੇ ਖੇਤਰ ਵਿਚ ਬਹੁਤ ਨਾਂ-ਥਾਂ ਹੈ। ਉਸ ਨੇ ਆਪਣੀ ਅਦਾਕਾਰੀ ਦੇ ਜਲਵੇ ਦਿਖਾ ਕੇ ਦਰਸ਼ਕਾਂ ਦਾ ਮਨ ਮੋਹਿਆ ਹੋਇਆ ਹੈ ਅਤੇ ਉਸ ਦੀ ਹਰ ਇਕ ਫਿਲਮ ਦੀ ਵਾਹਵਾ ਚਰਚਾ ਹੁੰਦੀ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2010 ਵਿਚ 'ਰਣ' ਅਤੇ 'ਲਵ ਸੈਕਸ ਔਰ ਧੋਖਾ' ਨਾਲ ਕੀਤੀ ਸੀ। ਪਿਛਲੇ ਸਾਲ ਉਸ ਦੀਆਂ ਫਿਲਮਾਂ 'ਸ਼ਿਮਲਾ ਮਿਰਚੀ', 'ਲੁੱਡੋ', 'ਉਸ ਦਿਨ' ਅਤੇ 'ਛਲਾਂਗ' ਰਿਲੀਜ਼ ਹੋਈਆਂ ਸਨ। 2021 ਵਿਚ ਉਸ ਦੀ ਇਕ ਫਿਲਮ 'ਦਿ ਵ੍ਹਾਈਟ ਟਾਈਗਰ' ਰਿਲੀਜ਼ ਹੋਈ ਪਰ ਮਗਰੋਂ ਕਰੋਨਾ ਫੈਲਣ ਕਾਰਨ ਸਭ ਕੁਝ ਠੱਪ ਹੋ ਗਿਆ ਹੈ। ਹੁਣ ਉਸ ਦੀ ਇਕ ਫਿਲਮ 'ਰੂਹ' ਬਣ ਕੇ ਤਿਆਰ ਹੋ ਗਈ ਹੈ। ਇਸ ਤੋਂ ਇਲਾਵਾ 'ਹਮ ਦੋ ਹਮਾਰੇ ਦੋ' 'ਤੇ ਕੰਮ ਚੱਲ ਰਿਹਾ ਹੈ। ਇਸ ਤੋਂ ਪਹਿਲਾਂ 'ਵਧਾਈ ਦੋ' ਰਿਲੀਜ਼ ਹੋਵੇਗੀ। ਭੂਮੀ ਪੜਨੇਕਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 'ਦਮ ਲਗਾ ਕੇ ਹਈਸ਼ਾ' ਨਾਲ ਕੀਤੀ ਸੀ। ਇਹ ਫਿਲਮ 2015 ਵਿਚ ਆਈ ਸੀ ਅਤੇ ਉਸ ਦੇ ਕੰਮ ਦੀ ਬਹੁਤ ਤਾਰੀਫ ਹੋਈ ਸੀ। ਇਸ ਤੋਂ ਬਾਅਦ ਭੂਮੀ ਦੇ ਪੈਰ ਫਿਲਮੀ ਦੁਨੀਆ ਵਿਚ ਜੰਮਦੇ ਗਏ।



# ਅਦਾਕਾਰਾ ਸ਼੍ਰਧਾ ਕਪੂਰ ਦੀ ਕਹਾਣੀ

ਅਦਾਕਾਰਾ ਸ਼੍ਰਧਾ ਕਪੂਰ ਨੇ ਲੌਕਡਾਊਨ ਦੇ ਸਮੇਂ ਨੂੰ ਆਪਣੀ ਜ਼ਿੰਦਗੀ ਵਿਚਲੇ ਆਤਮਬੋਧ ਦੇ ਪਲਾਂ ਦਾ ਸਭ ਤੋਂ ਮਹੱਤਵਪੂਰਨ ਸਮਾਂ ਦੱਸਿਆ ਹੈ। ਸ਼੍ਰਧਾ ਨੇ ਕਿਹਾ ਕਿ ਇਹ ਸਮਾਂ ਉਸ ਲਈ ਸਿੱਖੇ ਹੋਏ ਨੂੰ ਭੁੱਲ ਕੇ ਦੁਬਾਰਾ ਸਿੱਖਣ ਦਾ ਸਮਾਂ ਸੀ, ਜਿਸ ਵਿਚ ਉਹ 'ਸ਼ੂਨਯ' ਦੇ ਅਰਥਾਂ ਨੂੰ ਸਮਝ ਸਕੀ। ਸ਼੍ਰਧਾ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਜਦੋਂ ਵੀ ਅਸੀਂ ਕੋਈ ਨਵੀਂ ਫਿਲਮ ਸ਼ੁਰੂ ਕਰਦੇ ਹਾਂ ਤਾਂ ਅਸੀਂ ਮੁੜ ਸਿਫਰ ਤੋਂ ਸ਼ੁਰੂਆਤ ਕਰਦੇ ਹਾਂ, ਭਾਵ 'ਸ਼ੂਨਯ' ਤੋਂ। ਮੈਨੂੰ ਇੰਜ ਵੀ ਲੱਗਦਾ ਹੈ ਕਿ ਉਸ ਸਮੇਂ ਨੇ ਮੈਨੂੰ ਵਧੇਰੇ ਆਤਮ-ਨਿਰਭਰ ਬਣਾਇਆ ਹੈ।

ਯਾਦ ਰਹੇ ਕਿ ਸ਼੍ਰਧਾ ਕਪੂਰ ਜੋ ਉਘੇ ਅਦਾਕਾਰ ਸ਼ਕਤੀ ਕਪੂਰ ਦੀ ਪੁੱਤਰੀ ਹੈ, ਨੇ ਆਪਣੇ ਕਰੀਅਰ ਦੀ ਸ਼ੁਰੂਆਤ 'ਲਵ ਕਾ ਦਿ ਐਂਡ' ਸੀ ਜੋ 2011 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਉਸ ਨੇ ਗਾਇਕਾ ਦਾ ਕਿਰਦਾਰ ਨਿਭਾਇਆ ਸੀ। ਇਸ ਫਿਲਮ ਲਈ ਉਸ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ ਅਤੇ ਸਾਰਿਆਂ ਦੇ ਉਸ ਦੇ ਕੰਮ ਨੂੰ ਸਲਾਹਿਆ।

ਇਸ ਤੋਂ ਬਾਅਦ 2013 ਵਿਚ ਉਸ ਦੀ ਫਿਲਮ 'ਆਸ਼ਿਕੀ-2' ਰਿਲੀਜ਼ ਹੋਈ। ਇਸ ਫਿਲਮ ਵਿਚ ਵਧੀਆ ਅਦਾਕਾਰੀ ਲਈ ਉਸ ਦੀ ਨਾਮਜ਼ਦਗੀ ਸਰਵੋਤਮ ਕਲਾਕਾਰਾ ਵਜੋਂ ਫਿਲਮਫੇਅਰ ਅਵਾਰਡ ਲਈ ਹੋਈ। ਇਸ ਤੋਂ ਬਾਅਦ ਫਿਰ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਅੱਜ ਉਸ ਨੇ ਇਕ ਖਾਸ ਮੁਕਾਮ ਹਾਸਲ ਕਰ ਲਿਆ ਹੈ।




# ਅਦਾਕਾਰਾ ਦੀਪਿਕਾ ਪਾਦੂਕੋਨ ਦੀ ਡਾਂਸ ਵੀਡੀਓ

ਉਘੀ ਫਿਲਮ ਅਦਾਕਾਰਾ ਦੀਪਿਕਾ ਪਾਦੂਕੋਨ ਨੇ ਸੋਸ਼ਲ ਮੀਡੀਆ 'ਤੇ ਆਪਣੇ ਪ੍ਰਸ਼ੰਸਕਾਂ ਲਈ ਡਾਂਸ ਵੀਡੀਓ ਸਾਂਝੀ ਕੀਤੀ ਹੈ। ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਇਸ ਵੀਡੀਓ ਵਿਚ ਉਸ ਨੇ ਗੁਲਾਬੀ ਰੰਗ ਦੀ ਪੈਂਟ ਅਤੇ ਕ੍ਰਾਪ ਟੌਪ ਪਾਇਆ ਹੋਇਆ ਹੈ। ਵੀਡੀਓ ਵਿਚ ਉਹ ਡਾਂਸ ਕਰਦਿਆਂ ਨਜ਼ਰ ਆ ਰਹੀ ਹੈ।

ਦੀਪਿਕਾ ਇਸ ਸਾਲ ਆਪਣੇ ਪ੍ਰੋਜੈਕਟਾਂ ਨੂੰ ਲੈ ਕੇ ਕਾਫੀ ਰੁੱਝੀ ਹੋਈ ਹੈ। ਉਹ ਸ਼ਕੁਨ ਬੱਤਰਾ ਦੀ ਆਉਣ ਵਾਲੀ ਫਿਲਮ ਵਿਚ ਨਜ਼ਰ ਆਵੇਗੀ ਜਿਸ ਦਾ ਨਾਂ ਅਜੇ ਤੈਅ ਨਹੀਂ ਕੀਤਾ ਗਿਆ। ਇਸ ਫਿਲਮ ਵਿਚ ਸਿਧਾਂਤ ਚਤੁਰਵੇਦੀ ਅਤੇ ਅਨੰਨਿਆ ਪਾਂਡੇ ਵੀ ਹਨ। ਇਸ ਤੋਂ ਇਲਾਵਾ ਜਿੱਥੇ ਉਹ ਆਪਣੇ ਪਤੀ ਰਣਬੀਰ ਸਿੰਘ ਨਾਲ ਫਿਲਮ '83' ਵਿਚ ਅਤੇ ਅਮਿਤਾਭ ਬੱਚਨ ਨਾਲ ਇੱਕ ਫਿਲਮ ਵਿਚ ਕੰਮ ਕਰ ਰਹੀ ਹੈ, ਉਥੇ ਹੀ ਸਿਧਾਰਥ ਆਨੰਦ ਦੀ ਫਿਲਮ 'ਫਾਈਟਰ' ਵਿਚ ਰਿਤਿਕ ਰੌਸ਼ਨ ਨਾਲ ਵੀ ਨਜ਼ਰ ਆਵੇਗੀ।

ਦੀਪਿਕਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੰਨੜ ਭਾਸ਼ਾ ਦੀ ਫਿਲਮ 'ਐਸ਼ਵਰਿਆ' ਨਾਲ 2006 ਵਿਚ ਕੀਤੀ ਸੀ। ਉਸ ਦੀ ਪਹਿਲੀ ਹਿੰਦੀ ਫਿਲਮ 'ਓਮ ਸ਼ਾਂਤੀ ਓਮ' ਸੀ ਜੋ 2007 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਦਾ ਨਾਇਕ ਅਦਾਕਾਰ ਸ਼ਾਹਰੁਖ ਖਾਨ ਸੀ। ਇਸ ਫਿਲਮ ਲਈ ਦੀਪਿਕਾ ਨੂੰ ਸਰਵੋਤਮ ਅਦਾਕਾਰਾ (ਪਲੇਠੀ ਫਿਲਮ) ਦਾ ਫਿਲਮਫੇਅਰ ਇਨਾਮ ਵੀ ਮਿਲਿਆ ਸੀ। 2009 ਵਿਚ ਆਈ ਫਿਲਮ 'ਲਵ ਆਜ ਕਲ' ਲਈ ਉਸ ਦੀ ਬਹੁਤ ਤਾਰੀਫ ਹੋਈ ਅਤੇ ਇਸ ਤੋਂ ਬਾਅਦ ਉਸ ਦਾ ਫਿਲਮੀ ਸਫਰ ਵਧੀਆ ਢੰਗ ਨਾਲ ਸ਼ੁਰੂ ਹੋ ਗਿਆ। ਉਸ ਮੁਤਾਬਿਕ ਉਸ ਦਾ ਪਤੀ ਰਣਵੀਰ ਸਿੰਘ ਉਸ ਦੀ ਬਹੁਤ ਮਦਦ ਕਰਦਾ ਹੈ।



# XPressCargo

**Tel.: 317-426-5410**

**Ext. 2001 & 2403**

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**